Listing and Selling Homes
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

Ad space available
Please call
Ph: 847-359-0746

Global Green INSURANCE AGENCY
of the Bay Area, CA
Auto, Home, Business, Life, Workers Comp.
ਵਧੀਆ ਭਾਅ, ਚੰਗੀ ਕਵਰੇਜ ਤੇ ਵਧੀਆ ਸਰਵਿਸ
Mann Insurance Brokers Inc.
4123 Dyer St., #230, Union City, CA 94587
Ph: 510-487-1000
Lic.# 0F34231 MANN@GGIAUSA.COM

Eighteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 18, Issue 29, July 22, 2017 20451 N Plum Grove Rd., Palatine, IL 60074 Ph:847-359-0746, Fax:847-705-9388

# ਹਿੰਦੂ ਰਾਸ਼ਟਰ ਲਈ ਪੇਸ਼ਕਦਮੀ ਹੋਈ ਹੋਰ ਤਿੱਖੀ

**ਨਵੀਂ ਦਿੱਲੀ:** ਪਿਛਲੇ ਤਿੰਨ ਸਾਲਾਂ ਦੌਰਾਨ ਆਰ.ਐਸ.ਐਸ. ਅਤੇ ਭਾਰਤੀ ਜਨਤਾ ਪਾਰਟੀ ਦੀ ਹਰ ਕਾਰਵਾਈ ਤੋਂ ਲਗਾਤਾਰ ਸੰਕੇਤ ਮਿਲ ਰਹੇ ਹਨ ਕਿ ਇਹ ਧਿਰਾਂ ਭਾਰਤ ਨੂੰ ਹਿੰਦੂ ਰਾਸ਼ਟਰ ਵਾਲੇ ਪਾਸੇ ਲਿਜਾ ਰਹੀਆਂ ਹਨ। ਹਰ ਅਹਿਮ ਸੰਸਥਾ ਦੀ ਕਮਾਨ ਆਰ.ਐਸ.ਐਸ. ਆਗੂਆਂ ਦੇ ਹਵਾਲੇ ਕੀਤੀ ਜਾ ਰਹੀ ਹੈ ਅਤੇ ਇਹ ਆਗੂ ਆਪਣਾ ਏਜੰਡਾ ਅਗਾਂਹ ਵਧਾ ਰਹੇ ਹਨ। ਸਭ ਤੋਂ ਜ਼ਿਆਦਾ ਸਰਗਰਮੀ ਸਿਖਿਆ ਦੇ ਖੇਤਰ ਵਿਚ ਕੀਤੀ ਜਾ ਰਹੀ ਹੈ। ਇਹੀ ਨਹੀਂ, ਵੱਖ ਵੱਖ ਸੂਬਿਆਂ ਅੰਦਰ ਰਾਜਪਾਲ ਵੀ ਆਰ.ਐਸ.ਐਸ. ਆਗੂਆਂ ਨੂੰ ਹੀ ਲਾਇਆ ਜਾ ਰਿਹਾ ਹੈ।

ਹੁਣ ਮੁਲਕ ਦੇ ਸਭ ਤੋਂ ਉਚੇ ਅਹੁਦੇ ਵੀ ਇਸ ਦੀ ਪਕੜ ਵਿਚ ਆ ਗਏ ਹਨ। ਭਾਰਤੀ ਜਨਤਾ ਪਾਰਟੀ ਵੱਲੋਂ ਆਰ.ਐਸ.ਐਸ. ਨਾਲ ਜੁੜੇ ਰਾਮ ਨਾਥ ਕੋਵਿੰਦ ਨੂੰ ਰਾਸ਼ਟਰਪਤੀ ਅਤੇ ਕੇਂਦਰੀ ਮੰਤਰੀ ਐਮ. ਵੈਂਕਈਆ ਨਾਇਡੂ ਨੂੰ ਉਪ ਰਾਸ਼ਟਰਪਤੀ ਬਣਵਾਉਣ ਦੀ ਕਵਾਇਦ ਇਸੇ



ਰਣਨੀਤੀ ਦਾ ਹਿੱਸਾ ਹੈ। ਪਹਿਲਾਂ ਦਲਿਤ ਰਾਮ ਨਾਥ ਕੋਵਿੰਦ ਨੂੰ ਰਾਸ਼ਟਰਪਤੀ ਭਵਨ ਪਹੁੰਚਾ ਕੇ ਦਲਿਤਾਂ ਵਿਚ ਪੈਂਠ ਪਾਉਣ ਦਾ ਤਰੱਦਦ ਕੀਤਾ ਅਤੇ ਹੁਣ ਵੈਂਕਈਆ ਨਾਇਡੂ ਨੂੰ ਲਿਆ ਕੇ ਦੱਖਣੀ ਭਾਰਤ ਵਿਚ ਭਾਜਪਾ ਦੀਆਂ ਜੜ੍ਹਾਂ ਮਜ਼ਬੂਤ ਕਰਨ ਲਈ ਚਾਰਾਜੋਈ ਕੀਤੀ ਗਈ ਹੈ। ਇਨ੍ਹਾਂ ਰਾਜਾਂ ਵਿਚ ਭਾਜਪਾ ਫਿਲਹਾਲ ਕਮਜ਼ੋਰ ਹੈ। ਅਗਲੇ ਦੋ ਸਾਲਾਂ ਵਿਚ ਆਂਧਰਾ ਪ੍ਰਦੇਸ਼, ਕਰਨਾਟਕਾ ਤੇ ਤੇਲੰਗਾਨਾ ਵਿਚ ਚੋਣਾਂ ਹਨ। ਇਹ ਰਣਨੀਤੀ 2019 ਦੀਆਂ ਲੋਕ ਸਭਾ ਚੋਣਾਂ ਦੀ ਤਿਆਰੀ ਦਾ ਹਿੱਸਾ ਵੀ ਹੈ। ਵੈਂਕਈਆ ਨਾਇਡੂ ਮੋਦੀ ਸਰਕਾਰ ਦੇ ਹਿੰਦੂਤਵੀ ਏਜੰਡੇ ਨੂੰ ਲਾਗੂ ਕਰਨ ਲਈ ਚੋਟੀ ਦਾ ਮੋਹਰਾ ਹੈ। ਦੂਜੇ, ਉਪ ਰਾਸ਼ਟਰਪਤੀ ਕੋਲ ਰਾਜ ਸਭਾ ਦੇ ਸਭਾਪਤੀ ਵਾਲੀ ਜ਼ਿੰਮੇਵਾਰੀ ਵੀ ਹੁੰਦੀ ਹੈ ਅਤੇ ਸਭਾਪਤੀ ਹੁਕਮਰਾਨ ਧਿਰ ਨੂੰ ਕਸੂਤੀਆਂ ਸਥਿਤੀਆਂ ਵਿਚੋਂ ਬਾਹਰ ਕੱਢਣ ਵਿਚ ਸਹਾਈ ਹੋ ਸਕਦਾ ਹੈ। ਇਹ ਗੱਲ ਵੱਖਰੀ ਹੈ ਕਿ ਵੈਂਕਈਆ ਨਾਇਡੂ ਵਿਰੋਧੀ ਧਿਰ ਦੇ ਉਮੀਦਵਾਰ ਗੋਪਾਲ ਕ੍ਰਿਸ਼ਨ ਗਾਂਧੀ ਦੇ ਬੌਧਿਕ ਤੇ ਪ੍ਰਸ਼ਾਸਨਿਕ ਕੱਦ ਦੇ ਮੁਕਾਬਲੇ ਨੇੜੇ ਤੇੜੇ ਵੀ ਨਹੀਂ। ਵੈਂਕਈਆ ਨਾਇਡੂ ਦੀ ਚੋਣ ਆਰ.ਐਸ.ਐਸ. ਨੂੰ ਖੁਸ਼ ਕਰਨ ਦੀ ਰਣਨੀਤੀ ਵੀ ਹੈ। ਅਸਲ ਵਿਚ, ਰਾਸ਼ਟਰਪਤੀ ਦੇ ਅਹੁਦੇ ਲਈ ਐਨ.ਡੀ.ਏ. ਉਮੀਦਵਾਰ ਰਾਮ ਨਾਥ ਕੋਵਿੰਦ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਨਿੱਜੀ ਪਸੰਦ ਸੀ। ਕੋਵਿੰਦ ਨੂੰ ਉਮੀਦਵਾਰ ਬਣਾਉਣ ਸਮੇਂ ਪ੍ਰਧਾਨ ਮੰਤਰੀ ਨੇ ਆਰ.ਐਸ.ਐਸ. ਦੇ ਸੰਚਾਲਕਾਂ ਦੀ ਪ੍ਰਵਾਹ ਤੱਕ ਨਹੀਂ ਕੀਤੀ। ਇਸੇ ਲਈ ਹੁਣ ਵੈਂਕਈਆ ਨਾਇਡੂ ਲਈ ਹਾਂ ਕਰ ਦਿੱਤੀ ਗਈ।

*(ਬਾਕੀ ਸਫਾ 6 'ਤੇ)*

## ਪਸ਼ੂਆਂ ਬਾਰੇ ਫੈਸਲੇ ਤੋਂ ਪਿੱਛੇ ਹਟੀ ਸਰਕਾਰ

**ਨਵੀਂ ਦਿੱਲੀ:** ਮੋਦੀ ਸਰਕਾਰ ਪਸ਼ੂਆਂ ਬਾਰੇ ਜਾਰੀ ਕੀਤੇ 'ਜ਼ੁਲਮ ਰੋਕੂ ਨੇਮ' ਵਾਪਸ ਲੈਣ ਲਈ ਤਿਆਰ ਹੋ ਗਈ ਹੈ। ਵਿਵਾਦਾਂ ਵਿਚ ਆਏ ਇਨ੍ਹਾਂ ਨੇਮਾਂ ਬਾਰੇ ਹੁਣ ਕਿਹਾ ਜਾ ਰਿਹਾ ਹੈ ਕਿ ਇਹ 'ਕਾਨੂੰਨਨ ਸ਼ੱਕ ਦੇ ਘੇਰੇ' ਵਿਚ ਹਨ। ਸੁਪਰੀਮ ਕੋਰਟ ਵੱਲੋਂ ਨੇਮਾਂ ਉਤੇ ਸਟੇਅ ਜਾਰੀ ਕਰਨ ਤੋਂ ਬਾਅਦ ਵੱਖ-ਵੱਖ ਮਹਿਕਮਿਆਂ ਦੀਆਂ ਮੀਟਿੰਗਾਂ ਦੌਰਾਨ ਸਾਹਮਣੇ ਆਏ ਤੱਥਾਂ ਤੋਂ ਬਾਅਦ ਸਰਕਾਰ ਨੇ ਇਹ ਨੇਮ ਵਾਪਸ ਲੈਣ ਦੀ ਤਿਆਰੀ ਕਰ ਲਈ ਹੈ।

# ਫੂਲਕਾ ਦੀ ਸਿਆਸੀ ਰਣਨੀਤੀ ਨੇ ਛੇੜੀ ਚੁੰਝ-ਚਰਚਾ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਦੇ ਵਿਧਾਇਕ ਐਚ.ਐਸ. ਫੂਲਕਾ ਵੱਲੋਂ ਹਾਲ ਹੀ ਵਿਚ ਲਏ ਦੋ ਫੈਸਲਿਆਂ ਕਾਰਨ ਉਹ ਕਾਫੀ ਚਰਚਾ ਵਿਚ ਹਨ। ਉਨ੍ਹਾਂ ਵੱਲੋਂ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਦੇ ਅਹੁਦੇ ਤੋਂ ਅਸਤੀਫਾ ਦੇਣ ਤੇ ਰਾਸ਼ਟਰਪਤੀ ਦੇ ਅਹੁਦੇ ਲਈ ਚੋਣ ਵਿਚ ਹਿੱਸਾ ਨਾ ਲੈਣ ਪਿੱਛੇ ਤਰ੍ਹਾਂ ਤਰ੍ਹਾਂ ਦੇ ਤਰਕ ਦਿੱਤੇ ਜਾ ਰਹੇ ਹਨ। ਸ. ਫੂਲਕਾ ਦਾ ਦਾਅਵਾ ਹੈ ਕਿ 1984 ਦੇ ਸਿੱਖ ਕਤਲੇਆਮ ਪੀੜਤਾਂ ਦੇ ਕੇਸ ਲੜਨ ਖਾਤਰ ਉਨ੍ਹਾਂ ਵਿਰੋਧੀ ਧਿਰ ਦੇ ਨੇਤਾ ਦਾ ਅਹੁਦਾ ਤਿਆਗਿਆ ਹੈ, ਪਰ ਇਹ ਗੱਲ ਹੁਣ ਖੁੱਲ੍ਹ ਕੇ ਸਾਹਮਣੇ ਆ ਗਈ ਹੈ ਕਿ ਪੰਜਾਬ ਵਿਧਾਨ ਸਭਾ ਦੇ ਹਾਲੀਆ ਬਜਟ ਇਜਲਾਸ ਦੇ ਸਮੇਂ ਤੋਂ ਹੀ ਪਾਰਟੀ ਵਿਚ ਅੰਦਰਖਾਤੇ ਉਨ੍ਹਾਂ ਦਾ ਬਦਲ ਲੱਭਣ ਲਈ ਕਾਰਵਾਈ ਸ਼ੁਰੂ ਹੋ ਗਈ ਸੀ। ਇਹ ਮੌਕਾਮੇਲ ਹੀ ਸੀ ਕਿ ਉਨ੍ਹਾਂ ਨੂੰ ਸਿੱਖ ਕਤਲੇਆਮ ਵਾਲੇ ਮੁਕੱਦਮਿਆਂ ਦੇ ਬਹਾਨੇ ਸਤਿਕਾਰਤ ਢੰਗ ਨਾਲ ਅਹੁਦੇ ਤੋਂ ਅਲਹਿਦਾ ਹੋਣ ਦਾ ਮੌਕਾ ਮਿਲ ਗਿਆ। ਯਾਦ ਰਹੇ ਕਿ ਦਿੱਲੀ ਬਾਰ ਕੌਂਸਲ ਨੇ ਆਪਣੇ



ਨਿਯਮਾਂ ਦਾ ਹਵਾਲਾ ਦੇ ਕੇ ਸ. ਫੂਲਕਾ ਨੂੰ 1984 ਦੇ ਪੀੜਤਾਂ ਨਾਲ ਸਬੰਧਤ ਮੁਕੱਦਮੇ ਲੜਨ ਤੋਂ ਰੋਕ ਦਿੱਤਾ ਸੀ। ਕੌਂਸਲ ਦਾ ਕਹਿਣਾ ਸੀ ਕਿ ਵਿਰੋਧੀ ਧਿਰ ਦੇ ਨੇਤਾ ਵਜੋਂ ਸ. ਫੂਲਕਾ ਦਾ ਰੁਤਬਾ ਸੂਬਾਈ ਮੰਤਰੀ ਵਾਲਾ ਹੈ ਅਤੇ ਉਹ ਇਸ ਰੁਤਬੇ ਮੁਤਾਬਕ ਤਨਖਾਹ ਤੇ ਹੋਰ ਸੁੱਖ ਸੁਵਿਧਾਵਾਂ ਲੈ ਰਹੇ ਹਨ। ਇਸ ਲਈ ਉਹ ਦਿੱਲੀ ਵਿਚ ਵਕੀਲ ਵਜੋਂ ਪ੍ਰੈਕਟਿਸ ਨਹੀਂ ਕਰ ਸਕਦੇ। ਵਿਧਾਨ ਸਭਾ ਦੇ ਬਜਟ ਇਜਲਾਸ ਦੌਰਾਨ ਇਹ ਜ਼ਾਹਿਰ ਹੋ ਗਿਆ ਸੀ ਕਿ ਸ. ਫੂਲਕਾ ਅਤੇ ਪਾਰਟੀ ਦੇ ਹੋਰਨਾਂ ਵਿਧਾਇਕਾਂ ਦਰਮਿਆਨ ਤਾਲਮੇਲ ਦੀ ਘਾਟ ਰਹੀ। ਵਿਧਾਨ ਸਭਾ ਵਿਚ ਘੱਟੋ ਘੱਟ ਦੋ ਵਾਰ ਅਜਿਹੇ ਮੌਕੇ ਆਏ ਜਦੋਂ ਸ. ਫੂਲਕਾ ਨੇ ਵਾਕਆਊਟ ਕੀਤਾ, ਪਰ ਬਾਕੀ ਪਾਰਟੀ ਵਿਧਾਇਕਾਂ ਨੇ ਉਨ੍ਹਾਂ ਦਾ ਸਾਥ ਨਹੀਂ ਦਿੱਤਾ। ਕਿਸਾਨਾਂ ਦੇ ਕਰਜ਼ਾ ਮੁਆਫੀ ਅਤੇ ਟਰੱਕ ਯੂਨੀਅਨਾਂ ਭੰਗ ਕਰਨ ਦੇ ਮੁੱਦੇ ਉਤੇ 'ਆਪ' ਦੇ ਸਾਰੇ ਵਿਧਾਇਕਾਂ ਵੱਲੋਂ ਸਰਕਾਰੀ ਐਲਾਨ ਦੀ ਹਮਾਇਤ ਦੇ ਬਾਅਦ ਫੂਲਕਾ ਨੇ ਅਸਹਿਮਤੀ

*(ਬਾਕੀ ਸਫਾ 6 'ਤੇ)*

We Do Real Estate in
Bay Area & Central Valley
We do loans anywhere
in California
Cell: 408-816-0408
Tel: 209-918-6464
Fax: 866-594-4680
email:
realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja™ SWEETS & CATERING®
Follow us on:
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-970-5611
Email: manpreet@gahralaw.com

# ਸਿਆਟਲ ’ਚ ਦੋ ਰੋਜ਼ਾ ਕੌਮਾਂਤਰੀ ਸਿੱਖ ਚੇਤਨਾ ਕਾਨਫਰੰਸ ਰਹੀ ਸਫਲ

**ਸਿਆਟਲ (ਬਿਊਰੋ):** ਇਥੇ ਲੰਘੀ 15 ਤੇ 16 ਜੁਲਾਈ ਨੂੰ ਹੋਈ ਦੋ ਰੋਜ਼ਾ ਅੰਤਰਰਾਸ਼ਟਰੀ ਸਿੱਖ ਚੇਤਨਾ ਕਾਨਫਰੰਸ ਵਿਚ ਅਮਰੀਕਾ, ਕੈਨੇਡਾ ਦੀਆਂ ਵੱਖ ਵੱਖ ਸਟੇਟਾਂ ਤੋਂ ਅਨੇਕਾਂ ਸਿੱਖ



ਜਥੇਬੰਦੀਆਂ ਨਾਮਵਰ ਸ਼ਖਸੀਅਤਾਂ ਅਤੇ ਗੁਰਦੁਆਰਾ ਕਮੇਟੀਆਂ ਦੇ ਨਾਲ ਨਾਲ ਇੰਗਲੈਂਡ ਤੇ ਪੰਜਾਬ ਤੋਂ ਵੀ ਪ੍ਰਸਿਧ ਬੁਲਾਰਿਆਂ ਨੇ ਹਿੱਸਾ ਲਿਆ। ਪਹਿਲੇ ਦਿਨ ਕੈਂਟ ਕਾਨਫਰੰਸ ਹਾਲ ਵਿਚ ਸਵੇਰੇ 9 ਵਜੇ ਤੋਂ ਸ਼ਾਮ 6 ਵਜੇ ਤੱਕ ਅਤੇ ਦੂਜੇ ਦਿਨ ਗੁਰਦਆਰਾ ਸੱਚਾ ਮਾਰਗ ਦੇ ਮੁੱਖ ਦੀਵਾਨ ਹਾਲ ਵਿਚ ਹੋਏ ਪ੍ਰਭਾਵਸ਼ਾਲੀ ਤੇ ਸੰਜੀਦਾ ਇਕੱਠਾਂ ਵਿਚ ਸਾਰੇ ਬੁਲਾਰਿਆਂ ਨੇ ਚਲੰਤ ਸਿੱਖ ਮਸਲਿਆਂ ਬਾਰੇ ਇਤਿਹਾਸਕ ਤੱਥਾਂ ਅਤੇ ਅੰਕੜਿਆਂ ਸਹਿਤ ਵਿਚਾਰ ਪ੍ਰਗਟਾਏ।

ਅਰਦਾਸ ਉਪਰੰਤ ਸ਼ੁਰੂ ਹੋਏ ਸਮਾਗਮ ਵਿਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਇਤਿਹਾਸ ਵਿਭਾਗ ਦੇ ਸਾਬਕਾ ਮੁਖੀ ਡਾ. ਗੁਰਦਰਸ਼ਨ ਸਿੰਘ ਢਿੱਲੋਂ, ਨਾਨਕਸ਼ਾਹੀ ਕੈਲੰਡਰ ਦੇ ਰਚੈਤਾ ਕੈਨੇਡਾ ਤੋਂ ਆਏ ਸ. ਪਾਲ ਸਿੰਘ ਪੁਰੇਵਾਲ, ਇੰਗਲੈਂਡ ਤੋਂ ਟਾਈਗਰ ਜਥੇ ਵਾਲੇ ਨੌਜਵਾਨ ਪ੍ਰਭਦੀਪ ਸਿੰਘ, ਪੰਜਾਬੀ ਪਰਚੇ ‘ਖਬਰਦਾਰ’ ਦੇ ਸੰਪਾਦਕ ਗੁਰਦੇਵ ਸਿੰਘ ਸੱਧੇਵਾਲੀਆ ਅਤੇ ਪ੍ਰਿੰਸੀਪਲ ਜਸਵੀਰ ਕੌਰ ਨੇ ਸਰੋਤਿਆਂ ਨੂੰ ਮੰਤਰ ਮੁਗਧ ਕਰੀ ਰੱਖਿਆ।

ਡਾ. ਢਿੱਲੋਂ ਨੇ ਗੁਰੂ ਕਾਲ ਤੋਂ ਲੈ ਕੇ ਹੁਣ ਤੱਕ ਸਿੱਖ ਫਲਸਫੇ ਨੂੰ ਗੰਧਲਾ ਕਰਨ ਦੇ ਬਿਪਰਵਾਦੀ ਮਨਸੂਬਿਆਂ, ਸ. ਪੁਰੇਵਾਲ ਨੇ ਸਿੱਖ ਪਹਿਚਾਣ ਦੀ ਵਿਲੱਖਣਤਾ ਪ੍ਰਤੀ ਨਾਨਕਸ਼ਾਹੀ ਕੈਲੰਡਰ ਦੀ ਵਿਸ਼ੇਸ਼ ਦੇਣ, ਪ੍ਰਭਦੀਪ ਸਿੰਘ ਨੇ ਪੰਥਕ ਰਹਿਤ ਮਰਿਆਦਾ, ਸ. ਸੱਧੇਵਾਲੀਆ ਨੇ ਸਿੱਖ ਸਮਾਜ ਨੂੰ ਘੁਣ ਵਾਂਗ ਖਾ ਰਹੇ ਡੇਰਾਵਾਦ ਅਤੇ ਬੀਬੀ ਜਸਵੀਰ ਕੌਰ ਨੇ ਸਿੱਖ ਪਰਿਵਾਰਾਂ ਵਿਚ ਸਿੱਖੀ ਸਭਿਆਚਾਰ ਦੀ ਪ੍ਰਫੁੱਲਤਾ ਬਾਰੇ ਵਿਚਾਰ ਸਾਂਝੇ ਕੀਤੇ।

ਇਨ੍ਹਾਂ ਬੁਲਾਰਿਆਂ ਤੋਂ ਇਲਾਵਾ ਦੋਵੇਂ ਦਿਨ ਵਿਸ਼ਾਲ ਇਕੱਠਾਂ ਨੂੰ ਸੰਬੋਧਨ ਕਰਨ ਵਾਲਿਆਂ ਵਿਚ ਹੋਰਨਾਂ ਤੋਂ ਇਲਾਵਾ ਪ੍ਰਸਿਧ ਕਥਾਵਾਚਕ ਸ਼ਿਵਤੇਗ ਸਿੰਘ, ਪਰਮਜੀਤ ਸਿੰਘ ਉਤਰਾਖੰਡ, ਹਰਜਿੰਦਰ ਸਿੰਘ ਸਭਰਾ, ਸਰਬਜੀਤ ਸਿੰਘ ਸੈਕਰਾਮੈਂਟੋ, ਲਖਵੀਰ ਸਿੰਘ ਐਡਵੋਕੇਟ, ਵਰਿੰਦਰ ਸਿੰਘ ਐਲ ਏ, ਹਰਸ਼ਿੰਦਰ ਸਿੰਘ ਸੰਧੂ, ਬਲਜਿੰਦਰ ਕੌਰ ਸਰੀ, ਰੇਡੀਓ ‘ਵਾਇਸ ਆਫ ਖਾਲਸਾ’ ਦੇ ਸੁਖਵਿੰਦਰ ਸਿੰਘ, ‘ਟਾਕਿੰਗ ਪੰਜਾਬ’ ਦੇ ਸੁਰਿੰਦਰ ਸਿੰਘ, ਸ਼੍ਰੋਮਣੀ ਗੁਰਦੁਆਰਾ




ਪ੍ਰਬੰਧਕ ਕਮੇਟੀ ਦੇ ਮੈਂਬਰ ਮਹਿੰਦਰ ਸਿੰਘ ਹੁਸੈਨਪੁਰ ਤੇ ਸਾਬਕਾ ਮੈਂਬਰ ਤਰਲੋਚਨ ਸਿੰਘ ਦੁਪਾਲਪੁਰ, ਰੇਡੀਓ ਹੋਸਟ ਕੁਲਦੀਪ ਸਿੰਘ, ਡਾ. ਹਰਚੰਦ ਸਿੰਘ, ਕਮਲਜੀਤ ਕੌਰ ਲੈਥਰੋਪ, ਡਾ. ਗੁਰਮੀਤ ਸਿੰਘ ਬਰਸਾਲ, ਜਸਜੀਤ ਸਿੰਘ ਅਤੇ ਅਜੈਬ ਸਿੰਘ ਸਿਆਟਲ ਸ਼ਾਮਲ ਸਨ। ਕਾਕਾ ਪ੍ਰਭਜੋਤ ਸਿੰਘ ਤੇ ਭਗੀਰਥ ਸਿੰਘ ਦਾ ਸਿਆਟਲ ਵਾਲਾ ਕਵੀਸ਼ਰੀ ਜਥਾ ਦੋਵੇਂ ਦਿਨ ਖਿੱਚ ਦਾ ਕੇਂਦਰ ਬਣਿਆ ਰਿਹਾ।

ਸਮਾਪਤੀ ਮੌਕੇ ਜੁੜੇ ਇਕੱਠ ਨੇ ਜੋਸ਼ੀਲੇ ਅੰਦਾਜ਼ ਵਿਚ ਹੱਥ ਖੜ੍ਹੇ ਕਰਕੇ ਜੈਕਾਰੇ ਛੱਡਦਿਆਂ ਪੰਜ ਮਤੇ ਪਾਸ ਕੀਤੇ। ਪਹਿਲੇ ਮਤੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤੁਲ ਕਿਸੇ ਹੋਰ ਗ੍ਰੰਥ ਦਾ ਪ੍ਰਕਾਸ਼ ਕਰਨ ਜਾਂ ਬਰਾਬਰ ਸਨਮਾਨ ਦੇਣ ਦੀ ਨਿਖੇਧੀ ਕੀਤੀ ਗਈ। ਦੂਜੇ ਮਤੇ ਵਿਚ ਤੱਤ ਗੁਰਮਤਿ ਪ੍ਰਚਾਰਕਾਂ ਉਤੇ ਹਮਲਿਆਂ ਦਾ ਵਿਰੋਧ ਅਤੇ ਪ੍ਰਚਾਰਕਾਂ ਨਾਲ ਡਟ ਕੇ ਖਲੋਣ ਦਾ ਅਹਿਦ ਲਿਆ ਗਿਆ। ਤੀਜੇ ਮਤੇ ਵਿਚ ਮੂਲ ਨਾਨਕਸ਼ਾਹੀ ਕੈਲੰਡਰ ਦੀ ਪੂਰਨ ਰੂਪ ਵਿਚ ਮੁੜ ਬਹਾਲੀ, ਚੌਥੇ ਮਤੇ ਵਿਚ ਪੰਥ ਪ੍ਰਵਾਨਿਤ ਰਹਿਤ ਮਰਿਆਦਾ ਵਿਚ ਡੇਰਾਵਾਦੀਆਂ ਵਲੋਂ ਕਿਸੇ ਤਰ੍ਹਾਂ ਦੀ ਸੰਭਾਵੀ ਛੇੜਛਾੜ ਨੂੰ ਹਰਗਿਜ਼ ਬਰਦਾਸ਼ਤ ਨਾ ਕਰਨ ਅਤੇ ਪੰਜਵੇਂ ਮਤੇ ਵਿਚ ਸ੍ਰੀ ਅਕਾਲ ਤਖਤ ਸਾਹਿਬ ਤੇ ਸ਼੍ਰੋਮਣੀ ਕਮੇਟੀ ਨੂੰ ਸਿਆਸੀ ਚੁੰਗਲ ਤੋਂ ਨਿਜਾਤ ਦਿਵਾਉਣ ਲਈ ਸਮੁੱਚੇ ਸਿੱਖ ਜਗਤ ਨੂੰ ਲਾਮਬੰਦ ਕਰਨ ਲਈ ਯਤਨ ਅਰੰਭਣ ਦੀ ਗੱਲ ਕਹੀ ਗਈ।

ਇਸ ਮੌਕੇ ਦੀ ਵਿਸ਼ੇਸ਼ ਗੱਲ ਇਹ ਰਹੀ ਕਿ ਯੂਨਾਈਟਿਡ ਸਿੱਖ ਨੇਸ਼ਨ ਅਤੇ ਕੁਝ ਸਥਾਨਕ ਸਿੱਖ ਆਗੂਆਂ ਵਲੋਂ ਰਲ ਕੇ ਐਲਾਨ ਕੀਤਾ ਗਿਆ ਕਿ ਜਿਹੜਾ ਵੀ ਕੋਈ ਵਿਦਵਾਨ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਗਲਤ ਸਾਬਤ ਕਰੇ ਉਸ ਨੂੰ 5 ਲੱਖ ਡਾਲਰ ਇਨਾਮ ਦਿਤਾ ਜਾਵੇਗਾ। ਸਟੇਜ ਸਕੱਤਰ ਦੀ ਸੇਵਾ ਕੁਲਦੀਪ ਸਿੰਘ ਸਰੀ ਨੇ ਨਿਭਾਈ।


## ਸਮਾਜਿਕ ਤੋੜ ਵਿਛੋੜਾ ਹੁਣ ਅਪਰਾਧ

**ਮੁੰਬਈ:** ਮਹਾਰਾਸ਼ਟਰ ਸਰਕਾਰ ਨੇ ਜਾਤ ਬਰਾਦਰੀ ਨਾਲ ਸਬੰਧਤ ਪੰਚਾਇਤਾਂ ਵੱਲੋਂ ਸਮਾਜਿਕ ਬਾਈਕਾਟ ਦੇ ਦਿੱਤੇ ਜਾਂਦੇ ਫਤਵੇ ਨੂੰ ਸਜ਼ਾਯੋਗ ਅਪਰਾਧ ਦੀ ਸ਼੍ਰੇਣੀ ਵਿਚ ਸ਼ਾਮਲ ਕਰ ਦਿੱਤਾ ਹੈ। ਨਵੇਂ ਕਾਨੂੰਨ ਤਹਿਤ ਅਜਿਹੇ ਫਤਵੇ ਜਾਰੀ ਕਰਨ ਵਾਲੀਆਂ ਪੰਚਾਇਤਾਂ ਨੂੰ ਇਸ ਲਈ ਸੱਤ ਸਾਲ ਦੀ ਸਜ਼ਾ ਦੇ ਨਾਲ ਪੰਜ ਲੱਖ ਤਕ ਦਾ ਜੁਰਮਾਨਾ ਤਾਰਨਾ ਪੈ ਸਕਦਾ ਹੈ।



## ਫਿਲਮ 'ਸ਼ਹੀਦ' 22 ਨੂੰ ਗੁਰਦੁਆਰਾ ਸੈਨ ਹੋਜੇ 'ਚ ਦਿਖਾਈ ਜਾਵੇਗੀ

**ਸੈਨ ਹੋਜੇ (ਬਿਊਰੋ):** ਉਘੇ ਲੇਖਕ ਤੇ ਨਿਰਦੇਸ਼ਕ ਜਗਮੀਤ ਸਿੰਘ ਸਮੁੰਦਰੀ ਵਲੋਂ ਸਿੱਖ ਸ਼ਹੀਦਾਂ ਬਾਰੇ ਤਿਆਰ ਫਿਲਮ 'ਸ਼ਹੀਦ' ਆਉਂਦੀ 22 ਜੁਲਾਈ ਨੂੰ ਸ਼ਾਮ 7:30 ਵਜੇ ਗੁਰਦੁਆਰਾ ਸੈਨ ਹੋਜੇ ਵਿਚ ਦਿਖਾਈ ਜਾਵੇਗੀ। ਫਿਲਮ ਪੰਜਾਬੀ ਤੇ ਅੰਗਰੇਜ਼ੀ-ਦੋਹਾਂ ਭਾਸ਼ਾਵਾਂ ਵਿਚ ਹੈ। ਪ੍ਰਬੰਧਕਾਂ ਨੇ ਸੰਗਤ ਨੂੰ ਇਹ ਫਿਲਮ ਪਰਿਵਾਰ ਸਮੇਤ ਦੇਖਣ ਦੀ ਅਪੀਲ ਕੀਤੀ ਹੈ।




ਸ੍ਰੀ ਸਮੁੰਦਰੀ ਇਨ੍ਹੀਂ ਦਿਨੀਂ ਫਿਲਮ 'ਸ਼ਹੀਦ' ਅਮਰੀਕਾ ਦੇ ਵੱਖ ਵੱਖ ਗੁਰੂ ਘਰਾਂ ਵਿਚ ਦਿਖਾ ਰਹੇ ਹਨ। ਜ਼ਿਕਰਯੋਗ ਹੈ ਕਿ ਉਹ ਸਿੱਖ ਇਤਿਹਾਸ ਬਾਰੇ ਵਧੀਆ ਕੁਆਲਿਟੀ ਦੀਆਂ ਫਿਲਮਾਂ ਬਣਾਉਣ ਲਈ ਜਾਣੇ ਜਾਂਦੇ ਹਨ। ਕੁਝ ਸਮਾਂ ਪਹਿਲਾਂ ਉਹ ਆਪਣੀ ਬਣਾਈ ਦਸਤਾਵੇਜ਼ੀ ਫਿਲਮ 'ਰਾਈਜ਼ ਆਫ ਖਾਲਸਾ' ਕਰਕੇ ਨਿਊਯਾਰਕ ਅੰਤਰਰਾਸ਼ਟਰੀ ਫਿਲਮ ਮੇਲੇ ਵਿਚ ਸਨਮਾਨੇ ਜਾ ਚੁਕੇ ਹਨ। ਪਿਛਲੇ ਸਾਲ ਸ੍ਰੀ ਸਮੁੰਦਰੀ ਦੀ ਫਿਲਮ 'ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦ' ਦੀ ਚਰਚਾ ਅੰਤਰਰਾਸ਼ਟਰੀ ਪੱਧਰ 'ਤੇ ਹੋਈ ਹੈ।

## ਕੈਪਟਨ ਦੀ ਨਰਮੀ ਤੋਂ ਅਕਾਲੀ ਖੁਸ਼, ਕਾਂਗਰਸੀ ਔਖੇ

**ਬਠਿੰਡਾ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਸਿਆਸੀ ਬਦਲਾਖੋਰੀ ਦੇ ਮਾਮਲੇ 'ਤੇ ਲਏ ਸਟੈਂਡ ਤੋਂ ਸਾਬਕਾ ਅਕਾਲੀ ਮੰਤਰੀ ਸੰਤੁਸ਼ਟ ਹਨ ਜਦਕਿ ਕਾਂਗਰਸੀ ਲੀਡਰ ਅੰਦਰੋਂ-ਅੰਦਰੀ ਇਸ ਗੱਲ ਤੋਂ ਔਖੇ ਹਨ। ਮੁੱਖ ਮੰਤਰੀ ਨੇ ਸਾਫ ਐਲਾਨ ਕੀਤਾ ਹੈ ਕਿ ਬਦਲੇ ਦੀ ਸਿਆਸਤ ਨਹੀਂ ਕੀਤੀ ਜਾਵੇਗੀ।

ਚਾਰ ਮਹੀਨਿਆਂ ਦੀ ਕਾਰਗੁਜ਼ਾਰੀ 'ਤੇ ਸਾਬਕਾ ਅਕਾਲੀ ਵਜ਼ੀਰਾਂ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਹਰ ਫਰੰਟ ਉਤੇ ਫੇਲ੍ਹ ਹੋ ਗਈ ਹੈ ਪਰ ਸਿਆਸੀ ਬਦਲਾਖੋਰੀ ਨਾ ਕਰਨ ਦੇ ਮਾਮਲੇ 'ਤੇ ਕੈਪਟਨ ਪਹਿਰਾ ਦੇ ਰਹੇ ਹਨ, ਜੋ ਚੰਗਾ ਕਦਮ ਹੈ। ਸਾਰਿਆਂ ਨੇ ਇੰਨਾ ਜ਼ਰੂਰ ਕਿਹਾ ਕਿ ਸਿਆਸੀ ਬਦਲਾਖੋਰੀ ਹੇਠਲੇ ਪੱਧਰ 'ਤੇ ਸ਼ੁਰੂ ਹੋ ਚੁੱਕੀ ਹੈ।

ਸਾਬਕਾ ਅਕਾਲੀ ਮੰਤਰੀ ਸੁਰਜੀਤ ਸਿੰਘ ਰੱਖੜਾ ਦਾ ਪ੍ਰਤੀਕਰਮ ਸੀ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਸਿਆਸੀ ਬਦਲਾਖੋਰੀ ਕੀਤੇ ਜਾਣ ਦਾ ਕੋਈ ਮਾਮਲਾ ਸਾਹਮਣੇ ਨਹੀਂ ਆਇਆ ਪਰ ਹੇਠਲੇ ਕਾਂਗਰਸੀ ਆਗੂ ਸਰਪੰਚਾਂ ਨੂੰ ਤੰਗ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਚਾਰ ਮਹੀਨਿਆਂ 'ਚ ਸਰਕਾਰ ਕੋਈ ਕਾਰਗੁਜ਼ਾਰੀ ਨਹੀਂ ਦਿਖਾ ਸਕੀ। ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਦਾ ਕਹਿਣਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਵੱਲੋਂ ਸਿਆਸੀ ਬਦਲਾਖੋਰੀ ਨਹੀਂ ਕੀਤੀ ਜਾ ਰਹੀ, ਜੋ ਚੰਗਾ ਕਦਮ ਹੈ ਪਰ ਹੇਠਲੇ ਪੱਧਰ 'ਤੇ ਵਿਧਾਇਕ ਕੋਈ ਕਸਰ ਬਾਕੀ ਨਹੀਂ ਛੱਡ ਰਹੇ।

ਸਾਬਕਾ ਅਕਾਲੀ ਮੰਤਰੀ ਜਨਮੇਜਾ ਸਿੰਘ ਸੇਖੋਂ ਨੇ ਕਿਹਾ ਕਿ ਉਨ੍ਹਾਂ ਦੇ ਹਲਕੇ ਵਿਚ ਕੋਈ ਬਦਲਾਖੋਰੀ ਨਹੀਂ ਹੋਈ ਹੈ। ਕੈਪਟਨ ਅਮਰਿੰਦਰ ਵੱਲੋਂ ਬਦਲਾਖੋਰੀ ਦੇ ਮਾਮਲੇ 'ਤੇ ਲਏ ਸਟੈਂਡ ਦਾ ਆਉਂਦੇ ਦਿਨਾਂ ਵਿਚ ਅਸਲ ਪਤਾ ਲੱਗੇਗਾ। ਦੂਜੇ ਪਾਸੇ ਜਦੋਂ ਕਈ ਕਾਂਗਰਸੀ ਆਗੂਆਂ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ 'ਕੀ ਦੱਸੀਏ, ਆਪਣਾ ਹੀ ਪੇਟ ਨੰਗਾ ਹੁੰਦੈ'। ਕਾਂਗਰਸੀ ਵਿਧਾਇਕ ਕਾਫੀ ਔਖੇ ਹਨ ਕਿ ਅਕਾਲੀ ਲੀਡਰ ਉਨ੍ਹਾਂ ਨੂੰ ਟਿੱਚਰਾਂ ਕਰ ਕੇ ਲੰਘਦੇ ਹਨ। ਦੱਸਣਯੋਗ ਹੈ ਕਿ ਖ਼ਜ਼ਾਨਾ ਮੰਤਰੀ ਮਨਪ੍ਰੀਤ ਬਾਦਲ ਨੇ ਵੀ ਆਖਿਆ ਹੈ ਕਿ ਕਿਸੇ ਵਿਅਕਤੀ ਵਿਸ਼ੇਸ਼ ਖਿਲਾਫ ਕਾਰਵਾਈ ਨਹੀਂ ਹੋਵੇਗੀ।

## ਸਮੈਕ ਪੀਂਦਾ ਥਾਣੇਦਾਰ ਆਇਆ ਅੜਿੱਕੇ

**ਅੰਮ੍ਰਿਤਸਰ:** ਨਸ਼ਾ ਕਰਨ ਦੇ ਦੋਸ਼ ਹੇਠ ਦੋ ਹੋਰ ਪੁਲਿਸ ਕਰਮਚਾਰੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਜੋ ਵਿਭਾਗ ਲਈ ਨਮੋਸ਼ੀ ਦਾ ਸਬੱਬ ਬਣੇ ਹਨ। ਗ੍ਰਿਫਤਾਰ ਕੀਤੇ ਗਏ ਇਨ੍ਹਾਂ ਕਰਮਚਾਰੀਆਂ ਵਿਚ ਇਕ ਏ.ਐਸ.ਆਈ. ਅਤੇ ਇਕ ਹੈੱਡ ਕਾਂਸਟੇਬਲ ਸ਼ਾਮਲ ਹੈ। ਪੁਲਿਸ ਵੱਲੋਂ ਇਹ ਮਾਮਲਾ ਉਸ ਵੇਲੇ ਦਰਜ ਕੀਤਾ ਗਿਆ ਜਦੋਂ ਇਸ ਸਬੰਧੀ ਸੋਸ਼ਲ ਮੀਡੀਆ 'ਤੇ ਇਕ ਵੀਡੀਓ ਵਾਇਰਲ ਹੋਈ।

ਇਸ ਵੀਡੀਓ ਵਿਚ ਇਕ ਨਿਹੰਗ ਨੌਜਵਾਨ ਵੱਲੋਂ ਦੋ ਪੁਲਿਸ ਕਰਮਚਾਰੀਆਂ ਨੂੰ ਨਸ਼ੀਲਾ ਪਦਾਰਥ ਸਮੈਕ ਪੀਦਿਆਂ ਕਾਬੂ ਕੀਤਾ ਗਿਆ ਹੈ। ਇਹ ਦੋਵੇਂ ਲਾਲ ਰੰਗ ਦੀ ਮਾਰੂਤੀ ਕਾਰ ਵਿਚ ਬੈਠੇ ਹਨ ਜੋ ਇਕ ਦਰਖ਼ਤ ਹੇਠ ਖੜ੍ਹੀ ਹੈ। ਜਦੋਂ ਇਹ ਨਿਹੰਗ ਨੌਜਵਾਨ ਉਨ੍ਹਾਂ ਕੋਲੋਂ ਪੁੱਛਗਿੱਛ ਕਰਦਾ ਹੈ ਤਾਂ ਇਹ ਦੋਵੇਂ ਪਿੱਛਾ ਛੁਡਾਉਣ ਲਈ ਉਥੋਂ ਭੱਜ ਜਾਂਦੇ ਹਨ। ਇਨ੍ਹਾਂ ਦੇ ਖ਼ੂਨ ਦੇ ਨਮੂਨੇ ਜਾਂਚ ਲਈ ਭੇਜੇ ਗਏ ਸਨ, ਜਿਸ ਵਿਚ ਮਾਰਫਿਨ ਹੋਣ ਦੀ ਪੁਸ਼ਟੀ ਹੋਈ ਹੈ। ਇਸ ਦੌਰਾਨ ਪੁਲਿਸ ਵੱਲੋਂ ਇਹ ਪਤਾ ਲਾਉਣ ਦਾ ਯਤਨ ਕੀਤਾ ਜਾ ਰਿਹਾ ਹੈ ਕਿ ਇਹ ਦੋਵੇਂ ਕਿਵੇਂ ਅਤੇ ਕਦੋਂ ਤੋਂ ਨਸ਼ਾ ਲੈ ਰਹੇ ਹਨ।

## ਜੇਲ੍ਹ ਵਿਚੋਂ ਭੱਜਣ ਦੀ ਕੋਸ਼ਿਸ਼ 'ਚ ਭਿੜੇ ਗੈਂਗਸਟਰ

**ਹੁਸ਼ਿਆਰਪੁਰ:** ਕੇਂਦਰੀ ਜੇਲ੍ਹ ਹੁਸ਼ਿਆਰਪੁਰ 'ਚ ਕੈਦ ਇਕ ਗੈਂਗਸਟਰ ਨੂੰ ਛੁਡਾਉਣ ਅਤੇ ਫਰਾਰ ਹੋਣ ਦੀ ਨੀਅਤ ਨਾਲ ਸੁਰੱਖਿਆ ਵਾਰਡ ਦੀ ਕੰਧ ਟੱਪਣ ਵਾਲੇ 10 ਕੈਦੀਆਂ ਨੂੰ ਜੇਲ੍ਹ ਪ੍ਰਸ਼ਾਸਨ ਵੱਲੋਂ ਲੰਮੀ ਜੱਦੋ-ਜਹਿਦ ਉਪਰੰਤ ਕਾਬੂ ਕੀਤਾ। ਦੱਸਿਆ ਜਾਂਦਾ ਹੈ ਕਿ ਉਕਤ ਕੈਦੀਆਂ ਨੇ ਡਿਪਟੀ ਜੇਲ੍ਹ ਸੁਪਰਡੈਂਟ 'ਤੇ ਹਮਲਾ ਵੀ ਕੀਤਾ ਅਤੇ ਉਸ ਦੇ ਬਚਾਅ ਵਿਚ ਆਉਣ ਵਾਲੇ ਸੁਰੱਖਿਆ ਕਰਮਚਾਰੀਆਂ ਨਾਲ ਵੀ ਉਹ ਭਿੜ ਗਏ। ਜੇਲ੍ਹ ਦਾ ਅਲਾਰਮ ਵੱਜਣ 'ਤੇ ਜੇਲ੍ਹ ਗਾਰਦ ਨੇ ਇਕੱਠਿਆਂ ਹੋ ਕੇ ਹਮਲਾਵਰਾਂ ਨੂੰ ਕਾਬੂ ਕੀਤਾ। ਪੁਲਿਸ ਮੁਤਾਬਕ ਕੈਦੀ ਗੁਰਪ੍ਰੀਤ ਸਿੰਘ ਉਰਫ ਲਾਡੀ ਆਰਮਜ਼ ਐਕਟ ਤਹਿਤ ਤਿੰਨ ਸਾਲ ਦੀ ਸਜ਼ਾ ਕੱਟ ਰਿਹਾ ਹੈ। ਉਸ ਨੇ ਕੁਝ ਦਿਨ ਪਹਿਲਾਂ ਵੀ ਸੁਰੱਖਿਆ ਵਾਰਡ ਦੀ ਕੰਧ ਟੱਪੀ ਸੀ, ਜਿਸ ਕਰ ਕੇ ਇਸ ਨੂੰ ਵੱਖਰੇ ਬਲਾਕ ਵਿਚ ਬੰਦ ਕੀਤਾ ਗਿਆ ਸੀ। ਜੇਲ੍ਹ ਵਿਚ ਹੀ ਬੰਦ ਗੈਂਗਸਟਰ ਕੰਧਾਂ ਟੱਪ ਕੇ ਫਰਾਰ ਹੋਣ ਦੀ ਨੀਅਤ ਨਾਲ ਆਏ ਅਤੇ ਬਲਾਕ ਨੰ: 8 'ਚ ਬੰਦੀ ਗੁਰਪ੍ਰੀਤ ਸਿੰਘ ਉਰਫ ਲਾਡੀ ਨੂੰ ਜ਼ਬਰਦਸਤੀ ਛੁਡਵਾਉਣ ਲਈ ਮੁਲਾਜ਼ਮਾਂ 'ਤੇ ਹਮਲਾ ਕਰ ਦਿੱਤਾ।

ਰਵੀ ਬਾਠ
ਰੀਅਲ ਐਸਟੇਟ ਕੰਸਲਟੈਂਟ ਅਤੇ ਨੋਟਰੀ ਪਬਲਿਕ
ਅੱਜ ਦੀ ਮਾਰਕਿਟ ਵਿਚ ਤੁਹਾਡੇ ਘਰ ਦੀ ਕੀ ਕੀਮਤ ਹੈ, ਇਹ ਜਾਣਨ ਲਈ ਫਰੀ ਮਾਰਕਿਟ ਅਨੈਲੇਸਿਸ ਰਿਪੋਰਟ ਲਈ ਜਾਂ ਬੇ ਏਰੀਏ ਵਿਚ ਰੀਅਲ ਐਸਟੇਟ ਸਬੰਧੀ ਕੋਈ ਵੀ ਪ੍ਰੋਫੈਸ਼ਨਲ ਸੇਵਾ ਲੈਣ ਲਈ ਬਿਨਾ ਝਿਜਕ ਫੋਨ ਕਰ ਸਕਦੇ ਹੋ।
*I may help you in securing loans at good rates as well.*
ਫੋਨ: 925-323-8626
rvbaat@gmail.com

*Ravi Batth*
M.A.(Eco.), SFR
Broker-Associate
Notary
BRE Lic.#01394943
ravi.batth@bhghome.com
Off: 925-776-2740
Fax: 925-776-2741
5887A Lone Tree Way
Antioch, CA 94531
Better Homes and Gardens Real Estate
MASON-McDUFFIE




PERSONAL INJURY ATTORNEYS
LAW OFFICES OF MANPREET S. BAINS
LAW OFFICES OF WILLIAM E. WEISS
AN ASSOCIATION OF LAW FIRMS

Offering Joint Representation at No Additional Cost
No Fees Unless Recovery for Your Injuries is Made
Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights
RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results
Personal Injury matters are time sensitive!
For a free consultation, please call (510) 474-0028
E-mail: BainsWeiss@gmail.com
Serving the Bay Area and Beyond • Offices in San Francisco and Union City

# ਨਸ਼ਾ ਤਸਕਰੀ: ਸਾਬਕਾ ਅਕਾਲੀ ਮੰਤਰੀ ਫਿਲੌਰ ਖਿਲਾਫ ਚਲਾਨ

**ਮੁਹਾਲੀ:** ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਵਿਚ ਸਾਬਕਾ ਅਕਾਲੀ ਮੰਤਰੀ ਸਰਵਣ ਸਿੰਘ ਫਿਲੌਰ, ਉਸ ਦੇ ਬੇਟੇ ਦਮਨਬੀਰ ਸਿੰਘ ਫਿਲੌਰ, ਸਾਬਕਾ ਸੰਸਦੀ ਸਕੱਤਰ ਅਵਿਨਾਸ਼ ਚੰਦਰ ਤੋਂ ਇਲਾਵਾ ਜਗਜੀਤ ਸਿੰਘ ਚਾਹਲ, ਉਸ ਦੇ ਭਰਾ ਪਰਮਜੀਤ ਸਿੰਘ ਚਾਹਲ, ਇੰਦਰਜੀਤ ਕੌਰ, ਦਵਿੰਦਰ ਕਾਂਤ ਸ਼ਰਮਾ, ਜਸਵਿੰਦਰ ਸਿੰਘ, ਸਚਿਨ ਸਰਦਾਨਾ, ਸੁਸ਼ੀਲ ਕੁਮਾਰ ਸਰਦਾਨਾ, ਕੈਲਾਸ਼ ਸਰਦਾਨਾ ਅਤੇ ਰਸ਼ਮੀ ਸਰਦਾਨਾ ਖਿਲਾਫ਼ 5ਵਾਂ ਸਪਲੀਮੈਂਟਰੀ ਚਲਾਨ ਪੇਸ਼ ਕੀਤਾ ਗਿਆ।

ਡਿਪਟੀ ਡਾਇਰੈਕਟਰ (ਈ.ਡੀ.) ਨਿਰੰਜਨ ਸਿੰਘ ਵੱਲੋਂ ਤਿਆਰ ਕੀਤੇ ਇਸ 8400 ਸਫਿਆਂ ਦੇ ਸਪਲੀਮੈਂਟਰੀ ਚਲਾਨ 'ਚ ਨਸ਼ਾ ਤਸਕਰੀ ਤੇ ਮੁਲਜ਼ਮਾਂ ਵੱਲੋਂ ਦੇਸ਼-ਵਿਦੇਸ਼ 'ਚ ਬਣਾਈਆਂ ਜਾਇਦਾਦਾਂ ਦਾ ਵੇਰਵਾ ਹੈ ਜਦੋਂ ਕਿ ਚਾਹਲ ਭਰਾਵਾਂ ਵੱਲੋਂ ਅੱਠ ਕੰਪਨੀਆਂ ਬਣਾਉਣ ਤੇ ਮਹਿੰਗੀਆਂ ਕਾਰਾਂ ਖਰੀਦਣ ਦਾ ਖੁਲਾਸਾ ਵੀ ਕੀਤਾ ਗਿਆ ਹੈ। ਜਾਂਚ ਦੌਰਾਨ ਪਤਾ ਲੱਗਾ ਹੈ ਕਿ ਜਗਦੀਸ਼ ਭੋਲਾ ਨੇ ਐਨ.ਆਰ.ਆਈ. ਜਸਵਿੰਦਰ ਸਿੰਘ ਦੇ ਨਾਂ 'ਤੇ ਕੈਨੇਡਾ ਉਚ ਜਾਇਦਾਦ ਬਣਾਈ ਹੈ।

ਜੇਲ੍ਹ 'ਚ ਬੰਦ ਸੁਖਰਾਜ ਸਿੰਘ ਉਰਫ ਰਾਜਾ ਰਾਹੀਂ ਭੋਲੇ ਨੇ ਵਿਦੇਸ਼ ਵਿਚ ਜਾਇਦਾਦ ਖਰੀਦਣ ਲਈ ਪੈਸਿਆਂ ਦਾ ਲੈਣ ਦੇਣ ਕੀਤਾ ਹੈ। ਮੁਲਜ਼ਮਾਂ ਨੇ ਕਰੀਬ ਇਕ ਅਰਬ (ਕੁਲੈਕਟਰ ਰੇਟ) ਦੀ ਜਾਇਦਾਦ ਬਣਾਈ ਹੈ। ਅਦਾਲਤ ਨੇ ਕੇਸ ਦੀ ਅਗਲੀ ਸੁਣਵਾਈ 25 ਜੁਲਾਈ 'ਤੇ ਪਾ ਦਿੱਤੀ ਹੈ।

ਦੱਸਣਯੋਗ ਹੈ ਕਿ ਪੁਲਿਸ ਨੇ ਚੁੰਨੀ ਲਾਲ ਗਾਬਾ ਨੂੰ ਨਸ਼ਾ ਤਸਕਰੀ ਦੇ ਮਾਮਲੇ ਵਿਚ ਗ੍ਰਿਫਤਾਰ ਕੀਤਾ ਸੀ। ਉਸ ਕੋਲੋਂ ਮਿਲੀ ਇਕ ਡਾਇਰੀ 'ਚ ਕਈ ਆਗੂਆਂ ਦੇ ਨਾਂ ਸਨ। ਨਸ਼ਾ ਤਸਕਰੀ ਮਾਮਲੇ ਵਿਚ ਨਾਂ ਆਉਣ ਬਾਅਦ ਸਰਵਣ ਸਿੰਘ ਫਿਲੌਰ ਨੂੰ ਅਹੁਦੇ ਤੋਂ ਅਸਤੀਫਾ ਦੇਣਾ ਪਿਆ ਸੀ।



## ਚੋਣਾਂ ਤੋਂ ਪਹਿਲਾਂ ਹੀ ਮਜੀਠੀਆ ਨੂੰ ਦੇ ਦਿੱਤੀ ਸੀ ਕਲੀਨ ਚਿੱਟ



**ਭਦੌੜ:** ਆਮ ਆਦਮੀ ਪਾਰਟੀ ਦੇ ਪੰਜਾਬ ਕਨਵੀਨਰ ਅਤੇ ਸੰਗਰੂਰ ਤੋਂ ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਵਿਚੋਂ ਨਸ਼ਾ ਉਦੋਂ ਤੱਕ ਖਤਮ ਨਹੀਂ ਹੋ ਸਕਦਾ ਜਦੋਂ ਤੱਕ ਨਸ਼ੇ ਦੇ 'ਵੱਡੇ ਮਗਰਮੱਛਾਂ' ਨੂੰ ਨੱਥ ਨਹੀਂ ਪਾਈ ਜਾਂਦੀ ਪਰ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤਾਂ ਚੋਣਾਂ ਤੋਂ ਪਹਿਲਾਂ ਹੀ ਬਿਕਰਮ ਸਿੰਘ ਮਜੀਠੀਆ ਨੂੰ ਕਲੀਨ ਚਿੱਟ ਦੇ ਚੁੱਕੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਸਾਰਾ ਪੰਜਾਬ ਜਾਣਦਾ ਹੈ ਕਿ ਬਿਕਰਮ ਸਿੰਘ ਮਜੀਠੀਆ ਦਾ ਈ.ਡੀ. ਜਾਂਚ ਵਿਚ ਨਾਮ ਸੀ। ਇਹ ਦੋਵੇਂ (ਕੈਪਟਨ ਅਤੇ ਮਜੀਠੀਆ) ਮਿਲੇ ਹੋਏ ਹਨ।

## ਹੁਣ ਮਜੀਠੀਆ ਤੇ ਚੌਧਰੀ ਖਿਲਾਫ ਜਾਂਚ ਕਰਵਾਉਣਗੇ ਕੈਪਟਨ?

**ਚੰਡੀਗੜ੍ਹ:** ਆਮ ਆਦਮੀ ਪਾਰਟੀ ਨੇ ਛੇ ਹਜ਼ਾਰ ਕਰੋੜੀ ਡਰੱਗ ਕੇਸ ਵਿਚ ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਤੇ ਜਲੰਧਰ ਤੋਂ ਕਾਂਗਰਸੀ ਲੋਕ ਸਭਾ ਮੈਂਬਰ ਚੌਧਰੀ ਸੰਤੋਖ ਸਿੰਘ ਖਿਲਾਫ ਸਮਾਂਬੱਧ ਜਾਂਚ ਮੰਗੀ ਹੈ। 'ਆਪ' ਨੇ ਅਕਾਲੀ-ਭਾਜਪਾ ਸਰਕਾਰ ਦੇ ਪਿਛਲੇ 10 ਸਾਲਾਂ ਦੌਰਾਨ ਛੇ ਹਜ਼ਾਰ ਕਰੋੜ ਰੁਪਏ ਦੇ ਚਰਚਿਤ ਡਰੱਗ ਕੇਸ ਵਿਚ ਫਸੇ ਕਾਂਗਰਸੀ ਆਗੂ ਸਰਵਣ ਸਿੰਘ ਫਿਲੌਰ ਬਾਰੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਆਪਣਾ ਸਟੈਂਡ ਸਪੱਸ਼ਟ ਕਰਨ ਲਈ ਕਿਹਾ ਹੈ।

ਪਾਰਟੀ ਦੇ ਸਹਿ ਪ੍ਰਧਾਨ ਅਮਨ ਅਰੋੜਾ, ਵਿਧਾਨ ਸਭਾ ਵਿਚ ਵਿਰੋਧੀ ਧਿਰ ਦੀ ਉਪ ਨੇਤਾ ਸਰਬਜੀਤ ਕੌਰ ਮਾਣੂਕੇ, ਵਿਧਾਇਕ ਕੁਲਤਾਰ ਸਿੰਘ ਸੰਧਵਾਂ ਤੇ ਰੁਪਿੰਦਰ ਕੌਰ ਰੂਬੀ ਨੇ ਕਿਹਾ ਹੈ ਕਿ ਸ੍ਰੀ ਗੁਟਕਾ ਸਾਹਿਬ ਦੀ ਸਹੁੰ ਚੁੱਕ ਕੇ ਪੰਜਾਬ ਵਿਚੋਂ ਇਕ ਮਹੀਨੇ ਵਿਚ ਨਸ਼ੇ ਖਤਮ ਕਰਨ ਦਾ ਵਾਅਦਾ ਕਰਨ ਵਾਲੇ ਕੈਪਟਨ ਲਈ ਇਹ ਸਮਾਂ ਪਰਖ ਦੀ ਘੜੀ ਹੈ। ਉਹ 6 ਹਜ਼ਾਰ ਕਰੋੜ ਰੁਪਏ ਦੇ ਡਰੱਗ ਕਾਰੋਬਾਰ ਵਿਚ ਸ਼ਾਮਲ ਹਰ ਛੋਟੇ-ਵੱਡੇ ਦੋਸ਼ੀ ਨੂੰ ਸਜ਼ਾ ਦਿਵਾਉਂਦੇ ਹਨ ਜਾਂ ਨਹੀਂ? ਉਨ੍ਹਾਂ ਕਿਹਾ ਕਿ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਵੱਲੋਂ ਸੀ.ਬੀ.ਆਈ. ਅਦਾਲਤ ਵਿਚ ਸਰਵਣ ਸਿੰਘ ਫਿਲੌਰ ਤੇ ਸਾਬਕਾ ਅਕਾਲੀ ਵਿਧਾਇਕ ਅਵਿਨਾਸ਼ ਚੰਦਰ ਸਮੇਤ 10 ਮੁਲਜ਼ਮਾਂ ਵਿਰੁੱਧ ਪੇਸ਼ ਕੀਤੇ ਤਾਜ਼ਾ ਚਲਾਨ ਨੇ ਸਾਬਤ ਕਰ ਦਿੱਤਾ ਹੈ ਕਿ ਇਸ ਕਾਲੇ ਕਾਰੋਬਾਰ ਵਿਚ ਅਕਾਲੀ ਤੇ ਕਾਂਗਰਸੀ ਆਗੂ ਕਿਸ ਹੱਦ ਤੱਕ ਸ਼ਾਮਲ ਸਨ। 'ਆਪ' ਆਗੂਆਂ ਨੇ ਕਿਹਾ ਕਿ ਇਸ ਮਾਮਲੇ ਵਿਚ ਈ.ਡੀ. ਵੱਲੋਂ ਬਿਕਰਮ ਸਿੰਘ ਮਜੀਠੀਆ ਤੇ ਚੌਧਰੀ ਸੰਤੋਖ ਸਿੰਘ ਨੂੰ ਵੀ ਸੰਮਨ ਕਰ ਕੇ ਪੁਛਗਿੱਛ ਕੀਤੀ ਜਾਂਦੀ ਰਹੀ ਹੈ। ਉਸ ਸਮੇਂ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਤੇ ਹੋਰ ਆਗੂਆਂ ਵੱਲੋਂ ਮਜੀਠੀਆ ਵਿਰੁੱਧ ਸੀ.ਬੀ.ਆਈ. ਜਾਂਚ ਦੀ ਮੰਗ ਕੀਤੀ ਜਾ ਰਹੀ ਸੀ। ਦੂਜੇ ਪਾਸੇ ਕੈਪਟਨ ਨੇ ਪਾਰਟੀ ਦੇ ਉਲਟ ਜਾ ਕੇ ਮਜੀਠੀਆ ਦਾ ਬਚਾਅ ਕੀਤਾ ਸੀ।



ਉਨ੍ਹਾਂ ਕਿਹਾ ਸੀ ਕਿ ਸੂਬਾ ਤੇ ਕੇਂਦਰ ਦੀਆਂ ਵੱਖ-ਵੱਖ ਏਜੰਸੀਆਂ ਇਸ ਮਾਮਲੇ ਦੀ ਜਾਂਚ ਕਰ ਰਹੀਆਂ ਹਨ। ਇਸ ਲਈ ਸੀ.ਬੀ.ਆਈ. ਜਾਂਚ ਦੀ ਜ਼ਰੂਰਤ ਨਹੀਂ। 'ਆਪ' ਆਗੂਆਂ ਨੇ ਕਿਹਾ ਕਿ ਜੇਕਰ ਕੈਪਟਨ ਉਦੋਂ ਮਜੀਠੀਏ ਦਾ ਬਚਾਅ ਨਾ ਕਰਦੇ ਤਾਂ ਉਹ ਸੀ.ਬੀ.ਆਈ. ਜਾਂਚ ਦਾ ਸਾਹਮਣਾ ਕਰ ਰਿਹਾ ਹੁੰਦਾ। ਉਨ੍ਹਾਂ ਕਿਹਾ ਕਿ ਕੈਪਟਨ ਕੋਲ ਆਪਣੇ ਉਪਰ ਮਜੀਠੀਆ ਨੂੰ ਬਚਾਉਣ ਲਈ ਲੱਗੇ ਦਾਗ ਨੂੰ ਧੋਣ ਦਾ ਹੁਣ ਬਿਹਤਰੀਨ ਸਮਾਂ ਹੈ। ਪੰਜਾਬ ਦੀਆਂ ਸਾਰੀਆਂ ਜਾਂਚ ਏਜੰਸੀਆਂ ਕੈਪਟਨ ਅਧੀਨ ਹਨ। ਜੇਕਰ ਕੈਪਟਨ ਚਾਹੁਣ ਤਾਂ ਉਹ 6 ਹਜ਼ਾਰ ਕਰੋੜ ਰੁਪਏ ਦੇ ਨਸ਼ਿਆਂ ਦੇ ਕਾਲੇ ਕਾਰੋਬਾਰ ਵਿਚ ਸ਼ਾਮਲ ਹਰੇਕ ਦੋਸ਼ੀ ਦੀ ਨਿਰਪੱਖ ਜਾਂਚ ਕਰਵਾ ਸਕਦੇ ਹਨ।

# ਮੋਦੀ ਦੇ ਜੀ.ਐਸ.ਟੀ. ਨੇ ਧਾਰਮਿਕ ਅਸਥਾਨਾਂ ਦੇ ਬਜਟ ਹਿਲਾਏ

**ਅੰਮ੍ਰਿਤਸਰ:** ਧਾਰਮਿਕ ਅਸਥਾਨਾਂ ਉਤੇ ਜੀ.ਐਸ.ਟੀ. ਬਾਰੇ ਅਜੇ ਵੀ ਸਥਿਤੀ ਸਪਸ਼ਟ ਨਹੀਂ ਹੋ ਸਕੀ। ਕੇਂਦਰ ਸਰਕਾਰ ਵੱਲੋਂ ਪਹਿਲੀ ਜੁਲਾਈ ਤੋਂ ਪੂਰੇ ਦੇਸ਼ ਵਿਚ ਲਾਗੂ ਜੀ.ਐਸ.ਟੀ. ਲਾਗੂ ਕੀਤਾ ਗਿਆ ਹੈ। ਗੁਰਦੁਆਰਿਆਂ ਤੇ ਮੰਦਰਾਂ ਸਮੇਤ ਸਾਰੇ ਧਾਰਮਿਕ ਅਸਥਾਨਾਂ ਨੂੰ ਇਸ ਤੋਂ ਬਾਹਰ ਰੱਖਣ ਦੀ ਮੰਗ ਉਠੀ ਹੈ।

ਇਸ ਤੋਂ ਬਾਅਦ ਕੇਂਦਰ ਸਰਕਾਰ ਵੱਲੋਂ ਪ੍ਰਸ਼ਾਦ ਤੇ ਲੰਗਰ ਵਿਚ ਜੀ.ਐਸ.ਟੀ. ਦੀ ਛੋਟ ਮਗਰੋਂ ਵੀ ਸਥਿਤੀ ਕੁਝ ਸਪਸ਼ਟ ਨਹੀਂ ਹੋ ਸਕੀ। ਇਸ ਬਾਰੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਨੇ ਕਿਹਾ ਕਿ ਸਰਕਾਰ ਦੇ ਪ੍ਰੈੱਸ ਰਿਲੀਜ਼ ਦੀ ਮੰਨੀਏ ਤਾਂ ਹਰਿਮੰਦਰ ਸਾਹਿਬ ਵਿਖੇ ਮਿਲਣ ਵਾਲਾ ਕੜਾਹ ਪ੍ਰਸ਼ਾਦ ਲੈਣ ਲਈ ਸ਼ਰਧਾਲੂਆਂ ਨੂੰ ਹੁਣ ਜੀ.ਐਸ.ਟੀ. ਵੀ ਦੇਣਾ ਪਵੇਗਾ। ਇਸ ਦੇ ਨਾਲ ਹੀ ਕੜਾਹ ਪ੍ਰਸ਼ਾਦ ਨੂੰ ਬਣਾਉਣ ਤੇ ਵਰਤਾਉਣ ਵਿਚ ਆਉਣ ਵਾਲੇ ਹਰ ਖਰਚ ਦਾ ਵੀ ਹਿਸਾਬ ਦੇਣਾ ਪਵੇਗਾ। ਇਸ ਤੋਂ ਬਾਅਦ ਇਸ 'ਤੇ ਟੈਕਸ ਵਿਚ ਛੋਟ ਮਿਲੇਗੀ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਹਰਚਰਨ ਸਿੰਘ ਨੇ ਦੱਸਿਆ ਕਿ ਧਾਰਮਿਕ ਅਸਥਾਨਾਂ ਵਿਖੇ ਪ੍ਰਸ਼ਾਦ ਤੇ ਲੰਗਰ 'ਤੇ ਸਰਕਾਰ ਵੱਲੋਂ ਜੀ.ਐਸ.ਟੀ. ਨਾ ਲਾਉਣ ਦਾ ਫੈਸਲਾ ਬਹੁਤ ਹੀ ਹੈਰਾਨ ਕਰਨ ਵਾਲਾ ਹੈ।

ਉਨ੍ਹਾਂ ਸਰਕਾਰ ਦੇ ਪ੍ਰੈੱਸ ਨੋਟ ਤੇ ਟਵੀਟ ਦਾ ਹਵਾਲਾ ਦਿੰਦਿਆਂ ਕਿਹਾ ਕਿ ਇਸ ਵਿਚ ਕਿਤੇ ਵੀ ਇਹ ਸਾਫ ਨਹੀਂ ਕੀਤਾ ਗਿਆ ਕਿ ਲੰਗਰ ਤੇ ਪ੍ਰਸ਼ਾਦ 'ਤੇ ਜੀ.ਐਸ.ਟੀ. ਨਹੀਂ ਲੱਗੇਗਾ। ਹੈਰਾਨੀ ਦੀ ਗੱਲ ਇਹ ਹੈ ਕਿ ਪ੍ਰਸ਼ਾਦ ਲਈ ਲਏ ਜਾਣ ਵਾਲੇ ਪੈਸੇ ਹੁਣ ਜੀ.ਐਸ.ਟੀ. ਦੇ ਹਿਸਾਬ ਨਾਲ ਲਏ ਜਾਣਗੇ। ਪ੍ਰਸ਼ਾਦ ਲਈ ਲਏ ਜਾਣ ਵਾਲੇ ਪੈਸੇ ਕਿਸੇ ਵਪਾਰਕ ਅਦਾਰੇ ਲਈ ਨਹੀਂ ਬਲਕਿ ਲੋਕ ਭਲਾਈ ਤੇ ਗੁਰਦੁਆਰਿਆਂ ਦੇ ਪ੍ਰਬੰਧਾਂ ਤੋਂ ਇਲਾਵਾ ਗਰੀਬ ਲੋਕਾਂ ਦੇ ਇਲਾਜ, ਪੜ੍ਹਾਈ ਤੇ ਗੁਰਦੁਆਰਿਆਂ ਵਿਚ ਆਉਣ ਵਾਲੀ ਸੰਗਤ ਲਈ ਤਿਆਰ ਕੀਤੇ ਜਾਣ ਵਾਲੇ ਲੰਗਰ 'ਤੇ ਹੀ ਖਰਚ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੇ ਪ੍ਰੈੱਸ ਨੋਟ ਤੋਂ ਸਾਫ ਹੈ ਕਿ ਲੰਗਰ 'ਤੇ ਵੀ ਕਿਸੇ ਤਰ੍ਹਾਂ ਦੀ ਕੋਈ ਛੋਟ ਨਹੀਂ ਕਿਉਂਕਿ ਲੰਗਰ ਤਿਆਰ ਕਰਨ ਲਈ ਵਰਤੇ ਜਾਣ ਵਾਲੇ ਸਾਰੇ ਸਾਮਾਨ ਤੇ ਸਮੱਗਰੀ ਨੂੰ ਲਿਆਉਣ ਲਿਜਾਣ ਲਈ ਵਰਤੀ ਜਾਣ ਵਾਲੀ ਟਰਾਂਸਪੋਰਟ 'ਤੇ ਵੀ ਜੀ.ਐਸ.ਟੀ. ਲਾਗੂ ਹੋਵੇਗਾ। ਇਸ ਨਾਲ ਲੰਗਰ 'ਤੇ ਜੀ. ਐਸ. ਟੀ. ਨੂੰ ਹਟਾਉਣ ਦਾ ਕੋਈ ਖਾਸ ਫਰਕ ਨਹੀਂ ਪਵੇਗਾ ਤੇ ਹਰ ਸਾਲ ਸਰਕਾਰ ਨੂੰ ਵੱਡੀ ਰਕਮ ਟੈਕਸ ਦੇ ਰੂਪ 'ਚ ਅਦਾ ਕਰਨੀ ਪਵੇਗੀ। ਜਦੋਂ ਸਰਕਾਰ ਵੱਲੋਂ ਵੈਟ ਲਾਇਆ ਗਿਆ ਸੀ ਤਾਂ ਪੰਜਾਬ ਸਰਕਾਰ ਵੱਲੋਂ ਕਮੇਟੀ ਨੂੰ ਖਾਸ ਛੋਟ ਦਿੱਤੀ ਗਈ ਸੀ। ਇਹ ਛੋਟ ਲੰਗਰ, ਪ੍ਰਸ਼ਾਦ, ਸਮੱਗਰੀ ਤੇ ਸਿਰੋਪਾਉ ਲਈ ਖਰੀਦੇ ਜਾਣ ਵਾਲੇ ਕੱਪੜੇ ਲਈ ਵੀ ਸੀ।

## ਪ੍ਰਸ਼ਾਦ ਤੇ ਲੰਗਰ 'ਚ ਛੋਟ ਬਾਰੇ ਅਜੇ ਵੀ ਸਥਿਤੀ ਅਸਪਸ਼ਟ



## ਕੇਂਦਰ ਨੂੰ ਮੁੜ ਪੱਤਰ

**ਅੰਮ੍ਰਿਤਸਰ:** ਨਵੀਂ ਕਰ ਪ੍ਰਨਾਲੀ ਜੀ.ਐਸ.ਟੀ. ਇਸ ਵੇਲੇ ਸ਼੍ਰੋਮਣੀ ਕਮੇਟੀ ਲਈ ਵੱਡੀ ਸਿਰਦਰਦੀ ਦਾ ਸਬੱਬ ਬਣੀ ਹੋਈ ਹੈ। ਸ਼੍ਰੋਮਣੀ ਕਮੇਟੀ ਨੇ ਮੁੜ ਕੇਂਦਰੀ ਵਿੱਤ ਮੰਤਰੀ ਨੂੰ ਪੱਤਰ ਭੇਜ ਕੇ ਗੁਰਦੁਆਰਿਆਂ ਨੂੰ ਜੀ.ਐਸ.ਟੀ. ਤੋਂ ਮੁਕਤ ਰੱਖਣ ਦੀ ਅਪੀਲ ਕੀਤੀ ਹੈ। ਜੀ.ਐਸ.ਟੀ. ਕਾਰਨ ਸ਼੍ਰੋਮਣੀ ਕਮੇਟੀ ਨੂੰ ਲਗਭਗ 9 ਕਰੋੜ ਰੁਪਏ ਦਾ ਵਾਧੂ ਆਰਥਿਕ ਬੋਝ ਝੱਲਣਾ ਪਵੇਗਾ, ਜਦੋਂਕਿ ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠਲੇ ਗੁਰਦੁਆਰੇ ਵੈਟ ਟੈਕਸ ਤੋਂ ਮੁਕਤ ਸਨ।

# ਪੰਜਾਬ ਦੇ ਕਿਸਾਨਾਂ ਨੂੰ ਜੀ.ਐਸ.ਟੀ. ਦੀ ਵੱਧ ਮਾਰ, ਸਾਲਾਨਾ ਸੌ ਕਰੋੜ ਤੋਂ ਵੱਧ ਦਾ ਬੋਝ

**ਚੰਡੀਗੜ੍ਹ:** 'ਇਕ ਦੇਸ਼, ਇਕ ਕਰ ਅਤੇ ਇਕ ਬਾਜ਼ਾਰ' ਦੇ ਨਾਅਰੇ ਤਹਿਤ ਵਸਤਾਂ ਅਤੇ ਸੇਵਾਵਾਂ ਕਰ (ਜੀ.ਐਸ.ਟੀ.) ਲਾਗੂ ਕੀਤੇ ਜਾਣ ਨਾਲ ਵਪਾਰੀਆਂ ਦੇ ਬਹੁਤ ਵੱਡੇ ਤਬਕੇ ਦੇ ਨਾਲ-ਨਾਲ ਪੰਜਾਬ ਦੇ ਖੇਤੀ ਖੇਤਰ ਨੂੰ ਵੀ ਝਟਕਾ ਲੱਗਿਆ ਹੈ। ਬਹੁਤ ਸਾਰੇ ਰਾਜਾਂ ਵਿਚ ਖੇਤੀ ਖੇਤਰ ਨੂੰ ਰਾਹਤ ਵੀ ਮਿਲੇਗੀ ਪਰ ਪੰਜਾਬ ਵਿਚ ਖਾਦਾਂ, ਕੀਟ ਤੇ ਨਦੀਨ ਨਾਸ਼ਕਾਂ ਅਤੇ ਹੋਰ ਸਾਧਨਾਂ ਦੀ ਵੱਧ ਵਰਤੋਂ ਕਾਰਨ ਖੇਤੀ ਖੇਤਰ 'ਤੇ ਸਾਲਾਨਾ ਸੌ ਕਰੋੜ ਤੋਂ ਵੱਧ ਦਾ ਬੋਝ ਪਵੇਗਾ।

ਫਸਲਾਂ ਦੀ ਵੱਧ ਪੈਦਾਵਾਰ ਦੇ ਦਬਾਅ ਹੇਠ ਪੰਜਾਬ ਦਾ ਕਿਸਾਨ ਖਾਦਾਂ, ਕੀਟ ਅਤੇ ਨਦੀਨ ਨਾਸ਼ਕ ਦਵਾਈਆਂ ਅਤੇ ਮਸ਼ੀਨਰੀ ਆਧਾਰਤ ਖੇਤੀ ਉਤੇ ਜ਼ੋਰ ਦੇ ਰਿਹਾ ਹੈ। ਇਸੇ ਕਰ ਕੇ ਪੰਜਾਬ ਵਿਚ ਸਾਲਾਨਾ ਲਗਭਗ 25 ਲੱਖ ਟਨ ਯੂਰੀਆ ਦੀ ਲੋੜ ਪੈਂਦੀ ਹੈ।

ਸੂਬੇ ਵਿਚ ਖਾਦਾਂ 'ਤੇ ਪਹਿਲਾਂ ਇਕ ਫੀਸਦੀ ਆਬਕਾਰੀ ਡਿਊਟੀ ਅਤੇ ਇਕ ਫੀਸਦੀ ਹੋਰ ਡਿਊਟੀ ਰਲਾ ਕੇ ਦੋ ਫੀਸਦੀ ਟੈਕਸ ਲਗਦਾ ਸੀ ਪਰ ਹੁਣ ਜੀ.ਐਸ.ਟੀ. 5 ਫੀਸਦੀ ਲੱਗੇਗੀ। ਸੂਬੇ ਵਿਚ ਵਰਤੇ ਜਾਣ ਵਾਲੇ 25 ਲੱਖ ਟਨ ਯੂਰੀਆ ਪਿੱਛੇ ਲਗਭਗ 45 ਕਰੋੜ ਰੁਪਏ ਦਾ ਵਾਧੂ ਬੋਝ ਕਿਸਾਨਾਂ ਉਤੇ ਪਵੇਗਾ। ਪੰਜਾਬ ਵਿਚ ਕਈ ਹੋਰ ਖਾਦਾਂ ਦੀ ਲੋੜ ਵੀ ਪੈਂਦੀ ਹੈ, ਜਿਨ੍ਹਾਂ 'ਤੇ ਕਰ 6 ਤੋਂ ਵਧ ਕੇ 12 ਫੀਸਦੀ ਹੋ ਗਿਆ ਹੈ। ਸਾਲਾਨਾ ਲਗਭਗ ਛੇ ਹਜ਼ਾਰ ਮੀਟ੍ਰਿਕ ਟਨ ਦੀ ਵਰਤੋਂ ਵਾਲੀਆਂ ਇਨ੍ਹਾਂ ਦਵਾਈਆਂ 'ਤੇ ਕਿਸਾਨਾਂ ਦੇ ਕਰੀਬ 57 ਸੌ ਕਰੋੜ ਰੁਪਏ ਖਰਚ ਹੁੰਦੇ ਹਨ।

ਪੰਜਾਬ ਵਿਚ ਕੀਟਨਾਸ਼ਕ ਦਵਾਈਆਂ 'ਤੇ ਟੈਕਸ ਮੁਆਫ ਸੀ ਪਰ ਇਸ ਉਤੇ ਕੇਂਦਰੀ ਆਬਕਾਰੀ ਡਿਊਟੀ 12.5 ਫ਼ੀਸਦੀ ਲੱਗਦੀ ਸੀ, ਹੁਣ ਜੀ.ਐਸ.ਟੀ. 18 ਫੀਸਦੀ ਦੇ ਹਿਸਾਬ ਨਾਲ ਵਸੂਲਿਆ ਜਾਵੇਗਾ।

ਇਸ ਉਤੇ ਵੀ ਲਗਭਗ 45 ਕਰੋੜ ਰੁਪਏ ਤੋਂ ਵੱਧ ਦਾ ਖਰਚਾ ਹੋਵੇਗਾ। ਟਰੈਕਟਰਾਂ ਅਤੇ ਹੋਰ ਸੰਦਾਂ ਉਤੇ ਹੁਣ 18 ਫੀਸਦੀ ਜੀ.ਐਸ.ਟੀ. ਲੱਗਣ ਨਾਲ ਟਰੈਕਟਰਾਂ ਦੀਆਂ ਕੀਮਤਾਂ ਵਧ ਸਕਦੀਆਂ ਹਨ। ਪੰਜਾਬ ਵਿਚ ਲਗਭਗ 25000 ਟਰੈਕਟਰ ਹਰ ਸਾਲ ਵਿਕਦੇ ਹਨ। ਟੈਕਸ ਪ੍ਰਣਾਲੀ ਤਬਦੀਲ ਹੋਣ ਕਰ ਕੇ ਇਸ ਸਬੰਧੀ ਕਿਸਾਨਾਂ 'ਤੇ ਦਸ ਕਰੋੜ ਰੁਪਏ ਦੇ ਕਰੀਬ ਹੋਰ ਬੋਝ ਪੈਣ ਦੇ ਆਸਾਰ ਹਨ। ਖੇਤੀ ਆਧਾਰਤ ਉਦਯੋਗਾਂ ਨਾਲ ਸਬੰਧਤ ਮਸ਼ੀਨਰੀ ਅਤੇ ਲਾਗਤ ਉਤੇ ਜੀ.ਐਸ.ਟੀ. ਵਧ ਜਾਣ ਨਾਲ ਫਸਲੀ ਵੰਨ-ਸੁਵੰਨਤਾ ਸਬੰਧੀ ਵੀ ਰੁਕਾਵਟਾਂ ਪੈਦਾ ਹੋ ਗਈਆਂ ਹਨ। ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਬਲਵੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਕੇਂਦਰ ਸਰਕਾਰ ਕਿਸਾਨਾਂ ਦੇ ਕਰਜ਼ੇ ਮੁਆਫ ਕਰਨ ਤੋਂ ਵੀ ਹੱਥ ਖਿੱਚ ਰਹੀ ਹੈ, ਉਲਟਾ ਜ਼ਿਆਦਾ ਟੈਕਸ ਲਗਾ ਕੇ ਪਹਿਲਾਂ ਹੀ ਮਰ ਰਹੇ ਕਿਸਾਨਾਂ ਲਈ ਨਵੀਆਂ ਮੁਸ਼ਕਲਾਂ ਖੜ੍ਹੀਆਂ ਕਰ ਰਹੀ ਹੈ।

## ਫਸਲੀ ਵੰਨ-ਸੁਵੰਨਤਾ ਵਿਚ ਵੀ ਪਈਆਂ ਰੁਕਾਵਟਾਂ



## ਕਾਰੋਬਾਰੀਆਂ ਦੀਆਂ ਮੁਸ਼ਕਿਲਾਂ ਘਟਣਗੀਆਂ: ਜੇਤਲੀ

**ਲੁਧਿਆਣਾ:** ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੇ ਦਾਅਵਾ ਕੀਤਾ ਕਿ ਜੀ.ਐਸ.ਟੀ. ਲਾਗੂ ਹੋਣ ਤੋਂ ਬਾਅਦ ਵਪਾਰੀਆਂ ਤੇ ਕਾਰੋਬਾਰੀਆਂ ਨੂੰ ਜ਼ਰੂਰ ਫਾਇਦਾ ਪੁੱਜੇਗਾ। ਉਨ੍ਹਾਂ ਟੈਕਸ ਮਾਮਲੇ ਵਿਚ ਹੁਸ਼ਿਆਰੀ ਵਿਖਾਉਣ ਵਾਲਿਆਂ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਅਜਿਹੇ ਲੋਕ ਬਚ ਨਹੀਂ ਸਕਣਗੇ। ਕੇਂਦਰੀ ਵਿੱਤ ਮੰਤਰੀ ਨੇ ਨਿੱਜੀ ਕੰਪਨੀਆਂ ਨੂੰ ਸੱਦਾ ਦਿੱਤਾ ਹੈ ਕਿ ਉਹ ਦੇਸ਼ ਦਾ ਮੁਹਾਂਦਰਾ ਸੰਵਾਰਨ ਅਤੇ ਦੇਸ਼ ਦੀ ਵਿਕਾਸ ਦੀ ਚਾਲ ਹੋਰ ਤੇਜ਼ ਕਰਨ ਲਈ ਅੱਗੇ ਆਉਣ। ਇਸ ਮੌਕੇ ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕੇਂਦਰੀ ਵਿੱਤ ਮੰਤਰੀ ਨੂੰ ਅਪੀਲ ਕੀਤੀ ਕਿ ਕੇਂਦਰ ਸਰਕਾਰ ਪੰਜਾਬ ਦੇ ਵਿਕਾਸ ਵਿਚ ਆਪਣਾ ਯੋਗਦਾਨ ਪਾਵੇ। ਉਨ੍ਹਾਂ ਸੂਬੇ ਦੇ ਵਪਾਰਕ ਘਰਾਣਿਆਂ ਨੂੰ ਵੀ ਆਪਣਾ ਬਣਦਾ ਹਿੱਸਾ ਪਾਉਣ ਦੀ ਅਪੀਲ ਕੀਤੀ।

## ਜਹਾਜ਼ ਅਗਵਾ ਕੇਸ 36 ਸਾਲਾਂ ਪਿੱਛੋਂ ਮੁੜ ਖੋਲ੍ਹਿਆ

**ਅੰਮ੍ਰਿਤਸਰ:** ਦਿੱਲੀ ਪੁਲਿਸ ਵੱਲੋਂ 36 ਸਾਲ ਪੁਰਾਣੇ ਜਹਾਜ਼ ਅਗਵਾ ਮਾਮਲੇ ਵਿਚ ਕੁਝ ਨਵੀਆਂ ਧਾਰਾਵਾਂ ਜੋੜ ਕੇ ਇਸ ਕੇਸ ਨੂੰ ਮੁੜ ਸ਼ੁਰੂ ਕੀਤੇ ਜਾਣ 'ਤੇ ਦਲ ਖਾਲਸਾ ਨੇ ਸਖਤ ਇਤਰਾਜ਼ ਪ੍ਰਗਟਾਇਆ ਹੈ। ਇਸ ਮਾਮਲੇ ਵਿਚ ਦਲ ਖਾਲਸਾ ਦੇ ਦੋ ਆਗੂ ਸਤਨਾਮ ਸਿੰਘ ਪਾਉਂਟਾ ਸਾਹਿਬ ਅਤੇ ਤੇਜਿੰਦਰਪਾਲ ਸਿੰਘ ਦਿੱਲੀ ਦੇ ਪਟਿਆਲਾ ਹਾਊਸ ਵਿਚ ਪੇਸ਼ ਹੋਏ, ਜਿਥੇ ਅਦਾਲਤ ਵੱਲੋਂ ਇਨ੍ਹਾਂ ਨੂੰ ਆਰਜ਼ੀ ਜ਼ਮਾਨਤ ਦੇ ਦਿੱਤੀ ਗਈ। ਦੱਸਣਯੋਗ ਹੈ ਕਿ ਸਿੱਖ ਅਗਵਾਕਾਰਾਂ ਨੇ 29 ਸਤੰਬਰ 1981 ਨੂੰ ਏਅਰ ਇੰਡੀਆ ਦੀ ਨਵੀਂ ਦਿੱਲੀ-ਅੰਮ੍ਰਿਤਸਰ, ਸ੍ਰੀਨਗਰ ਉਡਾਣ ਨੂੰ ਅਗਵਾ ਕਰ ਲਿਆ ਸੀ ਅਤੇ ਜਹਾਜ਼ ਨੂੰ ਪਾਕਿਸਤਾਨ ਲੈ ਗਏ ਸਨ। ਅਗਵਾਕਾਰਾਂ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਰਿਹਾਈ ਦੀ ਮੰਗ ਕੀਤੀ ਸੀ। ਇਨ੍ਹਾਂ ਅਗਵਾਕਾਰਾਂ ਵਿਚ ਸਤਨਾਮ ਸਿੰਘ ਪਾਉਂਟਾ ਸਾਹਿਬ, ਤੇਜਿੰਦਰਪਾਲ ਸਿੰਘ, ਗਜਿੰਦਰ ਸਿੰਘ, ਜਸਬੀਰ ਸਿੰਘ ਅਤੇ ਕਰਨ ਸਿੰਘ ਸ਼ਾਮਲ ਸਨ। ਇਨ੍ਹਾਂ ਨੂੰ ਪਾਕਿਸਤਾਨ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਸੀ ਅਤੇ ਪਾਕਿਸਤਾਨੀ ਅਦਾਲਤ ਵੱਲੋਂ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਸਜ਼ਾ ਭੁਗਤਣ ਮਗਰੋਂ ਸਤਨਾਮ ਸਿੰਘ ਅਤੇ ਤਜਿੰਦਰਪਾਲ ਸਿੰਘ ਨੂੰ ਵੱਖ-ਵੱਖ ਦੇਸ਼ਾਂ ਤੋਂ ਵਾਪਸ ਭਾਰਤ ਭੇਜ ਦਿੱਤਾ ਗਿਆ ਸੀ ਜਦਕਿ ਬਾਕੀ ਤਿੰਨ ਸਿੱਖ ਆਗੂ ਅੱਜ ਵੀ ਭਾਰਤ ਤੋਂ ਬਾਹਰ ਹਨ। ਇਸ ਸਬੰਧੀ ਦਲ ਖਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਦੱਸਿਆ ਕਿ ਦਿੱਲੀ ਪੁਲਿਸ ਵੱਲੋਂ ਪੁਰਾਣੇ ਕੇਸ ਵਿਚ ਕੁਝ ਨਵੀਆਂ ਧਾਰਾਵਾਂ ਸ਼ਾਮਲ ਕਰਦਿਆਂ ਇਸ ਨੂੰ ਮੁੜ ਖੋਲ੍ਹਿਆ ਗਿਆ ਹੈ।

ਅਦਾਲਤ ਨੇ ਜਾਂਚ ਅਧਿਕਾਰੀ ਨੂੰ ਰਿਪੋਰਟ ਪੇਸ਼ ਕਰਨ ਲਈ ਕਿਹਾ ਹੈ। ਉਨ੍ਹਾਂ ਖੁਲਾਸਾ ਕੀਤਾ ਕਿ ਅਦਾਲਤ ਵਿਚ ਵਕੀਲਾਂ ਨੇ ਆਪਣਾ ਪੱਖ ਰੱਖਦਿਆਂ ਕਿਹਾ ਕਿ ਇਸ ਮਾਮਲੇ ਨੂੰ ਲਗਭਗ 35 ਸਾਲ ਬੀਤ ਚੁੱਕੇ ਹਨ ਅਤੇ ਅਪੀਲਕਰਤਾ ਲੰਮਾ ਸਮਾਂ ਜੇਲ੍ਹ ਵਿਚ ਵੀ ਬਿਤਾ ਚੁੱਕੇ ਹਨ। ਹੁਣ ਇਨ੍ਹਾਂ ਨੂੰ ਇਸ ਮਾਮਲੇ ਵਿਚੋਂ ਬਰੀ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਲੰਮਾ ਸਮਾਂ ਬੀਤਣ ਮਗਰੋਂ ਇਸ ਕੇਸ ਵਿਚ ਨਵੀਆਂ ਧਾਰਾਵਾਂ ਜੋੜ ਕੇ ਇਸ ਨੂੰ ਮੁੜ ਸ਼ੁਰੂ ਕਰਨਾ ਜਾਇਜ਼ ਨਹੀਂ ਹੈ।

## ਕਿਸਾਨ ਆਰ-ਪਾਰ ਦੀ ਲੜਾਈ ਦੇ ਰੌਂਅ ਵਿਚ

**ਚੰਡੀਗੜ੍ਹ:** ਪੰਜਾਬ ਦੀਆਂ ਚਾਰ ਕਿਸਾਨੀ ਜਥੇਬੰਦੀਆਂ ਨੇ ਇਕਸੁਰ ਹੁੰਦਿਆਂ 9 ਅਗਸਤ ਨੂੰ ਜੇਲ੍ਹ ਭਰੋ ਅੰਦੋਲਨ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। 9 ਅਗਸਤ ਦੇ ਜੇਲ੍ਹ ਭਰੋ ਅੰਦੋਲਨ ਤੋਂ ਪਹਿਲਾਂ ਚਾਰੇ ਕਿਸਾਨ ਜਥੇਬੰਦੀਆਂ ਪੰਜਾਬ ਦੇ ਸਾਰੇ ਜ਼ਿਲ੍ਹਿਆਂ 'ਚ 31 ਜੁਲਾਈ ਨੂੰ ਡਿਪਟੀ ਕਮਿਸ਼ਨਰ ਦਫਤਰਾਂ ਦੇ ਬਾਹਰ ਧਰਨੇ ਦੇਣਗੀਆਂ। ਜ਼ਿਲ੍ਹਾ ਹੈਡਕੁਆਟਰਾਂ 'ਤੇ ਧਰਨੇ ਪ੍ਰਦਰਸ਼ਨ ਦੌਰਾਨ ਕਿਸਾਨ ਜਥੇਬੰਦੀਆਂ ਪੰਜ ਕਿਸਾਨੀ ਮੁੱਦਿਆਂ ਉਤੇ ਡਿਪਟੀ ਕਮਿਸ਼ਨਰਾਂ ਨੂੰ ਮੰਗ ਪੱਤਰ ਸੌਂਪਣਗੀਆਂ। ਕਿਸਾਨਾਂ ਦੀਆਂ ਮੰਗਾਂ ਵਿਚ ਡਾ. ਸੁਆਮੀਨਾਥਨ ਦੀ ਰਿਪੋਰਟ ਨੂੰ ਲਾਗੂ ਕਰਾਉਣਾ, ਕਿਸਾਨਾਂ ਦੇ ਸਮੁੱਚੇ ਕਰਜ਼ੇ ਮੁਆਫ ਕਰਾਉਣਾ, ਆਵਾਰਾ ਪਸ਼ੂਆਂ ਅਤੇ ਜਾਨਵਰਾਂ ਦੀ ਸਮੱਸਿਆ ਦਾ ਸਰਕਾਰ ਵੱਲੋਂ ਢੁਕਵਾਂ ਹੱਲ, ਖੇਤੀ ਨਾਲ ਸਬੰਧਤ ਮਸ਼ੀਨਰੀ ਅਤੇ ਕੀੜੇ ਮਾਰ ਦਵਾਈਆਂ ਨੂੰ ਜੀ.ਐਸ.ਟੀ. ਤੋਂ ਬਾਹਰ ਰੱਖਣ ਅਤੇ ਫਸਲਾਂ ਦੀ ਰਹਿੰਦ-ਖੂੰਹਦ ਦਾ ਸਰਕਾਰ ਵੱਲੋਂ ਨਿਪਟਾਰਾ ਕਰਨਾ ਸ਼ਾਮਲ ਹਨ।

ਕਿਸਾਨ ਆਗੂਆਂ ਨੇ ਕਿਹਾ ਕਿ ਜੇਲ੍ਹ ਭਰੋ ਅੰਦੋਲਨ ਨੂੰ ਦੇਸ਼ ਵਿਆਪੀ ਬਣਾਉਣ ਵਾਸਤੇ ਹੋਰਨਾਂ ਸੂਬਿਆਂ ਦੀਆਂ ਕਿਸਾਨ ਜਥੇਬੰਦੀਆਂ ਨਾਲ ਗੱਲਬਾਤ ਚਲ ਰਹੀ ਹੈ ਤਾਂ ਜੋ 9 ਅਗਸਤ ਨੂੰ ਇਕ ਸਾਂਝੇ ਮੰਚ ਅਧੀਨ ਦੇਸ਼ ਵਿਆਪੀ ਅੰਦੋਲਨ ਕੀਤਾ ਜਾ ਸਕੇ। ਪੰਜਾਬ 'ਚ ਇਹ ਚਾਰੇ ਕਿਸਾਨ ਜਥੇਬੰਦੀਆਂ ਸਾਂਝੇ ਫਰੰਟ 'ਪੰਜਾਬ ਕਿਸਾਨ ਸੰਗਠਨ' ਅਧੀਨ ਪੰਜ ਕਿਸਾਨੀ ਮੁੱਦਿਆਂ ਉਤੇ ਪੰਜਾਬ ਵਿਚ ਆਰ-ਪਾਰ ਦੀ ਲੜਾਈ ਲੜਨਗੀਆਂ। ਭਾਰਤੀ ਕਿਸਾਨ ਯੂਨੀਅਨ (ਕਾਦੀਆਂ), ਭਾਰਤੀ ਕਿਸਾਨ ਯੂਨੀਅਨ (ਸਿੱਧੂਪੁਰ), ਪੱਗੜੀ ਸੰਭਾਲ ਜੱਟਾ ਅਤੇ ਦੁਆਬਾ ਸੰਘਰਸ਼ ਕਮੇਟੀ ਦੀ ਮੀਟਿੰਗ 'ਚ ਅਗਲੇ ਸੰਘਰਸ਼ ਵਾਸਤੇ ਛੇ ਮੈਂਬਰੀ ਤਾਲਮੇਲ ਕਮੇਟੀ ਦਾ ਗਠਨ ਕੀਤਾ ਗਿਆ। ਜੋ ਕਿਸਾਨ ਜਥੇਬੰਦੀਆਂ ਦੇ ਸਾਂਝੇ ਫਰੰਟ ਦਾ ਸੰਚਾਲਨ ਕਰੇਗੀ।

## ਕੈਂਸਰ ਦੇ ਇਲਾਜ ਲਈ ਜੀਨੋਮ ਤਕਨਾਲੋਜੀ ਦੀ ਪੇਸ਼ਕਸ਼

**ਚੰਡੀਗੜ੍ਹ:** ਭਾਰਤੀ ਮੂਲ ਦੇ ਡਾਕਟਰ ਨੇ ਪੰਜਾਬ ਵਿਚ ਕੈਂਸਰ ਦੇ ਇਲਾਜ ਲਈ ਸਹੂਲਤ ਮੁਹੱਈਆ ਕਰਵਾਉਣ ਵਾਸਤੇ ਪੰਜਾਬ ਸਰਕਾਰ ਨੂੰ ਅਤਿਆਧੁਨਿਕ 'ਜੀਨੋਮ' ਤਕਨਾਲੋਜੀ ਦੀ ਪੇਸ਼ਕਸ਼ ਕੀਤੀ ਹੈ।

ਅਮਰੀਕਾ ਦੇ ਹਾਰਵਰਡ ਮੈਡੀਕਲ ਸਕੂਲ ਵਿਚ ਮੈਡੀਸਿਨ ਦੇ ਅਸਿਸਟੈਂਟ ਪ੍ਰੋਫੈਸਰ ਡਾ. ਮਨੋਜ ਕੇ. ਭਸੀਨ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਹੋਈ ਮੀਟਿੰਗ ਦੌਰਾਨ ਇਹ ਪ੍ਰਸਤਾਵ ਪੇਸ਼ ਕੀਤਾ। ਮੁੱਖ ਮੰਤਰੀ ਨੇ ਇਸ ਉਦਮ ਨੂੰ ਅੱਗੇ ਲਿਜਾਣ ਲਈ ਸੂਬਾ ਸਰਕਾਰ ਵੱਲੋਂ ਹਰ ਮਦਦ ਦੇਣ ਦਾ ਭਰੋਸਾ ਦਿਵਾਇਆ ਅਤੇ ਉਨ੍ਹਾਂ ਨੇ ਮੁੱਖ ਸਕੱਤਰ ਨੂੰ ਇਸ ਸਕੀਮ ਨੂੰ ਲਾਗੂ ਕਰਨ ਲਈ ਇਕ ਵਿਆਪਕ ਯੋਜਨਾ ਤਿਆਰ ਕਰਨ ਵਾਸਤੇ ਵੱਖਰੀ ਮੀਟਿੰਗ ਸੱਦਣ ਲਈ ਵੀ ਕਿਹਾ।

## 'ਤੂਫਾਨ ਸਿੰਘ' ਲਈ ਕਾਨੂੰਨੀ ਲੜਾਈ ਦਾ ਫੈਸਲਾ

**ਜਲੰਧਰ:** ਖਾੜਕੂ ਜੁਗਰਾਜ ਸਿੰਘ ਤੂਫਾਨ ਦੇ ਜੀਵਨ 'ਤੇ ਬਣੀ ਫਿਲਮ 'ਤੂਫਾਨ ਸਿੰਘ' ਉਤੇ ਸੈਂਸਰ ਬੋਰਡ ਵੱਲੋਂ ਦੂਜੀ ਵਾਰ ਰੋਕ ਲਾਏ ਜਾਣ ਦੇ ਬਾਵਜੂਦ ਫਿਲਮ ਨਿਰਮਾਤਾ ਦਿਲਬਾਗ ਸਿੰਘ ਨੇ ਹਾਰ ਨਹੀਂ ਮੰਨੀ ਹੈ ਅਤੇ ਉਨ੍ਹਾਂ ਭਾਰਤ ਵਿਚ ਫਿਲਮ ਰਿਲੀਜ਼ ਕਰਵਾਉਣ ਲਈ ਕਾਨੂੰਨੀ ਲੜਾਈ ਲੜਨ ਦਾ ਫੈਸਲਾ ਕੀਤਾ ਹੈ। ਇਸ ਲਈ ਉਹ ਸੁਪਰੀਮ ਕੋਰਟ ਤੱਕ ਪਹੁੰਚ ਕਰਨਗੇ।

ਜ਼ਿਕਰਯੋਗ ਹੈ ਕਿ ਇਹ ਫਿਲਮ ਪਹਿਲਾਂ ਪਿਛਲੇ ਸਾਲ 16 ਜੁਲਾਈ ਨੂੰ ਰਿਲੀਜ਼ ਹੋਣੀ ਸੀ ਪਰ ਸੈਂਸਰ ਬੋਰਡ ਨੇ ਇਸ 'ਤੇ ਪਾਬੰਦੀ ਲਾ ਦਿੱਤੀ ਸੀ। ਸੋਧ ਤੋਂ ਬਾਅਦ ਫਿਲਮ ਆਉਂਦੀ ਚਾਰ ਅਗਸਤ ਨੂੰ ਰਿਲੀਜ਼ ਹੋਣੀ ਸੀ ਪਰ ਸੈਂਸਰ ਬੋਰਡ ਨੇ ਇਕ ਵਾਰ ਮੁੜ ਇਸ 'ਤੇ ਰੋਕ ਲਾ ਦਿੱਤੀ ਹੈ। 'ਤੂਫਾਨ ਸਿੰਘ' ਹੁਣ ਚਾਰ ਅਗਸਤ ਨੂੰ ਭਾਰਤ ਨੂੰ ਛੱਡ ਕੇ ਦੁਨੀਆਂ ਭਰ ਵਿਚ ਰਿਲੀਜ਼ ਹੋਵੇਗੀ।

## ਇਰਾਨ ਬਾਰੇ ਚੋਣ ਵਾਅਦੇ ਤੋਂ ਪਿੱਛੇ ਹਟੇ ਟਰੰਪ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਇਰਾਨ ਨਾਲ ਵੱਡੇ ਪਰਮਾਣੂ ਸਮਝੌਤੇ ਨੂੰ ਖਤਮ ਕਰਨ ਦੇ ਆਪਣੇ ਚੋਣ ਵਾਅਦੇ ਤੋਂ ਪਿੱਛੇ ਹਟ ਗਏ ਹਨ। ਅਧਿਕਾਰੀਆਂ ਨੇ ਐਲਾਨ ਕੀਤਾ ਹੈ ਕਿ ਸਮਝੌਤਾ ਅਤੇ ਉਸ ਸਬੰਧੀ ਰਿਆਇਤਾਂ ਹਾਲੇ ਜਾਰੀ ਰਹਿਣਗੀਆਂ।

ਟਰੰਪ ਪ੍ਰਸ਼ਾਸਨ ਨੂੰ ਇਸ ਸਬੰਧੀ ਕਾਂਗਰਸ ਦੀ ਨਵੀਂ ਸਮਾਂ ਸੀਮਾ ਦਾ ਸਾਹਮਣਾ ਕਰਨਾ ਪਿਆ ਸੀ ਕਿ ਕੀ ਇਰਾਨ ਨੇ ਸਮਝੌਤੇ ਅਨੁਸਾਰ ਪਰਮਾਣੂ ਪ੍ਰੋਗਰਾਮ 'ਤੇ ਰੋਕ ਲਾਈ ਹੈ। ਦੋ ਵਰ੍ਹੇ ਪੁਰਾਣੇ ਸਮਝੌਤੇ ਦੀਆਂ ਸ਼ਰਤਾਂ ਤਹਿਤ ਇਰਾਨ ਨੇ ਪਾਬੰਦੀਆਂ ਵਿਚ ਵਿਆਪਕ ਰਾਹਤ ਬਦਲੇ ਪਰਮਾਣੂ ਸਮੱਗਰੀ ਉਤਪਾਦਨ ਤੋਂ ਪੈਰ ਪਿਛਾਂਹ ਖਿੱਚ ਲਏ ਸੀ। ਵਾਈਟ ਹਾਊਸ ਦੇ ਇਕ ਅਧਿਕਾਰੀ ਨੇ ਆਪਣਾ ਨਾਂ ਨਸ਼ਰ ਨਾ ਕਰਨ ਦੀ ਸ਼ਰਤ ਉਤੇ ਕਿਹਾ ਕਿ ਅਮਰੀਕਾ ਵਿਚ ਮੌਜੂਦ ਸੂਚਨਾ ਅਧਾਰ 'ਤੇ ਸ਼ਰਤਾਂ ਪੂਰੀਆਂ ਹੋ ਗਈਆਂ ਹਨ।

ਸਾਲ 2015 ਵਿਚ ਹੋਇਆ ਸਮਝੌਤਾ ਕਈ ਤਕਨੀਕੀ ਮਾਪਦੰਡਾਂ 'ਤੇ ਅਧਾਰਤ ਹੈ। ਦੋਨਾਂ ਮੁਲਕਾਂ ਵਿਚਾਲੇ ਸੀਰੀਆ ਅਤੇ ਯਮਨ ਵਰਗੇ ਪੱਛਮੀ ਏਸ਼ੀਆ ਖੇਤਰਾਂ ਵਿਚ ਸੰਘਰਸ਼ ਨੂੰ ਲੈ ਕੇ ਤਣਾਅ ਜਾਰੀ ਹੈ। ਟਰੰਪ ਨੇ ਆਪਣੇ ਪ੍ਰਚਾਰ ਦੌਰਾਨ ਇਸ ਸਮਝੌਤੇ ਦੀ ਨਿਖੇਧੀ ਕੀਤੀ ਸੀ ਅਤੇ ਇਰਾਨ ਖਿਲਾਫ਼ ਸਖਤ ਰਵੱਈਆ ਅਪਣਾਉਂਦਿਆਂ ਇਸ 'ਤੇ ਮੁੜ ਵਿਚਾਰ ਕਰਨ ਦਾ ਵਾਅਦਾ ਕੀਤਾ ਸੀ। ਇਹ ਸਮਝੌਤਾ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਦੇ ਸ਼ਾਸਨਕਾਲ ਵਿਚ ਹੋਇਆ ਸੀ। ਸੰਯੁਕਤ ਰਾਸ਼ਟਰ ਫੋਰਮ ਵਿਚ ਸ਼ਮੂਲੀਅਤ ਕਰਨ ਲਈ ਨਿਊ ਯਾਰਕ ਪੁੱਜੇ ਇਰਾਨ ਦੇ ਵਿਦੇਸ਼ ਮੰਤਰੀ ਮੁਹੰਮਦ ਜਾਵੇਦ ਜ਼ਰੀਫ ਨੇ ਕਿਹਾ ਕਿ ਉਨ੍ਹਾਂ ਨੇ ਅਮਰੀਕੀ ਵਿਦੇਸ਼ ਮੰਤਰੀ ਰੈਕਸ ਟਿੱਲਰਸਨ ਨਾਲ ਹਾਲੇ ਪਰਮਾਣੂ ਸਮਝੌਤੇ ਬਾਰੇ ਗੱਲ ਕਰਨੀ ਹੈ।

## ਪਿੰਗਲਵਾੜਾ ਸੰਸਥਾ ਨੂੰ ਵੀ ਜੀ.ਐਸ.ਟੀ. ਦਾ ਲਪੇਟਾ

**ਅੰਮ੍ਰਿਤਸਰ:** ਪਿੰਗਲਵਾੜਾ ਸੰਸਥਾ ਨੇ ਵੀ ਜੀ.ਐਸ.ਟੀ. ਤੋਂ ਛੋਟ ਦੇਣ ਦੀ ਮੰਗ ਕੀਤੀ ਹੈ। ਸੰਸਥਾ ਵੱਲੋਂ ਇਸ ਸਬੰਧੀ ਕੇਂਦਰ ਅਤੇ ਸੂਬਾ ਸਰਕਾਰ ਨੂੰ ਅਪੀਲ ਕੀਤੀ ਗਈ ਹੈ। ਸੰਸਥਾ ਦੀ ਮੁਖੀ ਡਾ. ਇੰਦਰਜੀਤ ਕੌਰ ਨੇ ਦੱਸਿਆ ਕਿ 30 ਜੂਨ ਤੋਂ ਪਹਿਲਾਂ ਤੱਕ ਪਿੰਗਲਵਾੜਾ ਵਿਚ ਖਪਤ ਹੁੰਦੇ ਸਾਰੇ ਸਾਮਾਨ 'ਤੇ ਪੰਜਾਬ ਸਰਕਾਰ ਵੱਲੋਂ ਵਿਸ਼ੇਸ਼ ਨੋਟੀਫਿਕੇਸ਼ਨ ਰਾਹੀਂ ਟੈਕਸ ਤੋਂ ਛੋਟ ਦਿੱਤੀ ਹੋਈ ਸੀ, ਜਦੋਂ ਕਿ ਹੁਣ ਜੀ.ਐਸ.ਟੀ. ਲਾਗੂ ਹੋਣ ਨਾਲ ਪਿੰਗਲਵਾੜਾ ਨੂੰ ਪੰਜ ਤੋਂ 28 ਫੀਸਦੀ ਤੱਕ ਟੈਕਸ ਦੇਣਾ ਪਵੇਗਾ। ਇਸ ਨਾਲ ਸੰਸਥਾ 'ਤੇ ਸਾਲਾਨਾ 2 ਕਰੋੜ ਰੁਪਏ ਤੋਂ ਵੱਧ ਦਾ ਆਰਥਿਕ ਬੋਝ ਪਵੇਗਾ।

**ਵੇਟਰ ਅਤੇ ਤੰਦੂਰੀਏ ਦੀ ਲੋੜ ਹੈ**

ਮੈਡੀਸਨ, ਵਿਸਕਾਨਸਿਨ 'ਚ ਭਾਰਤੀ ਰੈਸਟੋਰੈਂਟ ਲਈ
ਵੇਟਰ ਅਤੇ ਤੰਦੂਰੀਏ ਦੀ ਲੋੜ ਹੈ।
ਰਿਹਾਇਸ਼ ਫਰੀ, ਚੰਗੀ ਤਨਖਾਹ
ਸੰਪਰਕ ਕਰੋ: ਸੰਨੀ, ਫੋਨ: 608-630-0287
28-35

**Satwant Singh Insurance Services**

*We serve all over California*

**Auto, Home, Life, Business, Workers Comp.**

*See how much you can save. Get free quote for Auto, Home, Life and Business.*

*Compare Auto, Home quotes online at our website: www.satwantins.com*

Visit our web page and you'll find an online tool that helps you compare different policies in just minutes. All you have to do is type in your name and a few details about your home or vehicle, and within a few minutes you'll have several price quotes waiting for you to review.



Satwant Singh, CLCS, MBA
*(CA Lic # 0H11256)*

Allied Insurance
a Nationwide Insurance® company

**Now we have 3 locations:**

**San Jose:** 2774 Aborn Road
San Jose, CA 95121

**Sunnyvale:** 830 Stewart Dr Ste #126
Sunnyvale, CA 94085

**Fremont:** 44790 S Grimmer Blvd,
Fremont, CA 94538

ਸੱਤੇ ਦਿਨ ਖੁੱਲ੍ਹਾ, ਅਸੀਂ ਸੱਤੇ ਦਿਨ 24 ਘੰਟੇ
ਫੋਨ 'ਤੇ ਜਵਾਬ ਦਿੰਦੇ ਹਾਂ

***Call today for your FREE, no-obligation quote:***

**1-408-771-2438**

satwant@satwantins.com

**Punjab Times**

**Established in 2000**
**18th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**


The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਖਜ਼ਾਨਾ ਭਰਨ ਲਈ ਕੈਪਟਨ ਦੀ ਕਰ ਲਾਉਣ ਦੀ ਰਣਨੀਤੀ

**ਚੰਡੀਗੜ੍ਹ:** ਕੈਪਟਨ ਸਰਕਾਰ ਨੇ ਸੂਬੇ ਨੂੰ ਮਾੜੀ ਮਾਲੀ ਹਾਲਤ ਵਿਚੋਂ ਕੱਢਣ ਅਤੇ ਮਾਲੀ ਸਾਧਨ ਜੁਟਾਉਣ ਲਈ ਸਿਧਾਂਤਕ ਤੌਰ ਉਤੇ ਤਕਰੀਬਨ ਇਕ ਹਜ਼ਾਰ ਕਰੋੜ ਰੁਪਏ ਦੇ ਟੈਕਸ ਲਾਉਣ ਦਾ ਫੈਸਲਾ ਕਰ ਲਿਆ ਹੈ। ਇਸ ਉਤੇ ਅੰਤਿਮ ਮੋਹਰ ਪੰਜਾਬ ਵਜ਼ਾਰਤ ਦੀ 25 ਜੁਲਾਈ ਨੂੰ ਹੋ ਰਹੀ ਮੀਟਿੰਗ ਵਿਚ ਲਾਉਣ ਦੀ ਤਿਆਰੀ ਹੈ। ਅਕਾਲੀ-ਭਾਜਪਾ ਸਰਕਾਰ ਦੇ ਕਾਰਜਕਾਲ ਵਿਚ ਖਜ਼ਾਨੇ ਦੀ ਹਾਲਤ ਬਹੁਤ ਮਾੜੀ ਹੋ ਗਈ ਸੀ ਤੇ ਓਵਰ ਡਰਾਫਟ ਇਸ ਕਦਰ ਵਧ ਗਿਆ ਸੀ ਕਿ ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਨੇ ਪੰਜਾਬ ਸਰਕਾਰ ਦੇ ਲੈਣ-ਦੇਣ ਉਤੇ ਪਾਬੰਦੀ ਲਾ ਦਿਤੀ ਸੀ। ਰਿਜ਼ਰਵ ਬੈਂਕ ਦੀ ਪਾਬੰਦੀ ਸਮੇਂ ਕੈਪਟਨ ਸਰਕਾਰ ਨੂੰ ਸੱਤਾ ਸੰਭਾਲਿਆਂ ਕੁਝ ਦਿਨ ਹੀ ਹੋਏ ਸਨ।



ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੀ ਹਾਜ਼ਰੀ ਵਿਚ ਵਿੱਤ ਸਮੇਤ ਇਕ ਦਰਜਨ ਤੋਂ ਵੱਧ ਵਿਭਾਗਾਂ ਦੇ ਸੀਨੀਅਰ ਅਧਿਕਾਰੀਆਂ ਨਾਲ ਮਾਲੀ ਸਾਧਨ ਜੁਟਾਉਣ ਲਈ ਮੀਟਿੰਗ ਕੀਤੀ। ਮੀਟਿੰਗ ਵਿਚ ਪ੍ਰੋਫੈਸ਼ਨਲ ਟੈਕਸ ਲਾਉਣ ਦਾ ਫੈਸਲਾ ਕੀਤਾ ਗਿਆ ਹੈ। ਬਿਜਲੀ ਡਿਊਟੀ ਦੋ ਫੀਸਦੀ ਵਧਾਉਣ ਨੂੰ ਵੀ ਸਿਧਾਂਤਕ ਪ੍ਰਵਾਨਗੀ ਦੇ ਦਿੱਤੀ ਗਈ ਹੈ, ਜਿਸ ਨਾਲ ਬਿਜਲੀ ਦਰਾਂ ਵਧਣ ਦੇ ਆਸਾਰ ਹਨ। ਟਰਾਂਸਪੋਰਟ ਸਬੰਧੀ ਟੈਕਸ ਵੀ ਹਰਿਆਣਾ ਸਰਕਾਰ ਦੇ ਪੈਟਰਨ ਉਤੇ ਵਸੂਲਣ ਦੀ ਤਜਵੀਜ਼ ਹੈ, ਜਿਸ ਨਾਲ ਸਰਕਾਰ ਦੀ ਆਮਦਨ ਹੋਰ ਵਧੇਗੀ। ਅਸ਼ਟਾਮ ਡਿਊਟੀਆਂ ਦੇ ਬਕਾਏ ਵਸੂਲਣ ਉਤੇ ਵੀ ਵਿਸ਼ੇਸ਼ ਜ਼ੋਰ ਦਿਤਾ ਗਿਆ ਹੈ। ਇਸ ਤਰ੍ਹਾਂ ਸਰਕਾਰ ਨੂੰ ਇਕ ਹਜ਼ਾਰ ਕਰੋੜ ਰੁਪਏ ਮਿਲਣ ਦੀ ਆਸ ਹੈ।

ਇਸ ਨਾਲ ਸਰਕਾਰ ਦਾ ਕੁਝ ਕੰਮ-ਕਾਜ ਚੱਲਣ ਲੱਗ ਪਵੇਗਾ। ਇਸ ਤੋਂ ਪਹਿਲਾਂ ਰੇਤੇ ਦੀਆਂ ਖੱਡਾਂ ਅਤੇ ਸ਼ਰਾਬ ਦੇ ਠੇਕਿਆਂ ਦੀ ਨਿਲਾਮੀ ਤੋਂ ਵੀ ਸਰਕਾਰ ਦੀ ਆਮਦਨ ਵਿਚ ਵਾਧਾ ਹੋਇਆ ਹੈ, ਪਰ ਇਹ ਵਾਧਾ ਸਰਕਾਰ ਦਾ ਕੰਮ-ਕਾਜ ਚਲਾਉਣ ਲਈ ਕਾਫੀ ਨਹੀਂ ਸੀ। ਇਸ ਕਾਰਨ ਸਰਕਾਰ ਨੂੰ ਟੈਕਸ ਲਾਉਣ ਦੀ ਤਜਵੀਜ਼ ਬਣਾਉਣੀ ਪਈ ਹੈ। ਮੁੱਖ ਮੰਤਰੀ ਨੇ ਇਕ ਦਿਨ ਪਹਿਲਾਂ ਹੀ ਕਿਹਾ ਸੀ ਕਿ ਸਰਕਾਰ ਮਾਲੀ ਸਾਧਨ ਜੁਟਾਉਣ ਲਈ ਕੁਝ ਕਦਮ ਚੁੱਕ ਰਹੀ ਹੈ। ਉਸ ਅਨੁਸਾਰ ਤਜਵੀਜ਼ ਤਿਆਰ ਕਰ ਲਈ ਗਈ ਹੈ, ਜਿਸ 'ਤੇ ਵਜ਼ਾਰਤ ਦੀ ਅਗਲੀ ਮੀਟਿੰਗ ਵਿਚ ਮੋਹਰ ਲੱਗਣ ਦੀ ਸੰਭਾਵਨਾ ਹੈ।

## ਹਿੰਦੂ ਰਾਸ਼ਟਰ ਲਈ ਪੇਸ਼ਕਦਮੀ ਹੋਰ ਤਿੱਖੀ

*(ਸਫਾ ਇਕ ਦੀ ਬਾਕੀ)*

ਦੂਜੇ ਬੰਨੇ ਗਾਂ ਦਾ ਮਸਲਾ ਬਹੁਤ ਭਖਾ ਦਿੱਤਾ ਗਿਆ ਹੈ। ਮਾਹੌਲ ਅਜਿਹਾ ਬਣਾ ਦਿੱਤਾ ਗਿਆ ਹੈ ਕਿ ਹਰ ਕਾਰਵਾਈ ਮੁਸਲਮਾਨ ਵਿਰੋਧੀ ਹੋ ਨਿਬੜਦੀ ਹੈ ਅਤੇ ਹਿੰਦੂ ਰਾਸ਼ਟਰ ਦੀ ਕਾਇਮੀ ਦੇ ਹੱਕ ਵਿਚ ਜਾ ਰਹੀ ਹੈ। ਅਜਿਹੇ ਮਾਮਲਿਆਂ 'ਤੇ ਪ੍ਰਧਾਨ ਮੰਤਰੀ ਚੁੱਪ ਹੀ ਰਹਿੰਦੇ ਹਨ ਅਤੇ ਜਦੋਂ ਕੁਝ ਬੋਲਦੇ ਹਨ ਤਾਂ ਸਿਰਫ ਖਾਨਾਪੂਰੀ ਹੀ ਕਰ ਰਹੇ ਹੁੰਦੇ ਹਨ। ਹੁਣ ਵੀ ਉਨ੍ਹਾਂ ਨਾ ਚਾਹੁੰਦੇ ਹੋਏ ਹੀ ਬੇਲਗਾਮ ਗਊ ਰਾਖਿਆਂ ਨੂੰ ਚਿਤਾਵਨੀ ਦਿੱਤੀ ਹੈ ਅਤੇ ਗਊ ਰਾਖੇ ਵੀ ਮੋਦੀ ਦੀ 'ਮਿੱਠੀ ਝਾੜ' ਦੀ ਪ੍ਰਵਾਹ ਨਾ ਕਰਦੇ ਹੋਏ ਆਪਣੇ 'ਮਿਸ਼ਨ' ਨੂੰ ਬੇਝਿਜਕ ਅੱਗੇ ਤੋਰ ਰਹੇ ਹਨ। ਗਊ ਰਾਖਿਆਂ ਦੀ ਬੁਰਛਾਗਰਦੀ ਦਾ ਸਭ ਤੋਂ ਵੱਧ ਸ਼ਿਕਾਰ ਉਤਰ ਪ੍ਰਦੇਸ਼, ਹਰਿਆਣਾ, ਮਹਾਰਾਸ਼ਟਰ, ਰਾਜਸਥਾਨ, ਮੱਧ ਪ੍ਰਦੇਸ਼ ਤੇ ਝਾਰਖੰਡ ਦੇ ਲੋਕ ਹੋਏ। ਇਨ੍ਹਾਂ ਸਭ ਰਾਜਾਂ ਵਿਚ ਇਸ ਸਮੇਂ ਭਾਰਤੀ ਜਨਤਾ ਪਾਰਟੀ ਦੀ ਹਕੂਮਤ ਹੈ। ਗਊ ਰੱਖਿਆ ਨਾਲ ਜੁੜੇ ਹਿੰਸਕ ਮਾਮਲਿਆਂ ਵਿਚ 232 ਵਿਅਕਤੀ ਗ੍ਰਿਫਤਾਰ ਕੀਤੇ ਗਏ ਜਿਨ੍ਹਾਂ ਵਿਚੋਂ ਮਹਿਜ਼ 13 ਹੁਣ ਜ਼ੇਰੇ ਹਿਰਾਸਤ ਹਨ, ਬਾਕੀਆਂ ਦੀਆਂ ਜ਼ਮਾਨਤਾਂ ਹੋ ਚੁੱਕੀਆਂ ਹਨ।

## ਮੈਡੀਕਲ ਦਾਖਲਿਆਂ ਲਈ ਨਵੀਂ ਮੈਰਿਟ ਸੂਚੀ ਵਿਵਾਦਾਂ ਵਿਚ

**ਫਰੀਦਕੋਟ:** ਸੂਬੇ ਦੇ ਅੱਠ ਮੈਡੀਕਲ ਤੇ 16 ਡੈਂਟਲ ਕਾਲਜਾਂ ਵਿਚ ਐਮ.ਬੀ.ਬੀ.ਐਸ. ਤੇ ਬੀ.ਡੀ.ਐਸ. ਦੀਆਂ 2300 ਸੀਟਾਂ ਵਿਚ ਦਾਖਲਿਆਂ ਲਈ ਜਾਰੀ ਕੀਤੀ ਨਵੀਂ ਮੈਰਿਟ ਸੂਚੀ ਵਿਵਾਦਾਂ 'ਚ ਘਿਰ ਗਈ ਹੈ। ਇਨ੍ਹਾਂ ਕਾਲਜਾਂ ਵਿਚ ਦਾਖਲਿਆਂ ਦੇ ਚਾਹਵਾਨ ਉਮੀਦਵਾਰਾਂ ਤੇ ਉਨ੍ਹਾਂ ਦੇ ਮਾਤਾ-ਪਿਤਾ ਨੇ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼ (ਬੀ.ਐਫ.ਯੂ. ਐਚ.ਐਸ.) ਕੋਲ ਪਹੁੰਚ ਕਰਦਿਆਂ ਪਹਿਲਾਂ ਜਾਰੀ ਕੀਤੀ ਮੈਰਿਟ ਸੂਚੀ ਨਾਲ ਛੇੜਛਾੜ ਕੀਤੇ ਜਾਣ ਦਾ ਦੋਸ਼ ਲਾਇਆ ਹੈ। ਬੀ.ਐਫ.ਯੂ.ਐਚ.ਐਸ. ਦਾਖਲਿਆਂ ਲਈ ਨੋਡਲ ਏਜੰਸੀ ਹੈ।

ਗੌਰਤਲਬ ਹੈ ਕਿ ਯੂਨੀਵਰਸਿਟੀ ਨੇ ਪੰਜਾਬ ਨੀਟ-2017 ਪ੍ਰੀਖਿਆ ਵਿਚ ਬੈਠੇ ਸਾਰੇ ਉਮੀਦਵਾਰਾਂ ਦੀ ਮੈਰਿਟ ਸੂਚੀ 29 ਜੂਨ ਨੂੰ ਜਾਰੀ ਕਰ ਦਿੱਤੀ ਸੀ ਤਾਂ ਕਿ ਸਬੰਧਤ ਵਿਦਿਆਰਥੀ ਸੀ.ਬੀ.ਐਸ.ਈ. ਵੱਲੋਂ 23 ਜੂਨ ਨੂੰ ਨੀਟ-2017 ਦੇ ਐਲਾਨੇ ਨਤੀਜੇ ਨਾਲ ਆਪਣੀਆਂ ਦਰਜਾਬੰਦੀ ਮੇਲ ਸਕਣ।

ਯੂਨੀਵਰਸਿਟੀ ਨੇ ਆਨਲਾਈਨ ਕੌਂਸਲਿੰਗ ਤੋਂ ਪਹਿਲਾਂ ਐਮ.ਬੀ.ਬੀ.ਐਸ. ਤੇ ਬੀ.ਡੀ.ਐਸ. ਸੀਟਾਂ ਲਈ ਨਵੀਂ ਮੈਰਿਟ ਲਿਸਟ ਜਾਰੀ ਕਰ ਦਿੱਤੀ, ਜੋ 2 ਜੁਲਾਈ ਨੂੰ ਜਾਰੀ ਨਤੀਜਿਆਂ ਦੀ ਸੂਚੀ ਨਾਲ ਮੇਲ ਨਹੀਂ ਖਾਂਦੀ। ਉਂਜ ਯੂਨੀਵਰਸਿਟੀ ਨੇ ਨਵੀਂ ਮੈਰਿਟ ਲਿਸਟ ਵਿਚ ਤਬਦੀਲੀਆਂ ਬਾਰੇ ਸਥਿਤੀ ਸਪਸ਼ਟ ਕਰਦਿਆਂ ਦਾਅਵਾ ਕੀਤਾ ਕਿ ਪਹਿਲਾਂ ਜਾਰੀ ਮੈਰਿਟ ਸੂਚੀ ਵਿਚ ਸਿਰਫ ਉਨ੍ਹਾਂ ਉਮੀਦਵਾਰਾਂ ਦੇ ਨਾਂ ਸਨ ਜਿਨ੍ਹਾਂ ਨੀਟ ਪ੍ਰੀਖਿਆ ਪਾਸ ਕੀਤੀ ਤੇ ਉਨ੍ਹਾਂ ਪ੍ਰੀਖਿਆ ਦੇਣ ਲਈ ਪੰਜਾਬ ਦੀ ਚੋਣ ਕੀਤੀ ਸੀ।

## ਮਾਇਆਵਤੀ ਵੱਲੋਂ ਰਾਜ ਸਭਾ ਦੀ ਮੈਂਬਰੀ ਤੋਂ ਅਸਤੀਫਾ



**ਨਵੀਂ ਦਿੱਲੀ:** ਰਾਜ ਸਭਾ ਦੇ ਉਪ ਚੇਅਰਮੈਨ ਵੱਲੋਂ ਯੂਪੀ ਦੇ ਸਹਾਰਨਪੁਰ 'ਚ ਦਲਿਤ ਵਿਰੋਧੀ ਹਿੰਸਾ ਬਾਰੇ ਤਕਰੀਰ ਨੂੰ ਸਮੇਟਣ ਬਾਰੇ ਕਹਿਣ ਤੋਂ ਕੁਝ ਘੰਟਿਆਂ ਪਿੱਛੋਂ ਬਹੁਜਨ ਸਮਾਜ ਪਾਰਟੀ ਸੁਪਰੀਮੋ ਮਾਇਆਵਤੀ ਨੇ ਰਾਜ ਸਭਾ ਦੇ ਮੈਂਬਰ ਵਜੋਂ ਅਸਤੀਫਾ ਦੇ ਦਿੱਤਾ। ਮਾਇਆਵਤੀ ਨੇ ਰਾਜ ਸਭਾ ਦੇ ਚੇਅਰਮੈਨ ਹਾਮਿਦ ਅੰਸਾਰੀ ਨੂੰ ਮਿਲ ਕੇ ਆਪਣਾ ਅਸਤੀਫਾ ਸੌਂਪ ਦਿੱਤਾ।

## ਹਰਿਆਣੇ 'ਚ ਸਿੱਖ ਨੌਜਵਾਨ ਦੀ ਕੁੱਟਮਾਰ ਕਰਨ ਵਾਲੇ ਗ੍ਰਿਫਤਾਰ

**ਅੰਬਾਲਾ:** ਹਰਿਆਣਾ ਦੇ ਅੰਬਾਲਾ ਵਿਚ ਸਿੱਖ ਨੌਜਵਾਨ ਦੀ ਬੇਰਹਿਮੀ ਨਾਲ ਕੁੱਟਮਾਰ ਕਰਨ ਦੇ ਮਾਮਲੇ ਵਿਚ ਹਰਿਆਣਾ ਪੁਲਿਸ ਨੇ ਦੋ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਲਿਆ ਹੈ। ਪੁਲਿਸ ਨੇ ਕੁੱਟਮਾਰ ਕਰਨ ਵਾਲੇ ਕਮਲਜੀਤ ਸਿੰਘ ਤੇ ਅਭੈ ਚੌਹਾਨ ਖਿਲਾਫ ਕਈ ਧਾਰਾਵਾਂ ਤਹਿਤ ਕੇਸ ਦਰਜ ਕਰ ਕੇ ਹਿਰਾਸਤ ਵਿਚ ਲੈ ਲਿਆ ਹੈ। ਘਟਨਾ ਕੁਝ ਦਿਨ ਪਹਿਲਾਂ ਦੀ ਹੈ ਜਦੋਂ ਅੰਬਾਲਾ ਦੇ ਮੁਲਾਨਾ ਇਲਾਕੇ ਵਿਚ ਬੱਸ 'ਚ ਸਵਾਰ ਕੁਝ ਹੁੱਲੜਬਾਜ਼ਾਂ ਨੇ ਸਿੱਖ ਨੌਜਵਾਨ ਨੂੰ ਬਾਹਰ ਕੱਢ ਕੇ ਉਸ ਦੀ ਮਾਰਕੁੱਟ ਕਰਨੀ ਸ਼ੁਰੂ ਕਰ ਦਿੱਤੀ।

ਸਿੱਖ ਨੌਜਵਾਨ ਦੀ ਦਸਤਾਰ ਲਾਹ ਦਿੱਤੀ ਤੇ ਕੇਸਾਂ ਤੋਂ ਫੜ ਕੇ ਖਿੱਚਦਿਆਂ ਬੇਰਹਿਮੀ ਨਾਲ ਕੁੱਟਿਆ। ਇਸ ਦੌਰਾਨ ਬੱਸ ਵੀ ਖੜ੍ਹੀ ਰਹੀ ਤੇ ਲੋਕ ਵੀ ਮੂਕ ਦਰਸ਼ਕ ਬਣੇ ਦੇਖਦੇ ਰਹੇ। ਕੁੱਟਮਾਰ ਦਾ ਇਹ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਿਆ ਜਿਸ ਪਿੱਛੋਂ ਵੱਖ-ਵੱਖ ਸਿੱਖ ਜਥੇਬੰਦੀਆਂ ਨੇ ਇਨਸਾਫ ਦੀ ਮੰਗ ਕੀਤੀ ਸੀ। ਹਰਿਆਣਾ ਪੁਲਿਸ ਨੇ ਤੁਰਤ ਕਾਰਵਾਈ ਕਰਦਿਆਂ ਦੋ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਲਿਆ ਹੈ।

## ਫੂਲਕਾ ਦੀ ਰਣਨੀਤੀ ਨੇ ਛੇੜੀ ਚੁੰਝ-ਚਰਚਾ

*(ਸਫਾ ਇਕ ਦੀ ਬਾਕੀ)*

ਪ੍ਰਗਟ ਕੀਤੀ। ਉਨ੍ਹਾਂ ਉਤੇ ਇਹ ਵੀ ਦੋਸ਼ ਲੱਗਦੇ ਆਏ ਹਨ ਕਿ ਉਹ ਆਪਣੀ ਧੁਨ ਵਿਚ ਹੀ ਮਸਤ ਰਹਿੰਦੇ ਹਨ ਅਤੇ ਬਾਕੀਆਂ ਨਾਲ ਬਹੁਤਾ ਰਾਬਤਾ ਨਹੀਂ ਰੱਖਦੇ। ਐਚ.ਐਸ. ਫੂਲਕਾ ਨੇ ਮੀਰਾ ਕੁਮਾਰ ਨੂੰ ਵੋਟ ਨਾ ਪਾਉਣ ਪਿੱਛੇ ਤਰਕ ਇਹੀ ਦਿੱਤਾ ਕਿ ਕਾਂਗਰਸ ਦੇ ਕੁਝ ਆਗੂਆਂ ਦੀ ਦਿੱਲੀ ਸਿੱਖ ਕਤਲੇਆਮ ਵਿਚ ਸ਼ਮੂਲੀਅਤ ਕਾਰਨ ਉਹ ਇਸ ਪਾਰਟੀ ਦੇ ਕਿਸੇ ਉਮੀਦਵਾਰ ਦੀ ਹਮਾਇਤ ਨਹੀਂ ਕਰ ਸਕਦੇ। 'ਆਪ' ਦੀ ਸਿਆਸੀ ਮਾਮਲਿਆਂ ਬਾਰੇ ਕਮੇਟੀ ਨੇ ਰਾਸ਼ਟਰਪਤੀ ਚੋਣ ਵਿਚ ਬੀਬੀ ਮੀਰਾ ਕੁਮਾਰ ਦੀ ਹਮਾਇਤ ਦਾ ਫੈਸਲਾ ਕੀਤਾ ਸੀ। ਦਰਅਸਲ, ਆਮ ਆਦਮੀ ਪਾਰਟੀ ਦੀ ਇਹ ਤ੍ਰਾਸਦੀ ਰਹੀ ਹੈ ਕਿ ਵਿਧਾਨ ਸਭਾ ਦੇ ਅੰਦਰ ਤੇ ਬਾਹਰ ਉਸ ਕੋਲ ਘਾਗ ਸਿਆਸਤਦਾਨਾਂ ਦੀ ਘਾਟ ਰਹੀ ਹੈ ਜਿਸ ਦਾ ਫਾਇਦਾ ਕਾਂਗਰਸ ਤੇ ਅਕਾਲੀ ਦਲ ਬਾਦਲ ਨੇ ਬਜਟ ਸੈਸ਼ਨ ਵਿਚ ਰੱਜ ਕੇ ਚੁੱਕਿਆ।

## ਜਨਰਲ ਬਾਜਵਾ ਵੱਲੋਂ ਜਾਧਵ ਦੀ ਅਪੀਲ 'ਤੇ ਵਿਚਾਰ

**ਇਸਲਾਮਾਬਾਦ:** ਪਾਕਿਸਤਾਨ ਫੌਜ ਨੇ ਕਿਹਾ ਕਿ ਥਲ ਸੈਨਾ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਭਾਰਤੀ ਨਾਗਰਿਕ ਕੁਲਭੂਸ਼ਣ ਜਾਧਵ ਖਿਲਾਫ਼ ਸਬੂਤਾਂ ਦਾ ਵਿਸ਼ਲੇਸ਼ਣ ਕਰ ਰਹੇ ਹਨ ਅਤੇ ਉਸ ਦੀ ਅਪੀਲ ਉਤੇ ਫੈਸਲਾ ਮੈਰਿਟ ਦੇ ਆਧਾਰ ਉਤੇ ਹੋਵੇਗਾ। 'ਇੰਟਰ ਸਰਵਿਸਜ਼ ਪਬਲਿਕ ਰਿਲੇਸ਼ਨਜ਼ (ਆਈ.ਐਸ.ਪੀ.ਆਰ.) ਨੇ ਇਕ ਬਿਆਨ ਵਿਚ ਕਿਹਾ ਕਿ ਜਾਧਵ (46) ਨੇ ਪਿਛਲੇ ਮਹੀਨੇ ਜਨਰਲ ਬਾਜਵਾ ਸਾਹਮਣੇ ਰਹਿਮ ਦੀ ਪਟੀਸ਼ਨ ਦਾਖਲ ਕੀਤੀ। ਬਿਆਨ ਵਿਚ ਕਿਹਾ ਗਿਆ ਕਿ ਭਾਰਤੀ ਜਲ ਸੈਨਾ ਦੇ ਸਾਬਕਾ ਅਧਿਕਾਰੀ ਜਾਧਵ ਦੀ ਅਪੀਲ ਨੂੰ ਫੌਜੀ ਅਪੀਲੀ ਅਦਾਲਤ ਰੱਦ ਕਰ ਚੁੱਕੀ ਹੈ, ਜਿਸ ਮਗਰੋਂ ਉਸ ਨੇ ਥਲ ਸੈਨਾ ਮੁਖੀ ਕੋਲ ਅਪੀਲ ਦਾਖਲ ਕੀਤੀ। ਥਲ ਸੈਨਾ ਦੇ ਬੁਲਾਰੇ ਮੇਜਰ ਜਨਰਲ ਆਸਿਫ ਗ਼ਫੂਰ ਨੇ ਦੱਸਿਆ ਕਿ ਜਨਰਲ ਬਾਜਵਾ, ਜਾਧਵ ਖਿਲਾਫ਼ ਸਬੂਤਾਂ ਦਾ ਵਿਸ਼ਲੇਸ਼ਣ ਕਰ ਰਹੇ ਹਨ। ਇਸ ਅਪੀਲ ਦਾ ਫੈਸਲਾ ਮੈਰਿਟ ਦੇ ਆਧਾਰ ਉਤੇ ਹੋਵੇਗਾ।

## ਉਪ ਰਾਸ਼ਟਰਪਤੀ ਦੇ ਅਹੁਦੇ ਲਈ ਗਾਂਧੀ ਤੇ ਨਾਇਡੂ ਵੱਲੋਂ ਨਾਮਜ਼ਦਗੀ

**ਨਵੀਂ ਦਿੱਲੀ:** ਵਿਰੋਧੀ ਧਿਰ ਦੇ ਉਪ ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਗੋਪਾਲਕ੍ਰਿਸ਼ਨ ਗਾਂਧੀ ਅਤੇ ਸੱਤਾਧਾਰੀ ਐਨ.ਡੀ.ਏ. ਦੇ ਉਮੀਦਵਾਰ ਐਮ. ਵੈਂਕਈਆ ਨਾਇਡੂ ਨੇ ਨਾਮਜ਼ਦਗੀ ਕਾਗਜ਼ ਦਾਖ਼ਲ ਕਰ ਦਿੱਤੇ। ਸ੍ਰੀ ਗਾਂਧੀ ਨੇ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤੇ ਕਾਂਗਰਸ ਦੇ ਸੀਨੀਅਰ ਆਗੂਆਂ ਸੋਨੀਆ ਗਾਂਧੀ ਤੇ ਰਾਹੁਲ ਗਾਂਧੀ ਦੀ ਮੌਜੂਦਗੀ ਵਿਚ ਨਾਮਜ਼ਦਗੀ ਕਾਗਜ਼ ਦਾਖ਼ਲ ਕੀਤੇ। ਇਸ ਮੌਕੇ ਜੇ.ਡੀ. (ਯੂ.) ਆਗੂ ਸ਼ਰਦ ਯਾਦਵ, ਸੀ.ਪੀ.ਐਮ. ਦੇ ਸੀਤਾਰਾਮ ਯੇਚੁਰੀ, ਸੀ.ਪੀ.ਆਈ. ਦੇ ਡੀ. ਰਾਜਾ, ਐਨ.ਸੀ.ਪੀ. ਦੇ ਤਾਰਿਕ ਅਨਵਰ, ਐਨ.ਸੀ. ਦੇ ਫਾਰੂਕ ਅਬਦੁੱਲਾ ਅਤੇ ਡੀ.ਐਮ.ਕੇ. ਦੇ ਕੰਨੀਮੋਝੀ ਵੀ ਹਾਜ਼ਰ ਸਨ।

ਐਨ.ਡੀ.ਏ. ਦੇ ਉਮੀਦਵਾਰ ਨਾਇਡੂ ਨੇ ਕਿਹਾ ਕਿ ਉਹ ਹੁਣ ਭਾਜਪਾ ਨਾਲ ਸਬੰਧਤ ਨਹੀਂ ਹਨ ਅਤੇ ਜੇ ਉਹ ਚੁਣੇ ਗਏ ਤਾਂ ਜਮਹੂਰੀ ਇਸੇ ਦੌਰਾਨ ਸੰਸਥਾਵਾਂ ਨੂੰ ਮਜ਼ਬੂਤ ਕਰਨਗੇ। ਉਹ ਸੰਸਦੀ ਕੰਪਲੈਕਸ ਵਿਚ ਨਾਮਜ਼ਦਗੀ ਦਾਖ਼ਲ ਕਰਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਸੀਨੀਅਰ ਆਗੂ ਐਲ.ਕੇ. ਅਡਵਾਨੀ ਨਾਲ ਆਏ ਸਨ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

## ਚੀਨ ਨੇ ਭਾਰਤ ਨੂੰ ਫਿਰ ਮਾਰਿਆ ਦਬਕਾ

**ਬੀਜਿੰਗ:** ਚੀਨ ਨੇ ਭਾਰਤ ਨੂੰ ਕਿਹਾ ਹੈ ਕਿ ਉਹ ਸਰਹੱਦ 'ਤੇ ਜਾਰੀ ਤਣਾਅ ਨੂੰ ਵਧਣ ਤੋਂ ਰੋਕਣ ਲਈ ਆਪਣੀਆਂ ਫੌਜਾਂ ਨੂੰ ਫੌਰੀ ਵਿਵਾਦਤ ਖੇਤਰ ਵਿਚੋਂ ਬਾਹਰ ਕੱਢੇ। ਇਸ ਦੇ ਨਾਲ ਹੀ ਚੀਨ ਨੇ ਕਿਹਾ ਕਿ ਭਾਰਤ 'ਸਿਆਸੀ ਨਿਸ਼ਾਨਿਆਂ' ਦੀ ਪੂਰਤੀ ਲਈ ਸਿੱਕਮ ਸੈਕਟਰ ਦੇ ਡੋਕਲਾਮ ਖੇਤਰ 'ਚ ਨਾਜਾਇਜ਼ ਦਖਲ ਨੂੰ 'ਨੀਤੀ ਸੰਦ' ਵਜੋਂ ਨਾ ਵਰਤੇ।

ਚੀਨੀ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਉਹ ਸਰਹੱਦ ਉਤੇ ਭਾਰਤ ਨਾਲ ਜਾਰੀ ਰੇੜਕੇ ਨੂੰ ਲੈ ਕੇ ਪੇਈਚਿੰਗ ਸਥਿਤ ਵਿਦੇਸ਼ੀ ਮਿਸ਼ਨਾਂ ਦੇ ਸੰਪਰਕ ਵਿਚ ਹੈ। ਹਾਲਾਂਕਿ ਮੰਤਰਾਲੇ ਨੇ ਮਿਸ਼ਨਾਂ ਨਾਲ ਵਿਸ਼ੇਸ਼ ਜਾਣਕਾਰੀ ਸਾਂਝੀ ਕਰਨ ਬਾਰੇ ਪੁਸ਼ਟੀ ਕਰਨ ਤੋਂ ਨਾਂਹ ਕਰ ਦਿੱਤੀ। ਮੰਤਰਾਲੇ ਦੇ ਤਰਜਮਾਨ ਲੂ ਕਾਂਗ ਨੇ ਕਿਹਾ, 'ਸਰਹੱਦ 'ਤੇ ਤਾਇਨਾਤ ਭਾਰਤੀ ਸਲਾਮਤੀ ਦਸਤਿਆਂ ਵੱਲੋਂ ਸਰਹੱਦ ਉਲੰਘ ਕੇ ਕੀਤੇ ਨਾਜਾਇਜ਼ ਦਖਲ ਤੋਂ ਪੇਈਚਿੰਗ ਬੈਠੇ ਕਈ ਵਿਦੇਸ਼ੀ ਸਫੀਰਾਂ ਨੂੰ ਝਟਕਾ ਲੱਗਾ ਹੈ ਤੇ ਉਹ ਇਸ ਦੀ ਪੁਸ਼ਟੀ ਕਰਨਾ ਚਾਹੁੰਦੇ ਹਨ ਕਿ ਕੀ ਇਹ ਸੱਚ ਸੀ।'

# ਕੇਬਲ ਮਾਫੀਆ: ਫਾਸਟਵੇਅ ਦੇ ਟਾਕਰੇ ਲਈ ਅੱਗੇ ਆਇਆ ਹਿੰਦੂਜਾ ਗਰੁੱਪ

**ਚੰਡੀਗੜ੍ਹ:** ਪੰਜਾਬ ਵਿਚ ਹੁਣ ਕੇਬਲ ਮਾਫੀਆ ਦਾ ਭੋਗ ਪੈਣ ਵਾਲਾ ਹੈ। ਕੇਬਲ ਉਤੇ ਇਕੋ ਗਰੁੱਪ ਦੇ ਕਬਜ਼ੇ ਨੂੰ ਖਤਮ ਕਰਨ ਲਈ ਨਾਮਵਰ ਕਾਰਪੋਰੇਟ ਘਰਾਣੇ ਹਿੰਦੂਜਾ ਗਰੁੱਪ ਆਫ ਕੰਪਨੀਜ਼ ਨੇ ਪੰਜਾਬ ਤੇ ਚੰਡੀਗੜ੍ਹ ਵਿਚ ਨਵੀਂ ਟੈਕਨਾਲੋਜੀ ਵਾਲਾ ਕੇਬਲ ਨੈੱਟਵਰਕ ਲਾਂਚ ਕੀਤਾ ਹੈ। ਇਸ ਗਰੁੱਪ ਨੇ ਆਪਣਾ ਨੈੱਟਵਰਕ ਵਿਛਾਉਣ ਤੇ ਕੇਬਲ ਉਪਰੇਟਰਾਂ ਨੂੰ ਨੈੱਟਵਰਕ ਨਾਲ ਜੋੜਨ ਦਾ ਕੰਮ ਸ਼ੁਰੂ ਕਰ ਦਿੱਤਾ ਹੈ।

ਮੌਜੂਦਾ ਕੇਬਲ ਨੈੱਟਵਰਕ ਦੇ ਉਲਟ ਹਿੰਦੂਜਾ ਗਰੁੱਪ ਨੇ ਕਾਰੋਬਾਰ ਇਸ ਐਲਾਨ ਨਾਲ ਕੀਤਾ ਹੈ ਕਿ ਕੇਬਲ ਉਪਰੇਟਰ ਖੁਦ ਆਪਣੇ ਕਾਰੋਬਾਰ ਦੇ ਮਾਲਕ ਹੋਣਗੇ। ਹਿੰਦੂ ਗਰੁੱਪ ਸਿਰਫ ਉਨ੍ਹਾਂ ਨੂੰ ਸੈੱਟਟੌਪ ਬਾਕਸ, ਸੈਟੇਲਾਈਟ ਸਿਗਨਲ ਤੇ ਹੋਰ ਟੈਕਨੀਕਲ ਸਹਾਇਤਾ ਪ੍ਰਦਾਨ ਕਰੇਗਾ। ਟੀ.ਵੀ. ਕੇਬਲ ਕਨੈਕਸ਼ਨ ਦੇਣ ਤੇ ਲੋੜੀਂਦੀ ਕਾਰਵਾਈ ਕੇਬਲ ਉਪਰੇਟਰ ਖੁਦ ਕਰਨਗੇ। ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਇਹ ਕੰਪਨੀ ਲੋਕਾਂ ਨੂੰ ਹੋਰ ਕੰਪਨੀਆਂ ਦੇ ਮੁਕਾਬਲੇ ਕੁਆਲਿਟੀ ਵੀ ਚੰਗੀ ਦੇਵੇਗੀ ਤੇ ਰੇਟ ਵੀ ਸਸਤੇ ਹੋਣਗੇ। ਹਿੰਦੂਜਾ ਮੀਡੀਆ ਗਰੁੱਪ ਦੇ ਐਮ.ਡੀ. ਅਸ਼ੋਕ ਮਾਨਸੁਖਾਨੀ ਨੇ ਦੱਸਿਆ ਕਿ ਪੰਜਾਬ ਦੇ 19 ਜ਼ਿਲ੍ਹਿਆਂ ਵਿਚ ਉਹ ਹੁਣ ਤੱਕ ਆਪਣੇ ਨੈੱਟਵਰਕ ਦੀ ਤਿਆਰੀ ਕਰ ਚੁੱਕੇ ਹਨ। 26 ਕੋਪ ਸਥਾਪਤ ਕਰ ਚੁੱਕੇ ਹਨ। ਕੰਪਨੀ ਵੱਲੋਂ ਦਿੱਤੇ ਜਾ ਰਹੇ ਬਹੁਤ ਹੀ ਛੋਟੇ ਆਕਾਰ ਦੇ ਸੈੱਟਟੌਪ ਬਾਕਸ ਦੀ ਕੀਮਤ 1200 ਰੁਪਏ ਹੈ।

ਹੁਣ ਤੱਕ ਮੁਲਕ ਦੇ 29 ਰਾਜਾਂ ਵਿਚ ਆਪਣਾ ਨੈੱਟਵਰਕ ਸ਼ੁਰੂ ਕਰ ਚੁੱਕਾ ਹੈ। ਜਦੋਂ ਫਾਸਟਵੇਅ ਚੈਨਲ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਉਹ ਕਿਸੇ ਦੇ ਮੁਕਾਬਲੇ ਲਈ ਨਹੀਂ ਆਏ ਸਗੋਂ ਪੰਜਾਬ ਦੇ ਲੋਕਾਂ ਨੂੰ ਵਧੀਆ ਕਿਸਮ ਦੇ ਕੇਬਲ ਨੈੱਟਵਰਕ ਸੇਵਾ ਦੇਣ ਲਈ ਆਏ ਹਨ।

ਕੰਪਨੀ ਦੇ ਸੀਨੀਅਰ ਮੀਤ ਪ੍ਰਧਾਨ ਨਰਿੰਦਰਪਾਲ ਸਿੰਘ ਨੇ ਦੱਸਿਆ ਕਿ ਕੰਪਨੀ ਦੇ ਦਰਵਾਜ਼ੇ ਮੌਜੂਦਾ ਤੇ ਨਵੇਂ ਕੇਬਲ ਉਪਰੇਟਰਾਂ ਲਈ ਖੁੱਲ੍ਹੇ ਹੋਣਗੇ। ਉਨ੍ਹਾਂ ਦੱਸਿਆ ਕਿ ਹਿੰਦੂਜਾ ਗਰੁੱਪ ਦੀ ਨਵੀਂ ਇਕਾਈ ਨੈੱਕਸਟ ਡਿਜੀਟਲ ਆਪਣੇ ਗਾਹਕਾਂ ਨੂੰ 500 ਚੈਨਲ ਤੱਕ ਮੁਹੱਈਆ ਕਰੇਗੀ।

## ਹੁਣ ਰੇਤੇ ਦੀਆਂ ਖੱਡਾਂ ਛੱਡ ਕੇ ਭੱਜਣ ਲੱਗੇ ਠੇਕੇਦਾਰ

**ਜਲੰਧਰ:** ਕੈਪਟਨ ਸਰਕਾਰ ਦੀ ਮਾਈਨਿੰਗ ਨੀਤੀ ਨੂੰ ਬੂਰ ਨਹੀਂ ਪੈ ਰਿਹਾ। ਠੇਕੇਦਾਰ ਮਾਈਨਿੰਗ ਤੋਂ ਮੂੰਹ ਮੋੜਨ ਲੱਗੇ ਹਨ। ਸਰਕਾਰ ਵੱਲੋਂ ਰੇਤ ਖੱਡਾਂ ਦੀ ਕਰਵਾਈ ਦੂਜੀ ਬੋਲੀ 'ਚ ਜਲੰਧਰ ਦੀ ਸਿਲਕਿਆਣਾ ਖੱਡ ਦੀ ਬੋਲੀ 7.16 ਕਰੋੜ ਦੇਣ ਤੋਂ ਬਾਅਦ ਠੇਕੇਦਾਰ ਨੇ ਖੱਡ ਛੱਡ ਦਿੱਤੀ ਹੈ। ਡੇਢ ਹਫਤੇ ਪਹਿਲਾਂ ਹੀ ਇਸ ਖੱਡ ਵਾਸਤੇ 14 ਲੋਕਾਂ ਨੇ ਆਨਲਾਈਨ ਬੋਲੀ ਦਿੱਤੀ ਸੀ।

ਸਭ ਤੋਂ ਵੱਡੀ ਬੋਲੀ 7.16 ਕਰੋੜ 'ਚ ਦਿੱਤੀ ਗਈ ਸੀ। ਇਸ ਖੱਡ ਦੀ ਇਕ ਸਾਲ ਦੀ ਲਿਮਟ 30 ਹਜ਼ਾਰ ਟਨ ਰੇਤ ਕੱਢਣ ਦੀ ਹੈ। ਇਸ ਮੁਤਾਬਕ ਠੇਕੇਦਾਰ ਨੂੰ ਇਕ ਟਨ ਰੇਤ 2900 ਰੁਪਏ ਦੀ ਪੈਣੀ ਸੀ। ਇਸ 'ਚ ਲੇਬਰ ਤੇ ਹੋਰ ਖਰਚੇ ਜੁੜਨੇ ਸਨ। ਇਹੀ ਕਾਰਨ ਹੈ ਕਿ ਠੇਕੇਦਾਰ ਖੱਡਾਂ ਵੱਲ ਮੂੰਹ ਨਹੀਂ ਕਰ ਰਹੇ। ਜਲੰਧਰ ਦੇ ਜ਼ਿਲ੍ਹਾ ਮਾਈਨਿੰਗ ਅਫਸਰ ਅਮਰਜੀਤ ਸਿੰਘ ਨੇ ਦੱਸਿਆ ਕਿ ਬੋਲੀ ਤੋਂ ਬਾਅਦ ਸਮੇਂ ਸਿਰ ਪੈਸੇ ਨਾ ਜਮ੍ਹਾਂ ਕਰਵਾਉਣ ਕਾਰਨ ਇਸ ਨੂੰ ਰੱਦ ਮੰਨਿਆ ਹੈ। ਇਸ ਦੀ ਰਿਪੋਰਟ ਬਣਾ ਕੇ ਚੰਡੀਗੜ੍ਹ ਭੇਜ ਦਿੱਤੀ ਗਈ ਹੈ। ਬੋਲੀਕਾਰ ਨੇ ਇਸ ਦੀ ਫੀਸ ਕਰੀਬ 20 ਲੱਖ ਰੁਪਏ ਪਹਿਲਾਂ ਜਮ੍ਹਾਂ ਕਰਵਾਈ ਸੀ ਜੋ ਸਰਕਾਰੀ ਨਿਯਮਾਂ ਮੁਤਾਬਕ ਮੋੜੀ ਨਹੀਂ ਜਾਵੇਗੀ।

ਕੈਪਟਨ ਸਰਕਾਰ ਵੇਲੇ ਹੋਈ ਪਹਿਲੀ ਰੇਤ ਖੱਡਾਂ ਦੀ ਵੱਡੀ ਨਿਲਾਮੀ ਤੋਂ ਬਾਅਦ ਵੀ ਕਈ ਠੇਕੇਦਾਰਾਂ ਨੇ ਪੈਸੇ ਨਹੀਂ ਜਮ੍ਹਾਂ ਕਰਵਾਏ ਸਨ। ਇਸ ਕਾਰਨ ਉਨ੍ਹਾਂ ਦੀ ਬੋਲੀ ਰੱਦ ਹੋ ਗਈ ਸੀ।


## Matrimonial

### ਲੜਕੇ ਦੀ ਲੋੜ ਹੈ

Wanted well educated, settled, US citizen/Green card holder match for Sikh/Arora girl 35 yrs, 5'-2" (divorcee, issueless) beautiful, family oriented, educated visiting USA. Boy can be Sikh/Hindu Punjabi (clean shaven). Please send photograph and bio data at juneja0414@gmail.com or contact at 630-917-6299 28-31

### ਲੜਕੀ ਦੀ ਲੋੜ ਹੈ

Wanted beautiful girl for US Citizen Jatt Sikh handsome boy 32, 5'-6", B.Sc. electrical, software engineer. Family settled in the USA. Girl should be not more 30 and should be employed. Contact, Ph: 313-327-4107 or 586-435-6228 29-32


## ਪਰਵਾਸੀ ਭਾਰਤੀਆਂ ਨੂੰ ਛੇਤੀ ਮਿਲੇਗਾ ਵੋਟ ਦਾ ਹੱਕ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਪਰਵਾਸੀ ਭਾਰਤੀਆਂ ਨੂੰ ਵੋਟ ਪਾਉਣ ਦਾ ਅਧਿਕਾਰ ਦੇਣ ਬਾਰੇ ਨਿਯਮਾਂ ਵਿਚ ਸੋਧ ਸਬੰਧੀ ਹਫਤੇ ਵਿਚ ਫੈਸਲਾ ਕਰਨ ਲਈ ਕਿਹਾ ਹੈ। ਐਨ. ਆਰ. ਆਈਜ਼. ਨੂੰ ਪੋਸਟਲ ਜਾਂ ਈ-ਬੈਲਟ ਰਾਹੀਂ ਵੋਟ ਦਾ ਅਧਿਕਾਰ ਦੇਣ ਦੀ ਮੰਗ ਹੋ ਰਹੀ ਹੈ।

## ਹੁਣ ਵਿਧਾਇਕ ਨਹੀਂ ਰੱਖ ਸਕਣਗੇ ਨੀਂਹ ਪੱਥਰ

**ਬਠਿੰਡਾ:** ਪੰਜਾਬ ਵਿਚ ਹੁਣ ਵਿਧਾਇਕ ਤੇ ਚੇਅਰਮੈਨ ਨੀਂਹ ਪੱਥਰ ਨਹੀਂ ਰੱਖ ਸਕਣਗੇ। ਕੈਪਟਨ ਹਕੂਮਤ ਨੇ ਲਾਲ ਬੱਤੀ ਵਾਪਸ ਲੈਣ ਮਗਰੋਂ ਹੁਣ ਪੱਥਰਾਂ ਤੋਂ ਪਰਦਾ ਹਟਾਉਣ ਦਾ ਹੱਕ ਵੀ ਖੋਹ ਲਿਆ ਹੈ, ਜਿਸ ਤੋਂ ਕਾਂਗਰਸੀ ਵਿਧਾਇਕ ਅੰਦਰੋਂ ਅੰਦਰੀਂ ਔਖੇ ਹਨ। ਵਿਧਾਨ ਸਭਾ ਦਾ ਡਿਪਟੀ ਸਪੀਕਰ ਵੀ ਪ੍ਰਾਜੈਕਟਾਂ ਦਾ ਨੀਂਹ ਪੱਥਰ ਨਹੀਂ ਰੱਖ ਸਕੇਗਾ। ਆਮ ਰਾਜ ਪ੍ਰਬੰਧ ਵਿਭਾਗ ਨੇ ਡਿਪਟੀ ਕਮਿਸ਼ਨਰਾਂ ਨੂੰ ਪੱਤਰ ਭੇਜ ਕੇ ਨੀਂਹ ਪੱਥਰ ਤੇ ਉਦਘਾਟਨੀ ਸਮਾਗਮਾਂ ਬਾਰੇ ਪ੍ਰੋਟੋਕਾਲ ਤੋਂ ਜਾਣੂ ਕਰਾ ਦਿੱਤਾ ਹੈ। ਸਰਕਾਰ ਨੇ ਤਾਂ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਵੀ ਨੀਂਹ ਪੱਥਰ ਰੱਖਣ ਵਾਲੀਆਂ ਸ਼ਖ਼ਸੀਅਤਾਂ ਵਿਚ ਸ਼ਾਮਲ ਨਹੀਂ ਕੀਤਾ।

ਪੰਜਾਬ ਸਰਕਾਰ ਦੇ ਪੱਤਰ ਅਨੁਸਾਰ ਨੀਂਹ ਪੱਥਰ ਰਾਸ਼ਟਰਪਤੀ, ਉਪ ਰਾਸ਼ਟਰਪਤੀ, ਸੁਪਰੀਮ ਕੋਰਟ ਦਾ ਚੀਫ ਜਸਟਿਸ, ਲੋਕ ਸਭਾ ਦਾ ਸਪੀਕਰ, ਕੇਂਦਰੀ ਕੈਬਨਿਟ ਮੰਤਰੀ, ਮੁੱਖ ਮੰਤਰੀ ਪੰਜਾਬ, ਹਾਈ ਕੋਰਟ ਦਾ ਚੀਫ ਜਸਟਿਸ ਅਤੇ ਜੱਜ, ਪੰਜਾਬ ਵਿਧਾਨ ਸਭਾ ਦਾ ਸਪੀਕਰ ਅਤੇ ਰਾਜ ਦੇ ਕੈਬਨਿਟ ਮੰਤਰੀ ਹੀ ਰੱਖ ਸਕਣਗੇ। ਜੇਕਰ ਆਉਣ ਵਾਲੇ ਦਿਨਾਂ 'ਚ ਪੰਜਾਬ ਵਿਚ ਮੁੱਖ ਸੰਸਦੀ ਸਕੱਤਰ ਬਣਾਏ ਗਏ ਤਾਂ ਉਨ੍ਹਾਂ ਨੂੰ ਵੀ ਪੱਥਰਾਂ ਤੋਂ ਪਰਦਾ ਹਟਾਉਣ ਦਾ ਅਧਿਕਾਰ ਨਹੀਂ ਹੋਵੇਗਾ। ਨਵੇਂ ਫੈਸਲੇ ਅਨੁਸਾਰ ਕਿਸੇ ਵੀ ਨੀਂਹ ਪੱਥਰ 'ਤੇ ਕਿਸੇ ਵੀ ਵਿਅਕਤੀ ਜਾਂ ਅਹੁਦੇਦਾਰ ਦਾ ਨਾਂ ਨਹੀਂ ਹੋਵੇਗਾ। ਸਾਰੇ ਰਾਜ 'ਚ ਇਕੋ ਤਰ੍ਹਾਂ ਦੇ ਨੀਂਹ ਪੱਥਰ ਰੱਖੇ ਜਾਣਗੇ ਅਤੇ ਇਨ੍ਹਾਂ 'ਤੇ ਲਿਖੀ ਜਾਣ ਵਾਲੀ ਇਬਾਰਦ ਦਾ ਨਮੂਨਾ ਵੀ ਸਰਕਾਰ ਨੇ ਜਾਰੀ ਕੀਤਾ ਹੈ। ਹਰ ਪੱਥਰ ਉਤੇ ਪ੍ਰੋਜੈਕਟ ਨੂੰ 'ਪੰਜਾਬ ਰਾਜ ਦੇ ਲੋਕਾਂ ਨੂੰ ਸਮਰਪਤ ਕੀਤਾ ਜਾਂਦਾ ਹੈ', ਲਿਖਿਆ ਹੋਵੇਗਾ। ਪੱਤਰ ਅਨੁਸਾਰ ਹੁਣ ਪੰਜਾਬ ਦੇ ਕਿਸੇ ਬੋਰਡ/ਕਾਰਪੋਰੇਸ਼ਨ ਦਾ ਚੇਅਰਮੈਨ ਜਾਂ ਉਪ ਚੇਅਰਮੈਨ ਵੀ ਨੀਂਹ ਪੱਥਰ ਨਹੀਂ ਰੱਖ ਸਕੇਗਾ।

### ਸਮਾਗਮਾਂ 'ਤੇ ਖਰਚ ਘਟਾਉਣ ਲਈ ਸਖਤ ਸ਼ਰਤਾਂ

**ਬਠਿੰਡਾ:** ਕਾਂਗਰਸ ਸਰਕਾਰ ਨੇ ਅਜਿਹੇ ਸਮਾਗਮਾਂ ਉਤੇ ਘੱਟ ਤੋਂ ਘੱਟ ਖਰਚਾ ਕਰਨ ਦੀ ਹਦਾਇਤ ਕੀਤੀ ਹੈ ਅਤੇ ਬਕਾਇਦਾ ਇਨ੍ਹਾਂ ਪ੍ਰੋਗਰਾਮਾਂ ਬਾਰੇ ਵਿਧੀ ਵਿਧਾਨ ਜਾਰੀ ਕੀਤਾ ਹੈ। ਹੁਣ ਇਨ੍ਹਾਂ ਸਮਾਗਮਾਂ ਲਈ ਸੱਦਾ ਪੱਤਰ ਵੀ ਸਰਕਾਰ ਵੱਲੋਂ ਹੀ ਤਿਆਰ ਕੀਤੇ ਜਾਣਗੇ। ਇਨ੍ਹਾਂ ਸਮਾਗਮਾਂ ਵਿਚ ਬੁਲਾਈਆਂ ਜਾਣ ਵਾਲੀਆਂ ਸ਼ਖਸੀਅਤਾਂ ਬਾਰੇ ਫੈਸਲਾ ਵੀ ਸਬੰਧਤ ਵਿਭਾਗ ਦੇ ਪ੍ਰਬੰਧਕੀ ਸਕੱਤਰ ਵੱਲੋਂ ਕੀਤਾ ਜਾਵੇਗਾ।

ਇਹ ਸਮਾਗਮ ਮੰਤਰੀ ਦੀ ਅਗਾਊਂ ਪ੍ਰਵਾਨਗੀ ਨਾਲ ਲੋਕ ਹਿੱਤ ਵਾਲੇ ਕੰਮਾਂ ਵਾਸਤੇ ਹੀ ਕਰਾਏ ਜਾਣਗੇ। ਇਨ੍ਹਾਂ ਸਮਾਗਮਾਂ ਲਈ ਸੱਦਾ ਪੱਤਰ ਜਾਰੀ ਕਰਨ ਲਈ ਪੰਜਾਬ ਪ੍ਰੋਟੋਕਾਲ ਮੈਨੂਅਲ 1982 ਵਿਚ ਦਰਜ ਹਦਾਇਤਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਬਾਰੇ ਵੀ ਹਦਾਇਤ ਕੀਤੀ ਗਈ ਹੈ। ਕੈਪਟਨ ਸਰਕਾਰ ਦੇ ਇਸ ਪੱਤਰ ਅਨੁਸਾਰ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੂੰ ਵੀ ਨੀਂਹ ਪੱਥਰ ਰੱਖਣ ਦਾ ਅਧਿਕਾਰ ਮਿਲ ਗਿਆ ਹੈ। ਆਮ ਲੋਕ ਇਸ ਫੈਸਲੇ ਦੀ ਪ੍ਰਸੰਸਾ ਕਰ ਰਹੇ ਹਨ ਕਿਉਂਕਿ ਅਜਿਹੇ ਸਮਾਗਮਾਂ 'ਤੇ ਸਰਕਾਰੀ ਧਨ ਲੁਟਾਇਆ ਜਾਂਦਾ ਸੀ।

## ਸੈਲਾਨੀ ਖਿੱਚਣ ਲਈ ਪੰਜਾਬ ਸਰਕਾਰ ਦੀ ਨਵੀਂ ਰਣਨੀਤੀ

**ਅੰਮ੍ਰਿਤਸਰ:** ਪੰਜਾਬ ਵਿਚ ਸੈਰ ਸਪਾਟੇ ਨੂੰ ਉਤਸ਼ਾਹਤ ਕਰਨ ਦੇ ਮੰਤਵ ਨਾਲ ਸੂਬਾ ਸਰਕਾਰ ਵੱਲੋਂ ਸੰਯੁਕਤ ਰਾਸ਼ਟਰ ਵਿਸ਼ਵ ਸੈਰ ਸਪਾਟਾ ਸੰਗਠਨ ਦੀ ਤਰਜ਼ 'ਤੇ ਯੋਜਨਾ ਬਣਾਈ ਜਾ ਰਹੀ ਹੈ। ਇਹ ਯੋਜਨਾ ਇਸ ਵੇਲੇ 157 ਮੁਲਕਾਂ ਵੱਲੋਂ ਅਪਣਾਈ ਜਾ ਚੁੱਕੀ ਹੈ। ਯੋਜਨਾ ਤਹਿਤ ਸੈਲਾਨੀਆਂ ਨੂੰ ਪੰਜਾਬ ਦੀ ਵਿਰਾਸਤ ਅਤੇ ਸਭਿਆਚਾਰ ਦਿਖਾਇਆ ਜਾਵੇਗਾ। ਸੈਰ ਸਪਾਟਾ ਵਿਭਾਗ ਵੱਲੋਂ ਇਸ ਸਬੰਧੀ ਧਾਰਮਿਕ, ਇਤਿਹਾਸਕ ਤੇ ਵਿਰਾਸਤੀ ਥਾਵਾਂ ਦੀ ਸ਼ਨਾਖਤ ਕੀਤੀ ਜਾ ਰਹੀ ਹੈ। ਇਸ ਵਾਸਤੇ ਟੂਰ ਅਪਰੇਟਰਾਂ, ਸਥਾਨਕ ਟੈਕਸੀ ਚਾਲਕਾਂ ਤੇ ਸੈਰ ਸਪਾਟਾ ਮਾਹਿਰਾਂ ਨਾਲ ਹੱਥ ਮਿਲਾਇਆ ਜਾਵੇਗਾ। ਸੈਲਾਨੀਆਂ ਨੂੰ ਜਾਣਕਾਰੀ ਦੇਣ ਲਈ ਵੈੱਬਸਾਈਟ ਅਪਡੇਟ ਕੀਤੀ ਜਾਵੇਗੀ ਅਤੇ ਟੂਰਿਸਟ ਸਰਕਟ ਬਣਾਏ ਜਾਣਗੇ। ਲੋੜੀਂਦਾ ਸਾਹਿਤ ਵੀ ਮੁਹੱਈਆ ਕੀਤਾ ਜਾਵੇਗਾ।


Prince's Barber Shop

37477 Fremont Blvd, suite C, Fremont, CA 94536

Men & Children's Hair Cut

*Threading
*Men's Facials
*Custom Designing
*Line-ups
*Custom Text
*Hair Coler
*Shave &
*Head Massage

ਫੁੱਲ ਟਾਈਮ ਬਾਰਬਰ ਦੀ ਲੋੜ ਹੈ

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)



Cell: (510)-677-9942
Shop: (510)-505-9605
www.princebarbershop.com





ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member: The California Homeopathic Society
National Center For Homeopathy- USA



Gurdip Singh Sandhu

Live on Jas TV
Saturday 9:30AM and Sunday 4PM (Pacific Time)

Email:
Homeomedicine@yahoo.com

7021 Village Park Way, Dublin, CA 94568



ਹਲਵਾਈ, ਵੈਸ਼ਨੂੰ ਕੁੱਕ, ਡੋਸਾ ਮੇਕਰ ਅਤੇ ਕਿਚਨ ਹੈਲਪਰਾਂ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ, ਵੈਸ਼ਨੂੰ ਕੁੱਕ ਤੇ ਡੋਸਾ ਮੇਕਰ ਅਤੇ ਤਿੰਨ ਕਿਚਨ ਹੈਲਪਰ ਚਾਹੀਦੇ ਹਨ
ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ
ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635

11-

# ਐਸ.ਵਾਈ.ਐਲ: ਪੰਜਾਬ ਨੇ ਡਟ ਕੇ ਨਾ ਲੜੀ ਕਾਨੂੰਨੀ ਲੜਾਈ

**ਚੰਡੀਗੜ੍ਹ:** ਐਸ.ਵਾਈ.ਐਲ. ਨਹਿਰ ਦੀ ਉਸਾਰੀ ਬਾਰੇ ਸੁਪਰੀਮ ਕੋਰਟ ਦਾ ਆਇਆ ਨਵਾਂ ਫੈਸਲਾ ਪਹਿਲੀ ਨਜ਼ਰੇ ਇਹ ਸਾਫ ਕਰ ਦਿੰਦਾ ਹੈ ਕਿ ਪੰਜਾਬ ਦੇ ਮੁਕਾਬਲੇ ਹਰਿਆਣਾ ਸਰਕਾਰ ਨੇ ਡਟ ਕੇ ਕਾਨੂੰਨੀ ਲੜਾਈ ਲੜੀ ਅਤੇ ਲਗਭਗ ਫਤਿਹ ਵੀ ਹਾਸਲ ਕਰ ਲਈ ਹੈ। ਸੁਪਰੀਮ ਕੋਰਟ ਨੇ ਭਾਵੇਂ ਅਗਲੀ ਸੁਣਵਾਈ 7 ਸਤੰਬਰ 'ਤੇ ਪਾ ਦਿੱਤੀ ਹੈ ਪਰ ਉਸ ਦੇ ਹੁਕਮਾਂ ਤੋਂ ਸਪਸ਼ਟ ਜਾਪ ਰਿਹਾ ਹੈ ਕਿ ਅਦਾਲਤ ਨੇ ਆਪਣਾ ਫੈਸਲਾ ਹਰਿਆਣੇ ਦੇ ਹੱਕ ਵਿਚ ਸੁਣਾ ਦਿੱਤਾ ਹੈ। ਅਦਾਲਤ ਨੇ ਫੈਸਲੇ ਵਿਚ ਬਸ ਇਹੀ ਕਿਹਾ ਹੈ ਕਿ 'ਤੁਸੀਂ ਨਹਿਰ ਉਸਾਰੋ, ਪਾਣੀ ਦੇਣ ਜਾਂ ਨਾ ਦੇਣ ਬਾਰੇ ਬਾਅਦ ਵਿਚ ਸੋਚਾਂਗੇ'।

ਇਸ ਤੋਂ ਸਪਸ਼ਟ ਹੈ ਕਿ ਨਹਿਰ ਦੀ ਉਸਾਰੀ ਪਾਣੀ ਦੇਣ ਲਈ ਹੀ ਹੋਣੀ ਹੈ। ਅਦਾਲਤ ਨੇ ਪਿਛਲੀ ਅਕਾਲੀ-ਭਾਜਪਾ ਸਰਕਾਰ ਸਮੇਂ ਵੀ ਇਸੇ ਤਰ੍ਹਾਂ ਦਾ ਫੈਸਲਾ ਸੁਣਾਇਆ ਸੀ ਤੇ ਉਦੋਂ ਇਹ ਗੱਲ ਉਭਰ ਕੇ ਸਾਹਮਣੇ ਆਈ ਸੀ ਕਿ ਪੰਜਾਬ ਸਰਕਾਰ ਦੀ ਕਾਨੂੰਨੀ ਲੜਾਈ ਕਾਫੀ ਢਿੱਲੀ ਸੀ। ਹਰਿਆਣਾ ਸਰਕਾਰ ਨੇ ਇਸ ਕੇਸ ਨੂੰ ਆਪਣੇ ਹੱਕ ਵਿਚ ਕਰਵਾਉਣ ਲਈ 7 ਵਕੀਲਾਂ ਦਾ ਗਰੁੱਪ ਬਣਾ ਕੇ ਆਪਣਾ ਪੱਖ ਮਜ਼ਬੂਤ ਕੀਤਾ ਪਰ ਇਸ ਦੇ ਮੁਕਾਬਲੇ ਅਕਾਲੀ ਸਰਕਾਰ ਨੇ ਇਕ ਵਕੀਲ ਆਸਰੇ ਹੀ ਡੰਗ ਟਪਾਉਣ ਦੀ ਕੋਸ਼ਿਸ਼ ਕੀਤੀ। ਹਾਲਾਂਕਿ ਕਿ ਸਾਰੇ ਹਾਲਾਤ ਪੰਜਾਬ ਦੇ ਹੱਕ ਵਿਚ ਸਨ। ਭਾਰਤੀ ਸੰਵਿਧਾਨ ਦੇ ਸ਼ਡਿਊਲ 7 ਸੂਚੀ 2 ਦੀ ਐਂਟਰੀ 17 ਵਿਚ ਇਹ ਗੱਲ ਬੜੀ ਸਪੱਸ਼ਟ ਲਿਖੀ ਹੋਈ ਹੈ ਕਿ ਦਰਿਆਈ ਪਾਣੀਆਂ ਦਾ ਮਾਮਲਾ ਰਾਜਾਂ ਨਾਲ ਸਬੰਧਤ ਹੈ।

ਇਨਸਾਫ ਦਾ ਤਕਾਜ਼ਾ ਤਾਂ ਇਹੀ ਹੈ ਕਿ ਪਹਿਲਾਂ ਇਹ ਫੈਸਲਾ ਹੋਵੇ ਕਿ ਪੰਜਾਬ ਦੇ ਪਾਣੀਆਂ 'ਤੇ ਦੇਸ਼ ਭਰ ਅਤੇ ਅੰਤਰਰਾਸ਼ਟਰੀ ਪੱਧਰ ਉਤੇ ਲਾਗੂ ਰਾਇਪੇਰੀਅਨ ਅਤੇ ਹੋਰ ਕਾਨੂੰਨਾਂ ਅਧੀਨ ਇਕੱਲੇ ਪੰਜਾਬ ਦਾ ਹੱਕ ਹੈ ਜਾਂ ਹਰਿਆਣਾ ਅਤੇ ਰਾਜਸਥਾਨ ਵੀ ਇਸ ਦੇ ਹੱਕਦਾਰ ਹਨ? ਜਾਣਕਾਰਾਂ ਅਨੁਸਾਰ ਸਰਬਉਚ ਅਦਾਲਤ ਸਿਰਫ ਸਤਲੁਜ ਯਮੁਨਾ ਲਿੰਕ ਨਹਿਰ ਬਣਾਉਣ ਦੇ ਮਾਮਲੇ ਦੀ ਸੁਣਵਾਈ ਹੀ ਕਰ ਰਹੀ ਹੈ। ਰਾਜਾਂ ਵਿਚ ਪਾਣੀਆਂ ਦੇ ਝਗੜੇ ਦੀ ਸੁਣਵਾਈ ਸਿਰਫ ਟ੍ਰਿਬਿਊਨਲ ਹੀ ਕਰ ਸਕਦਾ ਹੈ। ਹਰਿਆਣਾ ਦਾ ਰਾਇਪੇਰੀਅਨ ਕਾਨੂੰਨ ਮੁਤਾਬਕ ਪੰਜਾਬ ਦੇ ਪਾਣੀਆਂ 'ਤੇ ਕੋਈ ਹੱਕ ਨਹੀਂ ਬਣਦਾ।

## ਕਮਜ਼ੋਰ ਪੱਖ ਦੇ ਬਾਵਜੂਦ ਹਰਿਆਣੇ ਨੂੰ ਫਤਿਹ ਹਾਸਲ



## ਜੇ ਢੁਕਵੀਂ ਕਾਨੂੰਨੀ ਪ੍ਰਕਿਰਿਆ ਅਪਨਾਈ ਹੁੰਦੀ...

**ਚੰਡੀਗੜ੍ਹ:** ਕਾਂਗਰਸ ਨੇ ਕਿਹਾ ਹੈ ਕਿ ਜੇਕਰ ਬਾਦਲਾਂ ਨੇ ਆਪਣੇ ਇਕ ਦਹਾਕੇ ਦੇ ਰਾਜ ਦੌਰਾਨ ਢੁਕਵੀਂ ਕਾਨੂੰਨੀ ਪ੍ਰਕਿਰਿਆ ਅਪਨਾਈ ਹੁੰਦੀ ਤਾਂ ਇਹ ਮੁੱਦਾ ਅੱਜ ਇਸ ਹੱਦ ਤੱਕ ਨਾ ਪਹੁੰਚਦਾ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਤੇ ਬਿਜਲੀ ਮੰਤਰੀ ਰਾਣਾ ਗੁਰਜੀਤ ਸਿੰਘ ਨੇ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਸੂਬੇ ਦੇ ਪਾਣੀਆਂ ਦੇ ਅਧਿਕਾਰ ਵੇਚਣ ਅਤੇ ਪਿਛਲੇ 10 ਸਾਲਾਂ ਦੌਰਾਨ ਅਦਾਲਤਾਂ ਵਿਚ ਸੂਬੇ ਦੇ ਹਿੱਤਾਂ ਦੀ ਰਾਖੀ ਕਰਨ ਤੋਂ ਨਾਕਾਮ ਰਹਿਣ ਪਿੱਛੋਂ ਹੁਣ ਇਸ ਮੁੱਦੇ 'ਤੇ ਉਚ ਨੈਤਿਕਤਾ ਦਾ ਡਰਾਮਾ ਰਚ ਕੇ ਲੋਕਾਂ ਨੂੰ ਮੂਰਖ ਨਾ ਬਣਾਉਣ।

## ਅਕਾਲੀ ਦਲ ਆਪਣੇ ਪੁਰਾਣੇ ਸਟੈਂਡ 'ਤੇ ਕਾਇਮ: ਬਾਦਲ

**ਲੰਬੀ:** ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਕਹਿਣਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਐਸ.ਵਾਈ.ਐਲ. ਦੇ ਮੁੱਦੇ 'ਤੇ ਆਪਣੇ ਪੁਰਾਣੇ ਸਟੈਂਡ ਉਤੇ ਕਾਇਮ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਹਮੇਸ਼ਾ ਪੰਜਾਬ ਦੇ ਹੱਕਾਂ ਖਿਲਾਫ਼ ਫੈਸਲੇ ਲਏ ਹਨ। ਸਾਬਕਾ ਪ੍ਰਧਾਨ ਮੰਤਰੀ ਮਰਹੂਮ ਇੰਦਰਾ ਗਾਂਧੀ ਨੇ ਐਸ.ਵਾਈ.ਐਲ. ਨਹਿਰ ਦੀ ਖੁਦਾਈ ਲਈ ਟੱਕ ਲਾਇਆ ਤੇ ਉਥੇ ਮੌਜੂਦ ਕਾਂਗਰਸੀ ਆਗੂਆਂ ਨੇ ਲੱਡੂ ਵੰਡੇ ਤੇ ਖੁਸ਼ੀ ਮਨਾਈ, ਜਦਕਿ ਅਕਾਲੀ ਦਲ ਨੇ ਇਸ ਖਿਲਾਫ਼ ਕਪੂਰੀ ਵਿਖੇ ਮੋਰਚਾ ਲਾਇਆ ਸੀ।

# ਦਹਾਕੇ ਤੋਂ ਘਰ ਵਿਚ ਬੰਧਕ ਦੋ ਭੈਣਾਂ ਨੂੰ ਪੁਲਿਸ ਨੇ ਛੁਡਵਾਇਆ

**ਸਮਾਣਾ:** ਅਨੰਦ ਕਾਲੋਨੀ 'ਚ ਰਹਿੰਦੇ ਇਕ ਪਰਿਵਾਰ ਵਿਚ ਵੱਡੇ ਭਰਾ ਵੱਲੋਂ ਆਪਣੀਆਂ ਦੋ ਭੈਣਾਂ ਨੂੰ ਪਿਛਲੇ 10 ਸਾਲ ਤੋਂ ਘਰ 'ਚ ਬੰਧਕ ਬਣਾ ਕੇ ਰੱਖਿਆ ਹੋਇਆ ਸੀ। ਬੰਧਕ ਬਣਾਈ ਇਕ ਲੜਕੀ ਦੀ ਸਹੇਲੀ ਜੋ ਉਸ ਨੂੰ ਮਿਲਣ ਘਰ ਆਈ, ਵੱਲੋਂ ਆਪਣੀ ਸਹੇਲੀ ਦੀ ਹਾਲਤ ਵੇਖ ਕੇ ਪੁਲਿਸ ਨੂੰ ਸੱਦਾ ਲਿਆ ਗਿਆ।



ਪੁਲਿਸ ਵੱਲੋਂ ਇਲਾਜ ਲਈ ਹਸਪਤਾਲ ਦਾਖਲ ਲੜਕੀਆਂ ਭਾਵਨਾ (35) ਤੇ ਕਿਰਨ (38) ਦੇ ਨਾਲ ਆਈ ਉਨ੍ਹਾਂ ਦੀ ਮਾਤਾ ਕਮਲਜੀਤ ਕੌਰ ਨੇ ਦੱਸਿਆ ਕਿ 10 ਸਾਲ ਪਹਿਲਾਂ ਉਸ ਦੇ ਪਤੀ ਦੀ ਮੌਤ ਤੋਂ ਬਾਅਦ ਉਸ ਦੇ ਵੱਡੇ ਲੜਕੇ ਨੇ ਉਸ ਦੀਆਂ ਦੋਵੇਂ ਧੀਆਂ ਨੂੰ ਤੰਗ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ। ਉਸ ਦੀ ਵੱਡੀ ਲੜਕੀ ਕਿਰਨ ਬੀ.ਏ. ਪਾਸ ਤੇ ਉਸ ਨੇ ਕੰਪਿਊਟਰ ਕੋਰਸ ਕੀਤਾ ਹੋਇਆ ਹੈ ਤੇ ਛੋਟੀ ਲੜਕੀ ਭਾਵਨਾ ਬਾਰ੍ਹਵੀਂ ਪਾਸ ਹੈ।

ਦੋਵੇਂ ਲੜਕੀਆਂ ਪਹਿਲਾਂ ਇਕ ਨਿੱਜੀ ਸਕੂਲ 'ਚ ਅਤੇ ਘਰ ਵਿਚ ਬੱਚਿਆਂ ਨੂੰ ਟਿਊਸ਼ਨ ਪੜ੍ਹਾਉਂਦੀਆਂ ਸਨ। ਉਸ ਦੇ ਵੱਡੇ ਲੜਕੇ ਨੇ ਘਰ ਆਪਣੇ ਨਾਂ ਕਰਵਾਉਣ ਦੇ ਲਾਲਚ 'ਚ ਲੜਕੀਆਂ ਨੂੰ ਪੜ੍ਹਾਈ ਤੋਂ ਹਟਾ ਕੇ ਘਰ ਬਿਠਾ ਕੇ ਤੰਗ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ। ਜੇਕਰ ਲੜਕੀਆਂ ਘਰ ਤੋਂ ਬਾਹਰ ਜਾਣ ਦੀ ਕੋਸ਼ਿਸ਼ ਕਰਦੀਆਂ ਤਾਂ ਉਨ੍ਹਾਂ ਦੀ ਕੁੱਟਮਾਰ ਕੀਤੀ ਜਾਂਦੀ ਅਤੇ ਖਾਣਾ ਵੀ ਇਕ ਸਮੇਂ ਦਾ ਦਿੱਤਾ ਜਾਣ ਲੱਗਾ ਪਰ ਅੱਜ ਉਸ ਦੀ ਲੜਕੀ ਦੀ ਸਹੇਲੀ ਦੇ ਆਉਣ 'ਤੇ ਉਨ੍ਹਾਂ ਦਾ ਛੁਟਕਾਰਾ ਸੰਭਵ ਹੋਇਆ ਹੈ।

# ਫੰਡਾਂ ਦੀ ਵਰਤੋਂ ਪੱਖੋਂ ਗਾਂਧੀ ਤੇ ਘੁਬਾਇਆ ਮੋਹਰੀ

**ਚੰਡੀਗੜ੍ਹ:** ਤਿੰਨ ਸਾਲਾਂ ਦੌਰਾਨ ਪੰਜਾਬ ਦੇ 13 ਲੋਕ ਸਭਾ ਮੈਂਬਰਾਂ ਵੱਲੋਂ ਆਪਣੇ ਖੇਤਰੀ ਵਿਕਾਸ ਫੰਡ ਦੀ ਵਰਤੋਂ ਦੇ ਮਾਮਲੇ ਵਿਚ ਪਟਿਆਲਾ ਤੋਂ ਸੰਸਦ ਮੈਂਬਰ ਧਰਮਵੀਰ ਗਾਂਧੀ ਅੱਵਲ ਤੇ ਫਿਰੋਜ਼ਪੁਰ ਤੋਂ ਸ਼ੇਰ ਸਿੰਘ ਘੁਬਾਇਆ ਦੋਇਮ ਰਹੇ ਹਨ। ਸੰਗਰੂਰ ਤੋਂ 'ਆਪ' ਦੇ ਸੰਸਦ ਮੈਂਬਰ ਭਗਵੰਤ ਮਾਨ ਇਸ ਮਾਮਲੇ ਵਿਚ ਫਾਡੀ ਰਹੇ ਹਨ। ਗੌਰਤਲਬ ਹੈ ਕਿ ਇਸ ਫੰਡ ਤਹਿਤ ਦੇਸ਼ ਦੇ ਹਰੇਕ ਐਮ.ਪੀ. ਨੂੰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਹਰ ਸਾਲ ਆਪਣੀ ਪਸੰਦ ਮੁਤਾਬਕ ਪੰਜ ਕਰੋੜ ਰੁਪਏ ਦੇ ਵਿਕਾਸ ਕੰਮਾਂ ਦੀ ਸਿਫਾਰਸ਼ ਕਰਨ ਦਾ ਅਖਤਿਆਰ ਹੁੰਦਾ ਹੈ।

ਬੀਤੇ ਤਿੰਨ ਸਾਲਾਂ ਦੇ ਮਿਲੇ ਰਿਕਾਰਡ ਮੁਤਾਬਕ ਪੰਜਾਬ ਦੇ ਹਰੇਕ ਐਮ.ਪੀ. ਨੂੰ ਆਪੋ-ਆਪਣੇ ਹਲਕਿਆਂ ਵਿਚ 20 ਕਰੋੜ ਰੁਪਏ ਤੱਕ ਦੇ ਵਿਕਾਸ ਕੰਮ ਕਰਵਾਉਣ ਦਾ ਅਖਤਿਆਰ ਸੀ। ਇਸ ਤਹਿਤ ਡਾ. ਗਾਂਧੀ ਨੇ ਆਪਣੇ ਕੋਟੇ ਵਿਚੋਂ ਤਿੰਨ ਸਾਲਾਂ ਦੌਰਾਨ 13.06 ਕਰੋੜ ਰੁਪਏ ਦੇ ਵਿਕਾਸ ਕੰਮਾਂ ਦੀ ਸਿਫਾਰਸ਼ ਕੀਤੀ ਹੈ, ਜੋ ਕੋਟੇ ਦਾ 87 ਫੀਸਦੀ ਬਣਦਾ ਹੈ। ਉਨ੍ਹਾਂ ਫੰਡਾਂ ਦੀ ਵਰਤੋਂ ਮੁੱਖ ਤੌਰ 'ਤੇ ਪੇਂਡੂ ਸਕੂਲਾਂ ਵਿਚ ਜਿਮਨੇਜ਼ੀਅਮ ਦਾ ਸਾਜ਼ੋ-ਸਾਮਾਨ, ਵਾਟਰ ਪਿਊਰੀਫਾਇਰ, ਬੈਂਚ ਤੇ ਹੋਰ ਸਹੂਲਤਾਂ ਮੁਹੱਈਆ ਕਰਾਉਣ ਲਈ ਕੀਤੀ ਹੈ। ਸ਼ੇਰ ਸਿੰਘ ਘੁਬਾਇਆ ਨੇ 12.93 ਕਰੋੜ ਰੁਪਏ ਦੇ ਵਿਕਾਸ ਕੰਮਾਂ ਦੀ ਸਿਫਾਰਸ਼ ਕੀਤੀ, ਜੋ ਕੋਟੇ ਦਾ 86 ਫੀਸਦੀ ਬਣਦਾ ਹੈ।





ਸ਼੍ਰੋਮਣੀ ਅਕਾਲੀ ਦਲ ਦੀ ਹਰਸਿਮਰਤ ਕੌਰ ਬਾਦਲ ਨੇ 85 ਫੀਸਦੀ ਫੰਡਾਂ ਦੀ ਵਰਤੋਂ ਕੀਤੀ ਹੈ। ਇਸ ਮਾਮਲੇ ਵਿਚ ਫਾਡੀ ਰਹਿਣ ਵਾਲਿਆਂ ਵਿਚ ਗੁਰਦਾਸਪੁਰ ਦੇ ਸਾਬਕਾ ਐਮ.ਪੀ. ਮਰਹੂਮ ਵਿਨੋਦ ਖੰਨਾ ਮੋਹਰੀ ਰਹੇ, ਜਿਨ੍ਹਾਂ ਮਹਿਜ਼ 62.84 ਫੀਸਦੀ ਫੰਡਾਂ ਦੀ ਵਰਤੋਂ ਕੀਤੀ। ਹੇਠਲੇ ਪਾਸੇ ਤੋਂ ਦੂਜੇ ਨੰਬਰ 'ਤੇ 64.44 ਫੀਸਦੀ ਵਰਤੋਂ ਨਾਲ 'ਆਪ' ਦੇ ਭਗਵੰਤ ਮਾਨ ਤੇ ਤੀਜੇ ਨੰਬਰ 'ਤੇ 64.82 ਫੀਸਦੀ ਨਾਲ ਅੰਮ੍ਰਿਤਸਰ ਦੇ ਗੁਰਜੀਤ ਸਿੰਘ ਔਜਲਾ ਰਹੇ ਹਨ। ਗੌਰਤਲਬ ਹੈ ਕਿ ਅਣਵਰਤੇ ਫੰਡ ਮਾਲੀ ਸਾਲ ਦੇ ਅਖੀਰ 'ਤੇ ਵਾਪਸ ਚਲੇ ਜਾਂਦੇ ਹਨ।

# ਪੰਜਾਬ ਵਿਚ ਰੁੱਖਾਂ ਦੀ ਕਟਾਈ ਉਤੇ ਰੋਕ

**ਸੰਗਰੂਰ:** ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐਨ.ਜੀ.ਟੀ.) ਨੇ ਪੰਜਾਬ ਵਿਚ ਰੁੱਖ ਵੱਢਣ ਉਤੇ ਰੋਕ ਲਾ ਦਿੱਤੀ ਹੈ। ਟ੍ਰਿਬਿਊਨਲ ਨੇ ਅਗਲੀ ਸੁਣਵਾਈ ਹੋਣ ਤੱਕ ਪੰਜਾਬ ਸਰਕਾਰ ਨੂੰ ਕਿਸੇ ਵੀ ਕਾਰਨ ਰੁੱਖ ਨਾ ਵੱਢਣ ਦੇ ਆਦੇਸ਼ ਦੇ ਨਾਲ-ਨਾਲ ਹੁਣ ਤੱਕ ਵੱਢੇ ਰੁੱਖਾਂ ਅਤੇ ਨਵੇਂ ਪੌਦੇ ਲਾਉਣ ਲਈ ਕੀਤੀ ਕਾਰਵਾਈ ਬਾਰੇ ਰਿਕਾਰਡ 9 ਅਗਸਤ ਤੱਕ ਪੇਸ਼ ਕਰਨ ਲਈ ਵੀ ਕਿਹਾ ਹੈ। ਐਨ.ਜੀ.ਟੀ. ਕੋਲ ਸ਼ਿਕਾਇਤ ਕਰਨ ਵਾਲੇ ਇੰਡੀਅਨ ਮੈਡੀਕਲ ਐਸੋਸੀਏਸ਼ਨ (ਆਈ.ਐਮ.ਏ.) ਸੰਗਰੂਰ ਦੇ ਪ੍ਰਧਾਨ ਡਾ. ਅਮਨਦੀਪ ਅਗਰਵਾਲ ਦੇ ਮੁਤਾਬਕ ਐਨ.ਜੀ.ਟੀ. ਨੇ 19 ਮਈ 2016 ਨੂੰ ਪੰਜਾਬ ਵਿਚ ਰੁੱਖਾਂ ਦੀ ਕਟਾਈ ਉਪਰ ਮੁਕੰਮਲ ਪਾਬੰਦੀ ਲਾ ਦਿੱਤੀ ਸੀ ਪਰ ਪੰਜਾਬ ਸਰਕਾਰ ਨੂੰ ਸੁਪਰੀਮ ਕੋਰਟ ਤੋਂ ਸਟੇਅ ਆਰਡਰ ਮਿਲ ਗਿਆ ਸੀ।

ਇਸ ਪਿੱਛੋਂ ਪੰਜਾਬ ਵਿਚ ਰੁੱਖਾਂ ਦੀ ਕਟਾਈ ਮੁੜ ਸ਼ੁਰੂ ਹੋ ਗਈ ਪਰ ਮਾਮਲੇ ਦੀ ਸੁਣਵਾਈ ਲਗਾਤਾਰ ਟ੍ਰਿਬਿਊਨਲ ਕੋਲ ਚੱਲ ਰਹੀ ਸੀ। ਟ੍ਰਿਬਿਊਨਲ ਨੇ 10 ਜੁਲਾਈ ਨੂੰ ਜਾਰੀ ਨਿਰਦੇਸ਼ਾਂ ਵਿਚ ਕਿਹਾ ਹੈ ਕਿ ਸੁਪਰੀਮ ਕੋਰਟ ਵੱਲੋਂ 22 ਅਪਰੈਲ 2017 ਨੂੰ ਦਰਖਤਾਂ ਦੀ ਕਟਾਈ ਤੋਂ ਸਟੇਅ ਆਰਡਰ ਖਤਮ ਕਰ ਦਿੱਤਾ ਹੈ, ਜਿਸ ਕਾਰਨ 19 ਮਈ ਨੂੰ ਜਾਰੀ ਕੀਤੇ ਨਿਰਦੇਸ਼ ਮੁੜ ਤੋਂ ਲਾਗੂ ਹੋ ਗਏ ਹਨ।

# ਬਾਦਲਾਂ ਦੇ ਰਾਜ ਵਿਚ ਆਇਆ ਰਿਹਾ ਅੰਦੋਲਨਾਂ ਦਾ ਹੜ੍ਹ

**ਬਠਿੰਡਾ:** ਪੰਜਾਬ ਵਿਚ ਲੰਘੇ ਪੰਜ ਵਰ੍ਹਿਆਂ ਦੌਰਾਨ 51 ਹਜ਼ਾਰ ਅੰਦੋਲਨ ਹੋਏ ਹਨ। ਰੋਜ਼ਾਨਾ ਔਸਤਨ 28 ਅੰਦੋਲਨ ਹੋਏ ਹਨ, ਜਿਨ੍ਹਾਂ ਵਿਚੋਂ ਸਭ ਤੋਂ ਵੱਧ ਅੰਦੋਲਨ ਮੁਲਾਜ਼ਮਾਂ ਦੇ ਅੰਦੋਲਨ ਹਨ। ਇਨ੍ਹਾਂ ਦੀ ਗਿਣਤੀ 23901 ਹੈ। ਇਸ ਤੋਂ ਪਤਾ ਲਗਦਾ ਹੈ ਕਿ ਮੁਲਾਜ਼ਮਾਂ ਨੇ ਰੋਜ਼ਾਨਾ ਔਸਤਨ 14 ਅੰਦੋਲਨ ਕੀਤੇ ਹਨ। ਅਕਾਲੀ-ਭਾਜਪਾ ਗੱਠਜੋੜ ਸਰਕਾਰ ਦੇ ਪਹਿਲੇ ਚਾਰ ਵਰ੍ਹਿਆਂ ਦੌਰਾਨ ਸੰਘਰਸ਼ੀ ਲੋਕਾਂ ਦੇ ਗਿਆਰਾਂ ਅੰਦੋਲਨਾਂ 'ਤੇ ਪੁਲਿਸ ਨੇ ਗੋਲੀ ਚਲਾਈ ਅਤੇ 32 ਅੰਦੋਲਨਾਂ ਉਤੇ ਲਾਠੀਚਾਰਜ ਕੀਤਾ। ਗੈਰ-ਸਰਕਾਰੀ ਤੌਰ ਉਤੇ ਲਾਠੀਚਾਰਜ ਦੇ ਮਾਮਲੇ ਜ਼ਿਆਦਾ ਹਨ।



ਕੇਂਦਰੀ ਗ੍ਰਹਿ ਮੰਤਰਾਲੇ ਦੇ ਵੇਰਵਿਆਂ ਅਨੁਸਾਰ ਗੱਠਜੋੜ ਸਰਕਾਰ ਦੇ ਆਖਰੀ ਤਿੰਨ ਵਰ੍ਹਿਆਂ ਦੌਰਾਨ ਸੰਘਰਸ਼ੀ ਲੋਕ ਸੜਕਾਂ ਉਤੇ ਰਹੇ। ਪੰਜ ਵਰ੍ਹਿਆਂ ਦੌਰਾਨ 1756 ਵਿਦਿਆਰਥੀ ਅੰਦੋਲਨ ਹੋਏ ਹਨ, ਜਦੋਂਕਿ 7755 ਅੰਦੋਲਨ ਮਜ਼ਦੂਰਾਂ ਨੇ ਕੀਤੇ ਹਨ। ਸਿਆਸੀ ਆਗੂਆਂ ਤੇ ਵਰਕਰਾਂ ਨੇ 8968 ਅੰਦੋਲਨ ਕੀਤੇ, ਜਿਨ੍ਹਾਂ ਵਿਚ ਕਾਂਗਰਸ ਅਤੇ 'ਆਪ' ਦੇ ਅੰਦੋਲਨ ਜ਼ਿਆਦਾ ਹਨ। ਕਿਸਾਨਾਂ ਤੇ ਬੇਰੁਜ਼ਗਾਰਾਂ ਵੱਲੋਂ ਕੀਤੇ ਅੰਦੋਲਨਾਂ ਦੇ ਵੱਖਰੇ ਵੇਰਵੇ ਪ੍ਰਾਪਤ ਨਹੀਂ ਹੋ ਸਕੇ ਹਨ ਪਰ ਹੋਰਾਂ ਵਲੋਂ ਕੀਤੇ ਅੰਦੋਲਨਾਂ ਦੀ ਗਿਣਤੀ 8299 ਬਣਦੀ ਹੈ, ਜਿਸ ਵਿਚ ਬੇਰੁਜ਼ਗਾਰਾਂ ਤੇ ਕਿਸਾਨ ਅੰਦੋਲਨ ਦੀ ਗਿਣਤੀ ਵੱਧ ਹੋਣ ਦੀ ਸੰਭਾਵਨਾ ਹੈ। ਪੰਜਾਬ ਮਨਿਸਟਰੀਅਲ ਸਰਵਿਸ ਯੂਨੀਅਨ ਦੇ ਆਗੂ ਕੇਵਲ ਬਾਂਸਲ ਦਾ ਕਹਿਣਾ ਸੀ ਕਿ ਸਰਕਾਰ ਮੁਲਾਜ਼ਮਾਂ ਨਾਲ ਕੀਤੇ ਚੋਣ ਵਾਅਦਿਆਂ ਤੋਂ ਮੁਕਰ ਗਈ ਸੀ, ਜਿਸ ਕਰ ਕੇ ਮੁਲਾਜ਼ਮਾਂ ਨੂੰ ਸੜਕਾਂ ਉਤੇ ਉਤਰਨਾ ਪਿਆ।

ਵੇਰਵਿਆਂ ਅਨੁਸਾਰ ਗੱਠਜੋੜ ਸਰਕਾਰ ਦੇ ਪੰਜ ਵਰ੍ਹਿਆਂ ਦੌਰਾਨ 2012 ਵਿਚ 4246 ਅੰਦੋਲਨ, 2013 ਵਿਚ 7306, 2014 ਵਿਚ 14574, 2015 ਵਿਚ 13089 ਅਤੇ 2016 ਦੌਰਾਨ 11876 ਅੰਦੋਲਨ ਹੋਏ ਹਨ। ਗੱਠਜੋੜ ਸਰਕਾਰ ਦੇ ਆਖਰੀ ਵਰ੍ਹੇ ਰੋਜ਼ਾਨਾ ਔਸਤਨ 32 ਅੰਦੋਲਨ ਹੁੰਦੇ ਰਹੇ ਹਨ। ਇਨ੍ਹਾਂ ਪੰਜ ਸਾਲਾਂ ਦੌਰਾਨ ਪੁਲਿਸ ਨੇ 11 ਵਾਰ ਗੋਲੀ ਚਲਾਈ, ਜਿਸ ਨਾਲ 8 ਅੰਦੋਲਨਕਾਰੀਆਂ ਦੀ ਜਾਨ ਚਲੀ ਗਈ ਤੇ 70 ਜ਼ਖ਼ਮੀ ਹੋਏ।

ਸੰਘਰਸ਼ਾਂ ਦੌਰਾਨ ਭੀੜ ਵੱਲੋਂ ਕੀਤੇ ਹਮਲਿਆਂ ਵਿਚ 100 ਪੁਲਿਸ ਮੁਲਾਜ਼ਮ ਜ਼ਖ਼ਮੀ ਹੋਏ ਹਨ। ਸੀ.ਪੀ.ਆਈ. ਦੇ ਸਕੱਤਰ ਕਾਮਰੇਡ ਹਰਦੇਵ ਅਰਸ਼ੀ ਦਾ ਕਹਿਣਾ ਸੀ ਕਿ ਅੰਦੋਲਨਾਂ ਦੀ ਗਿਣਤੀ ਤੋਂ ਸਾਫ ਹੈ ਕਿ ਗੱਠਜੋੜ ਸਰਕਾਰ ਸੂਬੇ ਦੇ ਲੋਕਾਂ ਨੂੰ ਸੰਤੁਸ਼ਟ ਨਹੀਂ ਕਰ ਸਕੀ ਤੇ ਇਹ ਅੰਦੋਲਨ ਸਰਕਾਰ ਦੀ ਮਾੜੀ ਕਾਰਗੁਜ਼ਾਰੀ ਦੀ ਨਿਸ਼ਾਨੀ ਹਨ। ਉਨ੍ਹਾਂ ਆਖਿਆ ਕਿ ਜਦੋਂ ਸਭ ਰਾਹ ਬੰਦ ਹੋ ਜਾਂਦੇ ਹਨ ਤਾਂ ਲੋਕਾਂ ਨੂੰ ਮਜਬੂਰਨ ਸੜਕਾਂ 'ਤੇ ਉਤਰਨਾ ਪੈਂਦਾ ਹੈ।

## ਬੇਰੁਜ਼ਗਾਰੀ ਦੇ ਖਾਤਮੇ ਲਈ ਕੈਪਟਨ ਨੇ ਮੋਦੀ ਤੋਂ ਮੰਗੀ ਮਦਦ

**ਚੰਡੀਗੜ੍ਹ:** ਬੇਰੁਜ਼ਗਾਰੀ ਦੀ ਸਮੱਸਿਆ ਨਾਲ ਸਿੱਝਣ ਲਈ ਪੰਜਾਬ ਸਰਕਾਰ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੋਂ ਮਦਦ ਮੰਗੀ ਹੈ। ਦਿੱਲੀ ਵਿਚ ਪ੍ਰਧਾਨ ਮੰਤਰੀ ਨਾਲ ਮੀਟਿੰਗ ਦੌਰਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਉਨ੍ਹਾਂ ਦਾ ਧਿਆਨ ਰਾਜ ਵਿਚ 30 ਲੱਖ ਬੇਰੁਜ਼ਗਾਰ ਨੌਜਵਾਨਾਂ ਦੇ ਸੰਗਠਿਤ ਖੇਤਰ ਵਿਚ ਨੌਕਰੀਆਂ ਹਾਸਲ ਕਰਨ ਦੇ ਯੋਗ ਨਾ ਹੋਣ ਦੇ ਮਸਲੇ ਵੱਲ ਦਿਵਾਇਆ।

ਮੁੱਖ ਮੰਤਰੀ ਨੇ ਰਾਜ ਵਿਚ ਸਨਅਤੀਕਰਨ ਨੂੰ ਹੁਲਾਰਾ ਦੇਣ ਰਾਹੀਂ ਸੰਗਠਿਤ ਖੇਤਰ ਵਿਚ ਨੌਕਰੀਆਂ ਦੇ ਹੋਰ ਮੌਕੇ ਪੈਦਾ ਕਰਨ ਲਈ ਕੇਂਦਰ ਸਰਕਾਰ ਤੋਂ ਮਦਦ ਮੰਗੀ। ਸਰਕਾਰੀ ਸੂਤਰਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਭਰੋਸਾ ਦਿਵਾਇਆ ਹੈ ਕਿ ਉਨ੍ਹਾਂ ਦਾ ਦਫਤਰ ਭਾਰਤ ਵਿਚ ਨਿਵੇਸ਼ ਉਤੇ ਨਜ਼ਰਾਂ ਟਿਕਾਈ ਬੈਠੀਆਂ ਇਜ਼ਰਾਈਲ ਤੇ ਜਾਪਾਨ ਆਧਾਰਤ ਕੁਝ ਕੰਪਨੀਆਂ ਨੂੰ ਪੰਜਾਬ ਵਿਚ ਨਿਵੇਸ਼ ਲਈ ਉਤਸ਼ਾਹਤ ਕਰੇਗਾ।

# ਟਾਂਡਾ ਵਿਚ ਡਾਇਲਸਿਸ ਸੇਵਾਵਾਂ ਸ਼ੁਰੂ

**ਟਾਂਡਾ ਉੜਮੁੜ, ਹੁਸ਼ਿਆਰਪੁਰ (ਬਿਊਰੋ):** ਸਥਾਨਕ ਬਾਬਾ ਬਲਵੰਤ ਸਿੰਘ ਚੈਰੀਟੇਬਲ ਹਸਪਤਾਲ ਵਿਚ ਪਿਛਲੇ ਮਹੀਨੇ ਤੋਂ ਡਾਇਲਸਿਸ ਦੀ ਸਹੂਲਤ ਸ਼ੁਰੂ ਹੋ ਗਈ ਹੈ। ਮਹੀਨੇ ਅੰਦਰ ਹੀ 30 ਮਰੀਜ ਇਸ ਸੇਵਾ ਦਾ ਲਾਭ ਉਠਾ ਚੁਕੇ ਹਨ। ਇਸ ਸੇਵਾ ਨੂੰ ਨੇਪਰੇ ਚਾੜ੍ਹਨ ਲਈ ਸਰਬਤ ਦਾ ਭਲਾ ਟਰਸਟ ਦੇ ਸਰਪ੍ਰਸਤ ਡਾ. ਐਸ.ਪੀ ਸਿੰਘ ਓਬਰਾਏ ਨੇ ਸਹਿਯੋਗ ਦਿੱਤਾ ਹੈ। 20 ਸਾਲ ਪਹਿਲਾਂ ਸ਼ੁਰੂ ਹੋਏ ਇਸ ਹਸਪਤਾਲ ਵਿਚ ਆਈ.ਸੀ.ਯੂ. ਦਾ ਦੂਜਾ ਵਿੰਗ ਵੀ ਜਲਦੀ ਹੀ ਸ਼ੁਰੂ ਹੋ ਜਾਵੇਗਾ।

ਜ਼ਿਕਰਯੋਗ ਹੈ ਕਿ ਹਸਪਤਾਲ ਵਿਚ ਲਾਸ਼ਾਂ ਸੰਭਾਲਣ ਲਈ ਫਰਿਜ ਵੀ ਮੌਜੂਦ ਹਨ, ਕਿਉਂਕਿ ਇਲਾਕੇ ਦੇ ਬਹੁਤੇ ਲੋਕ ਵਿਦੇਸ਼ਾਂ ਵਿਚ ਰਹਿੰਦੇ ਹਨ ਤੇ ਸਸਕਾਰ 'ਤੇ ਪਹੁੰਚਣ ਵਿਚ ਦੇਰ ਲੱਗ ਜਾਂਦੀ ਹੈ। ਇਸ ਹਸਪਤਾਲ ਦੀ ਦੇਖਭਾਲ ਬਾਬਾ ਗੁਰਦਿਆਲ ਸਿੰਘ ਕਰ ਰਹੇ ਹਨ ਜੋ ਭਾਰਤੀ ਹਵਾਈ ਸੈਨਾ ਤੋਂ ਸੇਵਾਮੁਕਤ ਹੋ ਚੁੱਕੇ ਹਨ। ਉਹ ਹਸਪਤਾਲ ਦੀ ਮਾਲੀ ਮਦਦ ਬਾਹਰਲੇ ਮੁਲਕਾਂ ਵਿਚ ਕਥਾ ਕੀਰਤਨ ਤੋਂ ਇਕੱਠੀ ਹੋਈ ਮਾਇਆ ਨਾਲ ਕਰਦੇ ਹਨ। ਅਗਸਤ ਵਿਚ ਉਹ ਕੈਨੇਡਾ ਦੇ ਦੌਰੇ 'ਤੇ ਜਾ ਰਹੇ ਹਨ। ਹਸਪਤਾਲ ਦੀ ਅਗਵਾਈ ਫਲੋਰਿਡਾ ਵਿਚ ਸਥਾਪਤ ਮਹੇਸ਼ਵਰ ਫਾਊਂਡੇਸ਼ਨ ਵੀ ਕਰਦੀ ਹੈ ਜਿਸ ਨੇ ਬਹੁਤ ਵਾਰ ਅੱਖਾਂ, ਦਿਲ ਤੇ ਹੱਡੀਆਂ ਦੇ ਮਾਹਿਰ ਵਿਦੇਸ਼ਾਂ ਵਿਚੋਂ ਲਿਜਾ ਕੇ ਮੁਫਤ ਕੈਂਪ ਲਾਏ ਹਨ। ਬਹੁਤ ਸਾਰਾ ਸਮਾਨ ਬਾਹਰਲੇ ਮੁਲਕਾਂ ਵਿਚੋਂ ਭੇਟ ਕੀਤਾ ਗਿਆ ਹੈ। ਬਾਬਾ ਗੁਰਦਿਆਲ ਸਿੰਘ ਨਾਲ ਸੰਪਰਕ gurdialsingh@hotmail.com ਰਾਹੀਂ ਕੀਤਾ ਜਾ ਸਕਦਾ ਹੈ।

## ਚੀਨ 'ਚ ਅੱਗ ਲੱਗਣ ਨਾਲ 22 ਮੌਤਾਂ

**ਬੀਜਿੰਗ:** ਚੀਨ ਦੇ ਜਿਆਂਗਸੂ ਸੂਬੇ 'ਚ ਇਕ ਘਰ ਨੂੰ ਅੱਗ ਲੱਗਣ ਨਾਲ ਤਕਰੀਬਨ 22 ਲੋਕਾਂ ਦੀ ਝੁਲਸ ਕੇ ਮੌਤ ਹੋ ਗਈ। ਚੈਂਗਸ਼ੂ ਸ਼ਹਿਰ ਦੇ ਯੂਸ਼ਾਨ ਕਸਬੇ 'ਚ ਸਥਿਤ ਇਕ ਦੋ ਮੰਜ਼ਿਲਾ ਰਿਹਾਇਸ਼ੀ ਮਕਾਨ ਨੂੰ ਤੜਕੇ ਭਿਆਨਕ ਅੱਗ ਲੱਗ ਗਈ, ਜਿਸ 'ਚ ਝੁਲਸਣ ਨਾਲ 22 ਲੋਕਾਂ ਦੀ ਮੌਤ ਹੋ ਗਈ ਜਦੋਂ ਕਿ 3 ਹੋਰ ਜ਼ਖਮੀ ਹੋ ਗਏ।

## ਗਦਰੀ ਬਾਬਿਆਂ ਦੀ ਯਾਦ ਵਿਚ ਮੇਲਾ 8 ਅਕਤੂਬਰ ਨੂੰ

**ਸੈਕਰਾਮੈਂਟੋ (ਬਿਊਰੋ):** ਇੰਡੋ ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਵਲੋਂ ਗਦਰੀ ਬਾਬਿਆਂ ਦੀ ਯਾਦ ਵਿਚ ਮੇਲਾ ਆਉਂਦੀ 8 ਅਕਤੂਬਰ, ਐਤਵਾਰ ਨੂੰ ਇਥੇ ਈਸਟ ਸਟਾਕਟਨ ਬੁਲੇਵਾਰਡ 'ਤੇ ਸਥਿਤ ਐਸ.ਈ.ਐਸ. ਹਾਲ ਵਿਚ ਰੱਖਿਆ ਗਿਆ ਹੈ।

ਆਰਗੇਨਾਈਜੇਸ਼ਨ ਦੇ ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ ਅਤੇ ਜਨਰਲ ਸਕੱਤਰ ਗਿਆਨ ਸਿੰਘ ਬਿਲਗਾ ਅਨੁਸਾਰ ਮੇਲੇ ਦੇ ਅਰੰਭ ਵਿਚ ਪ੍ਰਸਿਧ ਗਦਰੀ ਆਜ਼ਾਦੀ ਘੁਲਾਟੀਏ ਮੌਲਵੀ ਮੁਹੰਮਦ ਬਰਕਤ ਉਲਾ ਦੀ ਮਜ਼ਾਰ 'ਤੇ ਫੁੱਲ ਚੜ੍ਹਾਉਣ ਦੀ ਰਸਮ ਹੋਵੇਗੀ। ਉਪਰੰਤ ਝੰਡੇ ਦੀ ਰਸਮ ਹੋਵੇਗੀ ਤੇ ਹਾਲ ਵਿਚ ਨਾਮੀ ਕਲਾਕਾਰ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨਗੇ।

ਉਨ੍ਹਾਂ ਦੱਸਿਆ ਕਿ ਮੇਲਾ ਭਾਰਤੀ ਉਪ ਮਹਾਂਦੀਪ ਦੀ ਅੰਗਰੇਜ਼ ਸਾਮਰਾਜ ਤੋਂ ਆਜ਼ਾਦੀ ਲਈ ਲੜੇ ਗਏ ਹਥਿਆਰਬੰਦ ਸੰਘਰਸ਼ ਵਿਚ ਹੱਸ ਹੱਸ ਫਾਂਸੀ ਦੇ ਰੱਸੇ ਗਲਾਂ ਵਿਚ ਪਾਉਣ ਵਾਲੇ ਸੂਰਮਿਆਂ ਅਤੇ ਕਾਲੇ ਪਾਣੀ ਦੇ ਕੁੰਭੀ ਨਰਕ ਭੋਗਣ ਵਾਲੇ ਤੇ ਜਾਨਾਂ ਵਾਰਨ ਵਾਲੇ ਯੋਧਿਆਂ ਦੀ ਯਾਦ ਨੂੰ ਸਮਰਪਿਤ ਹੋਵੇਗਾ।

# ਸ਼ਹੀਦ ਊਧਮ ਸਿੰਘ ਤੇ ਮਦਨ ਲਾਲ ਢੀਂਗੜਾ ਦੇ ਸ਼ਹੀਦੀ ਦਿਹਾੜੇ 'ਤੇ ਸਮਾਗਮ 30 ਨੂੰ

**ਸੈਕਰਾਮੈਂਟੋ (ਬਿਊਰੋ):** ਸ਼ਹੀਦ ਊਧਮ ਸਿੰਘ ਅਤੇ ਸ਼ਹੀਦ ਮਦਨ ਲਾਲ ਢੀਂਗੜਾ ਦੇ ਸ਼ਹੀਦੀ ਦਿਹਾੜੇ 'ਤੇ ਇਕ ਸਮਾਗਮ 30 ਜੁਲਾਈ ਨੂੰ ਇਕ ਵਜੇ ਇਥੇ ਕੈਜ਼ੂਮਨਸ ਰਿਵਰ ਕਾਲਜ ਵਿਚ ਹੋਵੇਗਾ। ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਆਮ ਆਦਮੀ ਪਾਰਟੀ ਦੀ ਪੰਜਾਬ ਇਕਾਈ ਦੇ ਮੀਤ ਪ੍ਰਧਾਨ ਤੇ ਸੁਨਾਮ ਤੋਂ ਵਿਧਾਇਕ ਸ੍ਰੀ ਅਮਨ ਅਰੋੜਾ ਅਤੇ ਦੋ ਹੋਰ ਧੜੱਲੇਦਾਰ ਵਿਧਾਇਕ ਪੁੱਜ ਰਹੇ ਹਨ।

ਸਮਾਗਮ 'ਚ ਦੋਹਾਂ ਸ਼ਹੀਦਾਂ ਦੀਆਂ ਸ਼ਹਾਦਤਾਂ 'ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਹਿਸਟਰੀ ਵਿਭਾਗ ਦੇ ਪ੍ਰੋਫੈਸਰ ਪਰਨੀਤ ਕੌਰ ਢਿੱਲੋਂ ਅਤੇ ਪ੍ਰੋ. ਮੁਹੰਮਦ ਇੰਦਰੀਜ ਪੇਪਰ ਪੜ੍ਹਨਗੇ। ਸਾਇਸਦਾਨ ਡਾ. ਗੁਰਦੇਵ ਖੁਸ਼, ਸ. ਹਰਦਮ ਸਿੰਘ ਆਜ਼ਾਦ, ਡਾ. ਰਮੇਸ਼ ਕੁਮਾਰ, ਡਾ. ਪਰਗਟ ਸਿੰਘ ਹੁੰਦਲ, ਪ੍ਰੋ. ਹਰਪਾਲ ਸਿੰਘ ਅਤੇ ਸਾਬਕਾ ਡੀ.ਈ.ਓ. ਡਾ. ਉਜਾਗਰ ਸਿੰਘ ਵੀ ਆਪਣੇ ਵਿਚਾਰ ਪੇਸ਼ ਕਰਨਗੇ।

ਸ਼ਮਾ ਰੌਸ਼ਨ ਕਰਨ ਉਪਰੰਤ ਸਮਾਗਮ ਦਾ ਉਦਘਾਟਨ ਸ਼ਹੀਦ ਊਧਮ ਸਿੰਘ ਮੈਮੋਰੀਅਲ ਫਾਊਂਡੇਸ਼ਨ ਆਫ ਨਾਰਥ ਅਮਰੀਕਾ ਦੇ ਪ੍ਰਧਾਨ ਸ. ਗੁਲਿੰਦਰ ਗਿੱਲ ਕਰਨਗੇ। ਗੋਗੀ ਸੰਧੂ, ਪੰਮੀ ਮਾਨ ਅਤੇ ਹੋਰ ਕਲਾਕਾਰ ਕੁਰਬਾਨੀਆਂ ਵਾਲੇ ਗੀਤ ਗਾਉਣਗੇ। ਉਚ ਕੋਟੀ ਦੇ ਕਵੀ ਸੱਜਣ ਆਪਣੀਆਂ ਕਵਿਤਾਵਾਂ ਰਾਹੀਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨਗੇ।

ਸਮਾਗਮ ਲਈ ਪਾਰਕਿੰਗ, ਚਾਹ-ਪਾਣੀ ਤੇ ਸਨੈਕਸ ਫਰੀ ਹੋਣਗੇ। ਪ੍ਰਬੰਧਕਾਂ ਨੇ ਸਮੂਹ ਭਾਈਚਾਰੇ ਨੂੰ ਸਮਾਗਮ ਵਿਚ ਹੁਮਹੁਮਾ ਕੇ ਪਹੁੰਚਣ ਦੀ ਬੇਨਤੀ ਕੀਤੀ ਹੈ। ਹੋਰ ਜਾਣਕਾਰੀ ਲਈ ਗੁਰਦੀਪ ਸਿੰਘ ਗਿੱਲ ਨਾਲ ਫੋਨ: 916-752-6778 ਜਾਂ ਬਲਵਿੰਦਰ ਸਿੰਘ ਡੁਲਕੂ ਨਾਲ ਫੋਨ: 916-289-5956 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।


ਰੈਸਟੋਰੈਂਟ ਸਟਾਫ ਦੀ ਲੋੜ ਹੈ

ਆਇਓਵਾ ਵਿਚ ਭਾਰਤੀ ਰੈਸਟੋਰੈਂਟ ਲਈ ਕਰੀ ਕੁੱਕ, ਤੰਦੂਰੀਏ, ਹੈਲਪਰ, ਸਰਵਰ ਅਤੇ ਡਿਸ਼ ਵਾਸ਼ਰ ਦੀ ਲੋੜ ਹੈ। ਚੰਗੀ ਤਨਖਾਹ ਤੇ ਮੁਫਤ ਰਿਹਾਇਸ਼।

ਸੰਪਰਕ ਕਰੋ

ਫੋਨ: 515-291-1961

26-29


# ਅਪਰਾਧੀਆਂ ਦੇ ਲਾਇਸੈਂਸੀ ਹਥਿਆਰਾਂ ਦੀ ਹੋਵੇਗੀ ਜਾਂਚ

**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਬੀਤੇ ਦਹਾਕੇ ਦੌਰਾਨ ਸੂਬੇ 'ਚ ਜਾਰੀ ਹੋਏ ਹਥਿਆਰਾਂ ਦੇ ਕੋਈ ਦੋ ਲੱਖ ਲਾਇਸੈਂਸਾਂ ਦੀ ਜਾਂਚ ਕਰਨ ਦਾ ਫੈਸਲਾ ਕੀਤਾ ਹੈ। ਇਹ ਕਦਮ ਹਾਲ ਹੀ ਵਿਚ ਦਹਿਸ਼ਤਗਰਦਾਂ ਦੇ ਦੋ ਮੌਡਿਊਲਾਂ ਅਤੇ ਅਪਰਾਧੀਆਂ ਕੋਲੋਂ ਲਾਇਸੈਂਸੀ ਹਥਿਆਰ ਫੜੇ ਜਾਣ ਪਿਛੋਂ ਚੁੱਕਿਆ ਗਿਆ ਹੈ। ਸੀਨੀਅਰ ਪੁਲਿਸ ਅਫਸਰਾਂ ਮੁਤਾਬਕ ਇਸ ਦਹਾਕੇ ਦੌਰਾਨ ਸਿਆਸੀ ਲਿਹਾਜ਼ਦਾਰੀ ਕਾਰਨ ਲਾਇਸੈਂਸ ਜਾਰੀ ਕਰਨ ਸਬੰਧੀ ਨਿਯਮਾਂ ਨੂੰ ਨਜ਼ਰਅੰਦਾਜ਼ ਕੀਤਾ ਗਿਆ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਅਪਰੈਲ 'ਚ ਐਲਾਨ ਕੀਤਾ ਸੀ ਕਿ ਪਿਛਲੀ ਸਰਕਾਰ ਵੱਲੋਂ ਜਾਰੀ ਹਥਿਆਰਾਂ ਦੇ ਲਾਇਸੈਂਸਾਂ ਦੀ ਘੋਖ ਕੀਤੀ ਜਾਵੇਗੀ। ਸੂਤਰਾਂ ਅਨੁਸਾਰ ਲਾਇਸੈਂਸਾਂ ਦੀ ਗਿਣਤੀ ਇਸ ਦੌਰਾਨ ਦੋ ਲੱਖ ਤੋਂ ਵਧ ਕੇ ਕਰੀਬ ਚਾਰ ਲੱਖ ਹੋ ਗਈ। ਬਹੁਤੇ ਨਵੇਂ ਲਾਇਸੈਂਸਾਂ ਲਈ ਸਿਫਾਰਿਸ਼ ਅਕਾਲੀ ਵਿਧਾਇਕਾਂ ਜਾਂ ਹਲਕਾ ਇੰਚਾਰਜਾਂ ਨੇ ਕੀਤੀ। ਇਨ੍ਹਾਂ ਸਭ ਦੀ ਤਫਤੀਸ਼ ਕੀਤੀ ਜਾਵੇਗੀ। ਇੰਜ ਬਿਨਾ ਸੋਚੇ-ਸਮਝੇ ਲਾਇਸੈਂਸ ਜਾਰੀ ਕਰਨ ਦਾ ਸਿੱਟਾ ਸਾਡੇ ਸਾਹਮਣੇ ਹੈ। ਹੈਰਾਨੀ ਦੀ ਗੱਲ ਹੈ ਕਿ ਅਪਰਾਧੀਆਂ ਕੋਲ ਵੀ ਲਾਇਸੈਂਸ਼ੁਦਾ ਹਥਿਆਰ ਹੋ ਸਕਦੇ ਹਨ, ਜਿਨ੍ਹਾਂ ਦੀ ਸਿਫਾਰਸ਼ ਸਿਆਸਤਦਾਨਾਂ ਨੇ ਕੀਤੀ ਸੀ।

ਪੁਲਿਸ ਨੂੰ ਇਕ ਹੋਰ ਝਟਕਾ ਇਹ ਇਲਮ ਹੋਣ 'ਤੇ ਲੱਗਾ ਕਿ ਇਕ ਸਾਬਕਾ ਅਕਾਲੀ ਵਿਧਾਇਕ ਨੇ ਅਨੇਕਾਂ ਲੋਕਾਂ ਨੂੰ ਲਾਇਸੈਂਸ ਦੇਣ ਲਈ ਸਿਫਾਰਸ਼ਾਂ ਕੀਤੀਆਂ ਸਨ, ਜਿਨ੍ਹਾਂ ਵਿਚੋਂ ਕਈ ਸਾਫ ਤੌਰ 'ਤੇ ਸ਼ੱਕੀ ਪਿਛੋਕੜ ਵਾਲੇ ਸਨ। ਬੁਰਜ ਜਵਾਹਰ ਸਿੰਘ ਵਾਲਾ ਪਿੰਡ ਵਿਚ ਡੇਰਾ ਸਿਰਸਾ ਦੇ ਪੈਰੋਕਾਰ ਤੇ ਰਾਜਸਥਾਨ ਦੇ ਇਕ ਡੇਰੇਦਾਰ ਦੇ ਕਤਲ ਲਈ ਬੀਤੇ ਦਿਨ ਨਾਮਜ਼ਦ ਕੀਤੇ ਗਏ ਗੁਰਪ੍ਰੀਤ ਸਿੰਘ ਉਰਫ ਗੋਪੀ ਤੇ ਅਮਨਾ ਸੇਠ ਕੋਲ ਵੀ ਲਾਇਸੈਂਸੀ ਹਥਿਆਰ ਸਨ। ਇਨ੍ਹਾਂ ਵਿਚੋਂ ਹਾਲੇ ਗੋਪੀ ਹੀ ਫੜਿਆ ਗਿਆ ਹੈ।


Flat For Sale

*In Jalandhar*

Well Furnished, 1500 Sq.ft. Flat, Three Bed Rooms, Three Bathrooms, Drawing Room, Pooja Room, Secured Gated Community, Gym, Park, Elevator With Generator Backup, 6th Floor, Hamilton Towers, Nakodar Rd. Near GTB Nagar, Jalandhar City

*Price- $90,000*

Contact, Ph: 630-624-7426

Email-shankapoor75@Gmail.com

29-



DHOL RADIO

WEBSITE - DHOLRADIO.CO

DHOL RADIO

ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ

REQUEST SONG

MUSIC 24/7

LISTEN ON PHONE

ਹੁਣ ਸ਼ਿਕਾਗੋ ਤੋਂ



Application For Android and iPhone - Dhol Radio

LIVE CALLS → USA 951-824-6365

skype - DHOLRADIO.ORG

LISTEN BY CALL → USA 702-489-0211

Sukhpal Gill 10 pm to 12 am (IST)

Puran singh waraich 2:30 pm to 4 pm (IST)



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

GLOBAL MULTI SERVICES

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash Grand Opening

• 8 Drive Tires For $3300 Kelly KDA

• Two Steer Tire Michelin $1150 Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.547.9210

FAX: 209.547.9211

www.gfbontime.com, raj@gfbontime.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210

FAX: 209.547.9211

REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996

FAX: 209.982.9997

# ਸਰਕਾਰੀ ਐਲਾਨ ਪਿੱਛੋਂ ਰੱਜੇ-ਪੁੱਜੇ ਵੀ ਕਰਜ਼ ਮੋੜਨ ਤੋਂ ਟਲਣ ਲੱਗੇ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ 5 ਏਕੜ ਤੱਕ ਦੀ ਮਾਲਕੀ ਵਾਲੇ ਕਿਸਾਨਾਂ ਦਾ 2 ਲੱਖ ਤੱਕ ਕਰਜ਼ਾ ਮੁਆਫ ਕਰਨ ਦੇ ਐਲਾਨ ਨੇ ਸੂਬੇ ਦੇ ਖੇਤੀ ਸਹਿਕਾਰੀ ਬੈਂਕਾਂ ਨੂੰ ਵੱਡੇ ਸੰਕਟ ਵਿਚ ਪਾ ਦਿੱਤਾ ਹੈ। ਸਰਕਾਰ ਤੋਂ ਮਿਲੇ ਅੰਕੜਿਆਂ ਅਨੁਸਾਰ 31 ਮਈ 2017 ਤੱਕ ਰਾਜ ਦੇ ਸਹਿਕਾਰੀ ਬੈਂਕਾਂ ਵੱਲੋਂ ਕੁੱਲ 10482 ਕਰੋੜ ਰੁਪਏ ਦੇ ਕਰਜ਼ੇ ਕਿਸਾਨਾਂ ਨੂੰ ਦਿੱਤੇ ਗਏ ਸਨ ਜਿਸ ਵਿਚੋਂ ਛੋਟੇ ਅਤੇ ਦਰਮਿਆਨੇ ਕਿਸਾਨਾਂ ਨੂੰ ਦਿੱਤਾ ਗਿਆ ਕਰਜ਼ਾ 5217 ਕਰੋੜ ਰੁਪਏ ਦਾ ਹੈ। ਮਗਰਲੇ ਇਕ ਸਾਲ ਦੌਰਾਨ ਰਾਜ ਦੇ ਕਿਸਾਨਾਂ ਵੱਲੋਂ ਸਰਕਾਰੀ, ਨਿੱਜੀ ਅਤੇ ਪੇਂਡੂ ਸਹਿਕਾਰੀ ਬੈਂਕਾਂ ਤੋਂ ਕੁੱਲ ਕੋਈ 14383 ਕਰੋੜ ਰੁਪਏ ਦੇ ਕਰਜ਼ੇ ਪ੍ਰਾਪਤ ਕੀਤੇ ਹਨ ਪਰ ਸਰਕਾਰ ਵੱਲੋਂ ਕਰਜ਼ਾ ਮੁਆਫੀ ਦੇ ਐਲਾਨ ਅਤੇ ਜ਼ਮੀਨ ਦੀ ਕੁਰਕੀ ਵਾਲੇ ਕਾਨੂੰਨ ਨੂੰ ਖਤਮ ਕਰਨ ਨਾਲ ਸੂਬੇ ਦੇ ਕਿਸਾਨਾਂ ਵੱਲੋਂ ਸਹਿਕਾਰੀ ਬੈਂਕਾਂ ਦੇ

ਕਰਜ਼ਿਆਂ ਦੀ ਅਦਾਇਗੀ ਤਕਰੀਬਨ ਰੋਕ ਦਿੱਤੀ ਗਈ ਹੈ। ਸਹਿਕਾਰਤਾ ਵਿਭਾਗ ਨੇ ਵਿੱਤ ਵਿਭਾਗ ਨੂੰ ਕਿਹਾ ਕਿ ਸਹਿਕਾਰੀ ਬੈਂਕਾਂ ਨੂੰ ਵਿੱਤੀ ਸੰਕਟ ਵਿਚੋਂ ਕੱਢਣ ਲਈ ਚਾਲੂ ਮਾਲੀ ਸਾਲ ਦੌਰਾਨ 3500 ਕਰੋੜ ਰੁਪਏ ਜਾਰੀ ਕੀਤੇ ਜਾਣ ਤਾਂ ਜੋ ਬੈਂਕਾਂ ਨੂੰ ਡੁੱਬਣ ਤੋਂ ਰੋਕਿਆ ਜਾ ਸਕੇ। ਵਿਭਾਗ ਵੱਲੋਂ ਦੱਸਿਆ ਗਿਆ ਕਿ ਵਿੱਤੀ ਸੰਕਟ ਕਾਰਨ ਸਹਿਕਾਰੀ ਬੈਂਕਾਂ ਵੱਲੋਂ ਸਟਾਫ ਦੀ ਛਾਂਟੀ ਵੀ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਬੈਂਕਾਂ ਵੱਲੋਂ ਮੁਲਾਜ਼ਮਾਂ ਲਈ 58 ਸਾਲ ਤੋਂ 60 ਸਾਲ ਤੱਕ ਸੇਵਾ ਮੁਕਤੀ 'ਚ ਕੀਤਾ ਗਿਆ ਵਾਧਾ ਵੀ ਇਸੇ ਕਾਰਨ ਵਾਪਸ ਲੈ ਲਿਆ ਗਿਆ ਹੈ ਤਾਂ ਜੋ ਮੁਲਾਜ਼ਮਾਂ ਨੂੰ 58 ਸਾਲ 'ਤੇ ਹੀ ਸੇਵਾ ਮੁਕਤ ਕੀਤਾ ਜਾ ਸਕੇ।

ਬੈਂਕਾਂ ਦਾ ਕਹਿਣਾ ਹੈ ਕਿ ਰਾਜ ਸਰਕਾਰ ਵੱਲੋਂ ਕਰਜ਼ਾ ਕੁਰਕੀ ਨੂੰ ਖਤਮ ਕਰਨ ਸਬੰਧੀ ਬਣਾਏ ਗਏ ਨਵੇਂ ਕਾਨੂੰਨ ਬਾਰੇ ਭਾਵੇਂ ਅਜੇ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ ਗਿਆ ਪਰ ਮੁੱਖ ਮੰਤਰੀ ਦੇ ਐਲਾਨ ਤੋਂ ਬਾਅਦ ਸਹਿਕਾਰੀ ਬੈਂਕਾਂ ਵੱਲੋਂ ਕਿਸਾਨਾਂ ਦੇ ਕਰਜ਼ੇ ਦੀ ਉਗਰਾਹੀ ਲਈ ਕੁਰਕੀ ਮੁਹਿੰਮ ਰੋਕ ਲਈ ਗਈ ਹੈ, ਜਦੋਂਕਿ ਕਿਸਾਨਾਂ ਵੱਲੋਂ ਵੀ ਕਰਜ਼ਾ ਮੁਆਫੀ ਦੀ ਆਸ 'ਚ ਕਰਜ਼ੇ ਮੋੜਨੇ ਬੰਦ ਕਰ ਦਿੱਤੇ ਗਏ ਹਨ।

ਰਾਜ ਸਰਕਾਰ ਵੱਲੋਂ ਕਰਜ਼ਾ ਮੁਆਫੀ ਸਬੰਧੀ ਬਕਾਇਦਾ ਫੈਸਲੇ ਦੀ ਅਣਹੋਂਦ 'ਚ ਰਾਜ ਸਰਕਾਰ ਵੀ ਖੁਦ ਮਾਹਰਾਂ ਦੀ ਕਮੇਟੀ ਦੀ ਰਿਪੋਰਟ ਦਾ ਇੰਤਜ਼ਾਰ ਕਰ ਰਹੀ ਹੈ। ਕਿਸਾਨਾਂ, ਬੈਂਕਾਂ ਜਾਂ ਕਿਸੇ ਵੀ ਹੋਰ ਧਿਰ ਨੂੰ ਕਰਜ਼ਾ ਮੁਆਫੀ ਸਬੰਧੀ ਤਸਵੀਰ ਸਪੱਸ਼ਟ ਨਾ ਹੋਣ ਕਾਰਨ ਬੈਂਕਾਂ ਲਈ ਕਸੂਤੀ ਸਥਿਤੀ ਪੈਦਾ ਹੋ ਗਈ ਹੈ। ਦਿਲਚਸਪ ਗੱਲ ਇਹ ਹੈ ਕਿ ਰਾਜ ਸਰਕਾਰ ਜਿਸ ਵੱਲੋਂ ਕਰਜ਼ਾ ਮੁਆਫੀ ਲਈ ਚਾਲੂ ਸਾਲ ਲਈ ਬਜਟ ਅਨੁਮਾਨਾਂ 'ਚ 1500 ਕਰੋੜ ਦੀ ਰਾਸ਼ੀ ਰੱਖੀ ਗਈ ਹੈ, ਉਹ ਸਹਿਕਾਰੀ ਬੈਂਕਾਂ ਨੂੰ ਵਿੱਤੀ ਸੰਕਟ 'ਚੋਂ ਕੱਢਣ ਲਈ 3500 ਕਰੋੜ ਰੁਪਏ ਚਾਲੂ ਸਾਲ ਦੌਰਾਨ ਕਿਵੇਂ ਜਾਰੀ ਕਰ ਸਕੇਗੀ। ਸਹਿਕਾਰਤਾ ਵਿਭਾਗ ਦਾ ਕਹਿਣਾ ਹੈ ਵਿੱਤੀ ਸੰਕਟ ਕਰ ਕੇ ਆਉਂਦੇ ਦਿਨਾਂ ਦੌਰਾਨ ਬੈਂਕਾਂ ਲਈ ਆਪਣੇ ਮੁਲਾਜ਼ਮਾਂ ਨੂੰ ਤਨਖਾਹਾਂ ਦੇਣੀਆਂ ਅਤੇ ਰੋਜ਼ਮਰ੍ਹਾ ਦੇ ਖਰਚਿਆਂ ਲਈ ਅਦਾਇਗੀਆਂ ਕਰਨੀਆਂ ਵੀ ਮੁਸ਼ਕਲ ਬਣ ਜਾਣਗੀਆਂ।

### ਸਹਿਕਾਰੀ ਬੈਂਕਾਂ ਨੂੰ ਲੱਗਾ ਸਭ ਤੋਂ ਵੱਧ ਰਗੜਾ



### ਮੁਆਫੀ ਲਈ ਅਜੇ ਦੋ ਮਹੀਨੇ ਹੋਰ ਲੱਗਣਗੇ: ਮਨਪ੍ਰੀਤ

**ਚੰਡੀਗੜ੍ਹ:** ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਹੈ ਕਿ ਸੂਬਾ ਸਰਕਾਰ ਪੰਜ ਏਕੜ ਤੱਕ ਦੇ ਕਿਸਾਨਾਂ ਦਾ ਦੋ ਲੱਖ ਰੁਪਏ ਤੱਕ ਦਾ ਫਸਲੀ ਕਰਜ਼ਾ ਮੁਆਫ ਕਰ ਚੁੱਕੀ ਹੈ ਪਰ ਇਸ ਫੈਸਲੇ ਨੂੰ ਅਮਲੀ ਜਾਮਾ ਪਵਾਉਣ ਵਾਸਤੇ ਨੋਟੀਫਿਕੇਸ਼ਨ ਜਾਰੀ ਕਰਨ ਵਿਚ ਦੋ ਮਹੀਨਿਆਂ ਦਾ ਹੋਰ ਸਮਾਂ ਲੱਗ ਜਾਵੇਗਾ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਕਿਸਾਨਾਂ ਦਾ ਕਰਜ਼ਾ ਮੁਆਫ ਕਰ ਦਿੱਤਾ ਹੈ, ਹੁਣ ਬੈਂਕਾਂ ਤੇ ਸਰਕਾਰ ਵਿਚਕਾਰ ਲੈਣ ਦੇਣ ਹੋਵੇਗਾ, ਇਸ ਦਾ ਕਿਸਾਨਾਂ ਨਾਲ ਕੋਈ ਸਬੰਧ ਨਹੀਂ ਹੈ। ਕਰਜ਼ੇ ਦੀ ਅਦਾਇਗੀ ਸਰਕਾਰ ਵੱਲੋਂ ਬੈਂਕਾਂ ਨੂੰ ਕੀਤੀ ਜਾਣੀ ਹੈ।

### ਕਰਜ਼ੇ ਤੋਂ ਦੁਖੀ ਕਿਸਾਨ ਨੇ ਲਾਈ ਖੁਦ ਨੂੰ ਅੱਗ

**ਬਰਨਾਲਾ:** ਮਹਿਲ ਖੁਰਦ ਦੇ ਕਿਸਾਨ ਨੇ ਪੈਟਰੋਲ ਛਿੜਕ ਕੇ ਆਪਣੇ ਆਪ ਨੂੰ ਅੱਗ ਲਗਾ ਲਈ, ਜਿਸ ਦੀ ਇਲਾਜ ਦੌਰਾਨ ਮੌਤ ਹੋ ਗਈ। ਕਿਸਾਨ ਅਵਤਾਰ ਸਿੰਘ ਉਰਫ ਇਕਬਾਲ ਨੇ ਮਾਨਸਿਕ ਪਰੇਸ਼ਾਨੀ ਕਾਰਨ ਇਹ ਕਦਮ ਚੁੱਕਿਆ। ਉਸ ਨੇ ਲੜਕੀ ਦੇ ਵਿਆਹ ਅਤੇ ਘਰ ਪਾਉਣ ਲਈ 10 ਲੱਖ ਰੁਪਏ ਕਰਜ਼ਾ ਲਿਆ ਸੀ। ਆਪਣੀ ਸਾਰੀ ਦੋ ਏਕੜ ਜ਼ਮੀਨ ਗਹਿਣੇ ਰੱਖ ਕੇ ਸੱਤ ਲੱਖ ਰੁਪਏ ਵਾਪਸ ਕਰ ਦਿੱਤੇ ਸਨ ਪਰ ਬਾਕੀ ਕਰਜ਼ੇ ਅਤੇ ਜ਼ਮੀਨ ਗਹਿਣੇ ਹੋਣ ਕਾਰਨ ਉਹ ਮਾਨਸਿਕ ਤੌਰ 'ਤੇ ਪਰੇਸ਼ਾਨ ਸੀ। ਉਹ ਪਿੰਡ ਮਹਿਲ ਖੁਰਦ ਛੱਡ ਕੇ ਸਹੁਰੇ ਪਿੰਡ ਬੜੂੰਦੀ ਚਲਾ ਗਿਆ ਸੀ।

## ਮਕਾਨ ਦੀ ਛੱਤ ਡਿੱਗਣ ਕਾਰਨ ਪਿਉ ਪੁੱਤ ਦੀ ਮੌਤ

**ਸੁਨਾਮ:** ਮੋਦੀ ਮਿੱਲ ਰੋਡ 'ਤੇ ਮੀਂਹ ਪੈਣ ਕਾਰਨ ਇਕ ਗਰੀਬ ਪਰਿਵਾਰ ਦੇ ਘਰ ਦੀ ਛੱਤ ਡਿੱਗ ਗਈ ਜਿਸ ਕਾਰਨ ਪਿਉ-ਪੁੱਤਰ ਦੀ ਮੌਕੇ 'ਤੇ ਹੀ ਮੌਤ ਹੋਈ ਗਈ ਜਦਕਿ ਇਕ ਛੋਟਾ ਬੱਚਾ ਗੰਭੀਰ ਜਖ਼ਮੀ ਹੋ ਗਿਆ। ਪੱਪੂ ਕੁਮਾਰ ਜਦ ਆਪਣੇ ਪਰਿਵਾਰ ਨਾਲ ਘਰ ਵਿਚ ਸੌਂ ਰਿਹਾ ਸੀ ਤਾਂ ਕਮਰੇ ਦੀ ਛੱਤ ਡਿੱਗ ਗਈ।

ਪੱਪੂ ਕੁਮਾਰ ਦੀ ਪਤਨੀ ਰੇਖਾ ਕੁਮਾਰੀ ਨੇ ਦੱਸਿਆ ਕਿ ਸਵੇਰੇ 3 ਵਜੇ ਉਸ ਨੂੰ ਪਾਣੀ ਦੀ ਪਿਆਸ ਲੱਗੀ ਤਾਂ ਉਹ ਕਮਰੇ 'ਚੋਂ ਬਾਹਰ ਆ ਗਈ ਤੇ ਇੰਨੇ 'ਚ ਹੀ ਇਹ ਘਟਨਾ ਵਾਪਰ ਗਈ। ਕਮਰੇ 'ਚ ਸੌਂ ਰਹੇ ਉਸ ਦੇ ਪਤੀ ਪੱਪੂ ਕੁਮਾਰ ਤੇ ਪੁੱਤਰ ਅਰਮਾਨ ਕੁਮਾਰ (8) ਦੀ ਮੌਕੇ 'ਤੇ ਹੀ ਮੌਤ ਹੋ ਗਈ। ਰੌਲਾ ਪਾਉਣ 'ਤੇ ਗੁਆਂਢ ਵਾਲੇ ਘਰਾਂ ਦੇ ਲੋਕਾਂ ਨੇ ਤਿੰਨਾਂ ਨੂੰ ਮਲਬੇ 'ਚੋਂ ਬਾਹਰ ਕੱਢਿਆ।

# ਮਨੁੱਖੀ ਅਧਿਕਾਰ ਕਮਿਸ਼ਨ ਦੇ ਆਪਣੇ ਹੱਕਾਂ ਦਾ ਹੀ ਘਾਣ

**ਚੰਡੀਗੜ੍ਹ:** ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਐਚ.ਐਸ. ਫੂਲਕਾ ਵੱਲੋਂ ਅਸਤੀਫਾ ਦਿੱਤੇ ਜਾਣ ਤੋਂ ਬਾਅਦ ਪੰਜਾਬ ਸਰਕਾਰ ਨੇ 'ਫਟਾ-ਫਟ' ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦੇ ਚੇਅਰਪਰਸਨ ਦੀ ਚੋਣ ਕਰ ਲਈ ਹੈ। ਸਰਕਾਰ ਨੇ ਆਮ ਆਦਮੀ ਪਾਰਟੀ ਵੱਲੋਂ ਵਿਰੋਧੀ ਧਿਰ ਦਾ ਨਵਾਂ ਆਗੂ ਚੁਣੇ ਜਾਣ ਦੀ ਉਡੀਕ ਕਰਨੀ ਵੀ ਠੀਕ ਨਹੀਂ ਸਮਝੀ। ਸਰਕਾਰ ਦੇ ਇਸ ਕਦਮ ਦਾ 'ਆਪ' ਵੱਲੋਂ ਤਿੱਖਾ ਵਿਰੋਧ ਕੀਤਾ ਜਾ ਰਿਹਾ ਹੈ।

ਮਨੁੱਖੀ ਅਧਿਕਾਰਾਂ ਬਾਰੇ 1993 ਦੇ ਐਕਟ ਮੁਤਾਬਕ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦੇ ਚੇਅਰਪਰਸਨ ਅਤੇ ਮੈਂਬਰਾਂ ਦੀ ਨਿਯੁਕਤੀ ਰਾਜਪਾਲ ਵੱਲੋਂ ਉਸ ਕਮੇਟੀ ਦੀਆਂ ਸਿਫਾਰਸ਼ਾਂ 'ਤੇ ਕੀਤੀ ਜਾਂਦੀ ਹੈ, ਜਿਸ ਵਿਚ ਮੁੱਖ ਮੰਤਰੀ ਬਤੌਰ ਚੇਅਰਮੈਨ, ਵਿਧਾਨ ਸਭਾ ਦਾ ਸਪੀਕਰ, ਗ੍ਰਹਿ ਮੰਤਰੀ (ਗ੍ਰਹਿ ਵਿਭਾਗ ਦੇ ਚਾਰਜ ਵਾਲਾ ਮੰਤਰੀ) ਅਤੇ ਵਿਧਾਨ ਸਭਾ ਵਿਚ ਵਿਰੋਧੀ ਧਿਰ ਦਾ ਆਗੂ ਸ਼ਾਮਲ ਹੋਵੇ। ਸੂਤਰਾਂ ਦਾ ਕਹਿਣਾ ਹੈ ਕਿ 'ਆਪ' ਆਗੂ ਐਚ.ਐਸ. ਫੂਲਕਾ ਦੇ ਅਸਤੀਫਾ ਦੇਣ ਵਾਲੇ ਦਿਨ ਹੀ ਸ਼ਾਮ ਨੂੰ ਗ੍ਰਹਿ ਵਿਭਾਗ ਵੱਲੋਂ ਵਿਰੋਧੀ ਧਿਰ ਦੇ ਆਗੂ ਦੇ ਨਾਂ 'ਤੇ ਇਹ ਸੂਚਨਾ ਭੇਜ ਦਿੱਤੀ ਗਈ ਕਿ ਅਗਲੇ ਮੁੱਖ ਮੰਤਰੀ ਦੀ ਅਗਵਾਈ ਵਿਚ ਮਨੁੱਖੀ ਅਧਿਕਾਰ ਕਮਿਸ਼ਨ ਦੇ ਚੇਅਰਪਰਸਨ ਦੀ ਚੋਣ ਲਈ ਮੀਟਿੰਗ ਸੱਦੀ ਗਈ ਹੈ। ਵਿਰੋਧੀ ਧਿਰ ਦੇ ਆਗੂ ਨੂੰ ਇਸ ਮੀਟਿੰਗ ਵਿਚ ਸ਼ਾਮਲ ਹੋਣ ਲਈ ਕਿਹਾ ਗਿਆ। ਇਸ ਅਹੁਦੇ ਦੇ ਦਾਅਵੇਦਾਰ ਵੱਖ-ਵੱਖ ਹਾਈ ਕੋਰਟਾਂ ਦੇ ਛੇ ਜੱਜਾਂ ਦਾ ਵੇਰਵਾ ਵੀ ਇਸ ਸੂਚਨਾ ਨਾਲ ਜਾਰੀ ਕੀਤਾ ਗਿਆ। ਅਗਲੇ ਦਿਨ ਸੁਨਾਮ ਤੋਂ 'ਆਪ' ਦੇ ਵਿਧਾਇਕ ਅਮਨ ਅਰੋੜਾ ਨੇ ਗ੍ਰਹਿ ਵਿਭਾਗ ਨੂੰ ਚਿੱਠੀ ਘੱਲ ਕੇ ਬੇਨਤੀ ਕੀਤੀ ਕਿ ਸ੍ਰੀ ਫੂਲਕਾ ਦੇ ਅਸਤੀਫੇ ਤੋਂ ਬਾਅਦ ਹਾਲੇ ਤੀਕ ਵਿਰੋਧੀ ਧਿਰ ਦੇ ਆਗੂ ਦੀ ਚੋਣ ਨਹੀਂ ਕੀਤੀ ਗਈ, ਇਸ ਲਈ ਮੀਟਿੰਗ ਮੁਲਤਵੀ ਕੀਤੀ ਜਾਵੇ।

ਸ੍ਰੀ ਅਰੋੜਾ ਨੇ ਕਿਹਾ ਕਿ ਮਨੁੱਖੀ ਅਧਿਕਾਰ ਕਮਿਸ਼ਨ ਦੇ ਚੇਅਰਪਰਸਨ ਦੀ ਨਿਯੁਕਤੀ ਸੂਬੇ ਲਈ ਅਹਿਮ ਹੈ ਤੇ ਇਹ ਵਿਰੋਧੀ ਧਿਰ ਦੇ ਆਗੂ ਦੀ ਗ਼ੈਰਹਾਜ਼ਰੀ ਵਿਚ ਨਹੀਂ ਹੋਣੀ ਚਾਹੀਦੀ। ਵਿਧਾਇਕਾਂ ਸਰਬਜੀਤ ਕੌਰ ਮਾਣੂਕੇ ਦਾ ਕਹਿਣਾ ਹੈ ਕਿ ਸਰਕਾਰ ਨੇ 'ਆਪ' ਦੀ ਚਿੱਠੀ ਦਾ ਕੋਈ ਜਵਾਬ ਨਹੀਂ ਦਿੱਤਾ ਤੇ ਵਿਰੋਧੀ ਧਿਰ ਦੇ ਨੁਮਾਇੰਦੇ ਤੋਂ ਬਿਨਾਂ ਹੀ ਚੋਣ ਕਰ ਲਈ। ਉਨ੍ਹਾਂ ਕਿਹਾ ਕਿ ਇਸ ਕਾਰਵਾਈ ਤੋਂ ਸਾਫ ਜ਼ਾਹਰ ਹੈ ਕਿ ਸਰਕਾਰ ਦੀ ਨੀਅਤ ਸਾਫ ਨਹੀਂ ਹੈ।

### ਵਿਰੋਧੀ ਧਿਰ ਦੇ ਆਗੂ ਬਿਨਾ ਹੀ ਚੁਣ ਲਿਆ ਚੇਅਰਮੈਨ




# ਸਰਕਾਰੀ ਸਕੂਲਾਂ ਵਿਚ ਮੁਫਤ ਸਿੱਖਿਆ ਦਿਵਾਉਣ ਤੋਂ ਵੀ ਕੀਤੀ ਤੌਬਾ

**ਚੰਡੀਗੜ੍ਹ:** ਸਭ ਨੂੰ ਸਿੱਖਿਆ ਦੇਣਾ ਯਕੀਨੀ ਬਣਾਉਣ ਵਾਲਾ 'ਸਿੱਖਿਆ ਦਾ ਅਧਿਕਾਰ ਐਕਟ' ਪੰਜਾਬ ਵਿਚ ਆਰਥਿਕ ਤੰਗੀ ਦੀ ਭੇਟ ਚੜ੍ਹਦਾ ਜਾ ਰਿਹਾ ਹੈ। ਭਾਵੇਂ ਇਸ ਐਕਟ ਅਧੀਨ ਕੇਂਦਰ ਵੱਲੋਂ ਸੂਬਾ ਸਰਕਾਰ ਨੂੰ ਮੋਟਾ ਫੰਡ ਦਿੱਤਾ ਜਾਂਦਾ ਹੈ ਪਰ ਇਮਾਰਤਾਂ ਤੇ ਅਧਿਆਪਕਾਂ ਦੀ ਘਾਟ ਕਾਰਨ ਮਾਪੇ ਆਪਣੇ ਬੱਚੇ ਸਰਕਾਰੀ ਸਕੂਲਾਂ ਵਿਚ ਮੁਫਤ ਪੜ੍ਹਾਉਣ ਦੀ ਥਾਂ ਪ੍ਰਾਈਵੇਟ ਸਕੂਲਾਂ ਵਿਚ ਮੋਟੀਆਂ ਫੀਸਾਂ ਦੇਣ ਨੂੰ ਤਰਜੀਹ ਦੇ ਰਹੇ ਹਨ। ਸਰਕਾਰੀ ਸਕੂਲਾਂ ਵਿਚ ਸਾਲ 2011-12 ਵਿਚ ਵਿਦਿਆਰਥੀਆਂ ਦੀ ਗਿਣਤੀ 20 ਲੱਖ ਤੋਂ ਵਧੇਰੇ ਸੀ, ਜੋ ਸਾਲ 2015-16 ਵਿਚ 18 ਲੱਖ ਤੋਂ ਵੀ ਘਟ ਗਈ।

ਇਸ ਦੀ ਬਜਾਏ ਰਾਜ ਦੇ ਦੂਸਰੇ ਗੈਰ-ਸਰਕਾਰੀ ਸਕੂਲਾਂ ਵਿਚ ਬੱਚਿਆਂ ਦੀ ਗਿਣਤੀ ਵਧਦੀ ਜਾ ਰਹੀ ਹੈ। ਬਹੁਤੇ ਮਾਪੇ ਆਰਥਿਕ ਮਜਬੂਰੀਆਂ ਦੇ ਬਾਵਜੂਦ ਆਪਣੇ ਬੱਚੇ ਨਿੱਜੀ ਸਕੂਲਾਂ ਵਿਚ ਪੜ੍ਹਾਉਣ ਨੂੰ ਤਰਜੀਹ ਦੇ ਰਹੇ ਹਨ। ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਮਿਡਲ ਕਲਾਸਾਂ ਦਾ ਹਾਲ ਇਹ ਹੈ ਕਿ ਸੈਂਕੜੇ ਹੀ ਸਕੂਲ ਅਜਿਹੇ ਹਨ, ਜਿਸ ਨੂੰ ਤਿੰਨ ਅਧਿਆਪਕ ਚਲਾਉਂਦੇ ਹਨ। ਕਈ ਸਕੂਲਾਂ ਕੋਲ ਆਪਣੀਆਂ ਇਮਾਰਤਾਂ ਨਹੀਂ ਹਨ। ਸੈਂਕੜੇ ਪ੍ਰਾਇਮਰੀ ਸਕੂਲਾਂ ਵਿਚ ਸਿਰਫ ਇਕ ਕਮਰਾ ਹੈ। ਬਹੁਤ ਸਾਰੇ ਸਕੂਲਾਂ ਵਿਚ ਪੀਣ ਵਾਲੇ ਪਾਣੀ ਅਤੇ ਪਖਾਨਿਆਂ ਦੀ ਘਾਟ ਹੈ। ਅਨੇਕਾਂ ਸਕੂਲਾਂ ਵਿਚ ਖੇਡ ਦੇ ਮੈਦਾਨ ਨਹੀਂ ਹਨ। ਬੱਚਿਆਂ ਦੇ ਬੈਠਣ ਲਈ ਫਰਨੀਚਰ ਦੀ ਘਾਟ ਹੈ। ਕੇਂਦਰ ਸਰਕਾਰ ਵੱਲੋਂ ਸਕੂਲਾਂ 'ਚ ਅੱਠਵੀਂ ਤੱਕ ਬੱਚਿਆਂ ਨੂੰ ਫੇਲ੍ਹ ਨਾ ਕਰਨ ਦੀ ਅਪਣਾਈ ਗਈ ਨੀਤੀ ਕਰ ਕੇ ਵੱਡੀਆਂ ਕਲਾਸਾਂ ਵਿਚ ਬਿਨਾਂ ਇਮਤਿਹਾਨ ਦਿੱਤਿਆਂ ਜਾਣ ਵਾਲੇ ਬੱਚਿਆਂ ਦੀ ਪੜ੍ਹਾਈ ਦਾ ਮਿਆਰ ਬਹੁਤ ਨੀਵਾਂ ਰਹਿ ਜਾਂਦਾ ਹੈ।

ਚਾਹੇ ਕੇਂਦਰ ਸਰਕਾਰ ਨੇ ਸਕੂਲਾਂ ਵਿਚ ਮਿਡ-ਡੇ ਮੀਲ ਦੀ ਪ੍ਰਥਾ ਨੂੰ ਜਾਰੀ ਰੱਖਿਆ ਹੈ। ਬੱਚਿਆਂ ਨੂੰ ਮੁਫਤ ਪੁਸਤਕਾਂ ਵੀ ਦਿੱਤੀਆਂ ਜਾਂਦੀਆਂ ਹਨ ਪਰ ਬਹੁਤ ਸਾਰੇ ਅਧਿਆਪਕਾਂ ਦੀਆਂ ਅਸਾਮੀਆਂ ਨਾ ਭਰੀਆਂ ਜਾਣ ਕਾਰਨ ਅਤੇ ਮਹੀਨਿਆਂ ਤੱਕ ਪਾਠ-ਪੁਸਤਕਾਂ ਦੀ ਕਮੀ ਰਹਿਣ ਕਾਰਨ ਇਨ੍ਹਾਂ ਬੱਚਿਆਂ ਦੀ ਪੜ੍ਹਾਈ 'ਤੇ ਵੱਡਾ ਅਸਰ ਪਿਆ ਹੈ। ਕਈ ਪ੍ਰਾਇਮਰੀ ਸਕੂਲ ਬੱਚਿਆਂ ਦੀ ਘਾਟ ਕਾਰਨ ਬੰਦ ਹੋ ਰਹੇ ਹਨ। ਇਨ੍ਹਾਂ ਸਕੂਲਾਂ ਦਾ ਦੂਸਰੇ ਨੇੜਲੇ ਸਕੂਲਾਂ ਵਿਚ ਰਲੇਵਾਂ ਕਰ ਦਿੱਤਾ ਜਾਂਦਾ ਹੈ। ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ 10ਵੀਂ ਅਤੇ 12ਵੀਂ ਦੇ ਕੱਢੇ ਗਏ ਨਤੀਜਿਆਂ ਨੇ ਵੱਡੀ ਹੱਦ ਤੱਕ ਨਿਰਾਸ਼ਾ ਪੈਦਾ ਕੀਤੀ ਹੈ।

ਉਚੇਰੀ ਸਿੱਖਿਆ ਦਾ ਹਾਲ ਸਕੂਲੀ ਸਿੱਖਿਆ ਵਰਗਾ ਹੀ ਜਾਪਦਾ ਹੈ। ਪਿਛਲੇ 20 ਸਾਲਾਂ ਵਿਚ ਕਾਲਜਾਂ 'ਚ ਅਧਿਆਪਕਾਂ ਦੀ ਪੱਕੀ ਭਰਤੀ ਨਹੀਂ ਕੀਤੀ ਗਈ। ਸੈਂਕੜੇ ਹੀ ਇਨ੍ਹਾਂ ਕਾਲਜਾਂ ਵਿਚ ਹਜ਼ਾਰਾਂ ਹੀ ਅਧਿਆਪਕਾਂ ਦੀਆਂ ਅਸਾਮੀਆਂ ਖਾਲੀ ਪਈਆਂ ਹਨ। ਜਿਹੜੇ ਵਿਦਿਆਰਥੀ ਉਚੇਰੀ ਪੜ੍ਹਾਈ ਪੂਰੀ ਵੀ ਕਰ ਲੈਂਦੇ ਹਨ, ਉਨ੍ਹਾਂ 'ਚੋਂ ਬਹੁਤੇ ਬੇਰੁਜ਼ਗਾਰੀ ਦੀ ਚੱਕੀ ਵਿਚ ਪਿਸਣਾ ਸ਼ੁਰੂ ਕਰ ਦਿੰਦੇ ਹਨ। ਇਸੇ ਤਰ੍ਹਾਂ ਦੀ ਸਥਿਤੀ ਵਿਚੋਂ ਬੇਰੁਜ਼ਗਾਰ ਕਾਲਜ ਅਧਿਆਪਕ ਲੰਘ ਰਹੇ ਹਨ ਪਰ ਇਸ ਤਰ੍ਹਾਂ ਦੇ ਅਹਿਮ ਕਦਮ ਚੁੱਕਣ ਦੀ ਥਾਂ ਨਵੀਂ ਸਰਕਾਰ ਨੇ ਪ੍ਰਾਇਮਰੀ ਸਕੂਲਾਂ ਵਿਚ 'ਅੰਗਰੇਜ਼ੀ ਮੀਡੀਅਮ' ਲਾਗੂ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ।

### ਮਾੜੇ ਪ੍ਰਬੰਧਾਂ ਕਾਰਨ ਪ੍ਰਾਈਵੇਟ ਸਕੂਲਾਂ ਨੂੰ ਤਰਜੀਹ




### 10ਵੀਂ 'ਚੋਂ 80% ਅੰਕ ਲੈਣ ਵਾਲਿਆਂ ਦਾ ਇਹ ਹਾਲ...

**ਸੰਗਰੂਰ:** ਪੰਜਾਬ ਦੀ ਸਿੱਖਿਆ ਪ੍ਰਣਾਲੀ ਦਾ ਉਸ ਸਮੇਂ ਫਿਰ ਜਨਾਜ਼ਾ ਨਿਕਲ ਗਿਆ ਜਦ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਮਾਰਚ 2017 'ਚ 10ਵੀਂ ਦੀ ਪ੍ਰੀਖਿਆ ਵਿਚੋਂ 80 ਫੀਸਦੀ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ 2100 ਤੋਂ ਵੱਧ ਵਿਦਿਆਰਥੀ ਪੰਜਾਬ ਦੇ ਮੈਰੀਟੋਰੀਅਸ ਸਕੂਲਾਂ 'ਚ ਦਾਖਲੇ ਲਈ ਕਰਵਾਈ ਪ੍ਰੀਖਿਆ ਵਿਚੋਂ ਫੇਲ੍ਹ ਹੋ ਗਏ ਹਨ। ਇਹ ਪ੍ਰੀਖਿਆ 10ਵੀਂ 'ਚ ਪੜ੍ਹਾਏ ਗਏ 3 ਵਿਸ਼ਿਆਂ ਅੰਗਰੇਜ਼ੀ, ਗਣਿਤ ਤੇ ਸਾਇੰਸ 'ਤੇ ਹੀ ਆਧਾਰਤ ਸੀ।

'ਸੁਸਾਇਟੀ ਫਾਰ ਪ੍ਰਮੋਸ਼ਨ ਆਫ ਕੁਆਲਿਟੀ ਐਜੂਕੇਸ਼ਨ ਫਾਰ ਪੂਅਰ ਐਂਡ ਮੈਰੀਟੋਰੀਅਸ ਸਟੂਡੈਂਟਸ ਆਫ ਪੰਜਾਬ' ਅਧੀਨ ਚੱਲ ਰਹੇ 9 ਮੈਰੀਟੋਰੀਅਸ ਸਕੂਲਾਂ 'ਚ 4500 ਸੀਟਾਂ ਦੇ ਦਾਖਲੇ ਲਈ ਇਹ ਪ੍ਰੀਖਿਆ 25 ਜੂਨ ਨੂੰ ਲਈ ਗਈ ਸੀ। ਦਾਖਲੇ ਲਈ ਹਰ ਵਿਸ਼ੇ 'ਚੋਂ 33 ਫੀਸਦੀ ਤੇ ਕੁੱਲ 50 ਫੀਸਦੀ ਅੰਕ ਜ਼ਰੂਰੀ ਸਨ। ਦਾਖਲਾ ਪ੍ਰੀਖਿਆ 'ਚ ਉਨ੍ਹਾਂ ਵਿਦਿਆਰਥੀਆਂ ਨੇ ਹਿੱਸਾ ਲਿਆ ਜਿਨ੍ਹਾਂ ਨੇ 10ਵੀਂ 'ਚੋਂ 80 ਫੀਸਦੀ ਜਾਂ ਵੱਧ ਅੰਕ ਪ੍ਰਾਪਤ ਕੀਤੇ ਸਨ ਪਰ ਇਸ ਦਾਖਲਾ ਪ੍ਰੀਖਿਆ 'ਚੋਂ 56 ਕੁ ਫੀਸਦੀ ਵਿਦਿਆਰਥੀ ਹੀ ਪਾਸ ਹੋਏ। ਪਿਛਲੀ ਵਾਰ ਵੀ ਵੱਡੀ ਗਿਣਤੀ ਵਿਦਿਆਰਥੀਆਂ ਦੇ ਫੇਲ੍ਹ ਹੋਣ ਕਾਰਨ ਇਨ੍ਹਾਂ ਸਕੂਲਾਂ 'ਚ ਸੀਟਾਂ ਖਾਲੀ ਰਹਿ ਗਈਆਂ ਸਨ।

# ਟਰੰਪ ਦੇ ਪਾਬੰਦੀ ਵਾਲੇ ਹੁਕਮਾਂ ਪਿੱਛੋਂ ਡਾਢੇ ਫਿਕਰਮੰਦ ਨੇ ਭਾਰਤੀ ਪਾੜ੍ਹੇ

**ਵਾਸ਼ਿੰਗਟਨ:** ਭਾਰਤੀ ਵਿਦਿਆਰਥੀਆਂ ਨੂੰ ਅਮਰੀਕਾ ਵਿਚ ਆਪਣੀ ਸੰਭਾਵੀ ਪੜ੍ਹਾਈ ਬਾਰੇ ਵੱਡੀ ਚਿੰਤਾ ਹੈ ਪਰ ਇਨ੍ਹਾਂ ਵਿਚੋਂ ਵੱਡੀ ਗਿਣਤੀ ਪਾੜ੍ਹਿਆਂ ਨੂੰ ਆਪਣੀ ਸੁਰੱਖਿਆ ਤੇ ਉਨ੍ਹਾਂ ਨੂੰ ਸਹਿਜੇ ਸਵੀਕਾਰ ਕੀਤੇ ਜਾਣ ਦਾ ਫਿਕਰ ਵੀ ਖਾ ਰਿਹਾ ਹੈ। ਇਹ ਖੁਲਾਸਾ ਇਕ ਸਰਵੇਖਣ ਤੋਂ ਹੋਇਆ ਹੈ। ਇੰਸਟੀਚਿਊਟ ਆਫ ਇੰਟਰਨੈਸ਼ਨਲ ਐਜੂਕੇਸ਼ਨ (ਆਈ.ਆਈ.ਈ.) ਦਾ ਮੰਨਣਾ ਹੈ ਕਿ ਅਮਰੀਕੀ ਸੁਪਰੀਮ ਕੋਰਟ ਨੇ ਛੇ ਮੁਸਲਿਮ ਬਹੁਗਿਣਤੀ ਵਾਲੇ ਦੇਸ਼ਾਂ ਦੇ ਨਾਗਰਿਕਾਂ ਦੇ ਦੇਸ਼ ਵਿਚ ਦਾਖਲੇ ਉਤੇ ਰੋਕ ਲਾਉਣ ਵਾਲੇ ਰਾਸ਼ਟਰਪਤੀ ਡੋਨਲਡ ਟਰੰਪ ਦੇ ਐਗਜ਼ੀਕਿਊਟਿਵ ਹੁਕਮਾਂ ਨੂੰ ਜੂਨ ਵਿਚ ਅਸਥਾਈ ਤੌਰ 'ਤੇ ਜਾਇਜ਼ ਠਹਿਰਾਇਆ ਹੈ ਪਰ ਇਸ ਦਾ ਅੰਤਿਮ ਫੈਸਲਾ ਕੀ ਹੋਵੇਗਾ, ਇਸ ਨੂੰ ਲੈ ਕੇ ਵੀ ਉਨ੍ਹਾਂ ਦੇ ਦਿਮਾਗ ਵਿਚ ਉਧੇੜ-ਬੁਣ ਚੱਲ ਰਹੀ ਹੈ।

ਸਰਵੇਖਣ ਮੁਤਾਬਕ ਲੱਖਾਂ ਕੌਮਾਂਤਰੀ ਵਿਦਿਆਰਥੀ ਅਮਰੀਕਾ ਵਿਚ ਉਚ ਸਿੱਖਿਆ ਹਾਸਲ ਕਰ ਰਹੇ ਹਨ ਅਤੇ ਅਮਰੀਕਾ ਦੀ ਆਰਥਿਕਤਾ ਵਿਚ 36 ਅਰਬ ਡਾਲਰ ਤੋਂ ਵੱਧ ਦਾ ਯੋਗਦਾਨ ਪਾ ਰਹੇ ਹਨ। ਅਜਿਹੇ ਵਿਚ ਕਾਫੀ ਕੁੱਝ ਦਾਅ ਉਤੇ ਲੱਗਾ ਹੈ। ਗੌਰਤਲਬ ਹੈ ਕਿ ਆਈ.ਆਈ.ਈ. ਸ਼ਾਂਤੀਪੂਰਨ ਤੇ ਬਰਾਬਰੀ ਵਾਲੇ ਸਮਾਜ ਦੇ ਨਿਰਮਾਣ ਦੀ ਦਿਸ਼ਾ ਵਿਚ ਕੰਮ ਕਰਨ ਵਾਲੀ ਇਕ ਗੈਰ ਮੁਨਾਫਾਖੋਰ ਸੰਸਥਾ ਹੈ। ਆਈ.ਆਈ.ਈ. ਨੇ ਕਿਹਾ ਕਿ ਇਸ ਸਰਵੇਖਣ ਦੇ ਨਤੀਜੇ ਮੱਧ ਪੂਰਬੀ ਤੇ ਭਾਰਤ ਦੇ ਵਿਦਿਆਰਥੀਆਂ ਦੇ ਦਾਖਲੇ ਸਬੰਧੀ ਚੋਟੀ ਦੀਆਂ ਸੰਸਥਾਵਾਂ ਦੀ ਚਿੰਤਾ ਨੂੰ ਦਰਸਾਉਂਦੇ ਹਨ। 31 ਫੀਸਦੀ ਇੰਸਟੀਚਿਊਟਸ ਨੂੰ ਫਿਕਰ ਹੈ ਕਿ ਦਾਖਲੇ ਦੀ ਪੇਸ਼ਕਸ਼ ਸਵੀਕਾਰ ਕਰਨ ਵਾਲੇ ਮੱਧ ਪੂਰਬੀ ਮੁਲਕਾਂ ਦੇ ਵਿਦਿਆਰਥੀ ਸ਼ਾਇਦ ਕੈਂਪਸ ਨਾ ਪਹੁੰਚਣ।

## ਗਰੀਨ ਕਾਰਡ ਲੈਣ ਵਿਚ ਭਾਰਤੀਆਂ ਦੀ ਝੰਡੀ




**ਵਾਸ਼ਿੰਗਟਨ:** ਅਮਰੀਕਾ ਵਿਚ ਸਥਾਈ ਤੌਰ ਉਤੇ ਰਹਿਣ ਅਤੇ ਕੰਮ ਕਰਨ ਦਾ ਸੁਪਨਾ ਲੈਣ ਵਾਲੇ ਭਾਰਤੀਆਂ ਨੂੰ ਲੰਮਾ ਇੰਤਜ਼ਾਰ ਕਰਨਾ ਪੈ ਰਿਹਾ ਹੈ। ਇਕ ਰਿਪੋਰਟ ਮੁਤਾਬਕ ਇਸ ਪ੍ਰਕਿਰਿਆ ਕਾਰਨ ਗਰੀਨ ਕਾਰਡ ਹਾਸਲ ਕਰਨ ਦੇ ਚਾਹਵਾਨ ਭਾਰਤੀਆਂ ਨੂੰ 12 ਸਾਲ ਤੱਕ ਦਾ ਇੰਤਜ਼ਾਰ ਕਰਨਾ ਪੈ ਰਿਹਾ ਹੈ। ਇਸ ਦੇ ਬਾਵਜੂਦ ਹਰ ਸਾਲ ਸਭ ਤੋਂ ਜ਼ਿਆਦਾ ਭਾਰਤੀ ਨਾਗਰਿਕ ਹੀ ਗਰੀਨ ਕਾਰਡ ਲੈਣ 'ਚ ਸਫਲ ਹੋ ਰਹੇ ਹਨ। ਅਮਰੀਕਾ ਹਰ ਸਾਲ ਕੁਸ਼ਲ ਮਜ਼ਦੂਰਾਂ ਨੂੰ ਸਥਾਈ ਨਿਵਾਸ ਲਈ ਗਰੀਨ ਕਾਰਡ ਜਾਰੀ ਕਰਦਾ ਹੈ।

ਇਸ ਤਹਿਤ ਪਰਵਾਸੀਆਂ ਨੂੰ ਸਥਾਈ ਤੌਰ 'ਤੇ ਅਮਰੀਕਾ 'ਚ ਰਹਿਣ ਦੀ ਇਜਾਜ਼ਤ ਮਿਲ ਜਾਂਦੀ ਹੈ। ਐਚ-1 ਬੀ ਵੀਜ਼ੇ ਵਾਂਗ ਗਰੀਨ ਕਾਰਡ ਵੀ ਭਾਰਤੀ ਪੇਸ਼ੇਵਰਾਂ 'ਚ ਬਹੁਤ ਲੋਕਪ੍ਰਿਆ ਹੈ। ਪਿਊ ਰਿਸਰਚ ਮੁਤਾਬਕ ਸਾਲ 2015 ਵਿਚ 36,318 ਭਾਰਤੀ ਸਥਾਈ ਨਿਵਾਸ ਦਾ ਅਧਿਕਾਰ ਹਾਸਲ ਕਰਨ 'ਚ ਸਫਲ ਰਹੇ ਸਨ। ਇਸ ਦੇ ਇਲਾਵਾ 27,798 ਨਵੇਂ ਭਾਰਤੀਆਂ ਨੇ ਗਰੀਨ ਕਾਰਡ ਤਹਿਤ ਅਮਰੀਕਾ 'ਚ ਕਾਨੂੰਨਨ ਸਥਾਈ ਤੌਰ ਉਤੇ ਨਿਵਾਸ ਦਾ ਅਧਿਕਾਰ ਹਾਸਲ ਕੀਤਾ ਸੀ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਕੁਸ਼ਲ ਮਜ਼ਦੂਰ ਯੋਜਨਾ ਤਹਿਤ ਅਮਰੀਕਾ 'ਚ ਸਥਾਈ ਨਿਵਾਸ ਦਾ ਦਰਜਾ ਹਾਸਲ ਕਰਨ ਲਈ ਅਰਜ਼ੀ ਦੇਣ ਵਾਲੇ ਭਾਰਤੀਆਂ ਦੀ ਇੰਤਜ਼ਾਰ ਸੂਚੀ 12 ਸਾਲ ਲੰਮੀ ਹੋ ਚੁੱਕੀ ਹੈ। ਦੂਜੇ ਸ਼ਬਦਾਂ 'ਚ ਕਹੀਏ ਤਾਂ ਮਈ 2005 'ਚ ਗਰੀਨ ਕਾਰਡ ਦੀਆਂ ਅਰਜ਼ੀਆਂ 'ਤੇ ਹੁਣ ਜਾ ਕੇ ਦਸਤਾਵੇਜ਼ੀ ਪ੍ਰਕਿਰਿਆ ਸ਼ੁਰੂ ਹੋਈ ਹੈ। ਪਿਊ ਦੀ ਰਿਪੋਰਟ ਮੁਤਾਬਕ ਸਾਲ 2010 ਤੋਂ 2014 ਤੱਕ ਤਕਰੀਬਨ 36 ਫੀਸਦੀ ਗਰੀਨ ਕਾਰਡ (2.22 ਲੱਖ ਤੋਂ ਜ਼ਿਆਦਾ) ਐਚ-1ਬੀ ਵੀਜ਼ਾ ਧਾਰਕਾਂ ਨੂੰ ਦਿੱਤੇ ਗਏ ਸਨ। ਜ਼ਿਕਰਯੋਗ ਹੈ ਕਿ ਇਸ ਤਹਿਤ ਅਰਜ਼ੀਕਾਰਾਂ ਨੂੰ ਅਮਰੀਕਾ 'ਚ ਸਥਾਈ ਤੌਰ ਉਤੇ ਰਹਿਣ ਅਤੇ ਕੰਮ ਕਰਨ ਵਾਲੇ ਪਰਵਾਸੀ ਦਾ ਦਰਜਾ ਦਿੱਤਾ ਜਾਂਦਾ ਹੈ।

# ਭਾਰਤੀ ਮੂਲ ਦੇ ਅਮਰੀਕੀ ਦੀ ਨਾਗਰਿਕਤਾ ਹੋਵੇਗੀ ਰੱਦ

**ਨਿਊ ਯਾਰਕ:** ਧੋਖਾਧੜੀ ਅਤੇ ਆਵਾਸ ਵਿਭਾਗ ਨੂੰ ਆਪਣੇ ਪੁਰਾਣੇ ਜੁਰਮਾਂ ਦੀ ਜਾਣਕਾਰੀ ਨਾ ਦੇਣ ਕਰ ਕੇ ਇਕ 37 ਸਾਲਾ ਭਾਰਤੀ ਦੀ ਅਮਰੀਕੀ ਨਾਗਰਿਕਤਾ ਰੱਦ ਕੀਤੀ ਜਾਵੇਗੀ। ਉਸ ਨੇ ਇਕ ਨੌਂ ਸਾਲਾ ਬੱਚੇ ਦਾ ਸਰੀਰਕ ਸ਼ੋਸ਼ਣ ਕੀਤਾ ਸੀ।

ਜਨਵਰੀ ਮਹੀਨੇ ਅਦਾਲਤ ਵੱਲੋਂ ਵਾਟਰ ਟਾਊਨ ਦੇ ਗੁਰਪ੍ਰੀਤ ਸਿੰਘ ਨੂੰ ਗਲਤ ਢੰਗ ਨਾਲ ਅਮਰੀਕੀ ਨਾਗਰਿਕਤਾ ਲੈਣ ਦਾ ਦੋਸ਼ੀ ਠਹਿਰਾਇਆ ਗਿਆ ਸੀ ਤੇ ਤਿੰਨ ਮਹੀਨੇ ਦੀ ਕੈਦ ਦੀ ਸਜ਼ਾ ਦਿੱਤੀ ਗਈ ਸੀ। ਉਸ ਤੋਂ ਬਾਅਦ ਵੀ ਤਿੰਨ ਸਾਲ ਉਸ 'ਤੇ ਨਜ਼ਰ ਰੱਖੀ ਜਾਵੇਗੀ। ਦੋਸ਼ੀ ਸਿੱਧ ਹੋਣ ਕਾਰਨ ਉਸ ਦੀ ਨਾਗਰਿਕਤਾ ਰੱਦ ਕੀਤੀ ਜਾਵੇਗੀ। ਅਦਾਲਤੀ ਕਾਰਵਾਈ ਦੌਰਾਨ ਪੇਸ਼ ਕੀਤੇ ਗਏ ਸਬੂਤਾਂ ਤੋਂ ਇਹ ਗੱਲ ਸਾਹਮਣੇ ਆਈ ਕਿ ਗੁਰਪ੍ਰੀਤ ਜੋ ਮੂਲ ਰੂਪ ਵਿਚ ਭਾਰਤ ਦਾ ਰਹਿਣ ਵਾਲਾ ਹੈ, ਨੇ ਵਾਰ ਵਾਰ ਆਵਾਸ ਵਿਭਾਗ ਦੇ ਅਧਿਕਾਰੀਆਂ ਨੂੰ ਭਰੋਸਾ ਦਿਵਾਇਆ ਕਿ ਉਸ ਨੇ ਕੋਈ ਜੁਰਮ ਨਹੀਂ ਕੀਤਾ। ਅਧਿਕਾਰੀਆਂ ਨੂੰ ਬਾਅਦ ਵਿਚ ਪਤਾ ਲੱਗਿਆ ਕਿ ਜਿਸ ਵਕਫੇ ਦੌਰਾਨ ਗੁਰਪ੍ਰੀਤ ਅਮਰੀਕੀ ਨਾਗਰਿਕਤਾ ਲਈ ਅਪਲਾਈ ਕਰ ਰਿਹਾ ਸੀ, ਉਸੇ ਦੌਰਾਨ ਉਸ ਨੇ ਇਕ ਨੌਂ ਸਾਲਾ ਬੱਚੇ ਦਾ ਸਰੀਰਕ ਸ਼ੋਸ਼ਣ ਕੀਤਾ ਸੀ।

# ਤਿੰਨ ਬਰਤਾਨਵੀ ਸਿੱਖਾਂ ਨੂੰ ਮਨੁੱਖੀ ਤਸਕਰੀ ਦੇ ਦੋਸ਼ ਵਿਚ ਸਜ਼ਾ



**ਲੰਡਨ:** ਪਾਸਪੋਰਟਾਂ ਦੀ ਦੁਰਵਰਤੋਂ ਰਾਹੀਂ 70 ਅਫਗਾਨ ਪਰਵਾਸੀਆਂ ਨੂੰ ਬਰਤਾਨੀਆ ਵਿਚ ਦਾਖਲ ਕਰਵਾਉਣ ਵਾਲੇ ਤਿੰਨ ਬਰਤਾਨਵੀ ਸਿੱਖਾਂ ਨੂੰ 19 ਸਾਲਾਂ ਦੀ ਸਜ਼ਾ ਸੁਣਾਈ ਗਈ ਹੈ। ਆਪਣੀ ਉਮਰ ਦੇ 40ਵਿਆਂ ਵਾਲੇ ਇਨ੍ਹਾਂ ਤਿੰਨਾਂ- ਦਲਜੀਤ ਕਪੂਰ, ਹਰਮੀਤ ਕਪੂਰ ਅਤੇ ਦਵਿੰਦਰ ਚਾਵਲਾ ਨੇ ਵਿਦੇਸ਼ੀਆਂ ਨੂੰ ਦੇਸ਼ ਵਿਚ ਗੈਰਕਾਨੂੰਨੀ ਤੌਰ 'ਤੇ ਦਾਖਲ ਕਰਨ ਦਾ ਜੁਰਮ ਕਬੂਲ ਕਰ ਲਿਆ ਅਤੇ ਉਨ੍ਹਾਂ ਨੂੰ 'ਇਨਰ ਲੰਡਨ ਕਰਾਊਨ ਕੋਰਟ' ਨੇ ਪਿਛਲੇ ਹਫਤੇ ਸਜ਼ਾ ਸੁਣਾਈ।

ਜੱਜ ਨਿਗੇਲ ਸੀਡ ਨੇ ਕਿਹਾ ਕਿ ਇਸ ਨਾਲ ਪੂਰੀ ਪਰਵਾਸ ਪ੍ਰਣਾਲੀ ਨੂੰ ਕਮਜ਼ੋਰ ਕੀਤਾ ਗਿਆ। ਇਹ ਵੱਡੇ ਪੱਧਰ ਉਤੇ ਕੀਤੀ ਕਾਰਵਾਈ ਹੈ, ਜਿਸ ਨੂੰ ਵਿੱਤੀ ਮੁਨਾਫੇ ਲਈ ਨੇਪਰੇ ਚਾੜ੍ਹਿਆ ਗਿਆ। ਦਲਜੀਤ ਕਪੂਰ ਨੂੰ ਸੱਤ ਸਾਲ, ਹਰਮੀਤ ਨੂੰ ਸਾਢੇ ਚਾਰ ਸਾਲ ਅਤੇ ਚਾਵਲਾ ਨੂੰ ਸਾਢੇ ਸੱਤ ਸਾਲਾਂ ਦੀ ਸਜ਼ਾ ਸੁਣਾਈ ਗਈ। ਇਸ ਗਿਰੋਹ ਨੇ ਬਰਤਾਨੀਆ ਆਉਣ ਲਈ ਹਰੇਕ ਪਰਿਵਾਰ ਤੋਂ ਨੌਂ ਹਜ਼ਾਰ ਪੌਂਡ ਲਏ ਅਤੇ ਤਕਰੀਬਨ 70 ਲੋਕਾਂ ਨੂੰ ਇਸ ਦੇਸ਼ ਵਿਚ ਲਿਆਂਦਾ। ਇਹ ਘੁਟਾਲਾ 6.20 ਲੱਖ ਪੌਂਡ ਦਾ ਬਣਦਾ ਹੈ।

ਮੁਲਜ਼ਮ ਫਰਾਂਸ ਗਏ ਅਤੇ ਉਨ੍ਹਾਂ ਉਥੇ ਇੰਤਜ਼ਾਰ ਕਰ ਰਹੇ ਪਰਵਾਸੀਆਂ ਨੂੰ ਪਾਸਪੋਰਟ ਦਿੱਤੇ। ਜਦੋਂ ਇਹ ਪਰਵਾਸੀ ਸੁਰੱਖਿਅਤ ਤਰੀਕੇ ਨਾਲ ਬਰਤਾਨੀਆ ਵਿਚ ਦਾਖਲ ਹੋ ਗਏ ਤਾਂ ਪਾਸਪੋਰਟ ਵਾਪਸ ਲੈ ਲਏ ਗਏ। ਇਹ ਗਿਰੋਹ ਇਨ੍ਹਾਂ ਪਾਸਪੋਰਟਾਂ ਦੀ ਵਾਰ-ਵਾਰ ਵਰਤੋਂ ਕਰਦਾ ਸੀ। ਅਫਗਾਨੀਆਂ ਵੱਲੋਂ ਵਰਤੇ ਸਾਰੇ ਪਾਸਪੋਰਟ ਦਸਤਾਰਧਾਰੀ ਸਿੱਖਾਂ ਦੇ ਹਨ ਅਤੇ ਸਰਹੱਦੀ ਸਟਾਫ ਸਿੱਖਾਂ ਤੇ ਅਫਗਾਨੀਆਂ ਵਿਚ ਫਰਕ ਨਹੀਂ ਕਰਦਾ।

# ਟਰੰਪ ਖਿਲਾਫ ਮਹਾਂਦੋਸ਼ ਲਈ ਮਤਾ ਪੇਸ਼

**ਵਾਸ਼ਿੰਗਟਨ:** ਡੈਮੋਕਰੈਟਿਕ ਪਾਰਟੀ ਦੇ ਇਕ ਸੰਸਦ ਮੈਂਬਰ ਨੇ ਪਿਛਲੇ ਸਾਲ ਅਮਰੀਕੀ ਚੋਣਾਂ ਦੌਰਾਨ ਰੂਸ ਦੀ ਭੂਮਿਕਾ ਦੀ ਚੱਲ ਰਹੀ ਜਾਂਚ ਵਿਚ ਅੜਿੱਕੇ ਡਾਹੁਣ ਦਾ ਦੋਸ਼ ਲਾਉਂਦਿਆਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਖਿਲਾਫ ਮਹਾਂਦੋਸ਼ ਲਈ ਪਹਿਲਾ ਮਤਾ ਪੇਸ਼ ਕੀਤਾ ਹੈ। ਕੈਲੀਫੋਰਨੀਆ ਤੋਂ ਸੰਸਦ ਮੈਂਬਰ ਬਰੈਡ ਸ਼ਰਮਨ ਵੱਲੋਂ ਪੇਸ਼ ਇਸ ਮਤੇ 'ਚ ਟਰੰਪ ਉਤੇ ਵੱਡੇ ਅਪਰਾਧ ਤੇ ਬਦਤਮੀਜ਼ ਹੋਣ ਦਾ ਦੋਸ਼ ਲਾਇਆ ਗਿਆ ਹੈ। ਸ਼ਰਮਨ ਵੱਲੋਂ ਪੇਸ਼ ਇਸ ਮਤੇ 'ਤੇ ਸਹੀ ਪਾਉਂਦਿਆਂ ਡੈਮੋਕਰੈਟ ਅਲ ਗਰੀਨ ਨੇ ਇਸ ਦੀ ਤਾਈਦ ਕੀਤੀ ਹੈ।

ਉਂਜ ਇਹ ਪਹਿਲੀ ਵਾਰ ਹੈ ਜਦੋਂ ਕਿਸੇ ਅਮਰੀਕੀ ਕਾਨੂੰਨ ਘਾੜੇ ਨੇ ਟਰੰਪ ਖਿਲਾਫ ਮਹਾਂਦੋਸ਼ ਲਈ ਮਤਾ ਪੇਸ਼ ਕੀਤਾ ਹੈ। ਹਾਲਾਂਕਿ ਰਿਪਬਲਿਕਨਾਂ ਦੇ ਕੰਟਰੋਲ ਵਾਲੀ ਕਾਂਗਰਸ ਵੱਲੋਂ ਡੈਮੋਕਰੈਟਾਂ ਦੀ ਇਸ ਪੇਸ਼ਕਦਮੀ ਨੂੰ ਰੋਕ ਲਏ ਜਾਣ ਦੇ ਪੂਰੇ ਆਸਾਰ ਹਨ। ਯਾਦ ਰਹੇ ਕਿ ਡੋਨਲਡ ਟਰੰਪ ਨੇ 20 ਜਨਵਰੀ ਨੂੰ ਅਮਰੀਕਾ ਦੇ 45ਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕੀ ਸੀ।

ਡੈਮੋਕਰੈਟਾਂ ਵੱਲੋਂ ਪੇਸ਼ ਮਤੇ ਨੂੰ ਅੱਗੇ ਤੋਰਨ ਲਈ ਹੁਣ ਇਸ ਨੂੰ ਪ੍ਰਤੀਨਿਧ ਸਭਾ ਵਿਚ ਬਹੁਮਤ ਨਾਲ ਪਾਸ ਕਰਾਉਣਾ ਹੋਵੇਗਾ। ਮੌਜੂਦਾ ਪ੍ਰਤੀਨਿਧ ਸਭਾ ਵਿਚ ਟਰੰਪ ਦੀ ਰਿਪਬਲੀਕਨ ਪਾਰਟੀ 46 ਵੋਟਾਂ ਦੀ ਬੜਤ ਨਾਲ ਬਿਹਤਰ ਸਥਿਤੀ ਵਿਚ ਹੈ ਤੇ ਪਾਰਟੀ ਨਾਲ ਸਬੰਧਤ ਕਾਨੂੰਨਸਾਜ਼ਾਂ ਵੱਲੋਂ ਮਹਾਂਦੋਸ਼ ਦੇ ਹੱਕ ਵਿਚ ਵੋਟ ਪਾਉਣ ਦੇ ਆਸਾਰ ਮੱਧਮ ਹਨ।

ਉਧਰ, ਵ੍ਹਾਈਟ ਹਾਊਸ ਦੀ ਬੁਲਾਰਾ ਸਾਰ੍ਹਾ ਹਕਾਬੀ ਨੇ ਸ਼ਰਮਨ ਦੇ ਇਸ ਕਦਮ ਨੂੰ ਖਾਰਜ ਕਰ ਦਿੱਤਾ ਹੈ। ਵਾਈਟ ਹਾਊਸ ਦੀ ਬੁਲਾਰਾ ਸਾਰ੍ਹਾ ਹਕਾਬੀ ਸੈਂਡਰਸ ਨੇ ਕਿਹਾ, 'ਮੈਨੂੰ ਲੱਗਦਾ ਹੈ ਕਿ ਇਹ ਪੂਰੀ ਤਰ੍ਹਾਂ ਨਾਲ ਬੇਤੁਕਾ ਤੇ ਹੁਣ ਤੱਕ ਦੀ ਸਭ ਤੋਂ ਖਰਾਬ ਸਿਆਸਤ ਹੈ।'

## ਦੋ ਪੰਜਾਬਣਾਂ ਨੂੰ ਕੈਦ

**ਨਿਊ ਯਾਰਕ:** ਮੁੱਖ ਜਿਊਰੀ ਸਾਹਮਣੇ ਗਲਤ ਬਿਆਨ ਦੇਣ ਦੇ ਮਾਮਲੇ 'ਚ ਅਮਰੀਕਾ ਵਿਚ ਭਾਰਤੀ ਮੂਲ ਦੀਆਂ ਦੋ ਪੰਜਾਬੀ ਔਰਤਾਂ ਨੂੰ ਦੋ ਸਾਲ ਦੀ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। ਅਮਰੀਕਾ ਦੇ ਜ਼ਿਲ੍ਹਾ ਜੱਜ ਗਾਰਲੈਂਡ ਬੁੱਰਲ ਵੱਲੋਂ ਹਰਜੀਤ ਕੌਰ ਜੌਹਲ (50) ਤੇ ਜਸਵੀਰ ਕੌਰ (47) ਨੂੰ ਸਜ਼ਾ ਸੁਣਾਈ ਗਈ ਹੈ। ਮਾਰਚ 2017 ਨੂੰ ਸੁਣਵਾਈ ਦੌਰਾਨ ਪੇਸ਼ ਕੀਤੇ ਸਬੂਤਾਂ ਤਹਿਤ ਦੋਵੇਂ ਔਰਤਾਂ ਯੂਬਾ ਸਿਟੀ 'ਚ ਬੇਰੁਜ਼ਗਾਰੀ ਤੇ ਅੰਗਹੀਣਤਾ ਘੁਟਾਲਾ ਸਕੀਮ 'ਚ ਸ਼ਾਮਲ ਸਨ।

ਇਸ ਸਕੀਮ ਨੂੰ ਸ਼ੁਰੂ ਕਰਨ ਵਾਲੇ ਮੁਹੰਮਦ ਨਵਾਜ਼ ਖਾਨ, ਮੁਹੰਮਦ ਅਦਨਾਨ ਖਾਨ, ਮੁਹੰਮਦ ਸ਼ਾਹਬਾਜ਼ ਖਾਨ ਤੇ ਮੁਹੰਮਦ ਰਿਆਜ਼ ਖਾਨ ਸਨ। ਸਕੀਮ ਤਹਿਤ ਵਪਾਰੀਆਂ ਵੱਲੋਂ ਖੇਤੀ ਮਜ਼ਦੂਰਾਂ ਨੂੰ ਠੇਕੇ 'ਤੇ ਰੱਖਿਆ ਜਾਂਦਾ ਸੀ, ਜਿਨ੍ਹਾਂ ਕੋਲੋਂ ਯੂਬਾ ਤੇ ਸੱਟਰ ਸਿਟੀ 'ਚ ਖੇਤਾਂ 'ਚ ਮਜ਼ਦੂਰੀ ਕਰਵਾਈ ਜਾਂਦੀ ਸੀ। ਇਸ ਸਕੀਮ 'ਚ ਹੋਏ ਘੁਟਾਲੇ ਦੇ ਮਾਮਲੇ 'ਚ 2014 'ਚ ਹਰਜੀਤ ਕੌਰ ਜੌਹਲ ਤੇ ਜਸਵੀਰ ਕੌਰ ਨੂੰ ਫੈਡਰਲ ਗਰੈਂਡ ਜਿਊਰੀ ਸਾਹਮਣੇ ਪੇਸ਼ ਹੋਣਾ ਪਿਆ, ਜਿਥੇ ਉਨ੍ਹਾਂ ਕੋਲੋਂ ਪੁੱਛਗਿੱਛ ਦੌਰਾਨ ਉਨ੍ਹਾਂ ਨੂੰ ਮਿਲਦੀ ਮਜ਼ਦੂਰੀ ਬਾਰੇ ਪੁੱਛਿਆ ਗਿਆ, ਜਿਸ ਦੌਰਾਨ ਉਨ੍ਹਾਂ ਸਹੁੰ ਚੁੱਕ ਕੇ ਕਬੂਲ ਕੀਤਾ ਕਿ ਉਹ ਰੋਜ਼ ਖਾਨ ਲਈ ਆੜੂ ਚੁਗਦੀਆਂ ਸਨ ਤੇ ਉਨ੍ਹਾਂ ਕੋਈ ਘਪਲਾ ਨਹੀਂ ਕੀਤਾ।

# ਛੇਵੇਂ ਮਹਾ ਵਿਨਾਸ਼ ਵੱਲ ਤੇਜ਼ੀ ਨਾਲ ਵਧ ਰਹੀ ਹੈ ਧਰਤੀ

## ਨੈਸ਼ਨਲ ਅਕੈਡਮੀ ਆਫ ਸਾਇੰਸਜ਼ ਦੀ ਖੋਜ 'ਚ ਦਾਅਵਾ



**ਪੈਰਿਸ:** ਵਿਗਿਆਨੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਧਰਤੀ ਛੇਵੇਂ ਮਹਾ ਵਿਨਾਸ਼ ਵੱਲ ਬਹੁਤ ਤੇਜ਼ੀ ਨਾਲ ਵਧ ਰਹੀ ਹੈ। ਅਮਰੀਕਾ ਦੀ ਨੈਸ਼ਨਲ ਅਕੈਡਮੀ ਆਫ ਸਾਇੰਸਜ਼ ਦੀ ਇਕ ਨਵੀਂ ਖੋਜ 'ਚ ਇਹ ਗੱਲ ਸਾਹਮਣੇ ਆਈ ਹੈ ਕਿ ਜ਼ਮੀਨ ਉਤੇ ਰਹਿਣ ਵਾਲੇ ਸਾਰੇ ਰੀੜ੍ਹਧਾਰੀ ਜੰਤੂ, ਮੱਛੀਆਂ, ਚਿੜੀਆਂ ਸਮੇਤ ਕਈ ਪੰਛੀ, ਥਣਧਾਰੀ ਜੀਵ, ਰੀਂਗਣ ਵਾਲੇ ਤੇ ਜਲੀ ਜੀਵਾਂ ਦੀਆਂ 30 ਫੀਸਦੀ ਪ੍ਰਜਾਤੀਆਂ ਅਲੋਪ ਹੋ ਗਈਆਂ ਹਨ। ਇਸ ਖੋਜ ਦੇ ਸਹਿ-ਲੇਖਕ ਰੋਡਲਫੋ ਡਿਰਜ਼ੋ ਨੇ ਕਿਹਾ ਕਿ ਇਹ ਵਿਸ਼ਵ ਪੱਧਰ 'ਤੇ ਹੋਣ ਵਾਲਾ ਜੈਵਿਕ ਵਿਨਾਸ਼ ਦਾ ਮਾਮਲਾ ਹੈ।

ਦੁਨੀਆਂ ਦੇ ਜ਼ਿਆਦਾਤਰ ਹਿੱਸਿਆ 'ਚ ਥਣਧਾਰੀ ਜਾਨਵਰ ਭੂਗੋਲਿਕ ਖੇਤਰ ਖੋਹੇ ਜਾਣ ਕਰ ਕੇ ਆਪਣੀ ਜਨ ਸੰਖਿਆ ਦਾ 70 ਫੀਸਦੀ ਹਿੱਸਾ ਗਵਾ ਚੁੱਕੇ ਹਨ, ਜਿਨ੍ਹਾਂ 'ਚੋਂ 40 ਫੀਸਦੀ ਗੈਂਡੇ, ਵਣਮਾਨਸ (ਔਰੰਗੁਟਾਨ), ਗੁਰੀਲੇ ਅਤੇ ਵੱਡੀਆਂ ਬਿੱਲੀਆਂ ਪ੍ਰਜਾਤੀ ਦੇ ਜਾਨਵਰ ਸਿਰਫ 20 ਫੀਸਦੀ ਜਾ ਇਸ ਤੋਂ ਵੀ ਘੱਟ ਧਰਤੀ ਦੇ ਇਲਾਕੇ 'ਤੇ ਰਹਿ ਗਏ ਹਨ, ਜਿਥੇ ਉਹ ਕਿਸੇ ਸਮੇਂ ਅਕਸਰ ਘੁੰਮਿਆ ਕਰਦੇ ਸੀ। ਜੈਵਵਿਭਿੰਨਤਾ 'ਚ ਕਮੀ ਵਿਚ ਹਾਲ ਹੀ ਵਿਚ ਤੇਜ਼ੀ ਆਈ ਹੈ। ਵਿਗਿਆਨੀਆਂ ਨੇ ਦੱਸਿਆ ਕਿ ਥਣਧਾਰੀ ਜੀਵਾਂ ਦੀਆਂ ਕਈ ਪ੍ਰਜਾਤੀਆਂ 'ਚ ਸ਼ਾਮਲ ਚੀਤੇ, ਸ਼ੇਰ ਤੇ ਜਿਰਾਫ, ਜੋ ਇਕ ਜਾ ਦੋ ਦਹਾਕੇ ਪਹਿਲਾਂ ਸੁਰੱਖਿਅਤ ਸਨ, ਹੁਣ ਖਤਰੇ ਵਿਚ ਹਨ।

ਵਿਗਿਆਨੀਆਂ ਦੇ ਅਨੁਮਾਨ ਅਨੁਸਾਰ ਬੀਤੇ 100 ਸਾਲਾਂ 'ਚ 200 ਤੋਂ ਵੱਧ ਜੀਵਾਂ ਦੀਆਂ ਪ੍ਰਜਾਤੀਆਂ ਅਲੋਪ ਹੋ ਚੁੱਕੀਆਂ ਹਨ। ਵਿਗਿਆਨੀਆਂ ਨੇ ਜਾਨਵਰਾਂ ਦੀ ਘਟਦੀ ਗਿਣਤੀ ਨੂੰ 'ਵਿਸ਼ਵ ਪੱਧਰੀ ਮਹਾਂਮਾਰੀ' ਕਰਾਰ ਦਿੱਤਾ ਹੈ ਅਤੇ ਇਸ ਨੂੰ ਛੇਵੇਂ ਮਹਾਵਿਨਾਸ਼ ਦਾ ਹਿੱਸਾ ਦੱਸਿਆ ਹੈ। ਬੀਤੇ 5 ਮਹਾਵਿਨਾਸ਼ ਕੁਦਰਤੀ ਘਟਨਾ ਮੰਨੇ ਜਾਂਦੇ ਰਹੇ ਹਨ ਪਰ ਵਿਗਿਆਨੀਆਂ ਮੁਤਾਬਕ ਇਸ ਮਹਾਵਿਨਾਸ਼ ਦਾ ਕਾਰਨ ਵੱਡੀ ਸੰਖਿਆ 'ਚ ਜਾਨਵਰਾਂ ਦੇ ਭੂਗੋਲਿਕ ਖੇਤਰ ਖੁੱਸ ਜਾਣ ਨੂੰ ਦੱਸਿਆ ਹੈ।

## ਏਸ਼ੀਆ ਦੇ 13 ਕਰੋੜ ਲੋਕਾਂ ਉਤੇ ਉਜਾੜੇ ਦਾ ਖਤਰਾ

**ਨਵੀਂ ਦਿੱਲੀ:** ਬੰਗਲਾਦੇਸ਼, ਭਾਰਤ ਤੇ ਪਾਕਿਸਤਾਨ ਦੇ ਹੇਠਲੇ ਤੱਟੀ ਇਲਾਕਿਆਂ ਦੇ 13 ਕਰੋੜ ਲੋਕਾਂ ਉਤੇ ਇਸ ਸਦੀ ਦੇ ਅੰਤ ਤੱਕ ਉਜਾੜੇ ਦਾ ਸਾਹਮਣਾ ਕਰਨ ਦਾ ਖਤਰਾ ਮੰਡਰਾ ਰਿਹਾ ਹੈ। ਪ੍ਰਸ਼ਾਂਤ ਸਾਗਰ ਦੇ ਮੁਲਕਾਂ ਤੇ ਏਸ਼ਿਆਈ ਦੇਸ਼ਾਂ ਵਿਚ ਜਲਵਾਯੂ ਤਬਦੀਲੀ ਦੇ ਤਬਾਹਕੁਨ ਨਤੀਜੇ ਸਾਹਮਣੇ ਆਉਣਗੇ। 'ਏਸ਼ੀਅਨ ਡਿਵੈਲਪਮੈਂਟ ਬੈਂਕ' (ਏ.ਡੀ.ਬੀ.) ਅਤੇ 'ਪੋਟਸਡੈਮ ਇੰਸਟੀਚਿਊਟ ਫਾਰ ਕਲਾਈਮੇਟ ਇੰਪੈਕਟ ਰਿਸਰਚ' (ਪੀ.ਆਈ.ਕੇ.) ਦੀ ਰਿਪੋਰਟ ਵਿਚ ਦਾਅਵਾ ਕੀਤਾ ਗਿਆ ਕਿ ਬਿਨਾਂ ਰੁਕੇ ਹੋ ਰਹੀ ਜਲਵਾਯੂ ਤਬਦੀਲੀ ਨਾਲ ਇਨ੍ਹਾਂ ਮੁਲਕਾਂ ਦੀ ਭਵਿੱਖੀ ਤਰੱਕੀ ਉਤੇ ਮਾੜਾ ਪ੍ਰਭਾਵ ਪੈ ਸਕਦਾ ਹੈ। ਇਸ ਨਾਲ ਮੌਜੂਦਾ ਵਿਕਾਸ ਲਾਭਾਂ ਨੂੰ ਪੁੱਠਾ ਗੇੜ ਆਉਣ ਤੋਂ ਇਲਾਵਾ ਜੀਵਨ ਮਿਆਰ ਹੇਠ ਆ ਸਕਦੇ ਹਨ। ਰਿਪੋਰਟ ਮੁਤਾਬਕ ਏਸ਼ੀਆ ਵਿਚ ਬਹੁਗਿਣਤੀ ਲੋਕ ਅਜਿਹੀਆਂ ਗਤੀਵਿਧੀਆਂ ਵਿਚ ਸ਼ਾਮਲ ਹਨ, ਜਿਸ ਨਾਲ ਤੂਫਾਨਾਂ ਦੀ ਸੰਭਾਵਨਾ ਨੂੰ ਹੱਲਾਸ਼ੇਰੀ ਮਿਲਦੀ ਹੈ। ਇਨ੍ਹਾਂ ਮੁਲਕਾਂ ਵਿਚ ਖਾਸ ਤੌਰ ਉਤੇ ਚੀਨ, ਭਾਰਤ, ਬੰਗਲਾਦੇਸ਼ ਅਤੇ ਇੰਡੋਨੇਸ਼ੀਆ ਸ਼ਾਮਲ ਹਨ।

ਪੰਜਾਬ ਟਾਈਮਜ਼

*ਸਨਿਚਰਵਾਰ, 22 ਜੁਲਾਈ 2017*

## ਕਰ ਨੀਤੀ ਅਤੇ ਰਣਨੀਤੀ

ਵਸਤਾਂ ਅਤੇ ਸੇਵਾਵਾਂ ਕਰ (ਜੀ.ਐਸ.ਟੀ.) ਨਾਲ ਪਿਆ ਰੱਫੜ ਅਜੇ ਮੱਠਾ ਨਹੀਂ ਪਿਆ ਕਿ ਕੈਪਟਨ ਸਰਕਾਰ ਨੇ 1000 ਕਰੋੜ ਰੁਪਏ ਦੇ ਹੋਰ ਕਰ ਲਾਉਣ ਦਾ ਖਾਕਾ ਤਿਆਰ ਕਰ ਲਿਆ ਹੈ। ਕਿਹਾ ਇਹ ਗਿਆ ਹੈ ਕਿ ਖਜ਼ਾਨਾ ਖਾਲੀ ਹੋਣ ਕਾਰਨ ਸਰਕਾਰ ਦਾ ਨਿੱਤ ਦਿਨ ਦਾ ਕੰਮ-ਕਾਰ ਚਲਾਉਣ ਵਿਚ ਵੀ ਦਿੱਕਤ ਆ ਰਹੀ ਹੈ। ਖਜ਼ਾਨਾ ਖਾਲੀ ਹੋਣ ਦਾ ਦੋਸ਼ ਕੈਪਟਨ ਸਰਕਾਰ ਅਤੇ ਉਨ੍ਹਾਂ ਦੀ ਪਾਰਟੀ ਬਹੁਤ ਵਾਰ ਲਾ ਚੁਕੀ ਹੈ। ਪਾਰਟੀ ਦਾ ਹਰ ਆਗੂ ਅਤੇ ਮੰਤਰੀ ਹਰ ਥਾਂ ਇਹੀ ਕਹਿ ਰਿਹਾ ਹੈ ਕਿ ਅਕਾਲੀ ਦਲ-ਭਾਜਪਾ ਸਰਕਾਰ ਨੇ ਖਜ਼ਾਨੇ ਨੂੰ ਆਪਣੇ ਸਿਆਸੀ ਮੰਤਵਾਂ ਦੀ ਪੂਰਤੀ ਲਈ ਉਜਾੜ ਦਿੱਤਾ। ਇਨ੍ਹਾਂ ਬਿਆਨਾਂ ਵਿਚ ਸੱਚਾਈ ਵੀ ਹੈ, ਪਰ ਹੁਣ ਵਾਲੀ ਸਰਕਾਰ ਇਸ ਸੱਚਾਈ ਨੂੰ ਸਿੱਧੀ ਟੱਕਰਨ ਦੀ ਬਜਾਏ ਲਾਂਭੇ ਲਾਂਭੇ ਲੰਘਣ ਅਤੇ ਸਾਰਾ ਬੋਝ ਆਮ ਜਨਤਾ ਉਤੇ ਸੁੱਟਣ ਲਈ ਤਿਆਰ ਹੋ ਗਈ ਹੈ। ਜੇ ਪਿਛਲੀ ਸਰਕਾਰ ਦੇ ਚੋਣਾਂ ਤੋਂ ਐਨ ਪਹਿਲਾਂ ਕੀਤੇ ਖਰਚਿਆਂ ਬਾਰੇ ਤੱਥ ਇਕੱਠੇ ਕਰ ਲਏ ਜਾਣ ਤਾਂ ਇਸ ਮਸਲੇ ਦਾ ਝੱਟ ਨਿਬੇੜਾ ਹੋ ਸਕਦਾ ਹੈ। ਉਦੋਂ ਸਿਆਸੀ ਮੁਫਾਦ ਲਈ ਗਰਾਂਟਾਂ ਵੰਡਣ ਦਾ ਅਮੁੱਕ ਸਿਲਸਿਲਾ ਸੰਗਤ ਦਰਸ਼ਨਾਂ ਦੇ ਰੂਪ ਵਿਚ ਚਲਾਇਆ ਗਿਆ ਸੀ। ਇਸ ਤੋਂ ਇਲਾਵਾ ਸਰਕਾਰ ਦੀਆਂ ਪ੍ਰਾਪਤੀਆਂ ਦੇ ਪ੍ਰਚਾਰ ਉਤੇ ਕਰੋੜਾਂ ਰੁਪਏ ਰੋੜ੍ਹ ਦਿੱਤੇ ਗਏ ਜਿਸ ਦੀ ਭਰਪਾਈ ਹੋਣੀ ਸੰਭਵ ਹੀ ਨਹੀਂ ਹੈ। ਇਸ ਦਾ ਸਿੱਧਾ ਜਿਹਾ ਭਾਵ ਇਹ ਹੈ ਕਿ ਸਰਕਾਰੀ ਇਸ਼ਤਿਹਾਰਬਾਜ਼ੀ ਦਾ ਸਾਰਾ ਬੋਝ ਆਮ ਜਨਤਾ ਦੇ ਸਿਰ ਪੈ ਗਿਆ ਹੈ। ਭਾਰਤ ਦਾ ਚੋਣ ਕਮਿਸ਼ਨ ਵੀ ਅਜੇ ਤੱਕ ਇਹ ਸਪਸ਼ਟ ਨਹੀਂ ਕਰ ਸਕਿਆ ਕਿ ਸਰਕਾਰੀ ਪ੍ਰਾਪਤੀਆਂ ਦੇ ਪ੍ਰਚਾਰ ਦਾ ਖਰਚਾ ਸਰਕਾਰੀ ਖਜ਼ਾਨੇ ਵਿਚੋਂ ਹੋਣਾ ਚਾਹੀਦਾ ਹੈ ਜਾਂ ਇਹ ਖਰਚਾ ਸਰਕਾਰ ਚਲਾ ਰਹੀ ਪਾਰਟੀ ਸਿਰ ਪੈਣਾ ਚਾਹੀਦਾ ਹੈ। ਹਰ ਚੋਣ ਤੋਂ ਪਹਿਲਾਂ ਸੱਤਾ ਧਿਰ ਲੋਕਾਂ ਦੀ ਖੂਨ-ਪਸੀਨੇ ਦੀ ਕਮਾਈ ਨੂੰ ਇਸੇ ਤਰ੍ਹਾਂ ਆਪਣੇ ਸਿਆਸੀ ਮੰਤਵਾਂ ਲਈ ਵਰਤਦੀ ਹੈ, ਪਰ ਇਸ ਪਾਸੇ ਕਿਸੇ ਸੰਸਥਾ ਜਾਂ ਅਦਾਲਤ ਦਾ ਧਿਆਨ ਨਹੀਂ। ਚੋਣਾਂ ਤੋਂ ਬਾਅਦ ਇਹ ਸਾਰਾ ਖਰਚਾ ਫਿਰ ਵੱਖ ਵੱਖ ਕਰ ਲਾ ਕੇ ਪੂਰਾ ਕਰ ਲਿਆ ਜਾਂਦਾ ਹੈ। ਦਹਾਕਿਆਂ ਤੋਂ ਇਹੀ ਸਿਲਸਿਲਾ ਚੱਲ ਰਿਹਾ ਹੈ। ਕੈਪਟਨ ਸਰਕਾਰ ਵੀ ਇਸ ਤੋਂ ਵੱਖਰੀ ਨਹੀਂ ਹੈ। ਇਹ ਵੀ ਉਸੇ ਮੁੱਖ ਧਾਰਾ ਸਿਆਸਤ ਦਾ ਹੀ ਹਿੱਸਾ ਹੈ ਜਿਸ ਦਾ ਮੁੱਖ ਮਕਸਦ ਆਪਣੇ ਸਿਆਸੀ ਹਿਤਾਂ ਦੀ ਪੈਰਵੀ ਕਰਨਾ ਹੈ। ਲੋਕ ਭਲਾਈ ਵਾਲੇ ਕੰਮ ਇਨ੍ਹਾਂ ਲਈ ਦੂਜੇ ਨੰਬਰ ਉਤੇ ਹੀ ਆਉਂਦੇ ਹਨ। ਚਾਹੀਦਾ ਤਾਂ ਇਹ ਸੀ ਕਿ ਅਕਾਲੀ ਦਲ-ਭਾਜਪਾ ਵੱਲੋਂ ਉਜਾੜੇ ਖਜ਼ਾਨੇ ਬਾਰੇ ਤੱਥ ਲੋਕਾਂ ਅੱਗੇ ਪੇਸ਼ ਕਰ ਕੇ ਸਬੰਧਤ ਧਿਰਾਂ ਤੋਂ ਇਸ ਦੀ ਵਸੂਲੀ ਲਈ ਚਾਰਜੋਈ ਕੀਤੀ ਜਾਂਦੀ, ਪਰ ਨਵੀਂ ਸਰਕਾਰ ਨੇ ਪਹਿਲੀਆਂ ਸਰਕਾਰਾਂ ਵਾਲਾ ਸੌਖਾ ਰਾਹ ਅਖਤਿਆਰ ਕਰ ਲਿਆ ਗਿਆ ਹੈ ਅਤੇ ਹੋਰ ਕਰਾਂ ਲਈ ਰਾਹ ਖੋਲ੍ਹ ਦਿੱਤਾ ਗਿਆ ਹੈ।

ਅਜਿਹੇ ਕਰ ਲਾਉਣ ਵੇਲੇ ਸਰਕਾਰ ਅਤੇ ਸਰਕਾਰ ਚਲਾ ਰਹੇ ਲੋਕ ਅਕਸਰ ਵਿਦੇਸ਼ਾਂ ਵਿਚ ਸਰਕਾਰਾਂ ਵੱਲੋਂ ਉਗਰਾਹੇ ਜਾ ਰਹੇ ਕਰਾਂ ਦੇ ਹਵਾਲੇ ਦਿੰਦੇ ਹਨ, ਪਰ ਇਹ ਆਗੂ ਲੋਕਾਂ ਤੋਂ ਇਹ ਓਹਲਾ ਰੱਖ ਲੈਂਦੇ ਹਨ ਕਿ ਵਿਦੇਸ਼ੀ ਸਰਕਾਰਾਂ ਕਰਾਂ ਦੇ ਇਵਜ਼ ਵਿਚ ਸਹੂਲਤਾਂ ਵੀ ਦਿੰਦੀਆਂ ਹਨ ਅਤੇ ਕਰ ਹਰ ਇਕ ਸ਼ਖਸ ਨੂੰ ਦੇਣਾ ਪੈਂਦਾ ਹੈ। ਇਥੇ ਤਾਂ ਕਰਾਂ ਦੀ ਬਹੁਤੀ ਮਾਰ ਮੱਧ ਵਰਗ ਉਤੇ ਹੀ ਪੈ ਰਹੀ ਹੈ ਜੋ ਪਹਿਲਾਂ ਹੀ ਕਈ ਤਰ੍ਹਾਂ ਦੀਆਂ ਆਰਥਿਕ ਮੁਸੀਬਤਾਂ ਨਾਲ ਜੂਝ ਰਿਹਾ ਹੈ। ਇਸ ਸਬੰਧੀ ਸਰਕਾਰ ਦਾ ਟੀਰ ਜੀ.ਐਸ.ਟੀ. ਦੀ ਇਕ ਮਿਸਾਲ ਨਾਲ ਹੀ ਉਜਾਗਰ ਹੋ ਜਾਂਦਾ ਹੈ। ਜੀ.ਐਸ.ਟੀ. ਪਾਉਣ ਦਾ ਮਤਲਬ ਵੀ ਸਰਕਾਰੀ ਖਜ਼ਾਨਾ ਭਰਨਾ ਹੀ ਹੈ। ਮੋਦੀ ਸਰਕਾਰ ਨੇ ਕੁਝ ਵਸਤਾਂ ਜੀ.ਐਸ.ਟੀ. ਤਹਿਤ ਨਹੀਂ ਲਿਆਂਦੀਆਂ। ਇਨ੍ਹਾਂ ਵਿਚੋਂ ਇਕ ਪੈਟਰੋਲ ਹੈ। ਦਰਅਸਲ, ਪੈਟਰੋਲ ਉਤੇ ਕਰ ਤੇ ਕਸਟਮ ਲਾ ਲਾ ਕੇ ਸਰਕਾਰ, ਖਪਤਕਾਰਾਂ ਦੀਆਂ ਜੇਬਾਂ ਮੁੱਛ ਰਹੀ ਹੈ। ਸਰਕਾਰ ਨੂੰ ਪੈਟਰੋਲ ਅਤੇ ਡੀਜ਼ਲ ਸਾਢੇ ਸਤਾਈ ਰੁਪਏ ਫੀ ਲਿਟਰ ਦੇ ਹਿਸਾਬ ਮਿਲਦਾ ਹੈ, ਪਰ ਕਰਾਂ ਤੋਂ ਬਾਅਦ ਗਾਹਕ ਨੂੰ ਪੈਟਰੋਲ ਸਾਢੇ ਪੈਂਹਟ ਰੁਪਏ ਅਤੇ ਡੀਜ਼ਲ ਸਾਢੇ ਚੁਰੰਜਾ ਰੁਪਏ ਫੀ ਲਿਟਰ ਪੈਂਦਾ ਹੈ; ਭਾਵ ਪੈਟਰੋਲ/ਡੀਜ਼ਲ ਉਤੇ ਲਾਏ ਜਾ ਰਹੇ ਕੁੱਲ ਕਰ 50 ਫੀਸਦ ਬਣਦੇ ਹਨ। ਜੇ ਪੈਟਰੋਲ ਜੀ.ਐਸ.ਟੀ. ਤਹਿਤ ਲਿਆਇਆ ਜਾਂਦਾ ਤਾਂ ਇਸ ਉਤੇ ਵੱਧ ਤੋਂ ਵੱਧ 18 ਫੀਸਦੀ ਕਰ ਲੱਗਣਾ ਸੀ। ਇਸ ਸੂਰਤ ਵਿਚ ਸਰਕਾਰ ਦੀ ਕਮਾਈ ਘਟ ਜਾਣੀ ਸੀ। ਸੋ, ਪੈਟਰੋਲ ਨੂੰ ਇਸ ਕਰ ਢਾਂਚੇ ਵਿਚੋਂ ਬਾਹਰ ਕਰ ਦਿੱਤਾ ਗਿਆ। ਇਹੀ ਸਰਕਾਰ ਦੀਆਂ ਚੋਰ-ਮੋਰੀਆਂ ਹਨ।

ਇਸ ਤੋਂ ਪਹਿਲਾਂ ਮੋਦੀ ਸਰਕਾਰ ਵੱਲੋਂ ਕੀਤੇ ਨੋਟਬੰਦੀ ਦੇ ਫੈਸਲੇ ਦਾ ਮਕਸਦ ਵੀ ਇਹੀ ਸੀ। ਮੁਲਕ ਦੇ ਡੁੱਬਦੇ ਜਾ ਰਹੇ ਬੈਂਕ ਦਿਨਾਂ ਵਿਚ ਹੀ ਨੱਕੋ-ਨੱਕ ਭਰ ਗਏ। ਕਿਸੇ ਨੇ ਇਹ ਸਵਾਲ ਨਹੀਂ ਪਾਇਆ ਕਿ ਇਹ ਬੈਂਕ ਖਾਲੀ ਕਿਸ ਨੇ ਕੀਤੇ ਸਨ? ਜ਼ਾਹਰ ਹੈ ਕਿ ਬੈਂਕਾਂ ਦਾ ਇਹ ਸਾਰਾ ਪੈਸਾ ਕਰਜ਼ਿਆਂ ਦੇ ਰੂਪ ਵਿਚ ਵੱਡੇ ਕਾਰਪੋਰੇਟ ਘਰਾਣਿਆਂ ਦੇ ਖਾਤਿਆਂ ਵਿਚ ਗਿਆ ਸੀ। ਇਹ ਉਹ ਘਰਾਣੇ ਹਨ ਜਿਹੜੇ ਬੈਂਕਾਂ ਦਾ ਕਰਜ਼ਾ ਮੋੜਨ ਦੀ ਥਾਂ ਸਿਆਸੀ ਪਾਰਟੀਆਂ ਨੂੰ ਕੁਝ ਕੁ ਫੰਡ ਦੇ ਕੇ ਸਾਰੀ ਰਕਮ ਹੜੱਪ ਜਾਂਦੇ ਹਨ। ਅਜਿਹੇ ਮੋਟੇ ਖਾਤਿਆਂ ਵਾਲਾ ਕਰਜ਼ਾ ਨਾ ਮੁੜਨ ਕਾਰਨ ਹੀ ਬੈਂਕ ਸਿਸਟਮ ਗੋਡਿਆਂ ਭਾਰ ਹੋ ਗਿਆ ਸੀ ਅਤੇ ਕੇਂਦਰ ਸਰਕਾਰ ਵਾਰ ਵਾਰ ਬਿਆਨ ਦਾਗ ਰਹੀ ਹੈ ਕਿ ਇਹ ਕਿਸਾਨਾਂ ਦਾ ਕਰਜ਼ਾ ਮੁਆਫ ਨਹੀਂ ਕਰੇਗੀ। ਗੱਲ ਠੀਕ ਹੈ ਕਿ ਕਰਜ਼ਾ ਮੁਆਫੀ ਕਿਸਾਨਾਂ ਦੇ ਮਸਲਿਆਂ ਦਾ ਪੱਕਾ ਹੱਲ ਨਹੀਂ, ਪਰ ਜਦੋਂ ਕਾਰਪੋਰੇਟ ਘਰਾਣਿਆਂ ਦੇ ਕਰਜ਼ਿਆਂ ਉਤੇ ਲੀਕ ਫੇਰੀ ਜਾ ਸਕਦੀ ਹੈ ਤਾਂ ਕਿਸਾਨਾਂ ਨਾਲ ਵਿਤਕਰਾ ਕਿਉਂ? ਜ਼ਾਹਰ ਹੈ ਕਿ ਵੱਖ ਵੱਖ ਸਰਕਾਰਾਂ ਆਪਣਾ ਖਜ਼ਾਨਾ ਅਤੇ ਧਨਾਢਾਂ ਦੇ ਖਾਤੇ ਭਰਨ ਲਈ ਕਰ-ਦਰ-ਕਰ ਲਾ ਰਹੀਆਂ ਹਨ, ਲੋਕ ਇਹ ਕਰ ਦੇਣ ਲਈ ਮਜਬੂਰ ਵੀ ਹਨ, ਪਰ ਇਵਜ਼ ਵਿਚ ਲੋਕਾਂ ਨੂੰ ਸਹੂਲਤਾਂ ਦੇਣ ਵੇਲੇ ਸਰਕਾਰਾਂ ਦੀਆਂ ਅੱਖਾਂ ਬੰਦ ਹੀ ਰਹਿੰਦੀਆਂ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਮਾਂ ਬੋਲੀ ਨੂੰ ਅੰਗਰੇਜ਼ੀ ਪੁੱਠ!*

ਫੇਸ ਬੁੱਕ 'ਤੇ ਭਾਅ ਜੀ ਨੂੰ ਲਿਖਣ 'ਪਾਜੀ', ਹਾਲਤ ਅੱਜ ਪੰਜਾਬੀ ਦੀ 'ਦਿੱਸ' ਹੋ ਗਈ।
ਸ਼ਬਦ ਵੀਰ ਵੀ ਬਣ ਗਿਆ 'ਬਰੋ' ਹੁਣ ਤਾਂ, ਸਾਡੀ ਭੈਣ ਜੀ ਬਦਲ ਕੇ 'ਸਿੱਸ' ਹੋ ਗਈ।
ਟਿੱਚਰ ਅਤੇ ਮਖੌਲ ਵੀ 'ਲੌਲ' ਬਣ ਗਏ, ਆਵੇ ਯਾਦ ਪਿਆਰੇ ਦੀ 'ਮਿੱਸ' ਹੋ ਗਈ।
ਚੁੰਮਣ ਕ੍ਰਿਆ ਸੀ ਮਿਸ਼ਰੀ ਦੀ ਡਲੀ ਜਿਹੀ, ਨਵੇਂ ਪੋਚ ਲਈ ਵਿਗੜ ਕੇ 'ਕਿੱਸ' ਹੋ ਗਈ।
'ਗੁੱਡ ਲੱਕ' ਨੇ ਨਿਗਲਿਆ 'ਭਲਾ ਹੋਵੇ', ਘੁੱਟ ਸਿਮਟ ਕੇ ਰਹਿ ਗਿਆ 'ਸਿੱਪ' ਯਾਰੋ।
ਐਚ ਏ, ਐਚ ਏ ਨੇ ਹਾਸੇ ਦੀ ਤਾਂ ਮੱਲੀ, ਹੁਣ ਅਫਸੋਸ ਵੀ ਹੋ ਗਿਆ 'ਰਿੱਪ' ਯਾਰੋ।

# ਗੁਰਦੁਆਰਿਆਂ ਦੀ ਸਮੱਗਰੀ ਉਤੇ ਜੀ.ਐਸ.ਟੀ. ਦਾ ਮੁੱਦਾ

*ਭਾਰਤ ਵਿਚ ਨਵੇਂ ਲਾਗੂ ਹੋਏ ਜੀ.ਐਸ.ਟੀ. (ਗੁੱਡਸ ਐਂਡ ਸਰਵਿਸਜ਼ ਟੈਕਸ) ਨਾਲ ਅਵਾਮ ਉਤੇ ਬੋਝ ਹੋਰ ਵਧ ਗਿਆ ਹੈ। ਕਾਰੋਬਾਰੀ ਵੱਖਰੇ ਸਰਕਾਰ ਖਿਲਾਫ ਧਰਨੇ-ਵਿਖਾਵੇ ਕਰ ਰਹੇ ਹਨ। ਦੂਜੇ ਬੰਨ੍ਹੇ ਕੇਂਦਰ ਸਰਕਾਰ ਦਾਅਵੇ ਕਰ ਰਹੀ ਹੈ ਕਿ ਇਸ ਨਾਲ ਅਵਾਮ ਦਾ ਹੀ ਫਾਇਦਾ ਹੋਣਾ ਹੈ। ਇਸ ਟੈਕਸ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਤੇ ਵੀ ਡਾਢਾ ਅਸਰ ਪੈ ਰਿਹਾ ਹੈ। ਪਹਿਲਾਂ ਸ਼੍ਰੋਮਣੀ ਕਮੇਟੀ ਦੀ ਰਸਦ ਬਗੈਰਾ ਉਤੇ ਵਿਕਰੀ ਕਰ ਦੀ ਛੋਟ ਮਿਲੀ ਹੋਈ ਸੀ, ਪਰ ਜੀ.ਐਸ.ਟੀ. ਤੋਂ ਸ਼੍ਰੋਮਣੀ ਕਮੇਟੀ ਨੂੰ ਕੋਈ ਛੋਟ ਨਹੀਂ ਦਿੱਤੀ ਗਈ ਹੈ। ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਕੁਲਵੰਤ ਸਿੰਘ ਰੰਧਾਵਾ ਨੇ ਆਪਣੇ ਇਸ ਲੇਖ ਵਿਚ ਕੁਝ ਨੁਕਤਿਆਂ ਬਾਰੇ ਚਰਚਾ ਕਰਦਿਆਂ ਇਸ ਛੋਟ ਦੀ ਪੈਰਵੀ ਕੀਤੀ ਹੈ। -ਸੰਪਾਦਕ*



ਕੁਲਵੰਤ ਸਿੰਘ ਰੰਧਾਵਾ
ਫੋਨ: +91-98151-65689



ਭੁੱਖੀ ਪਿਆਸੀ ਮਾਨਵਤਾ ਨੂੰ ਲੰਗਰ ਛਕਾਉਣ ਦੀ ਪ੍ਰਥਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਸੱਚਾ ਸੌਦਾ' ਦੇ ਰੂਪ ਵਿਚ ਆਰੰਭ ਕੀਤੀ ਸੀ। ਸ੍ਰੀ ਗੁਰੂ ਅਮਰਦਾਸ ਜੀ ਨੇ ਇਸ ਨੂੰ ਪੰਗਤੀ ਰੂਪ ਦਿੱਤਾ। ਪੰਗਤ ਵਿਚ ਲੰਗਰ ਛਕਣ ਲਈ ਕਿਸੇ ਧਰਮ, ਜਾਤ ਊਚ ਨੀਚ ਭਾਵ ਰਾਜਾ ਰੰਕ ਵਿਚ ਦਾ ਫ਼ਰਕ ਸਮਾਪਤ ਕਰ ਦਿੱਤਾ।

ਕਿਸੇ ਸਮੇਂ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਸ੍ਰੀ ਗੁਰੂ ਰਾਮਦਾਸ ਜੀ ਲੰਗਰ ਵੀ ਸਮਾਂਬੱਧ ਹੁੰਦਾ ਸੀ, ਪਰ ਸੰਗਤਾਂ ਦੀ ਸ਼ਰਧਾ ਅਤੇ ਸ਼ਰਧਾਲੂਆਂ ਦੀ ਵਧੇਰੇ ਗਿਣਤੀ ਕਾਰਨ ਇਸ ਸਮੇਂ ਇਹ 24 ਘੰਟੇ ਨਿਰੰਤਰ ਅਤੇ ਨਿਰਵਿਘਨ ਚੱਲਦਾ ਹੈ। ਹੁਣ ਸਰਕਾਰ ਨੇ ਲੰਗਰ ਵਿਚ ਵਰਤੀ ਜਾਣ ਵਾਲੀ ਸਮੱਗਰੀ 'ਤੇ ਟੈਕਸ ਵੀ ਲਗਾ ਦਿੱਤਾ ਹੈ, ਇਸ ਦੇ ਬਾਵਜੂਦ ਇਹ ਪੱਕਾ ਹੈ ਕਿ ਗੁਰੂ ਦੀਆਂ ਸੰਗਤਾਂ ਇਥੇ ਤੋਟ ਨਹੀਂ ਆਉਣ ਦੇਣਗੀਆਂ। ਸਾਲਾਨਾ ਜੋੜ ਮੇਲਾਂ ਸਮੇਂ ਪਿੰਡਾਂ ਦੀਆਂ ਸੰਗਤਾਂ ਵੱਲੋਂ ਸੈਂਕੜੇ ਲੰਗਰ ਚਲਾਏ ਜਾਂਦੇ ਹਨ ਜਿਸ ਤੋਂ ਸਿੱਖ ਜਗਤ ਦੀ ਸ਼ਰਧਾ ਦਾ ਅੰਦਾਜ਼ਾ ਸਜਿਹੇ ਹੀ ਲਗਾਇਆ ਜਾ ਸਕਦਾ ਹੈ।

ਕੇਂਦਰ ਅਤੇ ਸੂਬਾਈ ਸਰਕਾਰਾਂ ਗ਼ਰੀਬਾਂ ਦੀ ਭੁੱਖ ਮਿਟਾਉਣ ਦੀ ਆੜ ਵਿਚ ਵੋਟ ਬੈਂਕ ਹਾਸਲ ਕਰਨ ਲਈ ਅਰਬਾਂ ਰੁਪਏ ਸਸਤੇ ਅਨਾਜ ਦੀ ਵੰਡ ਦੇ ਰੂਪ ਵਿਚ ਖ਼ਰਚ ਕਰ ਰਹੀਆਂ ਹਨ ਜਿਸ ਕਾਰਨ ਬਹੁ ਗਿਣਤੀ ਵਿਹਲੜਾਂ ਦੀ ਸੰਖਿਆ ਵਧ ਗਈ ਹੈ। ਗੁਰੂ ਘਰ ਦੇ ਲੰਗਰਾਂ ਵਿਚ ਬਿਨਾਂ ਖ਼ਰਚ ਦੇ ਕਿਸੇ ਨੂੰ ਭੁੱਖੇ ਨਹੀਂ ਰਹਿਣਾ ਪੈਂਦਾ। ਅਜਿਹੀ ਹਾਲਤ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੂੰ ਤੱਥਾਂ ਦੇ ਆਧਾਰ ਉਤੇ ਲੰਗਰ-ਕੜਾਹ ਪ੍ਰਸ਼ਾਦ ਦੀਆਂ ਰਸਦਾਂ 'ਤੇ ਜੀ.ਐਸ.ਟੀ. ਮੁਆਫ਼ ਕਰਾਉਣ ਲਈ ਉਪਰਾਲਾ ਵਿੱਢਣਾ ਚਾਹੀਦਾ ਹੈ। ਸਰਕਾਰਾਂ ਦਾ ਆਪਣਾ ਵੀ ਫ਼ਰਜ਼ ਬਣਦਾ ਹੈ ਕਿ ਅਜਿਹੇ ਧਾਰਮਿਕ ਅਦਾਰੇ ਜੋ ਲੋਕ ਭਲਾਈ ਦੇ ਕੰਮਾਂ ਲਈ ਆਪਣਾ ਸਾਰਾ ਖ਼ਰਚ ਕਰ ਰਹੇ ਹਨ, ਉਨ੍ਹਾਂ 'ਤੇ ਅਜਿਹੇ ਟੈਕਸ ਨਾ ਲਗਾਏ ਜਾਣ। ਸਰਕਾਰ ਨੂੰ ਆਪਣੇ ਆਪ ਹੀ ਸੋਚਣਾ ਚਾਹੀਦਾ ਹੈ ਕਿ ਜੇ ਪਹਿਲਾਂ ਸ੍ਰੀ ਦਰਬਾਰ ਸਾਹਿਬ ਅਤੇ ਹੋਰ ਗੁਰਦੁਆਰਾ ਸਾਹਿਬਾਨ ਦੇ ਲੰਗਰ, ਕੜਾਹ ਪ੍ਰਸ਼ਾਦ ਲਈ ਵਰਤੀ ਜਾ ਰਹੀ ਸਮੱਗਰੀ 'ਤੇ ਸੇਲਜ਼ ਟੈਕਸ ਨਹੀਂ ਸੀ ਲੱਗਦਾ ਤਾਂ ਅਗਾਂਹ ਵੀ ਅਜਿਹੀ ਛੋਟ ਜਾਰੀ ਰੱਖਣ ਵਿਚ ਕੀ ਦਿੱਕਤ ਹੈ?

ਹੈਰਾਨੀ ਦੀ ਗੱਲ ਹੈ ਕਿ ਸ਼੍ਰੋਮਣੀ ਅਕਾਲੀ ਦਲ ਕੇਂਦਰ ਸਰਕਾਰ ਵਿਚ ਭਾਈਵਾਲ ਹੈ ਜੋ ਇਸ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵੀ ਸਰਪ੍ਰਸਤ ਹੈ। ਇਹ ਟੈਕਸ ਲਗਾਉਣ ਵਿਚ ਇਹ ਵੀ ਪੂਰੀ ਤਰ੍ਹਾਂ ਭਾਈਵਾਲ ਅਤੇ ਜ਼ਿੰਮੇਵਾਰ ਹਨ। ਇਨ੍ਹਾਂ ਨੂੰ ਕੇਂਦਰ ਸਰਕਾਰ ਉਤੇ ਵੱਧ ਤੋਂ ਵੱਧ ਜ਼ੋਰ ਪਾ ਕੇ ਭਾਰਤ ਵਿਚਲੇ ਇਤਿਹਾਸਕ ਗੁਰਦੁਆਰਾ ਸਾਹਿਬਾਨ ਵਿਖੇ ਵਰਤੋਂ ਵਿਚ ਆ ਰਹੀ ਸਮੱਗਰੀ ਨੂੰ ਜੀ.ਐਸ.ਟੀ. ਮੁਕਤ ਕਰਾਇਆ ਜਾਵੇ, ਪਰ ਇਹ ਹੁਣ ਤਕ ਚੁੱਪ ਧਾਰੀ ਬੈਠੇ ਹਨ।

ਇਥੇ ਇਹ ਵਰਨਣ ਕਰਨਾ ਵੀ ਜ਼ਰੂਰੀ ਜਾਪਦਾ ਹੈ ਕਿ ਨੇਪਾਲ ਵਿਚ ਆਏ ਭੂਚਾਲ, ਗੁਜਰਾਤ ਦੇ ਭੂਚਾਲ ਪੀੜਤਾਂ, ਉੜੀਸਾ ਦੇ ਸੋਕਾ ਪੀੜਤਾਂ ਅਤੇ ਉਤਰਾਖੰਡ ਅਤੇ ਜੰਮੂ ਕਸ਼ਮੀਰ ਵਿਚਲੀਆਂ ਕੁਦਰਤੀ ਆਫ਼ਤਾਂ ਸਮੇਂ ਕਈ ਕਰੋੜਾਂ ਰੁਪਏ ਦੀ ਲੰਗਰ ਦੀ ਸਮੱਗਰੀ ਤੋਂ ਇਲਾਵਾ ਲੋੜੀਂਦੀਆਂ ਵਸਤਾਂ ਲਈ ਸੰਗਤਾਂ ਦੇ ਸਹਿਯੋਗ ਨਾਲ ਸ਼੍ਰੋਮਣੀ ਕਮੇਟੀ ਨੇ ਅਹਿਮ ਯੋਗਦਾਨ ਪਾਇਆ ਸੀ। ਵਿਦੇਸ਼ਾਂ ਵਿਚ ਵੀ ਕੁਦਰਤੀ ਅਤੇ ਦੁਨਿਆਵੀ ਆਫ਼ਤਾਂ ਸਮੇਂ ਸੰਗਤਾਂ ਨੇੜਲੇ ਗੁਰਦੁਆਰਾ ਸਾਹਿਬਾਨ ਤੋਂ ਲੰਗਰ ਲੈ ਕੇ ਪੁੱਜ ਜਾਂਦੀਆਂ ਹਨ ਅਤੇ ਮਾਨਵਤਾ ਦੀ ਭਲਾਈ ਲਈ ਹਰ ਸਮੇਂ ਤਿਆਰ ਰਹਿੰਦੀਆਂ ਹਨ। ਅਜਿਹੇ ਸ਼ਰਧਾ ਭਾਵ ਨੂੰ ਦੇਖਦੇ ਹੋਏ ਸਰਕਾਰ ਨੂੰ ਗੁਰੂਦੁਆਰਾ ਸਹਿਬਾਨ ਦੀ ਲੰਗਰ ਸਮੱਗਰੀ ਨੂੰ ਜੀ.ਐਸ.ਟੀ. ਮੁਕਤ ਕਰਨਾ ਚਾਹੀਦਾ ਹੈ ਤਾਂ ਕਿ ਗੁਰੂ ਘਰਾਂ ਦੇ ਲੰਗਰ ਨਾਲ ਵੱਧ ਤੋਂ ਵੱਧ ਸ਼ਰਧਾਲੂਆਂ ਅਤੇ ਲੋੜਵੰਦਾਂ ਦੀ ਸੇਵਾ ਕੀਤੀ ਜਾ ਸਕੇ।

# ਖੇਤੀਬਾੜੀ ਖੇਤਰ ਅਤੇ ਜੀ.ਐਸ.ਟੀ.

ਵਸਤਾਂ ਅਤੇ ਸੇਵਾਵਾਂ ਕਰ ਪ੍ਰਣਾਲੀ ਅਧੀਨ, ਵਸਤਾਂ ਦੇ ਨਿਰਮਾਣ ਤੋਂ ਸ਼ੁਰੂ ਹੋ ਕੇ ਇਨ੍ਹਾਂ ਦੀ ਖਪਤ ਤੱਕ ਦੀ ਇਸ ਦੀ ਕੀਮਤ ਵਿਚ, ਪੜਾਅਵਾਰ ਵਾਧੇ ਅਨੁਸਾਰ ਜੀ.ਐਸ.ਟੀ. ਲੱਗ ਗਿਆ ਹੈ; ਭਾਵ ਹਰ ਸਟੇਜ 'ਤੇ ਵਸਤੂ ਦੀ ਕੀਮਤ ਵਿਚ ਵਾਧੇ ਅਨੁਸਾਰ ਹੀ ਕਰ ਲੱਗਣਾ ਹੈ ਅਤੇ ਟੈਕਸ ਦਾ ਸਾਰਾ ਬੋਝ ਅਖ਼ੀਰਲੇ ਖਪਤਕਾਰ ਨੂੰ ਸਹਿਣ ਕਰਨਾ ਪੈਣਾ ਹੈ। ਇਹ ਦਾਅਵਾ ਕੀਤਾ ਗਿਆ ਹੈ ਕਿ ਇਸ ਦੇ ਲਾਗੂ ਹੋਣ ਨਾਲ ਕਰ ਪ੍ਰਣਾਲੀ ਆਸਾਨ ਹੋ ਜਾਵੇਗੀ, ਵਸਤਾਂ ਸਸਤੀਆਂ ਹੋ ਜਾਣਗੀਆਂ, ਵਪਾਰ ਕਰਨ ਵਿਚ ਆਸਾਨੀ ਹੋਵੇਗੀ, ਟੈਕਸਾਂ ਦੀ ਚੋਰੀ ਘੱਟ ਜਾਵੇਗੀ ਅਤੇ ਸਰਕਾਰ ਦੀ ਆਮਦਨ ਵਿਚ ਵਾਧਾ ਹੋਵੇਗਾ।

ਖੇਤੀ ਮੁਲਕ ਦੀ ਆਰਥਿਕਤਾ ਲਈ ਅਹਿਮ ਹੈ। ਆਜ਼ਾਦੀ ਪਿਛੋਂ ਇਸ ਖੇਤਰ 'ਚ ਵਾਧੇ ਦੀ ਦਰ 1980 ਦੇ ਦਹਾਕੇ ਦੌਰਾਨ ਸਭ ਤੋਂ ਵੱਧ 4.7% ਰਹੀ ਅਤੇ ਉਸ ਤੋਂ ਬਾਅਦ ਲਗਾਤਾਰ ਘਟੀ ਹੈ। ਖੇਤੀ ਖੇਤਰ ਦਾ ਕੁਲ ਘਰੇਲੂ ਆਮਦਨ ਵਿਚ ਯੋਗਦਾਨ ਹੁਣ ਘਟ ਕੇ ਤਕਰੀਬਨ 14% ਰਹਿ ਗਿਆ ਹੈ ਜਦਕਿ ਇਹ ਖੇਤਰ ਦੇਸ਼ ਦੇ ਤਕਰੀਬਨ ਅੱਧੇ ਕਾਮਿਆਂ ਨੂੰ ਰੁਜ਼ਗਾਰ ਦੇ ਰਿਹਾ ਹੈ। ਮੁਲਕ ਵਿਚ ਦੁਨੀਆ ਦੇ ਗਰੀਬ ਲੋਕਾਂ ਦਾ ਇਕ-ਚੌਥਾਈ ਹਿੱਸਾ ਰਹਿੰਦਾ ਹੈ। ਜ਼ਿਆਦਾਤਰ ਆਬਾਦੀ ਆਪਣੀ ਉਪਜੀਵਕਾ ਲਈ ਖੇਤੀਬਾੜੀ ਉਪਰ ਨਿਰਭਰ ਹੈ। ਇਸ ਦੇ ਸਨਮੁਖ ਖੇਤੀਬਾੜੀ ਜਿਣਸਾਂ ਭਾਵ ਕਣਕ, ਚਾਵਲ, ਮੱਕੀ, ਜੌਂ; ਤਾਜ਼ਾ ਸਬਜ਼ੀਆਂ ਤੇ ਫਲ ਜਿਵੇਂ ਆਲੂ, ਟਮਾਟਰ, ਪਿਆਜ਼ ਅਤੇ ਪਸ਼ੂ-ਧਨ ਜਿਵੇਂ ਭੇਡਾਂ, ਬੱਕਰੀਆਂ, ਸੂਰ, ਮੱਛੀਆਂ ਅਤੇ ਇਨ੍ਹਾਂ ਦੇ ਤਾਜ਼ਾ ਮੀਟ ਆਦਿ ਨੂੰ ਜੀ.ਐਸ.ਟੀ. ਦੇ ਦਾਇਰੇ ਤੋਂ ਬਾਹਰ ਰੱਖਿਆ ਗਿਆ ਹੈ।

ਉਂਜ ਖੇਤੀ ਦੀ ਪੈਦਾਵਾਰ ਲਈ ਕਿਸਾਨਾਂ ਨੂੰ ਵੱਖ ਵੱਖ ਸਮੱਗਰੀ ਜਿਵੇਂ ਬੀਜ, ਖਾਦਾਂ, ਕੀੜੇਮਾਰ ਦਵਾਈਆਂ, ਖੇਤੀ ਮਸ਼ੀਨਰੀ ਅਤੇ ਸਿੰਜਾਈ ਉਪਕਰਣਾਂ ਆਦਿ ਦੀ ਜ਼ਰੂਰਤ ਹੁੰਦੀ ਹੈ। ਇਨ੍ਹਾਂ ਵਿਚੋਂ ਕੇਵਲ ਬੀਜ ਦੀ ਖਰੀਦ 'ਤੇ ਹੀ ਜੀ.ਐਸ.ਟੀ. ਨਹੀਂ ਲੱਗੇਗਾ; ਬਾਗਬਾਨੀ ਅਤੇ ਹੋਰ ਸਬਜ਼ੀਆਂ ਤੇ ਫੁੱਲਾਂ ਦੀ ਪਨੀਰੀ ਆਦਿ ਦੀ ਖਰੀਦ 'ਤੇ ਜੀ.ਐਸ.ਟੀ. ਦੇਣਾ ਪਵੇਗਾ। ਜਿਥੋਂ ਤਕ ਖਾਦਾਂ ਦਾ ਸਬੰਧ ਹੈ, ਇਨ੍ਹਾਂ ਉਤੇ 5% ਦੀ ਦਰ 'ਤੇ ਜੀ.ਐਸ.ਟੀ. ਲਗਾਇਆ ਗਿਆ ਹੈ ਜੋ ਪਹਿਲਾਂ ਤਕਰੀਬਨ 2% ਹੀ ਸੀ।

ਖੇਤੀ ਲਈ ਮਸ਼ੀਨਰੀ ਅਨਿੱਖੜਵਾਂ ਅੰਗ ਹੈ। ਟਰੈਕਟਰ ਖੇਤੀਬਾੜੀ ਦੇ ਮਸ਼ੀਨੀਕਰਨ ਦਾ ਧੁਰਾ ਹੈ। ਨਵੇਂ ਕਰ ਅਧੀਨ ਨਵੇਂ ਟਰੈਕਟਰ ਦੀ ਖਰੀਦ 'ਤੇ 12% ਅਤੇ ਇਸ ਦੇ ਪੁਰਜ਼ਿਆਂ ਉਪਰ 18% ਦਰ 'ਤੇ ਜੀ.ਐਸ.ਟੀ. ਅਦਾ ਕਰਨਾ ਪਵੇਗਾ ਜਦੋਂਕਿ ਪਹਿਲਾਂ ਵੈਟ 6.05% ਸੀ। ਜਿਸ ਢੰਗ ਨਾਲ ਖੇਤੀ ਆਧਾਰਤ ਉਦਯੋਗ ਅਤੇ ਫੂਡ ਪ੍ਰੋਸੈਸਿੰਗ ਇੰਡਸਟਰੀ ਉਤੇ ਜਿੰਨਾ ਕਰ ਵਾਧਾ ਹੋ ਗਿਆ ਹੈ, ਉਸ ਨਾਲ ਕੁੱਲ ਮਿਲਾ ਕੇ ਖੇਤੀ ਆਧਾਰਤ ਉਦਯੋਗਾਂ ਦੇ ਪ੍ਰਫੁਲਿਤ ਹੋਣ ਉਪਰ ਸਵਾਲੀਆ ਨਿਸ਼ਾਨ ਲੱਗ ਗਿਆ ਹੈ।

ਸਰਕਾਰ ਵੱਲੋਂ 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਟੀਚਾ ਮਿਥਿਆ ਗਿਆ ਹੈ, ਪਰ ਜੀ.ਐਸ.ਟੀ. ਪ੍ਰਣਾਲੀ ਲਾਗੂ ਹੋਣ ਨਾਲ ਫਿਲਹਾਲ ਫਸਲਾਂ ਦੀ ਪੈਦਾਵਾਰ ਲਾਗਤ ਵਧਣ ਅਤੇ ਕਿਸਾਨਾਂ ਦੀ ਆਮਦਨ ਘਟਣ ਦਾ ਖਦਸ਼ਾ ਪੈਦਾ ਹੋ ਗਿਆ ਹੈ। ਮਾਹਿਰਾਂ ਦਾ ਇਹ ਵੀ ਮੰਨਣਾ ਹੈ ਕਿ ਇਸ ਕਰ ਪ੍ਰਣਾਲੀ ਤੋਂ ਭਵਿਖ ਵਿਚ ਕਾਫੀ ਫਾਇਦਾ ਹੋਵੇਗਾ ਅਤੇ ਟੈਕਸ ਵਸੂਲੀ ਵਿਚ ਸੁਧਾਰ ਹੋਣ ਨਾਲ ਸਰਕਾਰ ਦਾ ਮਾਲੀਆ ਵਧੇਗਾ। ਇਸ ਲਈ ਆਰਥਿਕ ਸੰਕਟ ਵਿਚ ਘਿਰੀ ਕਿਸਾਨੀ ਨੂੰ ਆਰਥਿਕ ਆਜ਼ਾਦੀ ਦਾ ਲਾਭ ਪਹੁੰਚਾਉਣ ਲਈ, ਖੇਤੀ ਖੇਤਰ ਵਿਚ ਵਧੇਰੇ ਪੂੰਜੀ ਨਿਵੇਸ਼ ਕਰਨ ਦੀ ਵੀ ਜ਼ਰੂਰਤ ਹੈ।

*-ਡਾ. ਬਲਵਿੰਦਰ ਸਿੰਘ ਸਿੱਧੂ*

# ਅਮਰਨਾਥ ਯਾਤਰਾ ਉਤੇ ਹਮਲਾ ਤੇ ਸੰਘ ਪਰਿਵਾਰ

***ਕਸ਼ਮੀਰ ਵਿਚ ਅਮਰਨਾਥ ਯਾਤਰਾ ਤੋਂ ਸਿਆਸੀ ਲਾਹਾ ਲਏ ਜਾਣ ਦਾ ਮੁੱਦਾ ਹੁਣ ਸਭ ਦੇ ਸਾਹਮਣੇ ਹੈ। ਸੰਘ ਬ੍ਰਿਗੇਡ ਤੋਂ ਇਲਾਵਾ ਕਾਂਗਰਸ ਵੀ ਇਸ ਬਾਰੇ ਉਚੇਚ ਕਰਦੀ ਰਹੀ ਹੈ। ਸੰਘ ਨੇ ਤਾਂ ਹੁਣ ਇਸ ਯਾਤਰਾ ਨੂੰ ਆਪਣਾ ਸਿਆਸੀ ਹਥਿਆਰ ਹੀ ਬਣਾ ਧਰਿਆ ਹੈ। ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਇਸ ਯਾਤਰਾ ਉਤੇ ਹੋਏ ਕਥਿਤ ਹਮਲੇ ਤੋਂ ਬਾਅਦ ਬਣੇ ਹਾਲਾਤ ਅਤੇ ਇਸ ਯਾਤਰਾ ਦੇ ਓਹਲੇ ਹੇਠ ਕੀਤੀ ਜਾ ਰਹੀ ਸੌੜੀ ਸਿਆਸਤ ਬਾਰੇ ਆਪਣੇ ਇਸ ਲੇਖ ਵਿਚ ਭਰਪੂਰ ਖ਼ੁਲਾਸਾ ਕੀਤਾ ਹੈ। -ਸੰਪਾਦਕ***


ਕਸ਼ਮੀਰ ਵਿਚ ਅਮਰਨਾਥ ਯਾਤਰੀਆਂ ਉਪਰ 'ਦਹਿਸ਼ਤੀ' ਹਮਲੇ ਵਿਚ ਸੱਤ ਸ਼ਰਧਾਲੂ ਮਾਰੇ ਗਏ। ਇਕ ਜ਼ਖ਼ਮੀ ਔਰਤ ਬਾਅਦ ਵਿਚ ਚਲ ਵਸੀ। ਇਸ ਕਾਂਡ ਨੂੰ ਅੰਜਾਮ ਦੇਣ ਵਾਲੀਆਂ ਤਾਕਤਾਂ ਇਨਸਾਨੀਅਤ ਦੀਆਂ ਦੁਸ਼ਮਣ ਹਨ। ਤਸੱਲੀ ਵਾਲੀ ਗੱਲ ਹੈ ਕਿ ਕਸ਼ਮੀਰੀਆਂ ਨੇ ਇਸ ਕਾਰੇ ਦੀ ਨਿਖੇਧੀ ਕਰਦਿਆਂ ਕਸ਼ਮੀਰੀਅਤ ਦੀ ਸਾਂਝੀਵਾਲਤਾ ਦੀ ਰਵਾਇਤ ਬੁਲੰਦ ਕੀਤੀ ਹੈ। ਹਿੰਦੁਸਤਾਨੀ ਸਟੇਟ ਵਲੋਂ ਕੀਤੀ ਜਾ ਰਹੀ ਫਿਰਕੂ ਨਸਲਕੁਸ਼ੀ ਅਤੇ ਆਰ.ਐਸ.ਐਸ. ਵਰਗੀਆਂ ਫਿਰਕੂ ਤਾਕਤਾਂ ਦੀਆਂ ਜ਼ਹਿਰੀਲੀਆਂ ਮੁਹਿੰਮਾਂ ਦੇ ਬਾਵਜੂਦ ਉਹ ਮਜ਼ਹਬੀ ਜਨੂੰਨੀ ਤਾਕਤਾਂ ਦਾ ਅਸਰ ਵੀ ਨਹੀਂ ਕਬੂਲ ਰਹੇ। ਦੂਜੇ ਪਾਸੇ, ਸੱਤਾਧਾਰੀ ਸੰਘ ਬ੍ਰਿਗੇਡ ਸਮੇਤ ਤਮਾਮ 'ਮੁੱਖ ਧਾਰਾ' ਸਿਆਸੀ ਧਿਰਾਂ, ਹਮੇਸ਼ਾ ਐਸੇ ਮੌਕਿਆਂ ਦੀ ਤਾਕ ਵਿਚ ਰਹਿੰਦੀਆਂ ਹਨ ਜਿਨ੍ਹਾਂ ਦਾ ਸੌੜੇ ਮੁਫ਼ਾਦਾਂ

**ਬੂਟਾ ਸਿੰਘ**
ਫੋਨ: +91-94634-74342

ਲਈ ਸਿਆਸੀ ਲਾਹਾ ਲਿਆ ਜਾ ਸਕੇ ਅਤੇ ਕਸ਼ਮੀਰੀ ਅਵਾਮ ਦਾ ਅਕਸ ਵਿਗਾੜਨ ਲਈ ਉਨ੍ਹਾਂ ਖ਼ਿਲਾਫ਼ ਜ਼ਹਿਰ ਉਗਲੀ ਜਾ ਸਕੇ। ਸੰਘ ਬ੍ਰਿਗੇਡ ਦੇ ਸਾਧ ਸਾਧਵੀਆਂ ਅਤੇ ਹੋਰ ਆਗੂ ਇਸ ਕਾਂਡ ਦੇ ਬਹਾਨੇ ਫਿਰਕੂ ਜ਼ਹਿਰ ਉਗਲ ਰਹੇ ਹਨ ਅਤੇ ਕਸ਼ਮੀਰ ਵਿਚ ਹੱਤਿਆਵਾਂ ਦੇ ਬਦਲੇ ਮੁਸਲਮਾਨਾਂ ਨੂੰ ਕਤਲ ਕਰਨ ਦੀਆਂ ਧਮਕੀਆਂ ਦੇ ਰਹੇ ਹਨ। ਸਾਰੀਆਂ ਹੀ ਹਾਕਮ ਜਮਾਤੀ ਪਾਰਟੀਆਂ ਇਨ੍ਹਾਂ ਧਮਕੀਆਂ ਬਾਰੇ ਖ਼ਾਮੋਸ਼ ਹਨ।

ਅਸਲ ਵਿਚ ਅਮਰਨਾਥ ਯਾਤਰਾ ਹੁਣ ਤੀਰਥ ਯਾਤਰਾ ਨਾ ਰਹਿ ਕੇ ਸਿਆਸੀ ਮੁਹਿੰਮ ਬਣ ਚੁੱਕੀ ਹੈ। ਇਸ ਦੇ ਓਹਲੇ ਆਰ.ਐਸ.ਐਸ. ਅਤੇ ਹੋਰ ਰਾਸ਼ਟਰਵਾਦੀ ਤਾਕਤਾਂ ਸਰਗਰਮ ਹਨ ਜਿਨ੍ਹਾਂ ਦਾ ਮਨੋਰਥ ਇਸ ਨੂੰ ਆਪਣੇ ਹਿੰਦੂਤਵੀ ਏਜੰਡੇ ਨੂੰ ਅੱਗੇ ਵਧਾਉਣ ਅਤੇ ਫਿਰਕੂ ਪਾਲਾਬੰਦੀ ਕਰਨ ਲਈ ਵਰਤਣ ਤੋਂ ਬਿਨਾ ਕੁਝ ਨਹੀਂ। ਕੇਂਦਰ ਵਿਚ ਚਾਹੇ ਹਿੰਦੂਤਵੀ ਸਰਕਾਰ ਹੋਵੇ ਜਾਂ 'ਧਰਮ ਨਿਰਪੱਖ' ਕਾਂਗਰਸ ਦੀ, ਸਟੇਟ ਖ਼ਾਸ ਤਰ੍ਹਾਂ ਦੇ 'ਰਾਸ਼ਟਰਵਾਦ' ਨੂੰ ਹੱਲਾਸ਼ੇਰੀ ਦੇਣ ਲਈ ਢਾਈ ਦਹਾਕਿਆਂ ਤੋਂ ਅਮਰਨਾਥ ਯਾਤਰਾ ਦਾ ਥੋਕ ਇਸਤੇਮਾਲ ਕਰ ਰਿਹਾ ਹੈ। ਇਸ ਦੇ ਬਹਾਨੇ ਕਸ਼ਮੀਰ ਦੇ ਮੂਲ ਮਸਲੇ ਨੂੰ ਦਬਾਇਆ ਜਾ ਰਿਹਾ ਹੈ ਅਤੇ ਧਾਰਮਿਕ ਸੈਰ-ਸਪਾਟੇ ਦੇ ਬਹਾਨੇ ਕਸ਼ਮੀਰ ਦੀ ਜ਼ਮੀਨ ਤੇ ਪਾਣੀ ਵਰਗੇ ਵਸੀਲਿਆਂ ਨੂੰ ਹਿੰਦੁਸਤਾਨ ਸੱਤਾ ਦੇ ਅਦਾਰਿਆਂ ਦੇ ਕਬਜ਼ੇ 'ਚ ਲੈ ਕੇ ਕਸ਼ਮੀਰ ਉਪਰ ਕਬਜ਼ਾ ਪੱਕਾ ਕੀਤਾ ਜਾ ਰਿਹਾ ਹੈ। ਇਸ ਦੇ ਬਾਵਜੂਦ, ਕਸ਼ਮੀਰੀ ਅਵਾਮ ਨੇ ਸ਼ਰਧਾਲੂਆਂ ਨੂੰ ਹਮੇਸ਼ਾ ਆਪਣੇ ਮਹਿਮਾਨ ਸਮਝ ਕੇ ਉਨ੍ਹਾਂ ਦਾ ਸਵਾਗਤ ਕੀਤਾ ਹੈ। ਇਹ ਵੀ ਤੱਥ ਹੈ ਕਿ ਅੱਜ ਤਕ ਯਾਤਰੀਆਂ ਉਪਰ ਇਕ ਵੀ ਹਮਲੇ ਵਿਚ ਕਸ਼ਮੀਰੀਆਂ ਦੀ ਸ਼ਮੂਲੀਅਤ ਸਾਬਤ ਨਹੀਂ ਕੀਤੀ ਜਾ ਸਕੀ ਹੈ। 1994 ਵਿਚ ਪਾਕਿਸਤਾਨ ਪੱਖੀ ਗਰੁਪ ਹਰਕਤ ਉਲ-ਅੰਸਾਰ ਨੇ ਯਾਤਰਾ 'ਤੇ ਪਾਬੰਦੀ ਲਗਾ ਦਿੱਤੀ ਸੀ, ਪਰ ਉਸ ਸਾਲ ਵੀ ਯਾਤਰਾ ਨਿਰਵਿਘਨ ਨੇਪਰੇ ਚੜ੍ਹੀ ਸੀ। ਸਥਾਨਕ ਖਾੜਕੂ ਗਰੁਪਾਂ ਵਲੋਂ ਹਰਕਤ ਗਰੁਪ ਦੇ ਐਲਾਨ ਨੂੰ ਕੋਈ ਹੁੰਗਾਰਾ ਨਹੀਂ ਸੀ ਦਿੱਤਾ ਗਿਆ। ਅਗਸਤ 2000 ਵਿਚ ਅਮਰਨਾਥ ਯਾਤਰਾ ਕੈਂਪ ਉਪਰ 'ਦਹਿਸ਼ਤੀ' ਹਮਲੇ ਵਿਚ 25 ਲੋਕਾਂ ਦੀ ਹੱਤਿਆ ਹੋਈ ਸੀ। ਉਹ ਕਿਸੇ ਪਾਕਿਸਤਾਨ ਪੱਖੀ ਦਹਿਸ਼ਤਗਰਦ ਗਰੁਪ ਦਾ ਕਾਰਾ ਸੀ ਜਾਂ ਕਿਸੇ ਸਰਕਾਰੀ ਏਜੰਸੀ ਦਾ, ਇਹ ਹੁਣ ਤਕ ਵੀ ਸਪਸ਼ਟ ਨਹੀਂ ਹੋਇਆ, ਪਰ ਉਦੋਂ ਵੀ ਆਮ ਕਸ਼ਮੀਰੀਆਂ ਨੇ ਉਸ ਕਾਰਵਾਈ ਦਾ ਡਟ ਕੇ ਵਿਰੋਧ ਕੀਤਾ ਸੀ। ਉਦੋਂ ਜੰਮੂ ਕਸ਼ਮੀਰ ਸਰਕਾਰ ਨੇ ਸਪਸ਼ਟ ਕਿਹਾ ਸੀ ਕਿ ਹਮਲੇ ਦਾ ਨਿਸ਼ਾਨਾ ਅਮਰਨਾਥ ਯਾਤਰੀ ਨਹੀਂ, ਸਗੋਂ ਸੁਰੱਖਿਆ ਬਲ ਸਨ, ਯਾਤਰੀ ਤਾਂ ਹਮਲੇ ਦੀ ਲਪੇਟ ਵਿਚ ਆ ਗਏ ਸਨ। ਇਹ ਗੱਲ ਹਾਕਮ ਜਮਾਤ ਦੇ ਹਿਤ ਵਿਚ ਨਾ ਹੋਣ ਕਾਰਨ ਇਸ ਦੀ ਥਾਂ ਪੂਰਾ ਤਾਣ ਯਾਤਰੀਆਂ ਉਪਰ ਦਹਿਸ਼ਤੀ ਹਮਲੇ ਦੀ ਕਹਾਣੀ ਪ੍ਰਚਾਰਨ 'ਤੇ ਲਾ ਦਿੱਤਾ ਗਿਆ।

ਕਸ਼ਮੀਰ ਦੇ ਹਾਲਾਤ ਬਹੁਤ ਤਣਾਓ ਵਾਲੇ ਹੋਣ ਦੇ ਬਾਵਜੂਦ ਇਸ ਵਾਰ ਵੀ ਕਿਸੇ ਕਸ਼ਮੀਰੀ ਖਾੜਕੂ ਗਰੁਪ ਵਲੋਂ ਅਮਰਨਾਥ ਯਾਤਰਾ ਨੂੰ ਨੁਕਸਾਨ ਪਹੁੰਚਾਉਣ ਦੀ ਧਮਕੀ ਸਾਹਮਣੇ ਨਹੀਂ ਆਈ। ਹੁਣ ਤਕ ਵੀ ਕਿਸੇ ਜਥੇਬੰਦੀ ਨੇ ਇਸ ਹਮਲੇ ਦੀ ਬਾਕਾਇਦਾ ਜ਼ਿੰਮੇਵਾਰੀ ਵੀ ਨਹੀਂ ਲਈ। ਖ਼ੁਫ਼ੀਆ ਏਜੰਸੀਆਂ ਅਤੇ ਮੀਡੀਆ ਨੇ ਕਿਸੇ ਜਾਂਚ ਤੋਂ ਬਗ਼ੈਰ ਹੀ ਇਸ ਲਈ ਹਿਜ਼ਬੁਲ ਮੁਜਾਹਿਦੀਨ ਅਤੇ ਲਸ਼ਕਰ-ਏ-ਤਾਇਬਾ ਨੂੰ ਜ਼ਿੰਮੇਵਾਰ ਕਰਾਰ ਦੇ ਦਿੱਤਾ ਹੈ। ਇਹ ਖ਼ੁਫ਼ੀਆ ਏਜੰਸੀਆਂ ਹੀ ਹਨ ਜੋ ਹਮੇਸ਼ਾ ਯਾਤਰਾ ਸ਼ੁਰੂ ਹੋਣ ਦੇ ਮੌਕੇ ਅਮਰਨਾਥ ਯਾਤਰੀਆਂ ਉਪਰ ਦਹਿਸ਼ਤੀ ਹਮਲਿਆਂ ਦੇ ਖ਼ਦਸ਼ੇ ਜ਼ਾਹਰ ਕਰਦੀਆਂ ਹਨ ਅਤੇ ਇਸ ਆਧਾਰ 'ਤੇ ਸੁਰੱਖਿਆ ਦੇ ਵੱਡੇ ਇੰਤਜ਼ਾਮ ਕੀਤੇ ਜਾਂਦੇ ਹਨ। ਇਸ ਵਾਰ ਵੀ ਫ਼ੌਜ, ਬੀ.ਐਸ.ਐਫ., ਸੀ.ਆਰ.ਪੀ.ਐਫ., ਇੰਡੋ-ਤਿਬਤਨ ਬਾਰਡਰ ਪੁਲਿਸ ਅਤੇ ਜੰਮੂ ਕਸ਼ਮੀਰ ਪੁਲਿਸ ਦੀ 35000



ਅਮਰਨਾਥ ਗੁਫਾ ਦਾ ਮੁੱਖ ਦੁਆਰ।

ਤੋਂ ਉਪਰ ਨਫ਼ਰੀ ਲਗਾ ਕੇ 'ਆਹਲਾ ਮਿਆਰੀ ਬਹੁਪਰਤੀ ਸੁਰੱਖਿਆ' ਮੁਹੱਈਆ ਕਰਵਾਈ ਗਈ। ਕਸ਼ਮੀਰ ਵਿਚ ਡੇਢ ਕੁ ਸੌ ਖਾੜਕੂਆਂ ਨਾਲ ਲੜਨ ਲਈ 5 ਲੱਖ ਤੋਂ ਉਪਰ ਫ਼ੌਜੀ ਤੇ ਨੀਮ-ਫ਼ੌਜੀ ਤਾਇਨਾਤ ਹਨ। ਪੁਲਿਸ, ਖ਼ੁਫ਼ੀਆ ਏਜੰਸੀਆਂ, ਗ਼ੈਰਕਾਨੂੰਨੀ ਚੌਕਸੀ ਗਰੋਹ ਇਸ ਤੋਂ ਵੱਖਰੇ ਹਨ। ਐਨੀ ਸਖ਼ਤ ਸੁਰੱਖਿਆ ਦੇ ਬਾਵਜੂਦ ਹਮਲਾ ਕਿਵੇਂ ਸੰਭਵ ਹੋਇਆ, ਇਸ ਸਵਾਲ ਦਾ ਜਵਾਬ ਕੋਈ ਨਹੀਂ ਦੇ ਰਿਹਾ ਅਤੇ ਦੇਵੇਗਾ ਵੀ ਨਹੀਂ। ਪਹਿਲੀ ਗੱਲ, ਹਮਲਾ ਗੁਜਰਾਤ ਦੇ ਸ਼ਰਧਾਲੂਆਂ ਦੀ ਬੱਸ ਉਪਰ ਹੀ ਕਿਉਂ ਹੋਇਆ? ਜਿਸ ਬੱਸ ਉਪਰ ਹਮਲਾ ਹੋਇਆ, ਉਸ ਦੀ ਮਾਲਕੀ ਦੇ ਤਬਾਦਲੇ ਦੇ ਕਾਗ਼ਜ਼ਾਤ ਤਸੱਲੀਬਖ਼ਸ਼ ਨਹੀਂ। ਇਹ ਬੱਸ ਯਾਤਰਾ ਦੇ ਇੰਤਜ਼ਾਮਾਂ ਲਈ ਜ਼ਿੰਮੇਵਾਰ ਅਮਰਨਾਥ ਯਾਤਰਾ ਬੋਰਡ ਕੋਲ ਰਜਿਸਟਰਡ ਨਹੀਂ ਸੀ। ਇਹ ਬਸ, ਯਾਤਰਾ ਪਰਮਿਟ ਅਤੇ ਸਰਕਾਰ ਵਲੋਂ ਜਾਰੀ ਕੀਤੇ ਜਾਣ ਵਾਲੇ ਸਹੀ ਪੇਪਰਾਂ ਤੋਂ ਬਿਨਾ ਹੀ 'ਬਹੁਤ ਸੰਵੇਦਨਸ਼ੀਲ' ਇਲਾਕੇ ਵਿਚ ਕਿਵੇਂ ਚੱਲ ਰਹੀ ਸੀ? ਜਿਸ ਇਲਾਕੇ ਵਿਚ ਫ਼ੌਜ ਦੀ ਇਜਾਜ਼ਤ ਤੋਂ ਬਿਨਾ ਕੋਈ ਵਾਹਨ ਸੌ ਮੀਟਰ ਵੀ ਨਹੀਂ ਚੱਲ ਸਕਦਾ, ਕਿਉਂਕਿ ਚੱਪੇ-ਚੱਪੇ 'ਤੇ ਸੁਰੱਖਿਆ ਨਾਕੇ ਹਨ, ਉਥੇ ਯਾਤਰਾ ਦੇ ਮੁੱਖ ਕਾਫ਼ਲੇ ਤੋਂ ਅਲੱਗ ਹੋ ਕੇ ਇਸ ਬੱਸ ਦਾ ਛੇ ਨਾਕੇ ਪਾਰ ਕਰਨਾ ਅਤੇ ਬਿਨਾ ਸੁਰੱਖਿਆ ਅਤੇ ਯਾਤਰਾ ਲਈ ਮਿੱਥੇ ਸਮੇਂ ਤੋਂ ਬਾਅਦ ਸਵਾ ਅੱਠ ਵਜੇ ਤਕ ਸਫ਼ਰ ਕਰਨਾ ਕਿਵੇਂ ਸੰਭਵ ਹੋਇਆ? ਬੱਸ ਦੇ ਲੇਟ ਸਫ਼ਰ ਕਰਨ ਦਾ ਕਾਰਨ ਸ਼ੁਰੂ ਵਿਚ ਹੋਰ ਦੱਸਿਆ ਗਿਆ ਸੀ, ਪਰ ਬਾਅਦ ਵਿਚ ਕਹਿਣਾ ਸ਼ੁਰੂ ਕਰ ਦਿੱਤਾ ਗਿਆ ਕਿ ਟਾਇਰ ਪੰਕਚਰ ਹੋਣ ਕਾਰਨ ਬਸ ਲੇਟ ਹੋਈ। ਸ਼ੁਰੂ ਵਿਚ ਜੰਮੂ ਕਸ਼ਮੀਰ ਪੁਲਿਸ ਨੇ ਇਹ ਬਿਆਨ ਵੀ ਦਿੱਤਾ ਕਿ ਬੱਸ ਉਪਰ ਹਮਲਾ ਨਹੀਂ ਹੋਇਆ, ਇਹ ਉਸ ਦੁਵੱਲੀ ਗੋਲੀਬਾਰੀ ਦੀ ਲਪੇਟ ਵਿਚ ਆ ਗਈ ਜਿਥੇ ਪਹਿਲਾਂ ਹੀ ਕਸ਼ਮੀਰੀ ਖਾੜਕੂਆਂ ਅਤੇ ਸਪੈਸ਼ਲ ਉਪਰੇਸ਼ਨ ਗਰੁਪ ਦਰਮਿਆਨ ਮੁਕਾਬਲਾ ਚੱਲ ਰਿਹਾ ਸੀ। ਕੀ ਇਸ ਜਵਾਬਦੇਹੀ ਤੋਂ ਬਚਣ ਅਤੇ ਸਿਆਸੀ ਲਾਹਾ ਲੈਣ ਲਈ ਦਹਿਸ਼ਤੀ ਹਮਲੇ ਦੀ ਕਹਾਣੀ ਤਾਂ ਨਹੀਂ ਘੜ ਲਈ ਗਈ? ਸੋ, ਹਮਲਾ ਸਵਾਲਾਂ ਦੇ ਘੇਰੇ ਵਿਚ ਹੈ ਅਤੇ ਮੋਦੀ ਦੇ ਰਾਜ ਵਿਚ ਤਾਂ ਇਹ ਸੰਭਵ ਹੀ ਨਹੀਂ ਕਿ ਅਸਲ ਤੱਥ ਕਦੇ ਸਾਹਮਣੇ ਆਉਣਗੇ।

ਸਵਾਲ ਹੈ ਕਿ ਭਾਜਪਾ ਦੇ ਰਾਜ ਵਿਚ ਹੀ ਐਸੇ ਘਿਨਾਉਣੇ ਹਮਲੇ ਕਿਉਂ ਹੁੰਦੇ ਹਨ? ਸੰਘ ਦਾ ਆਮ ਕਰ ਕੇ, ਮੋਦੀ-ਅਮਿਤ ਸ਼ਾਹ ਦਾ ਖ਼ਾਸ ਕਰ ਕੇ, ਐਸੇ ਕਾਂਡਾਂ ਨਾਲ ਜੁੜੇ ਹੋਣ ਦਾ ਲੰਮਾ ਇਤਿਹਾਸ ਹੈ। ਮਾਰਚ 2000 ਵਿਚ ਚਿੱਠੀਸਿੰਘ ਪੁਰਾ ਕਾਂਡ ਵੀ ਅਮਰੀਕੀ ਰਾਸ਼ਟਰਪਤੀ ਬਿਲ ਕਲਿੰਟਨ ਦੀ ਫੇਰੀ ਤੋਂ ਐਨ ਪਹਿਲਾਂ ਭਾਜਪਾ ਦੇ ਰਾਜ ਦੌਰਾਨ ਹੋਇਆ ਸੀ। ਪਿੱਛੋਂ ਸਾਹਮਣੇ ਆਇਆ ਕਿ ਇਹ ਫ਼ੌਜ ਦਾ ਕਾਰਾ ਸੀ। ਬਿਲ ਕਲਿੰਟਨ ਪ੍ਰਸ਼ਾਸਨ ਨੇ ਉਸ ਕਾਂਡ ਨੂੰ 'ਹਿੰਦੂ ਖਾੜਕੂਆਂ' ਦੀ ਕਾਰਵਾਈ ਕਰਾਰ ਦਿੱਤਾ ਸੀ (ਅਮਰੀਕੀ ਵਿਦੇਸ਼ ਮੰਤਰੀ ਮੈਡੇਲਿਨ ਅਲਬਰਾਈਟ ਦੀ ਕਿਤਾਬ 'ਦਿ ਮਾਈਟੀ ਐਂਡ ਆਲਮਾਈਟੀ' ਦੀ ਬਿਲ ਕਲਿੰਟਨ ਵਲੋਂ ਲਿਖੀ ਭੂਮਿਕਾ ਵਿਚ ਇਹ ਤੱਥ ਦਿੱਤਾ ਗਿਆ ਸੀ। ਨਵੇਂ ਐਡੀਸ਼ਨ ਵਿਚੋਂ ਇਹ ਹਵਾਲਾ ਹਟਾ ਦਿੱਤਾ ਗਿਆ ਹੈ)।

ਅਗਸਤ 2000 ਵਿਚ ਅਮਰਨਾਥ ਯਾਤਰਾ ਉਪਰ ਹਮਲਾ ਵੀ ਭਗਵੇਂ ਰਾਜ ਵਿਚ ਹੀ ਹੋਇਆ। ਦਸੰਬਰ 2001 ਵਿਚ ਪਾਰਲੀਮੈਂਟ ਉਪਰ ਦਹਿਸ਼ਤਗਰਦ ਹਮਲਾ ਵੀ ਭਾਜਪਾ ਦੇ ਰਾਜ ਵਿਚ ਹੋਇਆ। 2002 ਦਾ ਗੋਧਰਾ ਅੱਗਜ਼ਨੀ ਕਾਂਡ ਵੀ ਮੋਦੀ ਦੇ ਰਾਜ ਵਿਚ ਵਾਪਰਿਆ। ਉਸੇ ਸਾਲ 2002 ਵਿਚ ਗੁਜਰਾਤ ਵਿਚ ਅਕਸ਼ਰਧਾਮ ਮੰਦਰ ਉਪਰ ਹਮਲਾ ਵੀ ਮੋਦੀ ਦੇ ਰਾਜ ਵਿਚ ਹੀ ਹੋਇਆ ਸੀ।

ਜ਼ਿਆਦਾਤਰ ਸਿਆਸੀ ਮਾਹਰ 2002 ਦੇ ਕਾਂਡਾਂ ਵਾਂਗ ਅਮਰਨਾਥ ਯਾਤਰੀਆਂ ਉਪਰ ਹਾਲੀਆ ਹਮਲੇ ਨੂੰ ਵੀ ਗੁਜਰਾਤ ਚੋਣਾਂ ਨਾਲ ਜੋੜ ਕੇ ਵੇਖ ਰਹੇ ਹਨ। ਉਨ੍ਹਾਂ ਦੀ ਦਲੀਲ ਵਿਚ ਵਜ਼ਨ ਹੈ। 2002 ਵਿਚ ਅਕਸ਼ਰਧਾਮ ਮੰਦਰ (ਜੋ ਸਵਾਮੀਨਰੈਣ ਸੰਪਰਦਾਇ ਦਾ ਮੰਦਰ ਹੈ) ਉਪਰ ਹਮਲੇ ਦਾ ਇਸਤੇਮਾਲ ਮੋਦੀ ਵਲੋਂ ਪਟੇਲ ਭਾਈਚਾਰੇ ਨੂੰ ਸਾਬਕਾ ਮੁੱਖ ਮੰਤਰੀ ਕੇਸ਼ੂਭਾਈ ਪਟੇਲ ਤੋਂ ਅਲੱਗ ਕਰਨ ਲਈ ਕੀਤਾ ਗਿਆ ਸੀ। ਕੇਸ਼ੂਭਾਈ ਦੀ ਮੋਦੀ ਨਾਲ ਅਣਬਣ ਸੀ ਅਤੇ ਉਸ ਦਾ ਸਵਾਮੀਨਰੈਣ ਸੰਪਰਦਾਇ ਦੇ ਪੈਰੋਕਾਰ ਪਟੇਲ ਭਾਈਚਾਰੇ ਵਿਚ ਚੋਖਾ ਸਿਆਸੀ ਰਸੂਖ ਸੀ। ਉਸ ਦੇ ਹੁੰਦਿਆਂ ਮੋਦੀ ਦਾ ਮੁੱਖ ਮੰਤਰੀ ਬਣ ਸਕਣਾ ਸੰਭਵ ਨਹੀਂ ਸੀ। ਉਸ ਹਮਲੇ ਤੋਂ ਬਾਅਦ ਮੋਦੀ ਹਿੰਦੂਤਵ ਦੇ ਨਾਂ 'ਤੇ ਪਟੇਲ ਭਾਈਚਾਰੇ ਦੀ ਵੋਟ ਹਾਸਲ ਕਰਨ ਵਿਚ ਕਾਮਯਾਬ ਰਿਹਾ ਸੀ।

ਇਸ ਵਾਰ ਸਿਆਸੀ ਹਾਲਾਤ ਮੋਦੀ ਲਈ ਪਹਿਲਾਂ ਨਾਲੋਂ ਵੱਧ ਵੰਗਾਰ ਵਾਲੇ ਹਨ। ਨਾ ਕੇਵਲ ਪਟੇਲ ਭਾਈਚਾਰਾ ਮੋਦੀ ਮਾਡਲ ਤੋਂ ਬਦਜ਼ਨ ਹੈ, ਗੁਜਰਾਤ ਦੇ ਕਾਰੋਬਾਰੀ ਵੀ ਜੀ.ਐਸ.ਟੀ. ਖ਼ਿਲਾਫ਼ ਸੜਕਾਂ 'ਤੇ ਹਨ। ਇਨ੍ਹਾਂ ਦਸ ਦਿਨ ਤੋਂ ਦੁਕਾਨਾਂ ਬੰਦ ਰੱਖੀਆਂ ਹਨ ਅਤੇ ਸੂਰਤ ਵਿਚ ਨਵੇਂ ਟੈਕਸ ਖ਼ਿਲਾਫ਼ ਰੈਲੀ ਵਿਚ ਡੇਢ ਲੱਖ ਲੋਕਾਂ ਦੀ ਸ਼ਮੂਲੀਅਤ ਅਤੇ ਲਗਾਤਾਰ ਵਿਰੋਧ ਨੇ ਸੰਘ ਬ੍ਰਿਗੇਡ ਦੀ ਨੀਂਦ ਉਡਾ ਦਿੱਤੀ ਹੈ। ਦਲਿਤ ਅਤੇ ਮੁਸਲਮਾਨ, ਸੰਘ ਦੇ ਧੌਂਸਬਾਜ਼ ਹਮਲਿਆਂ ਨੂੰ ਜਥੇਬੰਦ ਹੋ ਕੇ ਚੁਣੌਤੀ ਦੇ ਰਹੇ ਹਨ। ਇਹ ਮਹਿਜ਼ ਇਤਫ਼ਾਕ ਨਹੀਂ ਕਿ ਅਮਰਨਾਥ ਯਾਤਰਾ ਉਪਰ ਹਮਲੇ ਵਿਚ ਮਾਰੇ ਗਏ ਅਤੇ ਜ਼ਖ਼ਮੀ ਜ਼ਿਆਦਾਤਰ ਵਿਅਕਤੀ ਵਲਸਾੜ ਅਤੇ ਸੂਰਤ ਤੋਂ ਹਨ ਜੋ ਪਟੇਲ ਅੰਦੋਲਨ ਦੇ ਮਜ਼ਬੂਤ ਕੇਂਦਰ ਹਨ। ਜੇ ਸੰਘ ਸੱਤਾ ਲਈ ਗੁਜਰਾਤ ਵਿਚ 2000 ਮੁਸਲਮਾਨਾਂ ਨੂੰ ਸ਼ਰੇਆਮ ਸੜਕਾਂ ਉਪਰ ਕਤਲ ਕਰਵਾ ਸਕਦਾ ਹੈ ਅਤੇ ਗਊ ਹੱਤਿਆ ਦੇ ਨਾਂ ਕਾਤਲ ਗਰੋਹਾਂ ਨੂੰ ਮੁਸਲਮਾਨਾਂ ਦੀਆਂ ਹੱਤਿਆਵਾਂ ਕਰਨ ਦੀ ਖੁੱਲ੍ਹੀ ਛੁੱਟੀ ਦੇ ਸਕਦਾ ਹੈ ਤਾਂ ਅਮਰਨਾਥ ਯਾਤਰੀਆਂ ਦੀਆਂ ਹੱਤਿਆਵਾਂ ਇਨ੍ਹਾਂ ਲਈ ਕੋਈ ਖ਼ਾਸ ਗੱਲ ਨਹੀਂ! ਇਸ ਮੁੱਦੇ ਨੂੰ ਭੜਕਾ ਕੇ ਗੁਜਰਾਤ ਵਿਚ ਹਿੰਦੂ ਜਨੂੰਨ ਭੜਕਾਇਆ ਜਾ ਸਕਦਾ ਹੈ ਅਤੇ ਸੰਘ ਬ੍ਰਿਗੇਡ ਖ਼ਿਲਾਫ਼ ਚੱਲ ਰਹੇ ਅੰਦੋਲਨਾਂ ਨੂੰ ਸੱਟ ਮਾਰੀ ਜਾ ਸਕਦੀ ਹੈ।

## ਕੀ ਹੈ ਅਮਰਨਾਥ ਯਾਤਰਾ...

ਅਮਰਨਾਥ ਗੁਫ਼ਾ ਸ੍ਰੀਨਗਰ ਤੋਂ 144 ਕਿਲੋਮੀਟਰ ਦੂਰ ਦੱਖਣੀ ਕਸ਼ਮੀਰ ਵਿਚ ਪਹਿਲਗਾਮ-ਅਨੰਤਨਾਗ ਪਹਾੜੀ ਖੇਤਰ ਵਿਚ 12,756 ਫੁੱਟ ਦੀ ਉਚਾਈ 'ਤੇ ਬਰਫ਼ੀਲੀਆਂ ਪਹਾੜੀਆਂ ਵਿਚ ਘਿਰਿਆ ਕੁਦਰਤੀ ਨਜ਼ਾਰਾ ਹੈ ਜੋ ਖ਼ਾਸ ਦਿਨਾਂ 'ਚ ਹੀ ਸ਼ਰਧਾਲੂਆਂ ਲਈ ਖੋਲ੍ਹਿਆ ਜਾਂਦਾ ਹੈ। ਇਹ ਗੁਫ਼ਾ ਹੁਨਾਲ ਦੇ ਥੋੜ੍ਹੇ ਜਿਹੇ ਵਕਤ ਨੂੰ ਛੱਡ ਕੇ ਸਾਰਾ ਸਾਲ ਬਰਫ਼ ਹੇਠ ਢਕੀ ਰਹਿੰਦੀ ਹੈ। ਮਈ-ਜੂਨ ਵਿਚ ਪਹਾੜਾਂ ਦੀ ਬਰਫ਼ ਪਿਘਲਦੀ ਹੈ। ਪਿਘਲ ਰਹੀ ਬਰਫ਼ ਦਾ ਪਾਣੀ ਗੁਫ਼ਾ ਦੀ ਛੱਤ ਵਿਚੋਂ ਰਿਸ ਕੇ 40 ਮੀਟਰ ਉਚਾਈ ਵਾਲੀ ਗੁਫ਼ਾ ਅੰਦਰ ਜੰਮ ਕੇ ਖ਼ਾਸ ਖੜ੍ਹਵੇਂ ਵਜੂਦ ਦੀ ਸ਼ਕਲ ਅਖ਼ਤਿਆਰ ਕਰ ਲੈਂਦਾ ਹੈ। ਹਿੰਦੂ ਮਾਨਤਾ ਮੁਤਾਬਿਕ ਇਹ ਸ਼ਿਵਲਿੰਗ ਹੈ। ਹਿੰਦੂ ਮਿਥਹਾਸ ਮੁਤਾਬਕ ਸ਼ਿਵ ਜੀ ਨੇ ਇਸ ਗੁਫ਼ਾ ਵਿਚ ਜਾ ਕੇ ਆਪਣੀ ਪਤਨੀ ਗੌਰਾਂ ਨੂੰ ਮਨੁੱਖ ਦੀ ਰਚਨਾ ਦਾ ਭੇਤ ਸਮਝਾਇਆ ਸੀ।

18ਵੀਂ ਸਦੀ ਤੋਂ ਪਹਿਲਾਂ ਮਿੱਥਾਂ ਨੂੰ ਛੱਡ ਕੇ ਗੁਫ਼ਾ ਦੀ ਮਾਨਤਾ ਦੀ ਵਿਗਿਆਨਕ ਤਸਦੀਕ ਨਹੀਂ ਹੁੰਦੀ। ਇੰਨਾ ਕੁ ਸਬੂਤ ਹੈ ਕਿ 18ਵੀਂ ਸਦੀ ਵਿਚ ਇਹ ਪਹਾੜੀ ਚਰਵਾਹੇ ਬੂਟਾ ਮਲਿਕ ਦੇ ਨਜ਼ਰੀਂ ਪੈ ਗਈ ਜਿਥੋਂ ਇਸ ਦੀ ਮਾਨਤਾ ਦੁਬਾਰਾ ਸ਼ੁਰੂ ਹੋ ਗਈ। ਪਿਛਲੇ ਸਾਲਾਂ ਤੋਂ ਅਮਰਨਾਥ ਗੁਫ਼ਾ ਤੋਂ ਬਿਨਾ ਹੋਰ ਧਾਰਮਿਕ ਸਥਾਨਾਂ ਦੀ 'ਖੋਜ' ਦਾ ਸਿਲਸਿਲਾ ਵੀ ਚੱਲ ਰਿਹਾ ਹੈ। ਇਸ ਗੁਫ਼ਾ ਤੋਂ 14 ਕਿਲੋਮੀਟਰ ਪਿੱਛੇ ਚੰਦਨਵਾੜੀ ਪਹਾੜੀਆਂ ਵਿਚ ਚਰਵਾਹੇ ਗੁਲਾਮ ਕਾਦਿਰ ਦੀ ਨਿਸ਼ਾਨਦੇਹੀ 'ਤੇ ਇਕ ਹੋਰ ਗੁਫ਼ਾ ਦੀ 'ਖੋਜ' ਕਰ ਲਈ ਗਈ। ਸ਼ਿਵ ਜੀ ਬਾਰੇ ਮਸ਼ਹੂਰ 'ਸਕਾਲਰ' ਡਾ. ਬੀ.ਐਨ. ਪੰਡਿਤਾ ਨੇ ਇਸ ਨੂੰ 'ਪ੍ਰਮਾਣਿਕ' ਹੋਣ ਦਾ ਸਰਟੀਫਿਕੇਟ ਦੇ ਦਿੱਤਾ ਅਤੇ ਉਥੇ ਹਕੂਮਤੀ ਦੇਖ-ਰੇਖ ਹੇਠ ਸ਼ਿਵ ਮੰਦਰ ਤਾਮੀਰ ਕਰ ਦਿੱਤਾ ਗਿਆ। ਕਸ਼ਮੀਰੀ ਅਵਾਮ ਨੂੰ ਖ਼ਦਸ਼ਾ ਹੈ ਕਿ ਇਨ੍ਹਾਂ ਕਾਰਵਾਈਆਂ ਦੇ ਬਹਾਨੇ ਕਸ਼ਮੀਰ ਘਾਟੀ ਦੀ ਵਸੋਂ-ਬਣਤਰ ਨੂੰ ਬਦਲਣ ਦੇ ਯਤਨ ਕੀਤੇ ਜਾ ਰਹੇ ਹਨ। ਕਸ਼ਮੀਰੀ ਸੰਸਕ੍ਰਿਤੀ ਸਾਂਝਭਾਵੀ ਹੋਣ ਕਾਰਨ ਕਸ਼ਮੀਰੀਆਂ ਨੂੰ ਸੱਚੇ ਸ਼ਰਧਾਲੂਆਂ ਉਪਰ ਕੋਈ ਇਤਰਾਜ਼ ਨਹੀਂ, ਪਰ ਹਿੰਦੁਸਤਾਨੀ ਸਟੇਟ ਵਲੋਂ ਇਸ ਨੂੰ ਸਿਆਸੀ ਹਥਿਆਰ ਬਣਾਏ ਜਾਣ ਨੂੰ ਲੈ ਕੇ ਉਨ੍ਹਾਂ ਨੂੰ ਡੂੰਘੇ ਖ਼ਦਸ਼ੇ ਹਨ।

1990-95 ਦੌਰਾਨ ਕਸ਼ਮੀਰੀ ਖਾੜਕੂਵਾਦ ਦੇ ਖ਼ਤਰੇ ਦੇ ਮੱਦੇਨਜ਼ਰ ਯਾਤਰਾ ਉਪਰ ਪਾਬੰਦੀ ਸੀ। 1996 ਵਿਚ ਕਸ਼ਮੀਰੀ ਖਾੜਕੂਆਂ ਵਲੋਂ ਇਹ ਯਕੀਨਦਹਾਨੀ ਦਿੱਤੇ ਜਾਣ ਤੋਂ ਪਿੱਛੋਂ ਹਕੂਮਤ ਵਲੋਂ ਯਾਤਰਾ ਮੁੜ ਚਾਲੂ ਕਰ ਦਿੱਤੀ ਗਈ ਕਿ ਜੇ ਪਿਛਲੇ ਸਾਲਾਂ ਤੋਂ ਵੱਧ ਤਾਦਾਦ 'ਚ ਸ਼ਰਧਾਲੂ ਯਾਤਰਾ 'ਤੇ ਨਹੀਂ ਆਉਂਦੇ ਤਾਂ ਉਹ ਇਸ ਵਿਚ ਕੋਈ ਦਖ਼ਲਅੰਦਾਜ਼ੀ ਨਹੀਂ ਕਰਨਗੇ; ਤੇ ਉਨ੍ਹਾਂ ਕੋਈ ਦਖ਼ਲ ਦਿੱਤਾ ਵੀ ਨਹੀਂ। ਉਸ ਸਾਲ 242 ਯਾਤਰੀ ਮੌਸਮ ਬਰਦਾਸ਼ਤ ਨਾ ਕਰਦਿਆਂ ਮਰ ਗਏ। ਫਿਰ 2 ਅਗਸਤ 2000 ਦੀ ਰਾਤ ਨੂੰ ਯਾਤਰਾ ਉਪਰ ਵੱਖ ਵੱਖ ਥਾਈਂ ਕੀਤੇ 'ਦਹਿਸ਼ਤੀ' ਹਮਲਿਆਂ ਵਿਚ ਯਾਤਰੀਆਂ ਅਤੇ ਉਨ੍ਹਾਂ ਨੂੰ ਲਿਜਾ ਰਹੇ ਸਥਾਨਕ ਪਾਂਡੀਆਂ ਸਮੇਤ 89 ਲੋਕ ਮਾਰੇ ਗਏ। ਇਸ ਵਕਤ ਕੇਂਦਰ ਵਿਚ ਭਾਜਪਾ ਦੀ ਹਕੂਮਤ ਸੀ ਅਤੇ ਇਹ ਕਾਂਡ ਸਵਾਲਾਂ ਦੇ ਘੇਰੇ ਵਿਚ ਰਿਹਾ ਹੈ।

ਇਸ ਪਿੱਛੋਂ ਭਾਰੀ ਸੁਰੱਖਿਆ ਇੰਤਜ਼ਾਮਾਂ ਹੇਠ ਅਮਰਨਾਥ ਯਾਤਰਾ ਨੂੰ ਸਿਲਸਿਲੇਵਾਰ ਵਧਾਉਣ-ਚਮਕਾਉਣ ਦਾ ਸਿਲਸਿਲਾ ਚਲ ਪਿਆ। ਸਰਕਾਰ ਵਲੋਂ ਇਸ ਤੀਰਥ ਅਸਥਾਨ ਦੇ ਮੁਸਲਿਮ ਕਸਟੋਡੀਅਨ ਮਲਿਕ ਪਰਿਵਾਰ ਤੇ ਹਿੰਦੂ ਜਥੇਬੰਦੀਆਂ ਨੂੰ ਅਮਰਨਾਥ ਗੁਫ਼ਾ ਦੀ ਦੇਖਭਾਲ ਤੇ ਯਾਤਰਾ ਤੋਂ ਲਾਂਭੇ ਕਰ ਦਿੱਤਾ ਗਿਆ ਅਤੇ ਸ੍ਰੀ ਅਮਰਨਾਥ ਯਾਤਰਾ ਬੋਰਡ ਬਣਾ ਕੇ ਯਾਤਰਾ ਨੂੰ ਰਾਜਕੀ ਸਰਪ੍ਰਸਤੀ ਦਿੱਤੀ ਗਈ। ਯਾਤਰੀਆਂ ਦੀ ਰਿਹਾਇਸ਼ ਲਈ ਕੈਂਪ, ਖਾਣਾ ਤੇ ਦਵਾਈਆਂ ਅਤੇ ਉਨ੍ਹਾਂ ਨੂੰ ਲਿਜਾਣ ਲਈ ਖੱਚਰਾਂ, ਪਾਂਡੀਆਂ ਸਮੇਤ ਹਰ ਸਹੂਲਤ ਅਤੇ ਸੁਰੱਖਿਆ ਦੇ ਕੁਲ ਇੰਤਜ਼ਾਮ ਕਸ਼ਮੀਰ ਦੀ ਹਕੂਮਤ ਅਤੇ ਸ੍ਰੀ ਅਮਰਨਾਥ ਯਾਤਰਾ ਬੋਰਡ ਮਿਲ ਕੇ ਕਰਨ ਲੱਗੇ। ਹੁਣ ਇਹ ਯਾਤਰਾ ਹੁਕਮਰਾਨ ਜਮਾਤਾਂ ਦੀਆਂ ਵਿਸਤਾਰਵਾਦੀ ਗਿਣਤੀਆਂ-ਮਿਣਤੀਆਂ ਅਤੇ ਹਿੰਦੂ ਬਹੁਗਿਣਤੀ ਦੀ ਵੋਟ ਬੈਂਕ ਬਣਾਉਣ ਦੀ ਸੌੜੀ ਸਿਆਸਤ ਦੇ ਰਾਸ ਆ ਰਹੀ ਹੈ। ਹਕੂਮਤੀ ਪੁਸ਼ਤ-ਪਨਾਹੀ ਅਤੇ ਵਿਉਂਤਬਧ ਪ੍ਰਚਾਰ ਨਾਲ ਇਹ ਹੁਣ ਤੀਰਥ ਯਾਤਰਾ ਨਾ ਰਹਿ ਕੇ ਮਹਾਂ 'ਕੌਮੀ ਮਿਸ਼ਨ' ਬਣ ਚੁੱਕੀ ਹੈ।

ਪਹਿਲਾਂ ਕੁਝ ਕੁ ਹਜ਼ਾਰ 'ਸ਼ਰਧਾਲੂ' ਹੀ ਅਮਰਨਾਥ ਗੁਫ਼ਾ ਦੇਖਣ ਲਈ ਜਾਂਦੇ ਸਨ। ਇਕ ਸਾਬਕਾ ਗਵਰਨਰ ਐਸ.ਕੇ. ਸਿਨਹਾ ਵਲੋਂ ਅਮਰਨਾਥ ਯਾਤਰਾ ਬੋਰਡ ਦੇ ਚੇਅਰਮੈਨ ਦੀ ਹੈਸੀਅਤ ਵਿਚ ਯਾਤਰਾ ਨੂੰ ਉਤਸ਼ਾਹਤ ਕਰਨ 'ਚ ਉਚੇਚੀ ਰੁਚੀ ਦਿਖਾਈ ਗਈ। ਪਹਿਲਾਂ ਜੋ ਯਾਤਰਾ ਸਿਰਫ਼ ਪੰਦਰਾਂ ਦਿਨ ਲਈ ਹੁੰਦੀ ਸੀ, 2004 ਵਿਚ ਇਸ ਦੀ ਸਮਾਂ ਸੀਮਾ ਵਧਾ ਕੇ ਦੋ ਮਹੀਨੇ ਕਰ ਦਿੱਤੀ ਗਈ। 26 ਮਈ 2008 ਨੂੰ ਇਸ ਯਾਤਰਾ ਵਿਚ ਇਕ ਖ਼ਾਸ ਮੋੜ ਉਦੋਂ ਆਇਆ ਜਦੋਂ ਕਾਂਗਰਸ ਦੀ ਕੇਂਦਰੀ ਹਕੂਮਤ ਅਤੇ ਜੰਮੂ ਕਸ਼ਮੀਰ 'ਚ ਗੁਲਾਮ ਨਬੀ ਆਜ਼ਾਦ ਦੀ ਹਕੂਮਤ ਨੇ ਮਿਲ ਕੇ ਕਸ਼ਮੀਰ ਦੇ ਜੰਗਲ ਦੀ ਸੌ ਏਕੜ ਜ਼ਮੀਨ ਸ੍ਰੀ ਅਮਰਨਾਥ ਯਾਤਰਾ ਬੋਰਡ ਨੂੰ ਇਨ੍ਹਾਂ ਯਾਤਰੀਆਂ ਲਈ ਕੈਂਪ ਅਤੇ ਹੋਰ ਸਹੂਲਤਾਂ ਮੁਹੱਈਆ ਕਰਾਉਣ ਲਈ ਮੁਫ਼ਤ ਦੇਣ ਦਾ ਐਲਾਨ ਕਰ ਦਿੱਤਾ। ਜੰਮੂ ਕਸ਼ਮੀਰ ਦੇ ਆਵਾਮ ਵਲੋਂ ਇਸ ਖ਼ਿਲਾਫ਼ ਜ਼ੋਰਦਾਰ ਰੋਸ ਵਿਖਾਵੇ ਕੀਤੇ ਗਏ। ਉਨ੍ਹਾਂ ਦੀ ਦਲੀਲ ਸੀ ਕਿ ਧਾਰਾ 370 ਤਹਿਤ ਕਸ਼ਮੀਰ ਨੂੰ ਵਿਸ਼ੇਸ਼ ਸੰਵਿਧਾਨਕ ਦਰਜਾ ਹਾਸਲ ਹੈ। ਉਸ ਮੁਤਾਬਿਕ ਇਥੋਂ ਦੀ ਜ਼ਮੀਨ ਕਿਸੇ ਬਾਹਰਲੇ ਨੂੰ ਦੇਣਾ ਇਸ ਧਾਰਾ ਦੀ ਸਰਾਸਰ ਉਲੰਘਣਾ ਹੈ। ਅਵਾਮੀ ਦਬਾਅ ਤਹਿਤ ਹੁਕਮਰਾਨਾਂ ਨੂੰ ਇਹ ਕਦਮ ਵਾਪਸ ਲੈਣਾ ਪਿਆ, ਪਰ ਜੰਮੂ ਖੇਤਰ ਦੇ ਹਿੰਦੂ ਧਾਰਮਿਕ ਘੱਟਗਿਣਤੀ ਦੇ ਕੁਝ ਅਨਸਰਾਂ ਨੂੰ ਭੜਕਾ ਕੇ ਉਨ੍ਹਾਂ ਜ਼ਰੀਏ ਇਹ ਜ਼ਮੀਨ ਮੁੜ ਹਾਸਲ ਕਰਨ ਅਤੇ ਫਿਰਕੂ ਪਾਲਾਬੰਦੀ ਦੇ ਲਗਾਤਾਰ ਯਤਨ ਹੋ ਰਹੇ ਹਨ।

ਇਹ ਯਾਤਰਾ ਹਿੰਦੁਸਤਾਨੀ ਸਟੇਟ ਦੇ ਦੋਹਰੇ ਮਿਆਰਾਂ ਦੀ ਮਿਸਾਲ ਵੀ ਹੈ। 2008 'ਚ ਹਿੰਦੂ ਤੀਰਥ ਅਸਥਾਨਾਂ 'ਗੰਗੋਤਰੀ' ਅਤੇ 'ਗੋਮੁੱਖ' ਜਾਣ ਵਾਲੇ ਸ਼ਰਧਾਲੂਆਂ ਦੀ ਗਿਣਤੀ ਇਸ ਆਧਾਰ 'ਤੇ 150 ਯਾਤਰੀ ਰੋਜ਼ਾਨਾ ਤਕ ਮਹਿਦੂਦ ਕਰ ਦਿੱਤੀ ਗਈ ਸੀ ਤਾਂ ਜੋ ਉਥੋਂ ਦੇ ਕੁਦਰਤੀ ਚੌਗਿਰਦੇ ਦੀ ਸਲਾਮਤੀ ਨੂੰ ਕੋਈ ਖ਼ਤਰਾ ਨਾ ਬਣੇ, ਪਰ ਕਸ਼ਮੀਰ ਵਿਚ ਯਾਤਰੀਆਂ ਦੀ ਗਿਣਤੀ ਉਲਟਾ ਵਧਾਈ ਗਈ। 1989 ਵਿਚ ਯਾਤਰੀਆਂ ਦੀ ਜੋ ਤਾਦਾਦ ਸਿਰਫ਼ 12000 ਸੀ, 2002 ਵਿਚ ਨੱਬੇ ਹਜ਼ਾਰ ਨੇ ਰਜਿਸਟ੍ਰੇਸ਼ਨ ਕਰਵਾਈ। 2011 ਵਿਚ ਇਹ ਤਾਦਾਦ ਛੇ ਲੱਖ ਚੌਤੀ ਹਜ਼ਾਰ ਹੋ ਗਈ; ਭਾਵ 11000 ਤੋਂ ਵੱਧ ਯਾਤਰੀ ਰੋਜ਼ਾਨਾ।

ਸਿਆਸੀ ਮੁਫ਼ਾਦ ਹੁਕਮਰਾਨਾਂ ਨੂੰ ਕੀ ਕੁਝ ਕਰਨ ਲਈ ਮਜਬੂਰ ਕਰਦੇ ਹਨ, ਯੂ.ਪੀ.ਏ. ਸਰਕਾਰ ਇਸ ਦੀ ਮਿਸਾਲ ਰਹੀ ਹੈ। ਕੇਂਦਰੀ ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਨੇ ਬਿਆਨ ਦਿੱਤਾ ਕਿ ਖ਼ੁਫ਼ੀਆ ਏਜੰਸੀਆਂ ਅਨੁਸਾਰ ਯਾਤਰਾ ਉਪਰ ਵੱਡੇ ਹਮਲਿਆਂ ਦਾ ਅੰਦੇਸ਼ਾ ਹੈ, ਲਿਹਾਜ਼ਾ ਵਿਸ਼ੇਸ਼ ਹਿਫ਼ਾਜ਼ਤੀ ਕਦਮ ਚੁੱਕਣੇ ਜ਼ਰੂਰੀ ਹਨ। ਤੱਤਕਾਲੀ ਮੁੱਖ ਮੰਤਰੀ ਉਮਰ ਅਬਦੁੱਲਾ ਅਨੁਸਾਰ ਅਜਿਹਾ ਕੋਈ ਖ਼ਤਰਾ ਨਹੀਂ ਸੀ। ਫਿਰ ਵੀ ਹਿੰਦੁਸਤਾਨੀ ਹਕੂਮਤ ਦੇ ਇਸ਼ਾਰੇ 'ਤੇ ਫ਼ੌਜ ਵਲੋਂ 'ਉਪਰੇਸ਼ਨ ਸ਼ਿਵ' ਸ਼ੁਰੂ ਕਰ ਦਿੱਤਾ। ਇਸੇ ਤਰ੍ਹਾਂ ਪਿੱਛੇ ਜਿਹੇ ਸੁਪਰੀਮ ਕੋਰਟ ਦੇ ਇਕ ਜੱਜ ਨੇ ਬਿਨਾ ਕਿਸੇ ਪਟੀਸ਼ਨ ਦੇ ਯਾਤਰੀਆਂ ਦੀ ਹਿਫ਼ਾਜ਼ਤ ਦਾ ਖ਼ੁਦ ਹੀ ਨੋਟਿਸ ਲੈ ਕੇ ਪੁਖ਼ਤਾ ਇੰਤਜ਼ਾਮਾਂ ਦੇ ਆਦੇਸ਼ ਦੇ ਦਿੱਤੇ ਸਨ!

ਸ਼ਰਧਾਲੂਆਂ ਦੇ ਬੇਲਗਾਮ ਵਾਧੇ ਕਾਰਨ ਉਥੇ ਤਪਸ਼ ਸ਼ੁਰੂ ਹੋ ਜਾਂਦੀ ਹੈ। ਸ਼ਰਧਾਲੂ ਰੋਜ਼ 600 ਕੁਇੰਟਲ ਕੂੜਾ ਸੁੱਟਦੇ ਹਨ। ਲਿਹਾਜ਼ਾ, ਸਿਆਸੀ ਮੁਫ਼ਾਦਾਂ ਤੋਂ ਪ੍ਰੇਰਤ ਯਾਤਰਾ ਦਾ ਬੇਹਿਸਾਬਾ ਫੈਲਾਅ ਉਥੋਂ ਦੇ ਵਾਤਾਵਰਨ ਨੂੰ ਵੱਡੇ ਪੈਮਾਨੇ 'ਤੇ ਪਲੀਤ ਕਰ ਰਿਹਾ ਹੈ। ਗੁਫ਼ਾ ਅੰਦਰ ਤਪਸ਼ ਵਧਣ ਨਾਲ ਭੋਲੇਨਾਥ ਦਾ ਬਰਫ਼ ਦਾ ਲਿੰਗ ਕੁਦਰਤੀ ਚੱਕਰ ਤੋਂ ਪਹਿਲਾਂ ਹੀ ਪਿਘਲਣਾ ਸ਼ੁਰੂ ਹੋ ਜਾਂਦਾ ਹੈ। 2007 ਵਿਚ ਇੰਤਜ਼ਾਮਾਂ ਦੀ ਦੇਖਰੇਖ ਕਰਨ ਵਾਲੇ ਸ੍ਰੀ ਅਮਰਨਾਥ ਯਾਤਰਾ ਬੋਰਡ ਲਈ ਉਦੋਂ ਮੁਸੀਬਤ ਬਣ ਗਈ ਜਦੋਂ 'ਸ਼ਿਵ ਲਿੰਗ' ਪਹਿਲਾਂ ਹੀ ਪਿਘਲ ਗਿਆ ਅਤੇ ਸ਼ਰਧਾਲੂਆਂ ਲਈ ਬਰਫ਼ ਦਾ ਬਨਾਉਟੀ ਲਿੰਗ ਲਗਾਉਣਾ ਪੈ ਗਿਆ। ਵਾਤਾਵਰਨ ਪ੍ਰੇਮੀਆਂ ਦਾ ਮਤ ਹੈ ਕਿ ਲੋਕ 180 ਸਾਲਾਂ ਤੋਂ ਅਮਰਨਾਥ ਦੀ ਯਾਤਰਾ ਕਰ ਰਹੇ ਹਨ। ਨਿਯਮਤ ਤੇ ਮਹਿਦੂਦ ਸ਼ਰਧਾਲੂਆਂ ਕਾਰਨ ਅਜਿਹੀ ਮੁਸ਼ਕਿਲ ਪਹਿਲਾਂ ਕਦੇ ਨਹੀਂ ਆਈ।

-ਬੂਟਾ ਸਿੰਘ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

# ਕਬੀਰ ਕਮਾਈ ਆਪਣੀ...

ਲੇਖ ਵਿਚ ਵਰਣਨ ਕੀਤੀਆਂ ਜਾ ਰਹੀਆਂ ਦੋਵੇਂ ਘਟਨਾਵਾਂ ਗਰੀਬੀ ਹੰਢਾ ਰਹੇ ਦੋ ਜਿਊੜਿਆਂ ਦੀਆਂ ਹਨ ਜਿਨ੍ਹਾਂ ਦੇ ਸਿਰੜ, ਸਿਦਕ ਤੇ ਭਰੋਸੇ ਅੱਗੇ ਸਿਰ ਝੁਕਦਾ ਹੈ। ਪਹਿਲੀ ਵਾਰਤਾ ਤਾਜ਼ੀ ਹੈ, ਜਿਸ ਸਦਕਾ ਮੈਨੂੰ ਦੂਜੀ ਘਟਨਾ ਯਾਦ ਆਈ ਜੋ ਸੰਨ 1965 ਤੋਂ ਬਾਅਦ ਦੇ ਕਿਸੇ ਸਾਲ ਵਿਚ ਵਾਪਰੀ ਸੀ। ਦੋਹਾਂ ਦੇ ਨਾਇਕ ਪਾਤਰ ਅਤੇ ਸਮਾਂ-ਸਥਾਨ ਬੇਸ਼ੱਕ ਅਲੱਗ ਅਲੱਗ ਹਨ, ਪਰ ਸਿੱਟਾ ਦੋਹਾਂ ਦਾ ਇਕੋ ਹੀ ਨਿਕਲਦਾ ਹੈ। ਦੋਵੇਂ ਕਥਾਵਾਂ ਇਕ ਦੂਜੀ ਦੀਆਂ ਪੂਰਕ ਹੀ ਹੋ ਨਿੱਬੜਦੀਆਂ ਹਨ।

ਸ਼ਹਿਰ ਦੀ ਅਮੀਰ ਮੰਨੀ ਜਾਂਦੀ ਕਾਲੋਨੀ ਵਿਚ ਰਹਿੰਦੇ ਮੇਰੇ ਭਰਾ ਦੀ ਕੋਠੀ ਤੋਂ ਰਤਾ ਹਟਵੀਂ ਇਕ ਹੋਰ ਕੋਠੀ ਦੇ ਬਗਲ ਤੋਂ ਬਾਹਰ ਸੜਕ ਦੇ ਕਿਨਾਰੇ ਆਰਜ਼ੀ ਜਿਹਾ ਅੱਡਾ-ਗੱਡਾ ਬਣਾ ਕੇ ਕੋਈ ਬਿਹਾਰੀ ਧੋਬੀ ਕੱਪੜੇ ਧੋਣ ਅਤੇ ਪ੍ਰੈਸ ਕਰਨ ਦਾ ਕਿੱਤਾ ਕਰਦਿਆਂ ਆਪਣੇ ਪਰਿਵਾਰ ਦਾ ਜੀਵਨ ਨਿਰਬਾਹ ਚਲਾ ਰਿਹਾ ਸੀ। ਵਰ੍ਹਿਆਂ ਤੋਂ ਬੈਠੇ ਇਸ ਧੋਬੀ ਤੋਂ ਆਸ-ਪਾਸ ਦੇ ਨੌਕਰੀ ਪੇਸ਼ਾ ਲੋਕ ਸੁਬ੍ਹਾ-ਸਵੇਰੇ ਕੱਪੜੇ ਪ੍ਰੈਸ ਕਰਵਾਉਣ ਲਈ ਚੰਗਾ ਰਸ਼ ਪਾਈ ਰੱਖਦੇ।

ਇਕ ਦਿਨ ਭਰਾ ਆਪਣੇ ਅਤੇ ਬੱਚਿਆਂ ਦੇ ਕੱਪੜੇ ਪ੍ਰੈਸ ਕਰਵਾਉਣ ਲਈ ਉਸ ਧੋਬੀ ਕੋਲ ਗਿਆ। ਨਾਲ ਹੀ ਪਿਛਲਾ ਰਹਿੰਦਾ ਮਿਹਨਤਾਨਾ ਧੋਬੀ ਨੂੰ ਜਾ ਫੜਾਇਆ। ਉਸ ਨੇ ਭਰਾ ਹੱਥੋਂ ਨੋਟ ਫੜ ਕੇ ਉਰ੍ਹਾ-ਪਰ੍ਹਾ ਕਰਦਿਆਂ ਬੇਧਿਆਨੀ ਜਿਹੀ ਨਾਲ ਮੇਜ਼ 'ਤੇ ਵਿਛੇ ਕੱਪੜੇ ਦੇ ਇਕ ਖੂੰਜੇ ਹੇਠਾਂ ਰੱਖ ਦਿੱਤੇ। ਜਦੋਂ ਉਹ ਇਧਰ ਉਧਰ ਹੋ ਕੇ ਕੱਪੜਿਆਂ ਦੀ ਫਰੋਲਾ ਫਰਾਲੀ ਕਰਨ ਲੱਗਾ ਤਾਂ ਕੋਲ ਸੜਕ ਵਗਦੀ ਜਾਣ ਕੇ ਮੇਰੇ ਭਰਾ ਨੇ ਧੋਬੀ ਨੂੰ ਚੌਕੰਨਾ ਕਰਦਿਆਂ ਆਖਿਆ ਕਿ ਗਲੀ ਵਿਚ ਆਂਦਕ-ਜਾਂਦਕ ਲੱਗੀ ਰਹਿੰਦੀ ਹੈ, ਇਸ ਲਈ ਪਹਿਲਾਂ ਇਹ ਪੈਸੇ ਚੰਗੀ ਤਰ੍ਹਾਂ ਸੰਭਾਲ ਕੇ ਰੱਖ ਭਰਾਵਾ।

ਬੇਫਿਕਰੀ ਦੇ ਆਲਮ ਵਿਚ ਧੋਬੀ ਥੋੜ੍ਹੀ ਗੰਭੀਰਤਾ ਵਾਲੀ ਮੁਸਕਰਾਹਟ ਬਿਖੇਰਦਿਆਂ ਕਹਿਣ ਲੱਗਾ, "ਅਰੇ ਸਰਦਾਰ ਜੀ, ਬਾਤ ਆਪ ਕੀ ਠੀਕ ਹੈ, ਪਰ ਯਿਹ ਜੋ ਪੈਸੇ ਆਪ ਨੇ ਮੁਝੇ ਦੀਏ ਹੈਂ, ਯਿਹ ਮੇਰੇ ਖੂਨ-ਪਸੀਨੇ ਕੀ ਕਮਾਈ ਹੈ। ਅਗਰ ਕੋਈ ਉਠਾ ਕੇ ਲੇ ਭੀ ਗਯਾ, ਮੁਝੇ ਦੁਖ ਤੋ ਹੋਗਾ ਕਿ ਮੇਰੀ ਹੱਕ ਹਲਾਲ ਕੀ ਮਿਹਨਤ ਉਡ ਗਈ! ਚਲੋ, ਭਗਵਾਨ ਨੇ ਮੁਝੇ ਦੋ ਹਾਥ ਦੀਏ ਹੂਏ ਹੈਂ, ਹਿੰਮਤ ਦੀ ਹੂਈ ਹੈ! ਮੈਂ ਤੋ ਔਰ ਕਮਾ ਲੂੰਗਾ। ਲੇਕਿਨ ਯਿਹ ਪੈਸੇ ਜਹਾਂ, ਜਿਸ ਪਰਿਵਾਰ ਮੇਂ ਜਾਏਂਗੇ ਨਾ..."

ਭਰਾ ਅਨਪੜ੍ਹ ਧੋਬੀ ਦੇ ਮੂੰਹੋਂ ਫਲਸਫਾਨਾ ਅੰਦਾਜ਼ ਵਾਲੀਆਂ ਇਹ ਗੱਲਾਂ ਸੁਣ ਕੇ ਦੰਗ ਰਹਿ ਗਿਆ। ਉਹ ਬੜੇ ਸਿਦਕ ਤੇ ਭਰੋਸੇ ਨਾਲ ਕਹਿੰਦਾ ਕਿ ਸਾਡੇ ਵਰਗੇ ਹੱਡ-ਭੰਨਵੀਂ ਮਿਹਨਤ ਕਰਨ ਵਾਲੇ ਗਰੀਬਾਂ ਦੀ ਕਮਾਈ, ਜੇ ਕੋਈ ਛਲ-ਕਪਟ ਨਾਲ ਲੈ ਵੀ ਜਾਵੇ, ਤਾਂ ਉਸ ਨੂੰ ਵਫਾ ਨਹੀਂ ਕਰੇਗੀ; ਸਗੋਂ ਉਸ ਦਾ ਬੇੜਾ ਗਰਕ ਕਰ ਕੇ ਬਰਬਾਦੀ ਦਾ ਕਾਰਨ ਹੀ ਬਣੇਗੀ।

ਭਰਾ ਦੱਸੇ ਕਿ ਉਹ ਗਜ਼ਬ ਦੀ ਹਕੀਕਤ ਸੁਣ ਕੇ ਸੁੰਨ ਹੋਇਆ ਖੜ੍ਹਾ ਧੋਬੀ ਦੇ ਮੂੰਹ ਵੱਲ ਹੀ ਦੇਖਦਾ ਰਹਿ ਗਿਆ। ਟੀ.ਵੀ. ਚੈਨਲਾਂ 'ਤੇ ਚੱਲਦੇ ਅਧਿਆਤਮਵਾਦੀ ਕਥਾ-ਵਿਖਿਆਨਾਂ ਨੇ ਉਸ ਨੂੰ ਕਦੇ ਇੰਨਾ ਪ੍ਰਭਾਵਤ ਨਹੀਂ ਕੀਤਾ, ਜਿੰਨਾ ਉਸ ਕਿਰਤੀ ਦੇ ਸਹਿਜ ਭਾਅ ਕਹੇ ਬੋਲਾਂ ਨੇ ਸੋਚਣ ਲਈ ਮਜਬੂਰ ਕੀਤਾ। ਉਥੇ ਖੜ੍ਹੇ-ਖੜ੍ਹੇ ਇਕ ਬੁੱਧੀਵਾਨ ਦਾ ਕਥਨ ਯਾਦ ਆਇਆ, "ਜਿਸ 'ਕਮਾਈ' ਉਤੇ ਤੁਹਾਡਾ ਪਸੀਨਾ ਨਹੀਂ ਵਗਿਆ, ਉਹ ਤੁਹਾਨੂੰ ਵਫਾ ਨਹੀਂ ਕਰੇਗੀ।"

ਡੂੰਘੇ ਅਰਥਾਂ ਵਾਲੀ ਇਹ ਵਾਰਤਾ ਸੁਣਦਿਆਂ ਮੈਨੂੰ ਆਪਣੇ ਘਰ ਦੀ ਉਹ ਘਟਨਾ ਯਾਦ ਆ ਗਈ ਜੋ ਸੰਨ ਪੈਂਹਟ ਦੇ ਅੱਗੜ-ਪਿੱਛੜ ਕਿਸੇ ਸਾਲ ਸਾਡੇ ਭਾਈਆ ਜੀ ਨਾਲ ਹੋਈ-ਵਾਪਰੀ ਸੀ। ਗਾਹੇ-ਬਗਾਹੇ ਘਰੇਲੂ ਵਰਤੋਂ ਦਾ ਸਮਾਨ ਤੇ ਹੋਰ ਕੱਪੜਾ-ਲੱਤਾ ਲੈਣ ਭਾਈਆ ਜੀ ਅਕਸਰ ਸਾਈਕਲ 'ਤੇ ਨਵਾਂ ਸ਼ਹਿਰ ਜਾਂਦੇ। ਇਸੇ ਤਰ੍ਹਾਂ ਇਕ ਵਾਰ ਉਹ ਸਵੇਰੇ-ਸਵੇਰੇ ਘਰੇਲੂ ਕੰਮ-ਕਾਰ ਨਿਬੇੜ ਕੇ ਨਵਾਂ ਸ਼ਹਿਰੋਂ ਸੌਦੇ-ਪੱਤੇ



*ਭਾਈਆ ਜੀ ਅਤੇ ਬੀਬੀ ਜੀ*

ਲਿਆਉਣ ਲਈ ਤਿਆਰ ਹੋ ਗਏ। ਸਾਈਕਲ ਦੇ ਕੈਰੀਅਰ 'ਤੇ ਝੋਲੇ ਵਗੈਰਾ ਬੰਨ੍ਹ ਕੇ ਉਹ ਨਹਿਰੇ ਪੈ ਗਏ। ਇੰਜ ਨਵੇਂ ਸ਼ਹਿਰ ਗਏ ਹੋਏ ਉਹ ਅਕਸਰ ਸ਼ਾਮ ਪਈ ਘਰੇ ਮੁੜਦੇ, ਪਰ ਉਸ ਦਿਨ ਉਨ੍ਹਾਂ ਸਾਨੂੰ ਸਾਰੇ ਟੱਬਰ ਨੂੰ ਹੈਰਾਨ ਕਰ ਦਿੱਤਾ, ਜਦ ਅਸੀਂ ਦੇਖਿਆ ਕਿ ਘਰੋਂ ਤੁਰਨ ਤੋਂ ਚਾਰ ਕੁ ਘੰਟਿਆਂ ਬਾਅਦ ਹੀ ਉਨ੍ਹਾਂ ਘਰ ਮੋਹਰੇ ਆ ਕੇ ਸਾਈਕਲ ਦੀ ਘੰਟੀ ਖੜਕਾ ਦਿੱਤੀ। ਅਸੀਂ ਸਾਰੇ ਇਕ ਦਮ ਭੱਜ ਕੇ ਬਾਹਰ ਆ ਗਏ। ਉਨ੍ਹਾਂ ਦਾ ਹੁਲੀਆ ਦੇਖ ਕੇ ਸਭ ਦੇ ਸਾਹ ਸੂਤੇ ਗਏ। ਉਘੜ-ਦੁਘੜੀ ਜਿਹੀ ਹੋਈ ਪੱਗ, ਮਿੱਟੀ ਗਾਰੇ ਜਿਹੇ ਨਾਲ ਲਿਬੜੇ ਸਲ੍ਹਾਬੇ ਜਿਹੇ ਹੋਏ ਉਨ੍ਹਾਂ ਦੇ ਕੱਪੜੇ ਅਤੇ ਘਬਰਾਇਆ ਚਿਹਰਾ ਦੇਖ ਕੇ ਅਸੀਂ ਠਠੰਬਰ ਗਏ! ਇਹ ਕੀ ਭਾਣਾ ਵਾਪਰ ਗਿਆ ਹੋਵੇਗਾ? ਬਹੁਤ ਨਿਮਰ ਸੁਭਾਅ ਵਾਲੀ ਸਾਡੀ ਮਾਂ ਤਾਂ ਰੋਣ ਹਾਕੀ ਜਿਹੀ ਹੋ ਕੇ 'ਕੀ ਹੋਇਆ... ਕੀ ਹੋਇਆ?' ਕਰਦੀ, ਇਕ ਤਰ੍ਹਾਂ ਨਾਲ ਸਾਈਕਲ ਦੇ ਹੈਂਡਲ 'ਤੇ ਡਿੱਗ ਹੀ ਪਈ!

"ਕੁਛ ਨਹੀਂ, ਬਚਾਅ ਹੋ ਗਿਆ।" ਸਾਈਕਲ ਕੰਧ ਨਾਲ ਲਾ ਕੇ ਕਮੀਜ਼ ਛੰਡਕਦਿਆਂ ਭਾਈਆ ਜੀ ਮੰਜੇ 'ਤੇ ਬੈਠ ਗਏ ਅਤੇ ਸਾਨੂੰ ਧੀਰਜ ਬੰਨ੍ਹਾਈ! ਉਨ੍ਹਾਂ ਦੇ ਪੈਰਾਂ ਵਿਚੋਂ ਜੁੱਤੀ ਵੀ ਗਾਇਬ ਦੇਖ ਕੇ ਅਸੀਂ ਹੋਰ ਹੱਕੇ-ਬੱਕੇ ਹੋ ਗਏ। ਹੈਰਾਨ ਹੋਇਆ ਸਾਰਾ ਟੱਬਰ ਵੱਡੀ ਉਤਸੁਕਤਾ ਨਾਲ ਭਾਈਆ ਜੀ ਨਾਲ ਵਾਪਰੀ ਅਣਹੋਣੀ ਸੁਣਨ ਲਈ ਉਤਾਵਲਾ ਪੈ ਰਿਹਾ ਸੀ। ਭਾਈਆ ਜੀ ਮੂੰਹੋਂ ਸਾਰੀ ਦੁਰਘਟਨਾ ਦਾ ਵੇਰਵਾ ਸੁਣ ਕੇ ਸਾਡੇ ਲੂੰ ਕੰਡੇ ਖੜ੍ਹੇ ਹੋ ਗਏ। ਸਾਡੀ ਮਾਂ 'ਤਾਂਹ ਨੂੰ ਹੱਥ ਜੋੜ ਕੇ ਦਾਤੇ ਦਾ ਸ਼ੁਕਰਾਨਾ ਕਰਨ ਲੱਗੀ ਕਿ ਉਸ ਦੇ ਸਿਰ ਦਾ ਸਾਈਂ ਸਹੀ ਸਲਾਮਤ ਬਚ ਕੇ ਆ ਗਿਆ ਹੈ।

ਹੋਇਆ ਅਸਲ ਵਿਚ ਇਹ ਕਿ ਸਾਡੇ ਪਿੰਡੋਂ ਨਵਾਂ ਸ਼ਹਿਰ ਜਾਣ ਲਈ ਆਮ ਤੌਰ 'ਤੇ ਬਿਸਤ ਦੁਆਬ ਨਹਿਰ ਕੰਢੇ 6-7 ਮੀਲ ਸਫਰ ਕਰਨਾ ਪੈਂਦਾ ਹੈ। ਪਿੰਡ ਸਵਾਜ ਪੁਰ ਦੇ ਜਿਸ ਪੁਲ ਤੋਂ ਨਹਿਰ ਛੱਡ ਕੇ ਹੋਰ ਰਾਹ ਪੈਣਾ ਹੁੰਦਾ ਹੈ, ਉਸ ਪੁਲ 'ਤੇ ਹੈੱਡ-ਵਰਕਸ ਬਣਿਆ ਹੋਇਆ ਹੈ ਜਿਥੋਂ ਖੱਬੇ-ਸੱਜੇ ਰਜਬਾਹੇ ਨਿਕਲਦੇ ਹਨ। ਨਹਿਰ ਦੇ ਪਾਣੀ ਦੀ ਰਫਤਾਰ ਰੋਕਣ ਲਈ ਪੁਲ ਦੇ ਮੋਹਰੇ ਰੋਕਾਂ ਬਣੀਆਂ ਹੋਈਆਂ ਹਨ ਜਿਨ੍ਹਾਂ ਵਿਚ ਵੱਜ ਕੇ ਪਾਣੀ ਰਿੜਕ ਜਿਹਾ ਹੁੰਦਿਆਂ 'ਝਲਾਰ' ਬਣਦੀ ਹੈ। ਉਨ੍ਹਾਂ ਦਿਨਾਂ ਵਿਚ ਉਥੇ ਫੁੱਲ-ਬੂਟੇ ਲਗਾ ਕੇ ਉਹ ਥਾਂ ਖੂਬ ਸਜਾਈ ਹੁੰਦੀ ਸੀ। ਨਹਿਰ ਵਿਚ ਉਤਰਦੀਆਂ ਪੌੜੀਆਂ ਦੋਹੀਂ ਪਾਸੀਂ ਬਣੀਆਂ ਹੋਈਆਂ ਸਨ ਜਿਨ੍ਹਾਂ ਥਾਣੀ ਉਤਰ ਕੇ ਰਾਹੀ-ਮੁਸਾਫਿਰ ਜਾਂ ਪੱਠੇ-ਦੱਥੇ ਵਾਲੀਆਂ ਬੀਬੀਆਂ ਪਾਣੀ ਪੀ ਲੈਂਦੀਆਂ। ਉਸ ਦਿਨ ਸਾਡੇ ਭਾਈਆ ਜੀ ਵੀ ਉਥੇ ਪਾਣੀ ਪੀਣ ਲਈ ਉਤਰੇ, ਪਰ ਪੌੜੀਆਂ ਤੋਂ ਪੈਰ ਤਿਲਕਣ ਕਰ ਕੇ ਧੜੰਮ ਨਹਿਰ 'ਚ ਡਿਗ ਪਏ।

ਪੁਲ ਦੇ ਮੂਹਰੇ ਪਾਣੀ ਦੀ ਡੂੰਘਾਈ ਵੀ ਅੱਠ-ਦਸ ਫੁੱਟ ਅਤੇ ਵਹਾਅ ਵੀ ਤੇਜ਼। ਉਭੜਵਾਹੇ ਡਿਗਣ ਕਰ ਕੇ ਗੋਤੇ ਵੀ ਚੰਗੇ ਆ ਗਏ, ਪਰ ਚੰਗੀ ਕਿਸਮਤ ਨੂੰ ਉਨ੍ਹਾਂ ਦਾ ਰੌਲਾ ਸੁਣ ਕੇ ਉਥੋਂ ਲੰਘਦੇ ਇਕ ਬੰਦੇ ਨੇ ਫਟਾ ਫਟ ਆਪਣੀ ਪੱਗ ਭਾਈਆ ਜੀ ਵੱਲ ਵਗਾਹੀ ਜਿਹਦੇ ਸਦਕਾ ਉਨ੍ਹਾਂ ਨੂੰ ਨਹਿਰ ਵਿਚੋਂ ਖਿੱਚ ਕੇ ਬਾਹਰ ਕੱਢਿਆ ਗਿਆ।

ਸਾਰਾ ਬਿਰਤਾਂਤ ਸੁਣ ਕੇ ਜਦੋਂ ਭਾਈਆ ਜੀ ਨੇ ਇਹ ਦੱਸਿਆ ਕਿ ਉਨ੍ਹਾਂ ਦਾ ਬਟੂਆ ਤੇ ਜੁੱਤੀ ਨਹਿਰ ਵਿਚ ਹੀ ਡਿਗ ਪਏ, ਤਾਂ ਸਾਡੀ ਮਾਤਾ ਨੂੰ ਪੈਸੇ ਜਾਣ ਦਾ ਝੋਰਾ ਖਾਣ ਲੱਗਾ। ਉਨ੍ਹਾਂ ਦਿਨਾਂ ਵਿਚ ਪੰਜਾਹ-ਸੱਠ ਰੁਪਏ ਵੀ ਅੱਜ ਦੇ ਅੱਠ ਦਸ ਹਜ਼ਾਰ ਦੇ ਬਰਾਬਰ ਹੁੰਦੇ ਸਨ। ਜਦੋਂ ਬੀਬੀ ਜੀ ਬਹੁਤੀ ਹੀ ਚਿੰਤਾ ਕਰਦਿਆਂ ਕਹਿਣ ਲੱਗੇ ਕਿ ਹੁਣ ਖਰਚਾ ਕਿਥੋਂ ਕਰਨੈਂ, ਤਦ ਭਾਈਆ ਜੀ ਬੜੇ ਠਰੰਮੇ ਨਾਲ ਕਹਿਣ ਕਿ ਜੇ ਉਹ ਪੈਸੇ 'ਸਾਡੇ ਹੀ' ਹੋਏ ਤਾਂ ਕਿਤੇ ਨਹੀਂ ਜਾਂਦੇ, ਸਾਨੂੰ ਅਵੱਸ਼ ਮਿਲ ਜਾਣਗੇ। ਰੁੜ੍ਹ ਗਏ ਪੈਸਿਆਂ ਨੂੰ ਝੂਰਦੀ ਅਤੇ ਗਰੀਬੀ ਕਾਰਨ ਦੁਖੀ ਹੁੰਦਿਆਂ ਜਦੋਂ ਸਾਡੀ ਮਾਂ ਕਹਿੰਦੀ ਕਿ ਨਹਿਰਾਂ ਵਿਚੋਂ ਤਾਂ ਡੁੱਬੇ ਹੋਏ ਬੰਦਿਆਂ ਦੀਆਂ ਲਾਸ਼ਾਂ ਨਹੀਂ ਲੱਭਦੀਆਂ ਹੁੰਦੀਆਂ! ਤੇਰਾ ਬਟੂਆਂ ਕਿੱਥੇ ਲੱਭਣੈਂ ਸਰਦਾਰ ਜੀ? ਤਦ ਭਾਈਆ ਜੀ ਆਪਣੇ ਵਿਸ਼ਵਾਸ ਦੇ ਪੱਖ ਵਿਚ ਇਹ ਸਤਰਾਂ ਪੜ੍ਹਦੇ,

ਕਬੀਰ ਕਮਾਈ ਆਪਣੀ
ਬਿਰਥੀ ਕਦੇ ਨਾ ਜਾਏ।
ਸੱਤ ਸਮੁੰਦਰ ਟੱਪ ਜਾਏ
ਫਿਰ ਵੀ ਮਿਲਦੀ ਆਏ।
(ਇਹ ਗੁਰਬਾਣੀ ਦਾ ਸਲੋਕ ਨਹੀਂ)

ਦਸ ਕੁ ਦਿਨਾਂ ਬਾਅਦ ਨਹਿਰ ਦਾ ਪਾਣੀ ਲੱਥੇ ਤੋਂ ਭਾਈਆ ਜੀ ਨੇ ਚੁੱਕਿਆ ਸਾਈਕਲ 'ਤੇ ਜਾ ਪਹੁੰਚੇ ਸਵਾਜ ਪੁਰ ਦੇ ਪੁਲ ਉਤੇ। ਹੈੱਡ ਉਤੇ ਡਿਊਟੀ ਕਰਦੇ ਪਨਸਾਲੀਏ ਨੂੰ ਮਿਲੇ ਜਿਸ ਨੂੰ ਉਹ ਉਸ ਦਿਨ ਆਪਣਾ ਬਟੂਆ ਡਿਗਣ ਬਾਰੇ ਦੱਸ ਆਏ ਸਨ।

"ਗਿਆਨੀ ਜੀ ਪਾਣੀ ਤਾਂ ਕੱਲ੍ਹ ਸ਼ਾਮ ਦਾ ਹੀ ਉਤਰਿਆ ਹੋਇਐ..." ਤਸੱਲੀ ਨਾਲ ਬੋਲਦਿਆਂ ਪਨਸਾਲੀਆ ਭਾਈਆ ਜੀ ਨੂੰ ਆਪਣੇ ਕਮਰੇ ਵਿਚ ਲੈ ਗਿਆ ਜਿਥੇ ਉਸ ਨੇ ਭਿੱਜੇ ਬਟੂਏ ਵਿਚੋਂ ਨੋਟ ਕੱਢ ਕੇ ਪੁਰਾਣੀ ਅਖਬਾਰ ਉਤੇ ਸੁੱਕਣੇ ਪਾਏ ਹੋਏ ਸਨ। ਉਸ ਇਮਾਨਦਾਰ ਮੁਲਾਜ਼ਮ ਦਾ ਸ਼ੁਕਰਾਨਾ ਕਰਦਿਆਂ ਭਾਈਆ ਜੀ 'ਆਪਣੀ ਕਮਾਈ' ਲੈ ਕੇ ਕਿਸੇ ਜੇਤੂ ਖਿਡਾਰੀ ਵਾਂਗ ਮੁਸਕਰਾਉਂਦੇ ਘਰੇ ਆ ਗਏ।

# ਅਪਾਹਜ ਆਸ਼ਰਮ ਸਰਾਭਾ 'ਚ ਰਹਿੰਦੇ ਮਰੀਜਾਂ ਨੂੰ ਦੇਖ ਭਰ ਆਉਂਦੀਆਂ ਨੇ ਅੱਖਾਂ

ਲੁਧਿਆਣਾ ਜ਼ਿਲ੍ਹੇ ਦੇ ਪਿੰਡ ਸਰਾਭਾ ਨੇੜੇ ਬਣੇ ਗੁਰੂ ਅਮਰਦਾਸ ਅਪਾਹਜ ਆਸ਼ਰਮ ਵਿਚ ਹੋ ਰਹੀ ਸੇਵਾ ਨੂੰ ਦੇਖਣ ਲਈ ਜਦੋਂ ਲੋਕ ਆਉਂਦੇ ਹਨ ਤਾਂ ਆਸ਼ਰਮ ਵਿਚ ਰਹਿ ਰਹੇ ਲੋੜਵੰਦਾਂ ਦੀ ਹਾਲਤ ਦੇਖ ਕੇ ਕਈਆਂ ਦੀਆਂ ਅੱਖਾਂ ਵਿਚੋਂ ਆਪ ਮੁਹਾਰੇ ਅੱਥਰੂ ਕਿਰ ਪੈਂਦੇ ਹਨ ਅਤੇ ਉਨ੍ਹਾਂ ਦੀ ਹਾਲਤ ਇਨ੍ਹਾਂ ਕਾਵਿ ਸਤਰਾਂ ਜਿਹੀ ਹੋ ਜਾਂਦੀ ਹੈ:

ਦੁੱਖ ਦੇਖ ਕੇ ਇਨ੍ਹਾਂ ਦੁਖਿਆਰਿਆਂ ਦਾ,
ਹੰਝੂ ਅੱਖਾਂ 'ਚੋਂ ਕਈਆਂ ਦੇ ਚੋ ਜਾਂਦੇ।
ਅਸਲੀ ਰੂਪ ਗਰੀਬੀ ਦਾ ਵੇਖ ਕੇ ਤੇ,
ਪੱਥਰ ਦਿਲ ਵੀ ਮੋਮ ਨੇ ਹੋ ਜਾਂਦੇ।

ਇਸ ਆਸ਼ਰਮ ਵਿਚ ਪੰਜਾਹ ਦੇ ਕਰੀਬ ਲੋੜਵੰਦ ਰਹਿੰਦੇ ਹਨ ਜਿਨ੍ਹਾਂ ਵਿਚੋਂ 15-16 ਅਜਿਹੇ ਹਨ ਜੋ ਪੂਰੀ ਹੋਸ਼-ਹਵਾਸ਼ ਨਾ ਹੋਣ ਕਾਰਨ ਆਪਣੀ ਕ੍ਰਿਆ ਆਪ ਨਹੀਂ ਸੋਧ ਸਕਦੇ ਅਤੇ ਮਲ-ਮੂਤਰ ਆਦਿ ਕੱਪੜਿਆਂ ਵਿਚ ਹੀ ਕਰਦੇ ਹਨ। ਅਜਿਹੇ ਜ਼ਿਆਦਾਤਰ ਲੋਕ ਲਾਵਾਰਸ ਅਤੇ ਬੇਘਰ ਹੋਣ ਕਰਕੇ ਸੜਕਾਂ ਦੇ ਕਿਨਾਰੇ ਖੁੱਲ੍ਹੇ ਅਸਮਾਨ ਥੱਲੇ ਜ਼ਿੰਦਗੀ ਬਤੀਤ ਕਰਦੇ ਹਨ। ਬਿਮਾਰ ਹੋ ਜਾਣ ਦੀ ਸੂਰਤ ਵਿਚ ਬਦਬੂ ਮਾਰਦੀ ਹਾਲਤ ਦੇਖ ਕੇ ਕੋਈ ਵੀ ਵਿਅਕਤੀ ਸਹਾਇਤਾ ਕਰਨ ਲਈ ਇਨ੍ਹਾਂ ਦੇ ਨੇੜੇ ਨਹੀਂ ਢੁਕਦਾ। ਅਜਿਹੇ ਲੋੜਵੰਦਾਂ ਨੂੰ ਸੜਕਾਂ ਤੋਂ ਚੁੱਕ ਕੇ ਇਸ ਆਸ਼ਰਮ ਵਿਚ ਲਿਆਇਆ ਜਾਂਦਾ ਹੈ, ਉਨ੍ਹਾਂ ਦੀ ਨਿਸ਼ਕਾਮ ਸੇਵਾ-ਸੰਭਾਲ ਕਰਨ ਦੇ ਨਾਲ ਮੁਫਤ ਮੈਡੀਕਲ ਸਹਾਇਤਾ ਦੇ ਕੇ ਉਨ੍ਹਾਂ ਦੀ ਜ਼ਿੰਦਗੀ ਬਚਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਂਦੀ ਹੈ।

ਦਲਜੀਤ ਸਿੰਘ ਰੰਧਾਵਾ
ਫੋਨ: 91-99145-63300

ਇਨ੍ਹਾਂ ਲੋੜਵੰਦਾਂ ਵਿਚੋਂ ਕਈ ਤਾਂ ਆਪਣੇ ਨਾਂ ਜਾਂ ਘਰ-ਬਾਰ ਬਾਰੇ ਵੀ ਨਹੀਂ ਦੱਸ ਸਕਦੇ। ਅਜਿਹੇ ਲੋੜਵੰਦਾਂ ਨੂੰ ਆਸ਼ਰਮ ਦੇ ਸੇਵਾਦਾਰ ਸੰਭਾਲਦੇ ਹਨ, ਮਲ-ਮੂਤਰ ਸਾਫ ਕਰਦੇ ਹਨ ਅਤੇ ਇਸ਼ਨਾਨ ਆਦਿ ਕਰਾਉਂਦੇ ਹਨ। ਲਾਵਾਰਸ ਸੁਭਾਸ਼ 23 ਜਨਵਰੀ 2017 ਨੂੰ ਆਸ਼ਰਮ ਵਿਚ ਦਾਖਲ ਹੋਇਆ ਜੋ ਇਲਾਜ ਦੇ ਬਾਵਜੂਦ ਆਪਣੇ ਘਰ-ਬਾਰ ਬਾਰੇ ਕੁਝ ਨਹੀਂ ਦੱਸ ਸਕਿਆ। ਤਿੰਨ ਮਹੀਨੇ ਮੰਜੇ 'ਤੇ ਪਏ ਰਹਿਣ ਮਗਰੋਂ ਉਸ ਦੀ ਮੌਤ ਹੋ ਗਈ।



ਗੁਰਮੀਤ ਸਿੰਘ

ਗੁਰਮੀਤ ਸਿੰਘ ਜੋ ਕਿਰਾਏ 'ਤੇ ਟੈਂਪੂ ਚਲਾਉਂਦਾ ਸੀ, ਦਾ ਆਪਣਾ ਕੋਈ ਘਰ-ਬਾਰ ਨਹੀਂ ਸੀ। ਕਿਰਾਏ 'ਤੇ ਕਮਰਾ ਲੈ ਕੇ ਰਹਿੰਦਾ ਸੀ। ਜੋ ਕਮਾਉਂਦਾ, ਉਹ ਖਾ-ਪੀ ਲੈਂਦਾ। ਉਸ ਨੂੰ ਅਧਰੰਗ ਹੋ ਗਿਆ ਜਿਸ ਕਾਰਨ ਦੋਨੋਂ ਲੱਤਾਂ ਅਤੇ ਬਾਹਾਂ ਕੰਮ ਕਰਨੋਂ ਹਟ ਗਈਆਂ। ਕੁਝ ਦੋਸਤਾਂ ਨੇ ਤਰਸ ਕਰਕੇ ਸਿਵਲ ਹਸਪਤਾਲ ਦਾਖਲ ਕਰਵਾ ਦਿੱਤਾ ਪਰ ਠੀਕ ਨਾ ਹੋ ਸਕਿਆ। ਫਿਰ ਉਸ ਨੂੰ ਸਿਵਲ ਹਸਪਤਾਲ ਤੋਂ ਛੁੱਟੀ ਦਿਵਾ ਕੇ 13 ਫਰਵਰੀ 2017 ਨੂੰ ਆਸ਼ਰਮ ਵਿਚ ਛੱਡ ਗਏ। ਕੋਈ 3 ਹਫਤੇ ਆਸ਼ਰਮ ਵਿਚ ਮੰਜੇ 'ਤੇ ਪਏ ਰਹਿਣ ਮਗਰੋਂ ਉਹ ਸੁਰਗਵਾਸ ਹੋ ਗਿਆ।

ਦਿਮਾਗੀ ਸੰਤੁਲਨ ਠੀਕ ਨਾ ਹੋਣ ਕਰਕੇ ਪੱਖੋਵਾਲ ਦੀਆਂ ਸੜਕਾਂ 'ਤੇ ਜ਼ਿੰਦਗੀ ਬਿਤਾ ਰਹੀ ਸ਼ਿਮਲਾ ਦੇਵੀ ਨੂੰ ਉਥੋਂ ਦੇ ਕੁਝ ਸੱਜਣ ਅਕਤੂਬਰ 2016 ਵਿਚ ਆਸ਼ਰਮ ਛੱਡ ਗਏ। ਇਹ ਆਪਣੇ ਨਾਂ ਤੋਂ ਸਿਵਾਏ ਹੋਰ ਕੁਝ ਵੀ ਨਹੀਂ ਦੱਸ ਸਕਦੀ, ਆਪਣੇ ਆਪ ਬੋਲਦੀ ਰਹਿੰਦੀ ਹੈ ਅਤੇ ਮੂੰਹੋਂ ਰਾਲਾਂ ਡਿਗਦੀਆਂ ਰਹਿੰਦੀਆਂ ਹਨ। ਮਲ-ਮੂਤਰ ਕੱਪੜਿਆਂ ਵਿਚ ਹੀ ਕਰਦੀ ਹੈ।

ਇਸੇ ਤਰ੍ਹਾਂ ਦਿਮਾਗੀ ਤੌਰ 'ਤੇ ਬਿਮਾਰ ਜਸਪ੍ਰੀਤ ਕੌਰ ਕਈ ਸਾਲਾਂ ਤੋਂ ਬਠਿੰਡੇ ਦੀਆਂ ਸੜਕਾਂ 'ਤੇ ਸੌਂ ਕੇ ਗੁਜ਼ਾਰਾ ਕਰਦੀ ਸੀ। ਇਸ ਨੂੰ ਕੁਝ ਵਿਅਕਤੀ ਸੜਕ ਤੋਂ ਚੁਕ ਕੇ ਆਸ਼ਰਮ ਛੱਡ ਗਏ। ਹੁਣ ਆਸ਼ਰਮ ਵਿਚ ਸੇਵਾਦਾਰ ਬੀਬੀਆਂ ਸੇਵਾ-ਸੰਭਾਲ ਕਰਦੀਆਂ ਹਨ।

ਇਸ ਆਸ਼ਰਮ ਵਿਚ ਰਹਿਣ ਵਾਲੇ ਸਾਰੇ ਲੋੜਵੰਦਾਂ ਨੂੰ ਮੰਜਾ-ਬਿਸਤਰਾ, ਮੈਡੀਕਲ ਸਹਾਇਤਾ, ਰੋਟੀ-ਪਾਣੀ, ਕੱਪੜੇ ਆਦਿ ਹਰ ਜ਼ਰੂਰੀ ਚੀਜ਼ ਮੁਫਤ ਮਿਲਦੀ ਹੈ। ਸਾਰਾ ਪ੍ਰਬੰਧ ਗੁਰੂ ਕੀਆਂ ਸੰਗਤਾਂ ਦੇ ਸਹਿਯੋਗ ਨਾਲ ਚਲਦਾ ਹੈ। ਇਸ ਆਸ਼ਰਮ ਦੇ ਬਾਨੀ ਹਨ, ਪਿੰਡ ਜਟਾਣਾ (ਨਜ਼ਦੀਕ ਦੋਰਾਹਾ) ਦੇ ਜੰਮਪਲ ਡਾ. ਨੌਰੰਗ ਸਿੰਘ ਮਾਂਗਟ ਜੋ ਕਿ ਪੀ.ਏ.ਯੂ. ਲੁਧਿਆਣਾ, ਯੂਨੀਵਰਸਿਟੀ ਆਫ ਵਿੰਡਸਰ, ਮੌਰੀਸਨ ਸਾਇੰਟਿਫਿਕ ਰੀਸਰਚ ਕੰਪਨੀ ਕੈਲਗਰੀ ਦੇ ਸਾਬਕਾ ਪ੍ਰੋਫੈਸਰ ਅਤੇ ਸਾਇੰਸਦਾਨ ਹਨ। ਡਾ. ਮਾਂਗਟ ਨੇ ਕਈ ਸਾਲ ਸਾਈਕਲ 'ਤੇ ਫਿਰ ਕੇ ਲੁਧਿਆਣਾ ਸ਼ਹਿਰ ਵਿਚ ਸੜਕਾਂ ਕੰਢੇ ਪਏ ਲਾਵਾਰਸਾਂ-ਅਪਾਹਜਾਂ ਦੀ ਸੇਵਾ ਵੀ ਕੀਤੀ ਅਤੇ ਅਜਿਹੇ ਬੇਸਹਾਰਾ ਲੋੜਵੰਦਾਂ ਦੀ ਸੇਵਾ-ਸੰਭਾਲ ਵਾਸਤੇ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਰਜਿਸਟਰਡ ਚੈਰੀਟੇਬਲ ਦੋ ਮੰਜ਼ਲਾ 'ਗੁਰੂ ਅਮਰਦਾਸ ਅਪਾਹਜ ਆਸ਼ਰਮ' ਤਿਆਰ ਕਰਵਾਇਆ।

ਆਸ਼ਰਮ ਦੀਆਂ ਭਵਿੱਖ ਦੀਆਂ ਲੋੜਾਂ ਹਨ- ਬੀਬੀਆਂ ਨੂੰ ਅਲੱਗ ਰੱਖਣ ਲਈ ਆਸ਼ਰਮ ਦੀਆਂ ਬਾਕੀ ਰਹਿੰਦੀਆਂ ਮੰਜ਼ਲਾਂ ਤਿਆਰ ਕਰਨੀਆਂ ਅਤੇ ਆਸ਼ਰਮ ਵਿਚ ਛੋਟਾ ਜਿਹਾ ਹਸਪਤਾਲ ਬਣਾਉਣਾ ਹਨ, ਤਾਂ ਕਿ ਮਰੀਜ਼ਾਂ ਦੀ ਛੋਟੀ-ਮੋਟੀ ਬਿਮਾਰੀ ਦਾ ਇਲਾਜ ਆਸ਼ਰਮ ਵਿਚ ਹੀ ਹੋ ਸਕੇ।


ਡਾ. ਮਾਂਗਟ ਅੱਜ ਕੱਲ ਆਪਣੇ ਪਰਿਵਾਰ ਨੂੰ ਮਿਲਣ ਲਈ ਕੈਲਗਰੀ, ਕੈਨੇਡਾ ਆਏ ਹੋਏ ਹਨ। ਉਨ੍ਹਾਂ ਨਾਲ ਫੋਨ: 403-401-8787 ਈ-ਮੇਲ nsmangat14@hotmail.com ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ। ਹੋਰ ਜਾਣਕਾਰੀ ਵੈਬਸਾਈਟ apahajashram.org ਰਾਹੀਂ ਵੀ ਹਾਸਲ ਕੀਤੀ ਜਾ ਸਕਦੀ ਹੈ।



*ਸੁਭਾਸ਼ ਨੂੰ ਇਸ਼ਨਾਨ ਕਰਾਉਂਦੇ ਸੇਵਾਦਾਰ*

# ਭਾਰਤੀ ਲੋਕਤੰਤਰ 'ਚ ਕੋਈ ਉਬਾਲਾ ਕਦੇ ਵੀ ਆ ਸਕਦੈ!

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਮਨ ਤਾਂ ਕਰਦਾ ਸੀ ਕਿ ਅੱਜ ਸਤਲੁਜ-ਯਮਨਾ ਲਿੰਕ ਨਹਿਰ ਦੇ ਉਸ ਮੁਕੱਦਮੇ ਬਾਰੇ ਲਿਖਿਆ ਜਾਵੇ, ਜੋ ਇਸੇ ਹਫਤੇ ਸੁਪਰੀਮ ਕੋਰਟ ਦੇ ਇੱਕ ਆਦੇਸ਼ ਨੇ ਉਭਾਰ ਦਿੱਤਾ ਹੈ, ਪਰ ਅਸੀਂ ਲਿਖ ਨਹੀਂ ਰਹੇ। ਕਾਰਨ ਇਸ ਦਾ ਇਹ ਹੈ ਕਿ ਪੰਜਾਬ ਦੀ ਰਾਜਨੀਤੀ ਕੁਚੱਜ ਦੇ ਰਾਹ ਪੈ ਗਈ ਹੈ। ਸੁਪਰੀਮ ਕੋਰਟ ਨੇ ਇਹ ਆਦੇਸ਼ ਕਰ ਦਿੱਤਾ ਹੈ ਕਿ ਨਹਿਰ ਬਣਾਉਣੀ ਹੀ ਪੈਣੀ ਹੈ ਤੇ ਛੋਟ ਸਿਰਫ ਏਨੀ ਦਿੱਤੀ ਹੈ ਕਿ ਹੁਣ ਦੋ ਮਹੀਨਿਆਂ ਵਿਚ ਪ੍ਰਧਾਨ ਮੰਤਰੀ ਕੋਲ ਬੈਠ ਕੇ ਦੋਵਾਂ ਰਾਜਾਂ ਦੇ ਆਗੂ ਮਸਲਾ ਨਿਬੇੜ ਸਕਦੇ ਹਨ ਤਾਂ ਨਿਬੇੜ ਲੈਣ। ਕਹਿਣਾ ਬੜਾ ਸੌਖਾ ਹੈ ਕਿ ਕੋਈ ਰਾਹ ਨਿਕਲ ਆਵੇਗਾ, ਉਂਜ ਇਸ ਦੀ ਆਸ ਕੋਈ ਨਹੀਂ ਰਹਿ ਗਈ। ਕਰਨ ਦਾ ਕੰਮ ਇਹ ਸੀ ਕਿ ਸ਼ਾਰਦਾ-ਯਮਨਾ ਲਿੰਕ ਨਹਿਰ ਦਾ ਉਹ ਪ੍ਰਾਜੈਕਟ ਸਿਰੇ ਚਾੜ੍ਹਨ ਦੀ ਗੱਲ ਚਲਾਈ ਜਾਂਦੀ, ਜਿਸ ਦੇ ਸਰਵੇਖਣਾਂ ਦਾ ਮੁੱਢ ਇੰਦਰਾ ਗਾਂਧੀ ਦੇ ਵੇਲੇ ਬੱਝਾ ਸੀ ਤੇ ਜਿਸ ਨੂੰ ਪ੍ਰਾਜੈਕਟ ਵਜੋਂ ਪ੍ਰਵਾਨਗੀ ਅਟਲ ਬਿਹਾਰੀ ਵਾਜਪਾਈ ਦੇ ਰਾਜ ਦੌਰਾਨ ਮਿਲੀ ਸੀ। ਮਹਾਕਾਲੀ ਨਦੀ ਜਾਂ ਸ਼ਾਰਦਾ ਨਦੀ ਦਾ ਮੁੱਢ ਨੇਪਾਲ ਵਿਚਲੀ ਕਾਲਾ ਪਾਣੀ ਝੀਲ ਤੋਂ ਬੱਝਦਾ ਤੇ ਕਾਲੀ ਗੰਗਾ ਅਤੇ ਗੋਰੀ ਗੰਗਾ ਸਮੇਤ ਕਈ ਨਦੀਆਂ ਨੂੰ ਆਪਣੇ ਵਿਚ ਵਲ੍ਹੇਟਦੀ ਤੇ ਕਈ ਸਥਾਨਕ ਨਾਂਵਾਂ ਨਾਲ ਜਾਣੀ ਜਾਂਦੀ ਆਖਰ ਨੂੰ ਇਹ ਸ਼ਾਰਦਾ ਨਦੀ ਵਜੋਂ ਉਤਰ ਪ੍ਰਦੇਸ਼ ਵਿਚੋਂ ਲੰਘਦੀ ਹੈ। ਇਸ ਤੋਂ ਪਹਿਲਾਂ ਟਨਕਪੁਰ ਡੈਮ ਵੱਲੋਂ ਕਈ ਮੀਲ ਇਹ ਉਤਰਾ ਖੰਡ ਅਤੇ ਨੇਪਾਲ ਵਿਚਾਲੇ ਸਰਹੱਦ ਵਾਂਗ ਵਗਦੀ ਹੈ।



ਭਾਰਤੀ ਸੁਪਰੀਮ ਕੋਰਟ

ਵਾਜਪਾਈ ਸਰਕਾਰ ਵੇਲੇ ਪ੍ਰਵਾਨ ਹੋਏ ਪ੍ਰਾਜੈਕਟ ਮੁਤਾਬਕ ਕੰਮ ਸ਼ੁਰੂ ਕਰ ਦਿੱਤਾ ਜਾਂਦਾ ਤਾਂ ਇਸ ਦਾ ਪਾਣੀ ਉਤਰ ਪ੍ਰਦੇਸ਼ ਦੇ ਕੈਰਾਨਾ ਅਤੇ ਹਰਿਆਣਾ ਦੇ ਪਾਣੀਪਤ ਨੇੜਿਓਂ ਯਮਨਾ ਵਿਚ ਪੈਣ ਨਾਲ ਕਈ ਮੁੱਦੇ ਹੱਲ ਹੋ ਸਕਦੇ ਸਨ। ਪੰਜਾਬ ਦੀ ਰਾਜਸੀ ਲੀਡਰਸ਼ਿਪ ਨੂੰ ਇਸ ਦੀ ਮੰਗ ਕਰਨੀ ਚਾਹੀਦੀ ਸੀ, ਕਦੀ ਕਿਸੇ ਨੇ ਕੀਤੀ ਹੀ ਨਹੀਂ। ਦਸ ਕੁ ਸਾਲ ਪਹਿਲਾਂ ਅਸੀਂ ਮੁੱਦਾ ਚੁੱਕਿਆ ਸੀ ਤੇ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਇਹੋ ਮੁੱਦਾ ਐਚ. ਐਸ. ਫੂਲਕਾ ਨੇ ਚੁੱਕਿਆ ਸੀ। ਬਾਕੀ ਕਿਸੇ ਲੀਡਰ ਨੇ ਨਾ ਕਦੇ ਇਸ ਦੀ ਲੋੜ ਸਮਝੀ ਤੇ ਨਾ ਪ੍ਰਵਾਨ ਹੋ ਚੁਕਾ ਇਹ ਪ੍ਰਾਜੈਕਟ ਸਾਰੇ ਝਗੜੇ ਦੇ ਇੱਕ ਹੱਲ ਵਜੋਂ ਮੰਨ ਲੈਣ ਦੀ ਗੱਲ ਤੋਰੀ ਸੀ।

ਹੁਣ ਸ਼ਾਇਦ ਇਸ ਮੰਗ ਦੇ ਚੁੱਕਣ ਦਾ ਵਕਤ ਨਹੀਂ ਰਿਹਾ। ਸੁਪਰੀਮ ਕੋਰਟ ਨੇ ਇਹ ਸਾਫ ਕਰ ਦਿੱਤਾ ਹੈ ਕਿ ਪਾਣੀ ਦੇਣਾ ਜਾਂ ਨਹੀਂ ਦੇਣਾ ਅਤੇ ਦੇਣਾ ਹੈ ਤਾਂ ਕਿੰਨਾ ਦੇਣਾ ਹੈ, ਇਹ ਬਾਅਦ ਵਿਚ ਤੈਅ ਹੁੰਦਾ ਰਹੇਗਾ, ਪਹਿਲੀ ਗੱਲ ਇਹ ਕਿ ਸਤਲੁਜ-ਯਮਨਾ ਲਿੰਕ ਨਹਿਰ ਬਣਾਉਣੀ ਪੈਣੀ ਹੈ, ਕਿਉਂਕਿ ਦੇਸ਼ ਦੀ ਸਭ ਤੋਂ ਵੱਡੀ ਅਦਾਲਤ ਦਾ ਹੁਕਮ ਹੈ ਤੇ ਉਸ ਦਾ ਹੁਕਮ ਮੰਨਣਾ ਹਰ ਰਾਜ ਸਰਕਾਰ ਦੀ ਜ਼ਿੰਮੇਵਾਰੀ ਹੈ। ਇਸ ਹੁਕਮ ਨਾਲ ਪੰਜਾਬ ਸਰਕਾਰ ਲਈ ਬਹੁਤ ਵੱਡੀ ਮੁਸ਼ਕਿਲ ਖੜੀ ਹੋ ਗਈ ਹੈ। ਕੇਂਦਰ ਸਰਕਾਰ ਪੰਜਾਬ ਵੱਲ ਨਰਮੀ ਵਾਲੀ ਨਹੀਂ। ਵਿਰੋਧ ਦੀ ਧਿਰ ਵਜੋਂ ਦੂਸਰੀ ਥਾਂ ਧੱਕੇ ਗਏ ਅਕਾਲੀ ਆਗੂ ਇਸ ਸਮੱਸਿਆ ਨਾਲ ਖੁਸ਼ ਹੋਣਗੇ, ਕਿਉਂਕਿ ਉਨ੍ਹਾਂ ਨੂੰ ਇੱਕ ਹੋਰ ਮੋਰਚਾ ਲਾ ਕੇ ਲੋਕਾਂ ਨੂੰ ਕੁਰਬਾਨੀ ਲਈ ਉਕਸਾਉਣ ਤੇ ਆਪਣੀ ਰਾਜਸੀ ਉਠਾਣ ਵਾਸਤੇ ਪੌੜੀ ਬਣਾਉਣ ਦਾ ਮੌਕਾ ਮਿਲ ਜਾਵੇਗਾ। ਜਵਾਬੀ ਉਕਸਾਹਟ ਲਈ ਬਾਦਲ ਸਾਹਿਬ ਦੇ ਭਤੀਜੇ ਚੌਟਾਲਿਆਂ ਦਾ ਕੋੜਮਾ ਪਹਿਲਾਂ ਤੋਂ ਮੈਦਾਨ ਵਿਚ ਹੈ। ਸੁਪਰੀਮ ਕੋਰਟ ਦੇ ਇਸ ਫੈਸਲੇ ਨਾਲ ਪੰਜਾਬ-ਹਰਿਆਣਾ ਤੇ ਇਸ ਦੇ ਬਹਾਨੇ ਕੇਂਦਰ ਨਾਲ ਇੱਕ ਹੋਰ ਭੇੜ ਲਈ ਮੁੱਢ ਬੱਝ ਸਕਦਾ ਹੈ, ਜਿਸ ਨੂੰ ਅਕਾਲੀ ਲੀਡਰ 'ਜੰਗ ਹਿੰਦ ਪੰਜਾਬ ਦਾ ਹੋਣ ਲੱਗਾ' ਕਹਿ ਕੇ ਪੇਸ਼ ਕਰਿਆ ਕਰਨਗੇ।

—

ਨਾ ਚਾਹੁੰਦਿਆਂ ਵੀ ਇਸ ਮੁੱਦੇ ਬਾਰੇ ਏਨੀ ਕੁ ਗੱਲ ਕਰਨ ਦੇ ਬਾਅਦ ਅਸੀਂ ਸੁਪਰੀਮ ਕੋਰਟ ਵਿਚ ਪੇਸ਼ ਹੋਏ ਇੱਕ ਹੋਰ ਮੁੱਦੇ ਦੀ ਗੱਲ ਕਰਨੀ ਚਾਹਾਂਗੇ। ਉਥੇ ਦੋ ਅਰਜ਼ੀਆਂ ਆਈਆਂ ਸਨ। ਇੱਕ ਅਰਜ਼ੀ ਕੁਝ ਰਾਜਸੀ ਲੀਡਰਾਂ ਦੇ ਪੱਖ ਵੱਲੋਂ ਪੇਸ਼ ਹੋਈ ਸੀ ਕਿ ਕਿਸੇ ਕੇਸ ਵਿਚ ਸਜ਼ਾ ਵੀ ਹੋ ਜਾਵੇ ਤਾਂ ਉਨ੍ਹਾਂ ਨੂੰ ਚੋਣਾਂ ਲੜਨੋਂ ਰੋਕਣ ਦੀ ਦੂਹਰੀ ਸਜ਼ਾ ਨਹੀਂ ਦਿੱਤੀ ਜਾਣੀ ਚਾਹੀਦੀ। ਇਹ ਅਰਜ਼ੀ ਟਿਕ ਨਹੀਂ ਸੀ ਸਕੀ। ਦੂਸਰੀ ਅਰਜ਼ੀ ਇੱਕ ਨਾਗਰਿਕ ਨੇ ਇਹ ਪਾਈ ਕਿ ਜਿਹੜਾ ਲੀਡਰ ਕਿਸੇ ਜੁਰਮ ਵਿਚ ਦੋਸ਼ੀ ਸਾਬਤ ਹੋ ਜਾਵੇ, ਉਸ ਨੂੰ ਫਿਰ ਕਦੇ ਵੀ ਚੋਣ ਲੜਨ ਦਾ ਮੌਕਾ ਨਹੀਂ ਦਿੱਤਾ ਜਾਣਾ ਚਾਹੀਦਾ। ਸੁਪਰੀਮ ਕੋਰਟ ਨੇ ਚੋਣ ਕਮਿਸ਼ਨ ਦਾ ਪੱਖ ਪੁੱਛਿਆ ਸੀ। ਖਬਰਾਂ ਦੱਸਦੀਆਂ ਹਨ ਕਿ ਚੋਣ ਕਮਿਸ਼ਨ ਨੇ ਇਸ ਬਾਰੇ ਕੋਈ ਸਾਫ ਪੈਂਤੜਾ ਮੱਲਣ ਤੋਂ ਪ੍ਰਹੇਜ਼ ਕੀਤਾ ਤੇ ਅਦਾਲਤ ਤੋਂ ਝਿੜਕਾਂ ਖਾਧੀਆਂ ਹਨ ਕਿ ਦੇਸ਼ ਦਾ ਇੱਕ ਆਮ ਨਾਗਰਿਕ ਏਡਾ ਅਹਿਮ ਮੁੱਦਾ ਲੈ ਕੇ ਇਥੋਂ ਤੱਕ ਪਹੁੰਚ ਗਿਆ ਹੈ ਅਤੇ ਚੋਣ ਕਮਿਸ਼ਨ ਨੂੰ ਇਸ ਬਾਰੇ ਕੋਈ ਰਾਏ ਦੇਣ ਦੀ ਲੋੜ ਵੀ ਮਹਿਸੂਸ ਨਹੀਂ ਹੋਈ। ਸਮਝਿਆ ਜਾਂਦਾ ਹੈ ਕਿ ਚੋਣ ਕਮਿਸ਼ਨ ਜਾਂ ਸਿਆਸੀ ਖੇਤਰ ਦੇ ਮਹਾਂਰਥੀਆਂ ਦੇ ਦਬਾਅ ਹੇਠ ਹੈ ਜਾਂ ਹਾਲਾਤ ਦੇ ਵਗਦੇ ਵਹਿਣ ਨਾਲ ਵਗਣਾ ਠੀਕ ਸਮਝਦਾ ਹੈ। ਜਿਹੋ ਜਿਹਾ ਫੈਸਲਾ ਆ ਜਾਵੇਗਾ, ਚੋਣ ਕਮਿਸ਼ਨ ਉਸ ਨੂੰ ਲਾਗੂ ਕਰ ਛੱਡੇਗਾ, ਪਰ ਖੁਦ ਇਸ ਬਾਰੇ ਕੋਈ ਪੈਂਤੜਾ ਮੱਲ ਕੇ ਕਿਸੇ ਦੀ ਅੱਖ ਵਿਚ ਰੜਕਣ ਤੋਂ ਇਸ ਲਈ ਝਿਜਕਦਾ ਹੈ ਕਿ ਹਰ ਵੱਡੀ ਰਾਜਸੀ ਧਿਰ ਵਿਚ ਇਹੋ ਜਿਹੇ ਆਗੂ ਮੌਜੂਦ ਹਨ।

ਭਾਰਤ ਵਿਚ ਜਦੋਂ ਦਾ ਚੁਣੇ ਹੋਏ ਪ੍ਰਤੀਨਿਧਾਂ ਨੂੰ ਕਿਸੇ ਹਾਊਸ ਦੀ ਮੈਂਬਰੀ ਤੋਂ ਖਾਰਜ ਕਰਨ ਜਾਂ ਚੋਣਾਂ ਲੜਨ ਤੋਂ ਅਯੋਗ ਕਰਾਰ ਦੇਣ ਦਾ ਕੰਮ ਸ਼ੁਰੂ ਹੋਇਆ ਹੈ, ਵੱਡੇ ਕੇਸਾਂ ਵਿਚ ਲਾਲੂ ਪ੍ਰਸਾਦ ਯਾਦਵ ਬਾਰੇ ਸਮੁੱਚੇ ਦੇਸ਼ ਦੇ ਲੋਕ ਜਾਣਦੇ ਹਨ, ਪਰ ਇਹੋ ਜਿਹੀ ਸਜ਼ਾ ਦੀ ਮਾਰ ਕਈ ਹੋਰਨਾਂ ਨੂੰ ਵੀ ਪੈ ਚੁਕੀ ਹੈ। ਸਭ ਤੋਂ ਪਹਿਲੀ ਸੱਟ ਰਸ਼ੀਦ ਮਸੂਦ ਨੂੰ ਪਈ ਸੀ, ਜੋ ਉਸ ਵੇਲੇ ਕਾਂਗਰਸ ਪਾਰਟੀ ਦਾ ਪਾਰਲੀਮੈਂਟ ਮੈਂਬਰ ਸੀ ਤੇ ਇਸ ਬਹਾਨੇ ਕਾਂਗਰਸ ਪਾਰਟੀ ਦਾ ਕਾਫੀ ਗੁੱਡਾ ਬੱਝਦਾ ਰਿਹਾ। ਜਿਸ ਕੇਸ ਵਿਚ ਸਜ਼ਾ ਹੋਈ ਤੇ ਫਿਰ ਅੱਗੋਂ ਲਈ ਚੋਣਾਂ ਲੜਨ ਦੇ ਅਯੋਗ ਕਰਾਰ ਦਿੱਤਾ ਗਿਆ, ਉਹ ਉਦੋਂ ਦਾ ਸੀ, ਜਦੋਂ ਰਾਜਾ ਵੀ. ਪੀ. ਸਿੰਘ ਦੇ ਪ੍ਰਧਾਨ ਮੰਤਰੀ ਹੋਣ ਸਮੇਂ ਰਸ਼ੀਦ ਮਸੂਦ ਉਸ ਨਾਲ ਜਨਤਾ ਦਲ ਦੇ ਆਗੂ ਵਜੋਂ ਕੇਂਦਰੀ ਮੰਤਰੀ ਹੁੰਦਾ ਸੀ। ਰਸ਼ੀਦ ਮਸੂਦ ਪਹਿਲੀ ਵਾਰ ਜੈ ਪ੍ਰਕਾਸ਼ ਨਾਰਾਇਣ ਦੀ ਲਹਿਰ ਵਿਚ ਜਨਤਾ ਪਾਰਟੀ ਦੇ ਆਗੂ ਵਜੋਂ ਪਾਰਲੀਮੈਂਟ ਵਿਚ ਪਹੁੰਚਿਆ ਸੀ। ਜਨਤਾ ਪਾਰਟੀ ਟੁੱਟ ਜਾਣ ਪਿੱਛੋਂ ਲੋਕ ਦਲ ਵਲੋਂ ਜਿੱਤਦਾ ਰਿਹਾ ਤੇ ਸਜ਼ਾ ਵਾਲਾ ਜੁਰਮ ਉਸ ਨੇ ਜਨਤਾ ਦਲ ਪਾਰਲੀਮੈਂਟ ਮੈਂਬਰ ਵਜੋਂ ਕੀਤਾ ਹੋਇਆ ਸੀ। ਉਸ ਪਿੱਛੋਂ ਅਗਲੇ ਸਾਲ ਉਹ ਸਮਾਜਵਾਦੀ ਪਾਰਟੀ ਵਿਚ ਸ਼ਾਮਲ ਹੋ ਗਿਆ। ਆਖਰੀ ਵਾਰ ਜਦੋਂ ਕਾਂਗਰਸ ਵਲੋਂ ਪਾਰਲੀਮੈਂਟ ਮੈਂਬਰ ਬਣਿਆ ਤਾਂ ਸਜ਼ਾ ਹੋਣ ਕਾਰਨ ਪਾਰਲੀਮੈਂਟ ਦੀ ਮੈਂਬਰੀ ਖੁੱਸ ਗਈ। ਕਾਂਗਰਸ ਪਾਰਟੀ ਨੂੰ ਸਾਰੀ ਉਮਰ ਗਾਲ੍ਹਾਂ ਕੱਢਣ ਵਾਲਾ ਬੰਦਾ ਆਖਰ ਨੂੰ 'ਮਰਿਆ ਸੱਪ' ਬਣ ਕੇ ਉਸੇ ਕਾਂਗਰਸ ਦੀ ਝੋਲੀ ਪੈ ਗਿਆ ਸੀ।

ਦਿਲਚਸਪ ਕਿੱਸਾ ਮਹਾਰਾਸ਼ਟਰ ਦੇ ਦੋ ਸਿਆਸੀ ਆਗੂਆਂ-ਪੱਪੂ ਕਾਲਾਨੀ ਤੇ ਗੋਪਾਲ ਰਾਜਵਾਨੀ ਦਾ ਹੈ। ਦੋਵਾਂ ਦਾ ਸਬੰਧ ਸੰਸਾਰ ਦੇ ਸਭ ਤੋਂ ਖਤਰਨਾਕ ਮੰਨੇ ਜਾਂਦੇ ਮਾਫੀਆ ਸਰਗਣਿਆਂ ਵਿਚੋਂ ਇੱਕ ਦਾਊਦ ਇਬਰਾਹਮ ਦੇ ਨਾਲ ਸੀ ਤੇ ਦੋਵਾਂ ਦੀ ਆਪੋ ਵਿਚ ਟੱਕਰ ਚੱਲਦੀ ਸੀ। ਪਹਿਲਾਂ ਦੋਵੇਂ ਜਣੇ ਕਾਂਗਰਸ ਵਿਚ ਸਨ। ਕੁਝ ਚਿਰ ਬਾਅਦ ਗੋਪਾਲ ਰਾਜਵਾਨੀ ਨੇ ਕਾਂਗਰਸ ਛੱਡ ਕੇ ਆਜ਼ਾਦ ਉਮੀਦਵਾਰ ਵਜੋਂ ਰਾਜਨੀਤੀ ਕੀਤੀ ਤੇ ਆਖਰੀ ਚੋਣ ਮੌਕੇ ਸ਼ਿਵ ਸੈਨਾ ਨਾਲ ਜਾ ਜੁੜਿਆ ਸੀ। ਇੱਕ ਦਿਨ ਇੱਕ ਕੇਸ ਦੀ ਪੇਸ਼ੀ ਭੁਗਤਣ ਵੇਲੇ ਉਸ ਦਾ ਕਤਲ ਹੋ ਗਿਆ। ਰਾਜਵਾਨੀ ਦੇ ਕਤਲ ਦਾ ਦੋਸ਼ੀ ਜਿਹੜੇ ਪੱਪੂ ਕਾਲਾਨੀ ਨੂੰ ਮੰਨਿਆ ਗਿਆ, ਉਹ ਰਾਜੀਵ ਗਾਂਧੀ ਦੌਰ ਵਿਚ ਕਾਂਗਰਸ ਵਿਚ ਸ਼ਾਮਲ ਹੋ ਗਿਆ। ਪਹਿਲਾਂ ਉਲਹਾਸ ਨਗਰ ਦੀ ਨਗਰ ਪਾਲਿਕਾ ਦਾ ਪ੍ਰਧਾਨ ਬਣਿਆ, ਫਿਰ ਕਾਂਗਰਸ ਟਿਕਟ ਉਤੇ ਵਿਧਾਨ ਸਭਾ ਮੈਂਬਰ ਬਣ ਗਿਆ। ਕੇਸ ਬਣ ਜਾਣ ਪਿੱਛੋਂ ਉਹ ਜੇਲ੍ਹ ਵਿਚ ਬੈਠਾ ਜਿੱਤਦਾ ਰਿਹਾ। ਸ਼ਰਦ ਪਵਾਰ ਨੇ ਨੈਸ਼ਨਲਿਸਟ ਕਾਂਗਰਸ ਪਾਰਟੀ ਬਣਾਈ ਤਾਂ ਉਸ ਨਾਲ ਉਸ ਨਵੀਂ ਪਾਰਟੀ ਵਿਚ ਸ਼ਾਮਲ ਹੋ ਕੇ ਉਲਹਾਸ ਨਗਰ ਦੀ ਨਗਰ ਪਾਲਿਕਾ ਉਤੇ ਜਕੜ ਰੱਖੀ ਸੀ। ਉਸ ਦੇ ਜੇਲ੍ਹ ਵਿਚ ਹੁੰਦਿਆਂ ਉਸ ਦੀ ਪਤਨੀ ਜੋਤੀ ਕਾਲਾਨੀ ਮੇਅਰ ਬਣ ਕੇ ਸ਼ਹਿਰ ਸੰਭਾਲਦੀ ਰਹੀ ਤੇ ਆਖਰੀ ਚੋਣ ਪੱਪੂ ਕਾਲਾਨੀ ਨੇ ਉਦੋਂ ਰਿਪਬਲੀਕਨ ਪਾਰਟੀ ਵਲੋਂ ਲੜ ਕੇ ਜਿੱਤ ਲਈ ਸੀ, ਜਦੋਂ ਉਸ ਦੀ ਪਤਨੀ ਕਾਂਗਰਸ ਦੀ ਪ੍ਰਮੁੱਖ ਆਗੂ ਵਜੋਂ ਕਿਸੇ ਹੋਰ ਨੂੰ ਕੁਸਕਣ ਨਹੀਂ ਸੀ ਦਿੰਦੀ। ਇੰਨੇ ਕੇਸ ਬਣ ਜਾਣ ਅਤੇ ਸਜ਼ਾ ਹੋ ਜਾਣ ਦੇ ਬਾਅਦ ਉਸ ਨੂੰ ਚੋਣਾਂ ਲੜਨ ਦੇ ਅਯੋਗ ਮੰਨਿਆ ਗਿਆ ਤਾਂ ਇੱਕ ਧਿਰ ਦਾ ਨਹੀਂ, ਕਈਆਂ ਦਾ ਸਾਂਝਾ ਸੀ। ਹਰ ਵੱਡੀ ਪਾਰਟੀ ਵਿਚ ਏਦਾਂ ਦੇ ਆਗੂ ਥੋੜ੍ਹੀ ਜਿਹੀ ਘੋਖ ਕੀਤਿਆਂ ਲੱਭ ਸਕਦੇ ਹਨ।

ਸਵਾਲ ਫਿਰ ਉਥੇ ਦਾ ਉਥੇ ਹੈ। ਸੁਪਰੀਮ ਕੋਰਟ ਪੁੱਛਦੀ ਹੈ ਕਿ ਜਦੋਂ ਦੇਸ਼ ਦਾ ਇੱਕ ਨਾਗਰਿਕ ਇਸ ਦੇਸ਼ ਦੇ ਰਾਜਨੀਤਕ ਮਾਹੌਲ ਵਿਚ ਪਿਆ ਗੰਦ ਸਾਫ ਕਰਨ ਦੀ ਮੰਗ ਲਈ ਸਾਰਿਆਂ ਤੋਂ ਵੱਡੀ ਅਦਾਲਤ ਤੱਕ ਪਹੁੰਚ ਗਿਆ ਹੈ, ਇਸ ਲੋਕਤੰਤਰ ਦੀਆਂ ਸੰਵਿਧਾਨਕ ਸੰਸਥਾਵਾਂ ਆਪਣਾ ਫਰਜ਼ ਕਿਉਂ ਨਹੀਂ ਸਮਝ ਰਹੀਆਂ? ਇਸ ਸਵਾਲ ਦਾ ਸਬੰਧ ਸਿਰਫ ਚੋਣ ਕਮਿਸ਼ਨ ਤੇ ਹੁਣ ਵਾਲੇ ਮੁੱਖ ਚੋਣ ਕਮਿਸ਼ਨਰ ਨਾਲ ਨਹੀਂ, ਲੋਕਤੰਤਰ ਦੀ ਹਰ ਸ਼ਾਖ ਨਾਲ ਹੈ। ਭਾਰਤ ਦੇ ਲੋਕ ਜਿਨ੍ਹਾਂ ਲੋਕਤੰਤਰੀ ਸ਼ਾਖਾਵਾਂ ਵੱਲ ਆਸ ਦੀ ਨਜ਼ਰ ਨਾਲ ਵੇਖਦੇ ਹਨ, ਉਨ੍ਹਾ ਸ਼ਾਖਾਵਾਂ ਤੋਂ ਆਸ ਨੂੰ ਧਰਵਾਸ ਦੇਣ ਵਾਲੀ ਕਰੂੰਬਲ ਕਦੋਂ ਫੁੱਟੇਗੀ? ਦਾਗੀ ਰਾਜਸੀ ਲੀਡਰਾਂ ਦਾ ਦਾਗੀ ਕੀਤਾ ਲੋਕਤੰਤਰ ਜਿੱਲ੍ਹਣ ਵਿਚ ਫਸਿਆ ਪਿਆ ਹੈ। ਉਸ ਜਿੱਲ੍ਹਣ ਵਿਚ ਕਦੋਂ ਅਤੇ ਕਿੱਦਾਂ ਦਾ ਕੋਈ ਨਵਾਂ ਉਬਾਲਾ ਆ ਸਕਦਾ ਹੈ, ਇਸ ਦੇ ਸੰਕੇਤ ਤਾਂ ਮਿਲਦੇ ਹਨ, ਪਰ ਸੰਕੇਤਾਂ ਨੂੰ ਸਮਝਣ ਵਾਲਾ ਹਾਲ ਦੀ ਘੜੀ ਕੋਈ ਨਹੀਂ ਦਿੱਸ ਰਿਹਾ।

ਰੈਸਟੋਰੈਂਟ ਲਈ ਲੋੜ ਹੈ

ਵਿਸਕਾਨਸਿਨ ਵਿਚ ਇੰਡੀਅਨ ਰੈਸਟੋਰੈਂਟ 'ਢਾਬਾ' ਲਈ ਅਨੁਭਵੀ ਤੰਦੂਰੀਏ, ਕਿਚਨ ਹੈਲਪਰ, ਵੇਟਰ ਅਤੇ ਡਿਸ਼ ਵਾਸ਼ਰ ਦੀ ਲੋੜ ਹੈ



ਸੰਪਰਕ ਕਰੋ: ਸੀਤਲ ਸਿੰਘ
ਫੋਨ: 262-391-7666

29-30

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
1816 Main Ave., Secramento CA, 95838
ਸੈਕਰਾਮੈਂਟੋ, ਕੈਲੀਫੋਰਨੀਆ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ

Call For Special Price
Kashmir S. Thandi
Office: (866) 933-3038
Balhar S. Ranu Cell:916-502-7733

# ਹੁਣ ਏ.ਸੀ. ਬੱਸਾਂ ਦੀ ਕਮਾਈ ਨੂੰ ਲੱਗਣਗੀਆਂ ਬਰੇਕਾਂ

**ਚੰਡੀਗੜ੍ਹ:** ਪੰਜਾਬ ਸਰਕਾਰ ਦੀ ਨਵੀਂ ਟਰਾਂਸਪੋਰਟ ਨੀਤੀ ਤਹਿਤ ਏ.ਸੀ. ਇੰਟੈਗਰਲ ਬੱਸ ਮਾਲਕਾਂ, ਖਾਸਕਰ ਬਾਦਲਾਂ ਨੂੰ ਸੇਕ ਲੱਗਣਾ ਤੈਅ ਹੈ। ਬਾਦਲ ਸਰਕਾਰ ਸਮੇਂ ਏ.ਸੀ. ਬੱਸਾਂ ਦਾ ਟੈਕਸ ਆਮ ਬੱਸਾਂ ਨਾਲੋਂ ਵੀ 1.13 ਰੁਪਏ ਕਿਲੋਮੀਟਰ ਘੱਟ ਸੀ, ਜਿਸ ਕਾਰਨ ਏ.ਸੀ. ਬੱਸ ਮਾਲਕਾਂ ਨੇ ਖੂਬ ਕਮਾਈਆਂ ਕੀਤੀਆਂ। ਹੁਣ ਉਨ੍ਹਾਂ ਦੀ ਇਸ ਕਮਾਈ ਨੂੰ ਬਰੇਕਾਂ ਲੱਗਣ ਵਾਲੀਆਂ ਹਨ। ਹੁਣ ਉਨ੍ਹਾਂ ਨੂੰ ਪਹਿਲਾਂ ਦੇ ਮੁਕਾਬਲੇ ਪ੍ਰਤੀ ਕਿਲੋਮੀਟਰ ਚਾਰ ਰੁਪਏ ਵੱਧ ਟੈਕਸ ਅਦਾ ਕਰਨਾ ਪਵੇਗਾ। ਸੂਤਰਾਂ ਅਨੁਸਾਰ ਪਿਛਲੀ ਅਕਾਲੀ-ਭਾਜਪਾ ਸਰਕਾਰ ਸਮੇਂ ਏ.ਸੀ. ਬੱਸਾਂ ਦਾ ਟੈਕਸ 1.60 ਰੁਪਏ ਤੇ ਆਮ ਲੋਕਾਂ ਵੱਲੋਂ ਵਰਤੀਆਂ ਜਾਂਦੀਆਂ ਆਮ ਬੱਸਾਂ ਦਾ ਟੈਕਸ 2.73 ਰੁਪਏ ਕਿਲੋਮੀਟਰ ਸੀ। ਉਦੋਂ ਇਸ ਨੀਤੀ ਦਾ ਕਾਫੀ ਵਿਰੋਧ ਵੀ ਹੋਇਆ ਪਰ ਅਕਾਲੀ-ਭਾਜਪਾ ਸਰਕਾਰ ਟੱਸ ਤੋਂ ਮੱਸ ਨਾ ਹੋਈ।

ਨਵੀਂ ਨੀਤੀ ਤਹਿਤ ਏ.ਸੀ. ਬੱਸਾਂ ਦਾ ਟੈਕਸ 1.60 ਰੁਪਏ ਤੋਂ ਵਧਾ ਕੇ 5.60 ਰੁਪਏ ਪ੍ਰਤੀ ਕਿਲੋਮੀਟਰ ਕਰ ਦਿੱਤਾ ਗਿਆ ਹੈ। ਇਨ੍ਹਾਂ ਬੱਸਾਂ ਲਈ ਸਾਲਾਨਾ ਕਰੀਬ ਸੱਤ ਲੱਖ ਰੁਪਏ ਟੈਕਸ ਦੇਣਾ ਪਵੇਗਾ। ਆਮ ਬੱਸਾਂ ਦਾ ਟੈਕਸ ਵੀ ਮਾਮੂਲੀ ਵਧਾ ਕੇ 2.73 ਤੋਂ 2.80 ਰੁਪਏ ਕਿਲੋਮੀਟਰ ਕੀਤਾ ਗਿਆ ਹੈ। ਇਸ ਤਰ੍ਹਾਂ ਏ.ਸੀ. ਬੱਸਾਂ ਦਾ ਟੈਕਸ ਵਧਣ ਨਾਲ ਰਾਜ ਸਰਕਾਰ ਦੀ ਆਮਦਨ ਵਿਚ ਵੀ ਵਾਧਾ ਹੋਵੇਗਾ। ਇਸ ਦੇ ਨਾਲ ਹੀ ਹੁਣ ਕੋਈ ਮਾਲਕ ਇਕ ਪਰਮਿਟ 'ਤੇ ਵੱਧ ਬੱਸਾਂ ਨਹੀਂ ਚਲਾ ਸਕੇਗਾ, ਕਿਉਂਕਿ ਬੱਸਾਂ 'ਤੇ ਇਕ ਵੱਡੀ ਪਲੇਟ ਲਗਵਾਉਣੀ ਪਵੇਗੀ, ਜਿਸ ਉਤੇ ਪਰਮਿਟ ਨੰਬਰ ਲਿਖਿਆ ਹੋਵੇਗਾ। ਜੇ ਕੋਈ ਮਾਲਕ ਪਰਮਿਟ 'ਤੇ ਵੱਧ ਬੱਸਾਂ ਚਲਾਏਗਾ ਤਾਂ ਕੋਈ ਵੀ ਉਸ ਦੀ ਸ਼ਿਕਾਇਤ ਕਰ ਸਕੇਗਾ ਤੇ ਟਰਾਂਸਪੋਰਟ ਮਹਿਕਮੇ ਨੂੰ ਹਰਕਤ ਵਿਚ ਆਉਣਾ ਪਵੇਗਾ।

## ਔਰਬਿਟ ਕਾਂਡ: ਅਦਾਲਤ ਵੱਲੋਂ ਚਾਰੇ ਮੁਲਜ਼ਮ ਬਰੀ

**ਚੰਡੀਗੜ੍ਹ:** ਔਰਬਿਟ ਬੱਸ ਵਿਚੋਂ ਦਲਿਤ ਕੁੜੀ ਨੂੰ ਸੁੱਟਣ ਦੇ ਮਾਮਲੇ ਵਿਚ ਮੋਗਾ ਦੀ ਅਦਾਲਤ ਨੇ ਮੁਲਜ਼ਮਾਂ ਨੂੰ ਸਬੂਤਾਂ ਦੀ ਘਾਟ ਕਾਰਨ ਬਰੀ ਕਰ ਦਿੱਤਾ ਹੈ। ਥਾਣਾ ਬਾਘਾਪੁਰਾਣਾ ਵਿਚ ਸਵਾ ਦੋ ਸਾਲ ਪਹਿਲਾਂ ਔਰਬਿਟ ਬੱਸ ਦੇ ਡਰਾਈਵਰ, ਕੰਡਕਟਰ ਤੇ ਦੋ ਹਾਕਰਾਂ ਖਿਲਾਫ਼ ਛੇੜਛਾੜ ਤੋਂ ਬਾਅਦ ਚੱਲਦੀ ਬੱਸ ਵਿਚੋਂ ਨਾਬਾਲਿਗ ਅਰਸ਼ਦੀਪ ਕੌਰ ਨੂੰ ਸੁੱਟ ਕੇ ਮਾਰਨ ਦਾ ਦੋਸ਼ ਲੱਗਾ ਸੀ। ਇਸ ਮਾਮਲੇ 'ਚ ਬੱਸ ਡਰਾਈਵਰ ਰਣਜੀਤ ਸਿੰਘ, ਕੰਡਕਟਰ ਸੁਖਵਿੰਦਰ ਸਿੰਘ ਉਰਫ ਪੰਮਾ, ਹਾਕਰ ਗੁਰਦੀਪ ਸਿੰਘ ਉਰਫ ਜਿੰਮੀ ਅਤੇ ਅਮਰ ਰਾਜ ਉਰਫ ਦਾਣਾ ਖਿਲਾਫ ਕੇਸ ਦਰਜ ਕਰ ਕੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ। ਇਸ ਘਟਨਾ ਵਿਚ ਮ੍ਰਿਤਕਾ ਦੀ ਮਾਂ ਛਿੰਦਰ ਕੌਰ ਗੰਭੀਰ ਜ਼ਖ਼ਮੀ ਹੋ ਗਈ ਸੀ। ਅਦਾਲਤ ਵਿਚ ਬੱਸ ਕਾਂਡ ਦੀ ਸੁਣਵਾਈ ਦੌਰਾਨ ਕੁੜੀ ਦਾ ਪਿਤਾ ਸੁਖਦੇਵ ਸਿੰਘ ਤੇ ਉਸ ਦੀ ਪਤਨੀ ਛਿੰਦਰ ਕੌਰ ਪੁਲਿਸ ਕੋਲ ਦਿੱਤੇ ਬਿਆਨਾਂ ਤੋਂ ਪਲਟ ਗਏ ਸਨ। ਉਦੋਂ ਬਾਦਲਾਂ ਨੇ ਪਰਿਵਾਰ ਨੂੰ ਕੁੱਲ 30 ਲੱਖ ਰੁਪਏ ਦੇ ਦਿੱਤੇ ਸਨ।



*ਪੀੜਤ ਪਰਿਵਾਰ ਦੀ ਤਸਵੀਰ।*

## ਡਾ. ਗਾਂਧੀ ਵੱਲੋਂ ਨਵੇਂ ਸਿਆਸੀ ਫਰੰਟ ਦੀ ਤਿਆਰੀ

**ਪਟਿਆਲਾ:** ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਦੀ ਅਗਵਾਈ ਵਿਚ ਪੰਜਾਬ ਵਿਚ ਨਵਾਂ ਸਿਆਸੀ ਫਰੰਟ ਬਣ ਰਿਹਾ ਹੈ, ਜਿਹੜਾ ਲੋਕ ਸਭਾ ਚੋਣ ਪਿੜ ਤੋਂ ਪਹਿਲਾਂ ਸਿਆਸੀ ਸਰਗਰਮੀਆਂ ਸ਼ੁਰੂ ਕਰ ਦੇਵੇਗਾ।

ਡਾ. ਗਾਂਧੀ ਵੱਲੋਂ ਪਹਿਲਾਂ 'ਪੰਜਾਬ ਫਰੰਟ' ਦੇ ਨਾਂ ਉਤੇ ਸਿਆਸੀ ਸਰਗਰਮੀਆਂ ਚਲਾਈਆਂ ਜਾ ਰਹੀਆਂ ਹਨ ਪਰ ਹੁਣ ਉਹ ਨਵੇਂ ਸਿਆਸੀ ਮੰਚ ਲਈ ਖਾਕਾ ਤਿਆਰ ਕਰ ਰਹੇ ਹਨ। ਇਸ ਸਬੰਧੀ ਡਾ. ਗਾਂਧੀ ਨੇ ਪੰਜਾਬ ਦੇ ਉਘੇ ਬੁੱਧੀਜੀਵੀਆਂ ਨਾਲ ਮੀਟਿੰਗ ਵੀ ਕੀਤੀ। ਡਾ. ਗਾਂਧੀ ਨੇ ਕਿਹਾ ਕਿ ਉਹ ਸੂਬੇ ਵਿਚ ਅਜਿਹਾ ਸਿਆਸੀ ਮੰਚ ਖੜ੍ਹਾ ਕਰਨ ਦੀ ਇੱਛਾ ਰੱਖਦੇ ਹਨ, ਜਿਹੜਾ ਸਿੱਖਾਂ ਤੇ ਹਿੰਦੂਆਂ ਦੇ ਨਾਲ-ਨਾਲ ਦਲਿਤਾਂ ਦੀ ਵੀ ਸਹੀ ਨੁਮਾਇੰਦਗੀ ਕਰਨ ਦੇ ਸਮਰੱਥ ਹੋਵੇ। ਇਹ ਮੰਚ ਪੰਜਾਬੀ ਕੌਮ ਦੀ ਗੱਲ ਕਰੇ ਤੇ ਇਸ ਵਿਚੋਂ ਪੰਜਾਬੀਅਤ ਦੀ ਮਹਿਕ ਆਵੇ। ਨਵਾਂ ਸਿਆਸੀ ਫਰੰਟ ਨਿਰੋਲ ਪੰਜਾਬ, ਪੰਜਾਬੀ ਤੇ ਪੰਜਾਬੀਅਤ ਸਬੰਧੀ ਮਸਲਿਆਂ 'ਤੇ ਆਧਾਰਤ ਹੋਵੇਗਾ। ਉਨ੍ਹਾਂ ਦਾ ਕਹਿਣਾ ਹੈ ਕਿ ਪੰਜਾਬ ਨੂੰ ਪੰਜਾਬੀ ਕੌਮ ਦੇ ਨਾਂ 'ਤੇ ਅੱਗੇ ਵਧਾਉਣ ਤੇ ਉਭਾਰਨ ਦੀ ਲੋੜ ਹੈ। ਹੁਣ ਤੱਕ ਦੀਆਂ ਸਾਰੀਆਂ ਸਿਆਸੀ ਧਿਰਾਂ ਅਜਿਹਾ ਕਰਨ ਵਿਚ ਨਾਕਾਮ ਰਹੀਆਂ ਹਨ।



## ਬੰਦੀ ਬਣਾਏ 39 ਭਾਰਤੀਆਂ ਦੇ ਸਹੀ ਸਲਾਮਤ ਹੋਣ ਦਾ ਦਾਅਵਾ

**ਨਵੀਂ ਦਿੱਲੀ:** ਇਰਾਕ ਵਿਚ ਇਸਲਾਮਿਕ ਸਟੇਟ ਵੱਲੋਂ ਬੰਦੀ ਬਣਾਏ 39 ਭਾਰਤੀਆਂ ਦੇ ਪਰਿਵਾਰਾਂ ਨੂੰ ਉਨ੍ਹਾਂ ਦੇ ਸਹੀ ਸਲਾਮਤ ਹੋਣ ਬਾਰੇ ਆਸ ਦੀ ਨਵੀਂ ਕਿਰਨ ਵਿਖਾਉਂਦਿਆਂ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਕਿਹਾ ਕਿ ਇਹ ਭਾਰਤੀ ਉਤਰ ਪੱਛਮੀ ਮੌਸੂਲ ਦੇ ਬਾਦੂਸ਼ ਸ਼ਹਿਰ ਦੀ ਜੇਲ੍ਹ ਵਿਚ ਬੰਦ ਹੋ ਸਕਦੇ ਹਨ। ਸਵਰਾਜ ਨੇ ਕਿਹਾ ਕਿ ਉਨ੍ਹਾਂ ਦੇ ਇਰਾਕੀ ਹਮਰੁਤਬਾ 24 ਜੁਲਾਈ ਦੀ ਭਾਰਤ ਫੇਰੀ ਦੌਰਾਨ ਇਨ੍ਹਾਂ ਬਾਰੇ ਸੱਜਰੀ ਜਾਣਕਾਰੀ ਲੈ ਕੇ ਆਉਣਗੇ।



ਯਾਦ ਰਹੇ ਕਿ ਆਈ.ਐਸ. ਵੱਲੋਂ ਅਗਵਾ ਕੀਤੇ ਇਨ੍ਹਾਂ ਭਾਰਤੀਆਂ ਵਿਚੋਂ ਵੱਡੀ ਗਿਣਤੀ ਪੰਜਾਬ ਨਾਲ ਸਬੰਧਤ ਹਨ। ਬੀਬੀ ਸਵਰਾਜ ਨੇ ਸਬੰਧਤ ਪਰਿਵਾਰਾਂ ਨੂੰ ਜਾਣਕਾਰੀ ਦੇਣ ਲਈ ਨਵੀਂ ਦਿੱਲੀ ਸੱਦਿਆ ਸੀ। ਇਸ ਮੌਕੇ ਵਿਦੇਸ਼ ਰਾਜ ਮੰਤਰੀ ਜਨਰਲ ਵੀ.ਕੇ.ਸਿੰਘ ਤੇ ਐਮ.ਜੇ.ਅਕਬਰ ਤੋਂ ਇਲਾਵਾ ਦਿੱਲੀ ਸਿੱਖ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਵੀ ਮੌਜੂਦ ਸਨ। ਜੀ.ਕੇ. ਸਬੰਧਤ ਪਰਿਵਾਰਾਂ ਦੇ ਨਾਲ ਗਏ ਸਨ।

ਬੀਬੀ ਸਵਰਾਜ ਨੇ ਦੱਸਿਆ ਕਿ ਮੌਸੂਲ ਦੇ ਇਸਲਾਮਿਕ ਸਟੇਟ ਦੇ ਕਬਜ਼ੇ ਵਿਚੋਂ ਮੁਕਤ ਹੋਣ ਮਗਰੋਂ ਉਨ੍ਹਾਂ ਵਿਦੇਸ਼ ਰਾਜ ਮੰਤਰੀ ਵੀ.ਕੇ. ਸਿੰਘ ਨੂੰ 39 ਭਾਰਤੀਆਂ ਦਾ ਥਹੁ ਪਤਾ ਲਾਉਣ ਲਈ ਖਾਤੀ ਮੁਲਕ ਭੇਜਿਆ ਸੀ। ਉਥੇ ਸਿੰਘ ਨੂੰ ਇਕ ਜ਼ਿੰਮੇਵਾਰ ਅਧਿਕਾਰੀ ਨੇ ਖੁਫੀਆ ਸੂਤਰਾਂ ਦਾ ਹਵਾਲਾ ਦਿੰਦਿਆਂ ਦੱਸਿਆ ਸੀ ਕਿ ਉਪਰੋਕਤ ਭਾਰਤੀਆਂ ਨੂੰ ਪਹਿਲਾਂ ਉਸਾਰੀ ਅਧੀਨ ਹਸਪਤਾਲ ਦੇ ਕੰਮ 'ਤੇ ਲਾਇਆ ਗਿਆ ਤੇ ਮਗਰੋਂ ਇਕ ਫਾਰਮ ਵਿਚ ਤਬਦੀਲ ਕਰ ਦਿੱਤਾ। ਉਪਰੰਤ ਉਨ੍ਹਾਂ ਨੂੰ ਪੱਛਮੀ ਮੌਸੂਲ 'ਚ ਬਾਦੂਸ਼ ਦੀ ਜੇਲ੍ਹ ਵਿਚ ਲਿਜਾਇਆ ਗਿਆ, ਜਿਥੇ ਇਰਾਕੀ ਸਲਾਮਤੀ ਦਸਤਿਆਂ ਤੇ ਇਸਲਾਮਿਕ ਸਟੇਟ 'ਚ ਲੜਾਈ ਜਾਰੀ ਹੈ। ਸਵਰਾਜ ਨੇ ਕਿਹਾ ਕਿ ਇਰਾਕੀ ਵਿਦੇਸ਼ ਮੰਤਰੀ ਅਲ ਜਾਫਰੀ 24 ਜੁਲਾਈ ਨੂੰ ਭਾਰਤ ਆਉਣਗੇ, ਜਿਸ ਤੋਂ ਬਾਅਦ ਇਨ੍ਹਾਂ ਗੁੰਮਸ਼ੁਦਾ ਭਾਰਤੀਆਂ ਬਾਰੇ ਤਾਜ਼ਾ ਤਰੀਨ ਜਾਣਕਾਰੀ ਮਿਲ ਸਕੇਗੀ। ਉਨ੍ਹਾਂ ਕਿਹਾ ਕਿ ਲੋੜ ਪੈਣ 'ਤੇ ਸਿੰਘ ਨੂੰ ਮੁੜ ਇਰਾਕ ਭੇਜਿਆ ਜਾ ਸਕਦਾ ਹੈ।

## ਧਰਮੀ ਫੌਜੀਆਂ ਦੀ ਯਾਦਗਾਰ ਬਣਾਏਗੀ ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਐਲਾਨ ਕੀਤਾ ਹੈ ਕਿ ਜੂਨ 1984 ਵਿਚ ਸਮੇਂ ਦੀ ਸਰਕਾਰ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖਤ 'ਤੇ ਕੀਤੇ ਗਏ ਫੌਜੀ ਹਮਲੇ ਦੌਰਾਨ ਬੈਰਕਾਂ ਛੱਡਣ ਵਾਲੇ ਸ਼ਹੀਦ ਹੋਏ ਸਿੱਖ ਧਰਮੀ ਫੌਜੀਆਂ ਦੀ ਯਾਦਗਾਰ ਬਣਾਈ ਜਾਵੇਗੀ।



ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸ਼ਹੀਦ ਭਾਈ ਤਾਰੂ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ ਕਰਵਾਏ ਗੁਰਮਤਿ ਸਮਾਗਮ ਤੋਂ ਗੱਲਬਾਤ ਕਰਦਿਆਂ ਉਨ੍ਹਾਂ ਆਖਿਆ ਕਿ ਹਾਲ ਹੀ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਜੂਨ 1984 ਦੇ ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ ਵਿਚ ਸ਼ਹੀਦੀ ਗੈਲਰੀ ਦੀ ਸੇਵਾ ਦਮਦਮੀ ਟਕਸਾਲ ਨੂੰ ਸੌਂਪੀ ਗਈ ਹੈ।

ਇਸੇ ਤਰ੍ਹਾਂ ਹੀ ਸ੍ਰੀ ਦਰਬਾਰ ਸਾਹਿਬ 'ਤੇ ਕੀਤੇ ਗਏ ਹਮਲੇ ਸਮੇਂ ਆਪਣੀਆਂ ਬੈਰਕਾਂ ਛੱਡਣ ਵਾਲੇ ਸਿੱਖ ਧਰਮੀ ਫੌਜੀ, ਜਿਨ੍ਹਾਂ ਨੂੰ ਸ਼ਹੀਦ ਕਰ ਦਿੱਤਾ ਗਿਆ ਸੀ, ਦੀ ਵੀ ਸ਼੍ਰੋਮਣੀ ਕਮੇਟੀ ਯਾਦਗਾਰ ਬਣਾਵੇਗੀ। ਇਹ ਮਾਮਲਾ 28 ਜੁਲਾਈ ਨੂੰ ਹੋਣ ਵਾਲੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿਚ ਵਿਚਾਰਿਆ ਜਾਵੇਗਾ। ਸ੍ਰੀ ਹੇਮਕੁੰਟ ਸਾਹਿਬ ਦੇ ਦਰਸ਼ਨਾਂ ਲਈ ਗਏ ਸ਼ਰਧਾਲੂਆਂ ਦੇ ਲਾਪਤਾ ਹੋਣ ਬਾਰੇ ਉਨ੍ਹਾਂ ਕਿਹਾ ਕਿ ਇਸ ਬਾਰੇ ਉਤਰਾਖੰਡ ਦੇ ਮੁੱਖ ਮੰਤਰੀ ਨੂੰ ਪੱਤਰ ਭੇਜਿਆ ਗਿਆ ਸੀ ਅਤੇ ਜੇਕਰ ਲੋੜ ਪਈ ਤਾਂ ਸ਼੍ਰੋਮਣੀ ਕਮੇਟੀ ਵੱਲੋਂ ਇਕ ਟੀਮ ਵੀ ਉਤਰਾਖੰਡ ਭੇਜੀ ਜਾਵੇਗੀ।

### ਭਾਈਰੂਪਾ: ਸ਼੍ਰੋਮਣੀ ਕਮੇਟੀ ਨੇ ਲਿਆ ਜ਼ਮੀਨ ਦਾ ਕਬਜ਼ਾ

**ਬਠਿੰਡਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਮਝੌਤਾ ਹੋਣ ਮਗਰੋਂ ਪਿੰਡ ਭਾਈਰੂਪਾ ਵਿਚ ਤਕਰੀਬਨ ਦੋ ਮਹੀਨਿਆਂ ਮਗਰੋਂ ਲੰਗਰ ਕਮੇਟੀ ਤੋਂ 161 ਏਕੜ ਜ਼ਮੀਨ ਦਾ ਕਬਜ਼ਾ ਲੈ ਕੇ ਟਰੈਕਟਰ ਚਲਾ ਦਿੱਤੇ ਹਨ। ਇਸ ਕਾਰਵਾਈ ਦਾ ਕਿਧਰੋਂ ਵੀ ਕੋਈ ਵਿਰੋਧ ਨਹੀਂ ਹੋਇਆ ਅਤੇ ਪਿੰਡ ਭਾਈਰੂਪਾ ਵਿਚ ਅਮਨ-ਸ਼ਾਂਤੀ ਬਣੀ ਰਹੀ। ਜ਼ਿਲ੍ਹਾ ਪੁਲਿਸ ਵੱਲੋਂ ਵਿਵਾਦਿਤ ਰਹੀਆਂ ਜ਼ਮੀਨਾਂ ਵਿਚ ਪੁਲਿਸ ਪਹਿਰਾ ਲਾਇਆ ਹੋਇਆ ਸੀ। ਸ਼੍ਰੋਮਣੀ ਕਮੇਟੀ ਦੀ ਟਾਸਕ ਫੋਰਸ ਦੇ ਕਰੀਬ 150 ਮੈਂਬਰ ਵੀ ਪਿੰਡ ਭਾਈਰੂਪਾ ਪੁੱਜੇ ਹੋਏ ਸਨ। ਦੱਸਣਯੋਗ ਹੈ ਕਿ ਬਠਿੰਡਾ ਜ਼ੋਨ ਦੇ ਆਈ.ਜੀ. ਮੁਖਵਿੰਦਰ ਸਿੰਘ ਛੀਨਾ ਦੀ ਅਗਵਾਈ ਵਿਚ ਸ਼੍ਰੋਮਣੀ ਕਮੇਟੀ ਅਤੇ ਲੰਗਰ ਕਮੇਟੀ ਭਾਈਰੂਪਾ ਦਾ ਇਸ ਜ਼ਮੀਨ ਦੇ ਮਾਮਲੇ ਸਬੰਧੀ ਸਮਝੌਤਾ ਹੋ ਗਿਆ ਸੀ। ਅਕਾਲੀ-ਭਾਜਪਾ ਸਰਕਾਰ ਸਮੇਂ ਸ਼੍ਰੋਮਣੀ ਕਮੇਟੀ ਨੇ ਲੰਗਰ ਕਮੇਟੀ ਤੋਂ ਇਸ ਜ਼ਮੀਨ ਦਾ ਕਬਜ਼ਾ ਲੈ ਲਿਆ ਸੀ ਅਤੇ ਕੈਪਟਨ ਸਰਕਾਰ ਬਣਨ ਮਗਰੋਂ ਲੰਗਰ ਕਮੇਟੀ ਮੁੜ 12 ਮਈ ਨੂੰ ਇਸ ਜ਼ਮੀਨ 'ਤੇ ਕਾਬਜ਼ ਹੋ ਗਈ ਸੀ। ਪਿੰਡ ਭਾਈਰੂਪਾ ਦੇ ਗੁਰੂ ਘਰ ਵਿਚ ਸ਼੍ਰੋਮਣੀ ਕਮੇਟੀ ਮੁਲਾਜ਼ਮ ਬੈਠੇ ਰਹੇ ਜਦੋਂ ਕਿ ਸ਼੍ਰੋਮਣੀ ਕਮੇਟੀ ਦੇ ਕਰੀਬ 17 ਟਰੈਕਟਰ ਪੈਲੀ ਵਾਹੁਣ 'ਤੇ ਲਾਏ ਗਏ। ਪਿੰਡ ਵਿਚ ਸ਼੍ਰੋਮਣੀ ਕਮੇਟੀ ਦੀ ਜ਼ਮੀਨ ਦੇ ਛੇ ਟੱਕ ਹਨ।

## ਅਮਰਨਾਥ ਸ਼ਰਧਾਲੂਆਂ ਵਾਲੀ ਬੱਸ ਖੱਡ 'ਚ ਡਿੱਗੀ, 17 ਮੌਤਾਂ

**ਰਾਮਬਨ/ਜੰਮੂ:** ਅਮਰਨਾਥ ਦੀ ਪਵਿੱਤਰ ਗੁਫਾ ਦੇ ਦਰਸ਼ਨਾਂ ਨੂੰ ਜਾ ਰਹੇ ਸ਼ਰਧਾਲੂਆਂ ਨਾਲ ਭਰੀ ਬੱਸ ਜੰਮੂ-ਸ੍ਰੀਨਗਰ ਮਾਰਗ ਉਤੇ ਰਾਮਬਨ ਨੇੜੇ ਖੱਡ ਵਿਚ ਡਿੱਗ ਗਈ।

ਹਾਦਸੇ ਵਿਚ 17 ਸ਼ਰਧਾਲੂਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ 31 ਸ਼ਰਧਾਲੂ ਜ਼ਖ਼ਮੀ ਹੋ ਗਏ। ਇਨ੍ਹਾਂ ਵਿਚੋਂ 19 ਸ਼ਰਧਾਲੂਆਂ ਦੀ ਹਾਲਤ ਗੰਭੀਰ ਹੈ। ਪੀੜਤ ਸ਼ਰਧਾਲੂ ਉਤਰ ਪ੍ਰਦੇਸ਼, ਬਿਹਾਰ, ਅਸਾਮ, ਹਰਿਆਣਾ ਅਤੇ ਮੱਧ ਪ੍ਰਦੇਸ਼ ਨਾਲ ਸਬੰਧਤ ਹਨ। ਹਾਦਸਾ ਗ੍ਰਸਤ ਬੱਸ ਜੋ ਕਿ ਜੰਮੂ-ਕਸ਼ਮੀਰ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੀ ਸੀ, ਜੰਮੂ ਤੋਂ ਅਮਰਨਾਥ ਦੀ ਯਾਤਰਾ ਲਈ ਰਵਾਨਾ ਹੋਏ 3603 ਸ਼ਰਧਾਲੂਆਂ ਦੇ ਕਾਫਲੇ ਦਾ ਹਿੱਸਾ ਸੀ।

## ਬੇਅਦਬੀ ਦੀਆਂ ਘਟਨਾਵਾਂ ਰੋਕਣ ਲਈ ਜਥੇਦਾਰ ਨੇ ਕਮਰ ਕੱਸੀ

**ਅੰਮ੍ਰਿਤਸਰ:** ਸੂਬੇ ਵਿਚ ਲਗਾਤਾਰ ਵਾਪਰ ਰਹੀਆਂ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦੀਆਂ ਘਟਨਾਵਾਂ ਨੂੰ ਰੋਕਣ ਲਈ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸਿੱਖ ਜਥੇਬੰਦੀਆਂ ਨਾਲ ਬੈਠਕ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਰੋਜ਼ਾਨਾ ਹੀ ਕਿਤੇ ਨਾ ਕਿਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ।

ਉਨ੍ਹਾਂ ਦੁੱਖ ਪ੍ਰਗਟਾਇਆ ਕਿ ਬਹੁਤ ਯਤਨ ਕਰਨ 'ਤੇ ਵੀ ਘਟਨਾਵਾਂ ਉਪਰ ਰੋਕ ਨਹੀਂ ਲੱਗ ਸਕੀ। ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਗੁਰਦੁਆਰਾ ਸਾਹਿਬ ਦੀਆਂ ਪ੍ਰਬੰਧਕ ਕਮੇਟੀਆਂ ਨਾਲ ਵੀ ਮੀਟਿੰਗਾਂ ਕੀਤੀਆਂ ਜਾਣਗੀਆਂ। ਇਨ੍ਹਾਂ ਵਿਚ ਗ੍ਰੰਥੀ ਸਿੰਘਾਂ ਨੂੰ ਆ ਰਹੀਆਂ ਮੁਸ਼ਕਲਾਂ ਦਾ ਹੱਲ ਕੱਢਣ ਲਈ ਤੇ ਗੁਰੂ-ਘਰਾਂ ਵਿਚ ਪ੍ਰਚਾਰ-ਪ੍ਰਸਾਰ ਨੂੰ ਵਧੀਆ ਤਰੀਕੇ ਘਰ-ਘਰ ਪਹੁੰਚਾਉਣ ਲਈ ਉਪਰਾਲੇ ਕੀਤੇ ਜਾ ਰਹੇ ਹਨ।

## ਪਾਦਰੀ ਕਤਲ ਕਾਂਡ ਦੀਆਂ ਤਾਰਾਂ ਯੂਰਪ ਨਾਲ ਜੁੜਨ ਦਾ ਸ਼ੱਕ

**ਚੰਡੀਗੜ੍ਹ:** ਪੰਜਾਬ ਪੁਲਿਸ ਨੂੰ ਲੁਧਿਆਣਾ ਵਿਚ ਪਾਦਰੀ ਸੁਲਤਾਨ ਮਸੀਹ ਦੇ ਕਤਲ ਦੀਆਂ ਤਾਰਾਂ ਯੂਰਪ ਨਾਲ ਜੁੜੀਆਂ ਹੋਣ ਦਾ ਸ਼ੱਕ ਹੈ। ਪੰਜਾਬ ਵਿਚ ਵਾਪਰ ਰਹੀਆਂ ਅਤਿਵਾਦ ਦੀਆਂ ਘਟਨਾਵਾਂ ਨੂੰ ਬੈਲਜੀਅਮ ਬੈਠੇ ਗਰੁੱਪ ਵੱਲੋਂ ਸੋਸ਼ਲ ਮੀਡੀਆ ਦੀ ਨਵੀਂ ਤਕਨੀਕ (ਵਟਸ ਐਪ) ਨਾਲ ਅੰਜਾਮ ਦੇਣ ਦੇ ਤੱਥ ਪੁਲਿਸ ਹੱਥ ਤਾਂ ਆ ਚੁੱਕੇ ਹਨ, ਪਰ ਪੁਲਿਸ ਇਨ੍ਹਾਂ ਘਟਨਾਵਾਂ ਨਾਲ ਸਬੰਧਤ ਮੁਲਜ਼ਮਾਂ ਨੂੰ ਹੱਥ ਪਾਉਣ 'ਚ ਲਗਾਤਾਰ ਨਾਕਾਮ ਰਹੀ ਹੈ। ਇਕ ਪੁਲਿਸ ਅਧਿਕਾਰੀ ਨੇ ਆਪਣਾ ਨਾਮ ਗੁਪਤ ਰੱਖਦਿਆਂ ਦੱਸਿਆ ਕਿ ਵਿਦੇਸ਼ ਬੈਠੇ ਵਿਅਕਤੀਆਂ ਵੱਲੋਂ ਪੰਜਾਬ 'ਚ ਕਤਲ ਦੀਆਂ ਘਟਨਾਵਾਂ ਨੂੰ ਅੰਜਾਮ ਦੇਣ ਵਾਲੇ ਵਿਅਕਤੀਆਂ ਨਾਲ 'ਵਟਸ ਐਪ ਕਾਲ' ਜ਼ਰੀਏ ਹੀ ਸੰਪਰਕ ਸਾਧਿਆ ਜਾਂਦਾ ਹੈ। ਵਟਸ ਐਪ ਕਾਲਾਂ ਨੂੰ ਟੈਪ ਕਰਨ ਦਾ ਪੁਲਿਸ ਕੋਲ ਕੋਈ ਜੁਗਾੜ ਨਹੀਂ ਹੈ।



ਇਸੇ ਲਈ ਇਨ੍ਹਾਂ ਘਟਨਾਵਾਂ ਦਾ ਭੇਤ ਬਰਕਰਾਰ ਹੈ। ਇਨ੍ਹਾਂ ਮਾਮਲਿਆਂ ਦੀ ਤਫਤੀਸ਼ ਨਾਲ ਜੁੜੇ ਪੁਲਿਸ ਅਧਿਕਾਰੀਆਂ ਦਾ ਦੱਸਣਾ ਹੈ ਕਿ ਤਕਰੀਬਨ ਸਾਰੀਆਂ ਹੀ ਘਟਨਾਵਾਂ ਸ਼ਾਮੀ 6 ਤੋਂ 9 ਵਜੇ ਦੇ ਦਰਮਿਆਨ ਵਾਪਰੀਆਂ ਹਨ ਅਤੇ ਮੋਟਰਸਾਈਕਲ ਸਵਾਰ ਜਿਨ੍ਹਾਂ ਮੂੰਹ ਢਕੇ ਹੋਏ ਸਨ, ਵੱਲੋਂ ਹੀ ਇਨ੍ਹਾਂ ਘਟਨਾਵਾਂ ਨੂੰ ਨੇਪਰੇ ਚਾੜ੍ਹਿਆ ਗਿਆ ਸੀ।

ਜ਼ਿਆਦਾਤਰ ਘਟਨਾਵਾਂ ਸ਼ਨਿਚਰਵਾਰ ਨੂੰ ਹੀ ਵਾਪਰੀਆਂ ਅਤੇ ਨਾਕਾਬਪੋਸ਼ਾਂ ਨੇ 32 ਬੋਰ ਦੇ ਰਿਵਾਲਵਰ ਨਾਲ ਪਾਦਰੀ ਨੂੰ ਇਸੇ ਦਿਨ ਮੌਤ ਦੇ ਘਾਟ ਉਤਾਰ ਦਿੱਤਾ।

ਪੰਜਾਬ ਵਿਚ ਵਿਅਕਤੀ ਵਿਸ਼ੇਸ਼ ਦੇ ਕਤਲਾਂ ਦੀਆਂ ਵਾਪਰੀਆਂ ਘਟਨਾਵਾਂ ਦੇ ਤਾਰ ਇਕ ਦੂਜੇ ਨਾਲ ਜੁੜਦੇ ਹੋਣ ਕਾਰਨ ਪੁਲਿਸ ਵੱਲੋਂ ਇਨ੍ਹਾਂ ਹੱਤਿਆਵਾਂ ਪਿੱਛੇ ਇਕ ਗਿਰੋਹ ਦਾ ਹੱਥ ਹੋਣ ਦੀ ਗੱਲ ਤਾਂ ਕਹੀ ਜਾ ਰਹੀ ਹੈ, ਪਰ ਪੁਲਿਸ ਕਿਸੇ ਵੀ ਕੇਸ 'ਚ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਦੇ ਗਠਨ ਤੋਂ ਅੱਗੇ ਨਹੀਂ ਵਧ ਸਕੀ। ਪੰਜਾਬ ਸਰਕਾਰ ਨੇ ਨਮੋਸ਼ੀ ਮੰਨਦਿਆਂ ਆਰ.ਐਸ.ਐਸ. ਦੀ ਪੰਜਾਬ ਇਕਾਈ ਦੇ ਮੁਖੀ ਬ੍ਰਿਗੇਡੀਅਰ (ਸੇਵਾ ਮੁਕਤ) ਜਗਦੀਸ਼ ਸਿੰਘ ਗਗਨੇਜਾ ਦੇ ਮਾਮਲੇ ਦੀ ਜਾਂਚ ਤਾਂ ਸੀ.ਬੀ.ਆਈ. ਨੂੰ ਸੌਂਪ ਦਿੱਤੀ ਸੀ ਜਦੋਂ ਕਿ ਬਾਕੀ ਘਟਨਾਵਾਂ ਜਿਵੇਂ ਕਿ ਦੁਰਗਾ ਦਾਸ ਗੁਪਤਾ, ਅਮਿਤ ਸ਼ਰਮਾ ਤੇ ਜਗੇੜਾ ਪੁਲ 'ਤੇ ਡੇਰਾ ਸ਼ਰਧਾਲੂਆਂ ਦੀਆਂ ਹੱਤਿਆਵਾਂ ਅਤੇ ਲੁਧਿਆਣਾ ਵਿਚ ਆਰ.ਐਸ.ਐਸ. ਸ਼ਾਖਾ ਦੇ ਦਫਤਰ 'ਤੇ ਹਮਲੇ ਦੀ ਜਾਂਚ ਪੰਜਾਬ ਪੁਲਿਸ ਕਰ ਰਹੀ ਹੈ।

ਅਧਿਕਾਰੀਆਂ ਮੁਤਾਬਕ ਫੌਰੈਂਸਿਕ ਲੈਬਾਰਟਰੀਆਂ ਮੁਤਾਬਕ ਉਪਰੋਕਤ ਹੱਤਿਆਵਾਂ ਤੇ ਹਮਲੇ ਲਈ ਇਕੋ ਹਥਿਆਰ ਦੀ ਵਰਤੋਂ ਕੀਤੀ ਗਈ। ਸੀ.ਬੀ.ਆਈ. ਤੇ ਪੰਜਾਬ ਪੁਲਿਸ ਦੇ ਅਧਿਕਾਰੀਆਂ ਦਾ ਮੰਨਣਾ ਹੈ ਕਿ ਪੰਜਾਬ 'ਚ ਵਾਪਰ ਰਹੀਆਂ ਘਟਨਾਵਾਂ ਅਤਿਵਾਦੀ ਜਥੇਬੰਦੀ ਵੱਲੋਂ ਯੂਰਪ ਦੇ ਕਿਸੇ ਮੁਲਕ ਵਿਚ ਬੈਠ ਕੇ ਘੜੀ ਗਈ ਸਾਜ਼ਿਸ਼ ਦਾ ਹੀ ਹਿੱਸਾ ਹਨ।

# ਕੈਂਟ ਸਿਟੀ ਕੌਂਸਲ ਮੈਂਬਰ ਦੀ ਉਮੀਦਵਾਰ ਸਤਵਿੰਦਰ ਕੌਰ

**ਸਿਆਟਲ (ਬਿਊਰੋ):** ਅਮਰੀਕਾ ਦੇ ਸੰਘਣੀ ਪੰਜਾਬੀ ਵਸੋਂ ਵਾਲੇ ਸ਼ਹਿਰ ਕੈਂਟ ਤੋਂ ਇੱਕ ਪੜ੍ਹੀ ਲਿਖੀ, ਹੋਣਹਾਰ ਤੇ ਮਿਹਨਤੀ ਪੰਜਾਬਣ ਸਤਵਿੰਦਰ ਕੌਰ ਸਿਟੀ ਕੌਂਸਲ ਲਈ ਚੋਣ ਲੜ ਰਹੀ ਹੈ। ਸਮਾਜ ਸੇਵੀ ਸਤਵਿੰਦਰ ਕੌਰ ਬੜੀ ਸੰਜੀਦਾ, ਹਸਮੁੱਖ, ਮਿੱਠ ਬੋਲੜੀ ਅਤੇ ਦੂਰਅੰਦੇਸ਼ ਸ਼ਖਸੀਅਤ ਹੈ।

ਸਤਵਿੰਦਰ ਕੌਰ ਕੈਂਟ ਸਿਟੀ ਨੂੰ ਬਹੁਤ ਵਧੀਆ ਸ਼ਹਿਰ ਬਣਾਉਣਾ ਲੋਚਦੀ ਹੈ ਜਿੱਥੇ ਪਰਿਵਾਰ ਸੁਰੱਖਿਅਤ ਹੋਵੇ, ਸਾਫ ਸੁਥਰੇ ਅਤੇ ਵਿਤਕਰਾ ਰਹਿਤ ਸਕੂਲ ਹੋਣ, ਸਾਫ-ਸੁਥਰੇ ਪਾਰਕ ਹੋਣ, ਚੰਗੀ ਪੁਲਿਸ ਸਕਿਊਰਿਟੀ ਹੋਵੇ, ਵਧੀਆ ਮੈਡੀਕਲ ਸਹੂਲਤਾਂ, ਆਰਥਿਕ ਵਿਕਾਸ ਹੋਵੇ ਅਤੇ ਵਧੀਆ ਸੜਕਾਂ ਤੇ ਟਰਾਂਸਪੋਰਟ ਦਾ ਬੰਦੋਬਸਤ ਹੋਵੇ। ਉਹ ਕਹਿੰਦੀ ਹੈ, ਮੈਂ ਸੰਜਮ ਨਾਲ ਚੱਲਾਂਗੀ ਤਾਂ ਕਿ ਤੁਹਾਡੇ ਅਦਾ ਕੀਤੇ ਟੈਕਸ ਦੇ ਡਾਲਰ ਬੇਅਰਥ ਨਾ ਜਾਣ। ਡਰੱਗ, ਗੈਂਗਵਾਰ ਅਤੇ ਲੁੱਟ ਖੋਹ ਕਰਨ ਵਾਲਿਆਂ 'ਤੇ ਪੂਰਾ ਸ਼ਿਕੰਜਾ ਕੱਸਿਆ ਜਾਵੇਗਾ।

ਸਿਟੀ ਕੌਂਸਲ ਲਈ ਚੋਣ ਦੇ ਮੈਦਾਨ ਵਿਚ ਆਉਣ ਤੋਂ ਪਹਿਲਾਂ ਸਤਵਿੰਦਰ ਕੌਰ ਨੇ ਜਿਥੇ ਬਹੁਤ ਸਾਰੀਆਂ ਸੰਸਥਾਵਾਂ ਨਾਲ ਵਾਲੰਟੀਅਰ ਸੇਵਾਵਾਂ ਕੀਤੀਆਂ ਹਨ, ਉਥੇ ਕੈਂਟ ਸਿਟੀ ਕੌਂਸਲ ਮੈਂਬਰਾਂ ਨਾਲ ਮੇਅਰ ਸੁਜੈਤ ਕੁੱਕ ਨਾਲ ਵੀ ਕੰਮ ਕੀਤਾ ਹੈ। ਉਸ ਨੇ ਪੰਜਾਬੀਆਂ ਵਿਚ ਹੀ ਨਹੀਂ ਸਗੋਂ ਗੋਰਿਆਂ ਅਤੇ ਦੂਜੇ ਭਾਈਚਾਰਿਆਂ ਦੇ ਦਿਲਾਂ ਵਿਚ ਵੀ ਆਪਣੀ ਜਗ੍ਹਾ ਬਣਾਈ ਹੈ। ਜ਼ਿਕਰਯੋਗ ਹੈ ਕਿ ਉਹ ਕੈਂਟ ਕਲਚਰਲ ਕਮਿਊਨਿਟੀ ਬੋਰਡ ਦੀ ਚੇਅਰਮੈਨ, ਕੈਂਟ ਇੰਟਰਨੈਸ਼ਨਲ ਫੈਸਟੀਵਲ, ਗਰੇਟਰ ਕੈਂਟ ਹਿਸਟਾਰੀਕਲ ਸੁਸਾਇਟੀ ਦੀ ਬੋਰਡ ਮੈਂਬਰ, ਸਨਰਾਈਜ਼ ਐਲੀਮੈਂਟਰੀ ਸਕੂਲ ਦੀ ਪੀ ਟੀ ਏ ਵਾਲੰਟੀਅਰ ਹੋਣ ਤੋਂ ਇਲਾਵਾ ਹੋਰ ਬਹੁਤ ਸਾਰੇ ਕਾਰਜਾਂ ਵਿਚ ਮਸ਼ਰੂਫ ਰਹੀ ਹੈ।

ਜ਼ਿਕਰਯੋਗ ਹੈ ਕਿ ਸਤਵਿੰਦਰ ਕੌਰ ਫਰੀਦਕੋਟ ਵਿਚ ਪਿਤਾ ਸ. ਜਗਦੇਵ ਸਿੰਘ ਧਾਲੀਵਾਲ ਅਤੇ ਮਾਤਾ ਸੁਰਿੰਦਰ ਕੌਰ ਦੇ ਘਰ ਜਨਮੀ, ਪੰਜਾਬ ਦੀ ਮਿੱਟੀ ਵਿਚ ਖੇਡਦੀ ਨੇ ਮੁਢਲੀ ਸਿੱਖਿਆ ਪੰਜਾਬ ਵਿਚ ਹੀ ਹਾਸਲ ਕੀਤੀ ਅਤੇ ਫਿਰ ਅਮਰੀਕਾ ਦੇ ਇਸ ਸ਼ਹਿਰ ਆ ਵਸੀ। ਇੱਥੇ ਮੀਕਰ ਜੂਨੀਅਰ ਹਾਈ ਸਕੂਲ, ਕੈਂਟਰਿਜ ਹਾਈ ਸਕੂਲ, ਹਾਈਲਾਈਨ ਕਮਿਊਨਿਟੀ ਕਾਲਜ ਵਿਚ ਪੜ੍ਹਾਈ ਕਰਨ ਪਿਛੋਂ ਯੂਨੀਵਰਸਿਟੀ ਆਫ ਵਾਸ਼ਿੰਗਟਨ ਤੋਂ ਐਮ ਬੀ ਏ ਕੀਤੀ। ਉਹ ਇੱਕ ਬਾਰਾਂ ਸਾਲ ਦੇ ਬੱਚੇ ਦੀ ਮਾਂ ਵੀ ਹੈ ਅਤੇ ਇੱਥੋਂ ਦੀ ਇੱਕ ਵੱਡੀ ਆਈ ਟੀ ਕੰਪਨੀ ਲਈ ਬਤੌਰ ਇਨਫਰਮੇਸ਼ਨ ਟੈਕਨਾਲੋਜੀ ਪ੍ਰੋਫੈਸ਼ਨਲ ਵਜੋਂ ਕਰਨ ਕਰ ਰਹੀ ਹੈ। ਉਸ ਨੂੰ ਪੰਜਾਬੀ ਭਾਈਚਾਰੇ ਤੋਂ ਤਾਂ ਹਮਾਇਤ ਮਿਲ ਹੀ ਰਹੀ ਹੈ, ਦੂਜੇ ਭਾਈਚਾਇਆਂ ਵਿਚ ਵੀ ਉਸ ਦਾ ਚੰਗਾ ਰਸੂਖ ਹੈ।

ਗੁਰਦੁਆਰਾ ਸਿੰਘ ਸਭਾ ਰੈਂਟਨ ਦੇ ਜਨਰਲ ਸਕੱਤਰ ਅਵਤਾਰ ਸਿੰਘ ਆਦਮਪੁਰੀ ਨੇ ਪੰਜਾਬੀ ਭਾਈਚਾਰੇ ਨੂੰ ਆਪਣੀ ਵੋਟ ਸਤਵਿੰਦਰ ਕੌਰ ਨੂੰ ਪਾ ਕੇ ਕਾਮਯਾਬ ਕਰਨ ਦੀ ਅਪੀਲ ਕੀਤੀ ਹੈ। ਇਕ ਬਿਆਨ ਵਿਚ ਉਨ੍ਹਾਂ ਕਿਹਾ ਹੈ ਕਿ ਪੰਜਾਬੀਓ ਦੇਖਿਓ ਕਿਤੇ ਵੋਟਾਂ ਘਰੀਂ ਹੀ ਨਾ ਪਈਆਂ ਰਹਿ ਜਾਣ, ਪਹਿਲੀ ਅਗਸਤ ਤੋਂ ਪਹਿਲਾਂ ਪਹਿਲਾਂ ਬੈਲਟ ਪੇਪਰ ਭਰ ਕੇ ਮੇਲ ਕਰ ਦਿਓ, ਚੇਤਾ ਨਾ ਭੁਲਾਇਓ। ਰਿਸ਼ਤੇਦਾਰਾਂ, ਦੋਸਤਾਂ-ਮਿੱਤਰਾਂ ਤੇ ਗੁਆਂਢੀਆਂ ਨੂੰ ਫੋਨ ਕਰ ਕਰ ਪੁੱਛੀ ਜਾਇਓ, ਵੋਟ ਪਾਈ ਕਿ ਨਹੀਂ ਕਿਉਂਕਿ ਆਪਣੇ 'ਤੇ ਇਹ ਇਲਜ਼ਾਮ ਲਗਦਾ ਹੈ ਕਿ ਅਸੀਂ ਵੋਟ ਬਹੁਤ ਘੱਟ ਪਾਉਂਦੇ ਹਾਂ, ਬਸ ਸਿਟੀਜ਼ਨਸ਼ਿਪ ਲੈ ਕੇ ਬੈਨਿਫਿਟ ਲੈਣ ਤੱਕ ਹੀ ਮਤਲਬ ਰੱਖਦੇ ਹਾਂ। ਉਨ੍ਹਾਂ ਦੱਸਿਆ ਕਿ ਬੀਬੀ ਸਤਵਿੰਦਰ ਕੌਰ ਐਤਵਾਰ, 23 ਜੁਲਾਈ ਨੂੰ ਗੁਰਦੁਆਰਾ ਸਿੰਘ ਸਭਾ ਰੈਂਟਨ ਵਿਖੇ ਸੰਗਤ ਦੇ ਦਰਸ਼ਨ ਕਰੇਗੀ।



*ਖੱਬਿਓਂ ਸੱਜੇ ਸੁਰਿੰਦਰ ਕੌਰ, ਸਤਵਿੰਦਰ ਕੌਰ ਅਤੇ ਅਵਤਾਰ ਸਿੰਘ ਆਦਮਪੁਰੀ।*

# ਅਮਰੀਕਾ ਦੇ ਮੁਕਾਬਲੇ ਭਾਰਤ ਵਿਚ ਵੱਧ ਲੋਕ ਚਲਾਉਂਦੇ ਨੇ ਫੇਸਬੁੱਕ

**ਵਾਸ਼ਿੰਗਟਨ:** ਇਕ ਮੀਡੀਆ ਰਿਪੋਰਟ ਮੁਤਾਬਕ ਭਾਰਤ ਵਿਚ ਫੇਸਬੁਕ ਵਰਤੋਂਕਾਰਾਂ ਦੀ ਗਿਣਤੀ 24 ਕਰੋੜ ਤੋਂ ਟੱਪ ਗਈ ਹੈ ਤੇ ਸੋਸ਼ਲ ਮੀਡੀਆ ਜਾਇੰਟ ਲਈ ਦਰਸ਼ਕਾਂ ਦੀ ਗਿਣਤੀ ਪੱਖੋਂ ਭਾਰਤ ਸਭ ਤੋਂ ਵੱਡਾ ਮੁਲਕ ਹੈ। ਰਿਪੋਰਟ ਦੀ ਮੰਨੀਏ ਤਾਂ 13 ਜੁਲਾਈ ਨੂੰ ਭਾਰਤ ਵਿਚ ਫੇਸਬੁਕ ਦੇ ਸਰਗਰਮ ਵਰਤੋਂਕਾਰਾਂ ਦੀ ਗਿਣਤੀ 24.1 ਕਰੋੜ ਸੀ ਜਦਕਿ ਅਮਰੀਕਾ ਵਿਚ ਇਹ ਅੰਕੜਾ 24 ਕਰੋੜ ਹੈ। ਫੇਸਬੁਕ ਵੱਲੋਂ ਕੀਤੇ ਇਹ ਐਲਾਨ ਕਿ ਵਿਸ਼ਵ ਭਰ ਉਸ ਦੇ ਦੋ ਅਰਬ ਤੋਂ ਵੱਧ ਮਹੀਨਾਵਾਰ ਵਰਤੋਂਕਾਰ ਹਨ, ਤੋਂ ਕੁਝ ਦਿਨਾਂ ਮਗਰੋਂ ਦਰਜਾਬੰਦੀ 'ਚ ਸਿਖਰਲੇ ਮੁਲਕਾਂ ਦੀ ਪੁਜ਼ੀਸ਼ਨ ਉਚ ਤਬਦੀਲੀ ਆਈ ਹੈ।

'ਦਿ ਨੈਕਸਟ ਵੈੱਬ' ਨੇ ਆਪਣੀ ਰਿਪੋਰਟ 'ਚ ਕਿਹਾ ਹੈ ਕਿ ਫੇਸਬੁਕ ਨੇ ਸਾਲ 2017 ਦੀ ਸ਼ੁਰੂਆਤ ਤੋਂ ਪ੍ਰਭਾਵਸ਼ਾਲੀ ਵਿਕਾਸ ਕੀਤਾ ਹੈ, ਪਰ ਨਵੇਂ ਅੰਕੜੇ ਇਹੀ ਦਰਸਾਉਂਦੇ ਹਨ ਕਿ ਭਾਰਤ ਵਿਚ ਅਮਰੀਕਾ ਦੇ ਮੁਕਾਬਲੇ ਫੇਸਬੁੱਕ ਦੀ ਸਰਗਰਮੀ ਨਾਲ ਵਰਤੋਂ ਕਰਨ ਵਾਲਿਆਂ ਦੀ ਗਿਣਤੀ ਲਗਭਗ ਦੁਗਣੀ ਤੇਜ਼ੀ ਨਾਲ ਵਧੀ ਹੈ। ਪਿਛਲੇ ਛੇ ਮਹੀਨਿਆਂ ਦੀ ਗੱਲ ਕਰੀਏ ਤਾਂ ਇਹ ਗਿਣਤੀ 27% ਦੇ ਵਾਧੇ ਨਾਲ 5 ਕਰੋੜ ਤੋਂ ਉਪਰ ਜਾ ਪੁੱਜੀ ਹੈ ਜਦਕਿ ਇਸੇ ਅਰਸੇ ਦੌਰਾਨ ਅਮਰੀਕਾ ਵਿਚ ਫੇਸਬੁਕ ਵਰਤੋਂਕਾਰਾਂ ਦੀ ਗਿਣਤੀ 12% ਦੇ ਵਿਕਾਸ ਨਾਲ 2.6 ਕਰੋੜ ਤੋਂ ਵੱਧ ਸੀ। ਹਾਲਾਂਕਿ ਇੰਨੀ ਵੱਡੇ ਵਾਧੇ ਦੇ ਬਾਵਜੂਦ ਭਾਰਤ ਵਿਚ ਅਜੇ ਵੀ ਲੋਕਾਂ ਦੀ ਸੋਸ਼ਲ ਮੀਡੀਆ ਬਾਰੇ ਜਾਣਕਾਰੀ ਸੀਮਤ ਹੈ। ਪਿਛਲੇ ਮਹੀਨੇ ਮੁਲਕ ਦੀ ਕੁੱਲ ਆਬਾਦੀ 'ਚੋਂ 19% ਹੀ ਫੇਸਬੁਕ ਵਰਤਦੇ ਸਨ। ਅਮਰੀਕਾ ਵਿਚ 73% ਲੋਕਾਂ ਨੂੰ ਸੋਸ਼ਲ ਮੀਡੀਆ ਦੀ ਸਮਝ ਹੈ ਜਦਕਿ ਆਲਮੀ ਪੱਧਰ 'ਤੇ ਇਹ ਔਸਤ 42% ਹੈ। ਰਿਪੋਰਟ ਮੁਤਾਬਕ ਭਾਰਤ ਵਿਚ ਮਹਿਲਾਵਾਂ ਦੇ ਮੁਕਾਬਲੇ ਪੁਰਸ਼ (ਤਿੰਨ ਚੌਥਾਈ) ਫੇਸਬੁੱਕ ਦੀ ਵਧੇਰੇ ਵਰਤੋਂ ਕਰਦੇ ਹਨ। ਅਮਰੀਕਾ ਵਿਚ ਸਰਗਰਮ ਵਰਤੋਂਕਾਰਾਂ 'ਚੋਂ 54% ਗਿਣਤੀ ਮਹਿਲਾਵਾਂ ਦੀ ਹੈ। ਭਾਰਤ ਵਿਚ ਫੇਸਬੁੱਕ ਚਲਾਉਣ ਵਾਲੇ ਲੋਕਾਂ 'ਚੋਂ 50% ਦੀ ਉਮਰ 25 ਸਾਲ ਤੋਂ ਵੀ ਘੱਟ ਹੈ।

## ਨੋਟ ਬਦਲਣ ਲਈ ਹੋਰ ਸਮਾਂ ਨਹੀਂ ਮਿਲੇਗਾ

**ਨਵੀਂ ਦਿੱਲੀ:** ਕੇਂਦਰ ਨੇ ਸੁਪਰੀਮ ਕੋਰਟ ਵਿਚ ਸਾਫ ਕੀਤਾ ਕਿ 500 ਤੇ 1000 ਰੁਪਏ ਦੇ ਪੁਰਾਣੇ ਨੋਟ ਜਮ੍ਹਾਂ ਕਰਾਉਣ ਲਈ ਹੋਰ ਸਮਾਂ ਦੇਣ ਦਾ ਉਸ ਦਾ ਕੋਈ ਇਰਾਦਾ ਨਹੀਂ ਹੈ। ਵਿੱਤ ਮੰਤਰਾਲੇ ਨੇ ਆਪਣੇ ਹਲਫੀਆ ਬਿਆਨ ਵਿਚ ਕਿਹਾ, "ਜੇਕਰ ਇਨ੍ਹਾਂ ਬੰਦ ਕੀਤੇ ਨੋਟਾਂ ਨੂੰ ਜਮ੍ਹਾਂ ਕਰਾਉਣ ਲਈ ਹੋਰ ਸਮਾਂ ਦੇ ਦਿੱਤਾ ਗਿਆ ਤਾਂ ਨੋਟਬੰਦੀ ਅਤੇ ਕਾਲੇ ਧਨ ਨੂੰ ਖਤਮ ਕਰਨ ਦਾ ਉਦੇਸ਼ ਹੀ ਖਤਮ ਹੋ ਜਾਵੇਗਾ।"

# ਕਤਲੇਆਮ ਕੇਸਾਂ ਤੋਂ ਜੱਜਾਂ ਦੇ ਲਾਂਭੇ ਹੋਣ ਨਾਲ ਪੀੜਤਾਂ ਵਿਚ ਨਿਰਾਸ਼ਾ




**ਅੰਮ੍ਰਿਤਸਰ:** ਦਿੱਲੀ ਸਿੱਖ ਕਤਲੇਆਮ ਦੀ ਪੀੜਤ ਤੇ ਗਵਾਹ ਬੀਬੀ ਜਗਦੀਸ਼ ਕੌਰ ਨੇ ਕਿਹਾ ਕਿ ਦਿੱਲੀ ਹਾਈ ਕੋਰਟ ਦੇ ਡਿਵੀਜ਼ਨ ਬੈਂਚ ਦੇ ਦੋ ਜੱਜਾਂ ਵੱਲੋਂ ਸਿੱਖ ਕਤਲੇਆਮ ਮਾਮਲੇ ਦੇ ਮੁਲਜ਼ਮ ਤੇ ਕਾਂਗਰਸੀ ਆਗੂ ਸੱਜਣ ਕੁਮਾਰ ਦੀ ਜ਼ਮਾਨਤ ਅਰਜ਼ੀ ਦੀ ਸੁਣਵਾਈ ਤੋਂ ਖੁਦ ਨੂੰ ਵੱਖ ਕਰ ਲੈਣ ਨਾਲ ਅਦਾਲਤਾਂ ਪ੍ਰਤੀ ਲੋਕਾਂ ਦਾ ਭਰੋਸਾ ਖਤਮ ਹੋ ਜਾਵੇਗਾ।

ਬੀਬੀ ਜਗਦੀਸ਼ ਕੌਰ ਨੇ ਕਿਹਾ ਕਿ ਦਿੱਲੀ ਸਿੱਖ ਕਤਲੇਆਮ ਦੇ ਪੀੜਤਾਂ ਵੱਲ ਪਿਛਲੇ 32 ਸਾਲਾਂ ਤੋਂ ਧਿਆਨ ਨਹੀਂ ਦਿੱਤਾ ਗਿਆ। ਕਤਲੇਆਮ ਕਰਨ ਵਾਲੇ ਤਾਕਤਵਰ ਤੇ 'ਸਿਆਸੀ ਸਰਪ੍ਰਸਤੀ' ਪ੍ਰਾਪਤ ਲੋਕਾਂ ਨੇ ਕਾਨੂੰਨ ਦੀਆਂ ਚੋਰ ਮੋਰੀਆਂ ਦਾ ਲਾਭ ਲਿਆ ਹੈ ਪਰ ਪੀੜਤਾਂ ਨੇ ਇਨਸਾਫ ਦੀ ਆਸ ਨਹੀਂ ਛੱਡੀ।

ਉਨ੍ਹਾਂ ਕਿਹਾ ਕਿ ਜਦੋਂ ਕੋਈ ਇਨਸਾਨ ਹਰ ਪਾਸਿਉਂ ਹਾਰ ਜਾਵੇ ਤਾਂ ਅਦਾਲਤਾਂ 'ਤੇ ਨਜ਼ਰ ਟਿਕ ਜਾਂਦੀ ਹੈ ਪਰ ਇਸ ਮਾਮਲੇ ਵਿਚ ਜੱਜਾਂ ਵੱਲੋਂ ਲਾਂਭੇ ਹੋਣ ਦਾ ਫੈਸਲਾ ਦੁਖਦਾਈ ਹੈ, ਜੋ ਇਨਸਾਫ ਦੀ ਆਸ ਨੂੰ ਮੱਧਮ ਕਰ ਦੇਵੇਗਾ।

## ਯੂ.ਪੀ. ਵਿਧਾਨ ਸਭਾ ਵਿਚੋਂ ਧਮਾਕਾਖੇਜ਼ ਸਮੱਗਰੀ ਬਰਾਮਦ

**ਲਖਨਊ:** ਯੂ.ਪੀ. ਵਿਧਾਨ ਸਭਾ ਵਿਚ ਧਮਾਕਾਖੇਜ਼ ਸਮੱਗਰੀ ਮਿਲਣ ਕਾਰਨ ਸਦਨ ਦੀ ਸੁਰੱਖਿਆ ਸਬੰਧੀ ਗੰਭੀਰ ਸਵਾਲ ਖੜ੍ਹੇ ਹੋ ਗਏ ਹਨ। ਸਦਨ ਵਿਚੋਂ 12 ਜੁਲਾਈ ਨੂੰ ਪਲਾਸਟਿਕ ਧਮਾਕਾਖੇਜ਼ ਸਮੱਗਰੀ ਪੀ.ਈ.ਟੀ.ਐਨ. ਮਿਲਣ ਦੀ ਜਾਣਕਾਰੀ ਮੁੱਖ ਮੰਤਰੀ ਯੋਗੀ ਅਦਿੱਤਿਆਨਾਥ ਨੇ ਸਦਨ ਵਿਚ ਦਿੱਤੀ ਤੇ ਸਦਨ ਨੇ ਸਰਬਸੰਮਤੀ ਨਾਲ ਜਾਂਚ ਐਨ.ਆਈ.ਏ. ਨੂੰ ਸੌਂਪਣ ਦੀ ਸਿਫਾਰਸ਼ ਕੀਤੀ ਹੈ। ਯੂ.ਪੀ. ਪੁਲਿਸ ਨੇ ਇਸ ਸਬੰਧੀ ਅਣਪਛਾਤੇ ਵਿਅਕਤੀਆਂ ਖਿਲਾਫ਼ ਕੇਸ ਦਰਜ ਕਰ ਲਿਆ ਹੈ। ਨਾਲ ਹੀ ਮਾਮਲੇ ਦੀ ਜਾਂਚ ਦਹਿਸ਼ਤ-ਰੋਕੂ ਦਸਤੇ (ਏ.ਟੀ.ਐਸ.) ਨੇ ਆਪਣੇ ਹੱਥਾਂ ਵਿਚ ਲੈ ਲਈ ਹੈ। ਯੋਗੀ ਨੇ ਦੱਸਿਆ ਕਿ ਸਦਨ ਵਿਚ ਵਿਰੋਧੀ ਧਿਰ ਦੇ ਆਗੂ ਰਾਮ ਗੋਵਿੰਦ ਚੌਧਰੀ ਦੀ ਸੀਟ ਨੇੜਿਉਂ ਸਫਾਈ ਮੁਲਾਜ਼ਮਾਂ ਨੂੰ ਕਾਗਜ਼ ਵਿਚ ਲਪੇਟਿਆ ਹੋਇਆ ਇਹ 150 ਗ੍ਰਾਮ ਪਦਾਰਥ ਮਿਲਿਆ। ਮਾਹਿਰਾਂ ਮੁਤਾਬਕ ਸਦਨ ਨੂੰ ਉਡਾਉਣ ਲਈ ਮਹਿਜ਼ 500 ਗ੍ਰਾਮ ਪੀ.ਈ.ਟੀ.ਐਨ. ਕਾਫੀ ਹੈ।

## ਨੋਬੇਲ ਇਨਾਮ ਜੇਤੂ ਲਿਊ ਸ਼ੀਓਬੋ ਦਾ ਦੇਹਾਂਤ

**ਸ਼ੇਨਯਾਂਗ:** ਚੀਨ ਦੇ ਨੋਬੇਲ ਇਨਾਮ ਜੇਤੂ ਕਾਰਕੁਨ ਲਿਊ ਸ਼ੀਓਬੋ ਦੀ ਇਥੇ ਹਿਰਾਸਤ ਵਿਚ ਮੌਤ ਹੋ ਗਈ। ਸ਼ੀਓਬੋ ਨੂੰ ਜਿਗਰ ਦਾ ਕੈਂਸਰ ਸੀ ਅਤੇ ਉਸ ਨੂੰ ਅਜੇ ਪਿਛਲੇ ਮਹੀਨੇ ਹੀ ਜੇਲ੍ਹ 'ਚੋਂ ਸਖਤ ਸੁਰੱਖਿਆ ਪ੍ਰਬੰਧ ਵਾਲੇ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਸੀ। ਲਿਊ ਜਰਮਨ ਦੇ ਪੈਸੀਫਿਸਟ ਕਾਰਨ ਵੋਨ ਓਸਾਇਜ਼ਕੀ ਤੋਂ ਬਾਅਦ ਦੂਜਾ ਨੋਬੇਲ ਇਨਾਮ ਜੇਤੂ ਹੈ ਜਿਸ ਦੀ ਹਸਪਤਾਲ 'ਚ ਹਿਰਾਸਤ ਦੌਰਾਨ ਮੌਤ ਹੋਈ ਹੈ। ਲਿਊ ਨੇ 1989 ਵਿਚ ਪੇਈਚਿੰਗ ਦੇ ਤਿਆਨਮੈੱਨ ਸਕੁਏਅਰ ਵਿਚ ਪ੍ਰਦਰਸ਼ਨਾਂ ਦੌਰਾਨ ਅਹਿਮ ਭੂਮਿਕਾ ਨਿਭਾਈ ਸੀ।

# ਮੁੱਕੇਬਾਜ਼ ਦੇ ਘਸੁੰਨ ਨਾਲ ਹੋਈ ਸੀ ਭਾਰਤੀ ਵਿਦਿਆਰਥੀ ਦੀ ਮੌਤ

**ਲੰਡਨ:** ਸਾਲ 2011 ਵਿਚ ਭਾਰਤੀ ਮੂਲ ਦੇ ਜਿਸ ਵਿਦਿਆਰਥੀ ਦੀ ਝਗੜੇ ਦੌਰਾਨ ਮੌਤ ਹੋਈ ਸੀ, ਨੂੰ ਇਕ ਮੁੱਕੇਬਾਜ਼ ਨੇ ਘਸੁੰਨ ਮਾਰਿਆ ਸੀ। ਮੁੱਕੇਬਾਜ਼ ਪਹਿਲਾਂ ਕੀਤੇ ਇਕ ਜੁਰਮ 'ਚ ਜ਼ਮਾਨਤ ਉਲੰਘਣ ਦਾ ਦੋਸ਼ੀ ਸੀ। ਇਹ ਖੁਲਾਸਾ ਪੁਲਿਸ ਸ਼ਿਕਾਇਤਾਂ ਬਾਰੇ ਇੰਡੀਪੈਂਡੈਂਟ ਕਮਿਸ਼ਨ (ਆਈ.ਪੀ.ਸੀ.ਸੀ.) ਦੀ ਇਕ ਨਵੀਂ ਰਿਪੋਰਟ ਤੋਂ ਹੋਇਆ ਹੈ।

ਦੱਖਣ ਪੱਛਮੀ ਲੰਡਨ ਨਾਲ ਸਬੰਧਤ ਜਗਦੀਪ ਰੰਧਾਵਾ ਨੂੰ 12 ਅਕਤੂਬਰ ਰਾਤ ਨੂੰ ਲੀਡਜ਼ ਸ਼ਹਿਰ ਵਿਚ ਮੁੱਕੇਬਾਜ਼ ਕਲਿਫ਼ਟਨ ਟਾਇ ਮਿਸ਼ੇਲ ਨੇ ਘਸੁੰਨ ਮਾਰੇ ਸਨ। ਇਸ ਮਗਰੋਂ ਰੰਧਾਵਾ ਹੇਠਾਂ ਡਿੱਗਿਆ ਤੇ ਉਸ ਦਾ ਸਿਰ ਫੁਟਪਾਥ ਨਾਲ ਟਕਰਾਅ ਗਿਆ। ਉਸ ਨੂੰ ਹਸਪਤਾਲ ਲਿਜਾਇਆ ਗਿਆ, ਜਿਥੇ ਪੰਜ ਦਿਨ ਬਾਅਦ ਉਸ ਦੀ ਮੌਤ ਹੋ ਗਈ। ਮਿਸ਼ੇਲ, ਜੋ ਹੁਣ 26 ਸਾਲ ਦਾ ਹੈ, ਨੂੰ 2012 ਵਿਚ ਅਪਰਾਧ ਲਈ ਸੱਤ ਸਾਲ ਕੈਦ ਦੀ ਸਜ਼ਾ ਸੁਣਾਈ ਗਈ ਸੀ। ਯਾਦ ਰਹੇ ਕਿ ਇਹ ਮਾਮਲਾ ਆਈ.ਪੀ.ਸੀ.ਸੀ. ਨੂੰ ਰੈਫਰ ਕਰਨ ਅਤੇ ਮਗਰੋਂ ਰੰਧਾਵਾ ਪਰਿਵਾਰ ਵੱਲੋਂ ਸ਼ਿਕਾਇਤ ਦੇਣ ਨਾਲ ਕੇਸ ਦੀ ਮੁਕਾਮੀ ਜਾਂਚ ਸ਼ੁਰੂ ਕਰਨ ਨੂੰ ਬਲ ਮਿਲਿਆ ਸੀ। ਰੰਧਾਵਾ ਦੀ ਮੌਤ ਸਬੰਧੀ ਇਸ ਹਾਲੀਆ ਰਿਪੋਰਟ 'ਚ ਕਿਹਾ ਗਿਆ ਹੈ ਕਿ ਮਿਸ਼ੇਲ ਨੇ ਜ਼ਮਾਨਤ ਦੀਆਂ ਸ਼ਰਤਾਂ ਨੂੰ ਪੰਜ ਮਹੀਨਿਆਂ ਦੌਰਾਨ 24 ਵਾਰ ਉਲੰਘਿਆ, ਪਰ ਇਸ ਦੇ ਬਾਵਜੂਦ ਡਰਬੀਸ਼ਾਇਰ ਪੁਲਿਸ ਨੇ ਉਸ ਖਿਲਾਫ਼ ਕੋਈ ਕਾਰਵਾਈ ਨਹੀਂ ਕੀਤੀ।






## ਗੁਰਦੁਆਰਾ ਫਰੀਮਾਂਟ 'ਚ ਗੁਰਮਤਿ ਕੈਂਪ ਵਿਚ 118 ਬੱਚਿਆਂ ਨੇ ਹਿੱਸਾ ਲਿਆ

**ਫਰੀਮਾਂਟ (ਬਿਊਰੋ):** ਗੁਰਦੁਆਰਾ ਫਰੀਮਾਂਟ ਵਿਖੇ ਗਰਮੀਆਂ ਵਿਚ ਲਾਏ ਗਏ ਇਕ ਮਹੀਨੇ ਦੇ ਗੁਰਮਤਿ ਕੈਂਪ ਵਿਚ 118 ਬੱਚਿਆਂ ਨੇ ਹਿੱਸਾ ਲਿਆ। ਬੱਚਿਆਂ ਨੇ ਅਰਦਾਸ ਅਤੇ ਬਾਣੀਆਂ ਕੰਠ ਕੀਤੀਆਂ, ਅਰਦਾਸ ਦੇ ਮਾਇਨੇ ਅਤੇ ਅਰਦਾਸ ਨਾਲ ਜੁੜੇ ਸਿੱਖ ਇਤਿਹਾਸ ਬਾਰੇ ਜਾਣਕਾਰੀ ਪ੍ਰਾਪਤ ਕੀਤੀ।

19 ਜੂਨ ਤੋਂ 14 ਜੁਲਾਈ ਤੱਕ ਚੱਲੇ ਇਸ ਕੈਂਪ ਦੌਰਾਨ ਛੋਟੇ ਬੱਚਿਆਂ ਨੇ 6 ਬਾਣੀਆਂ ਅਤੇ ਵੱਡੇ ਬੱਚਿਆਂ ਨੇ ਸਲੋਕ ਸਹਿਸਕ੍ਰਿਤੀ ਦੀ ਸੰਥਿਆ ਪ੍ਰਾਪਤ ਕੀਤੀ। 12 ਬੱਚਿਆਂ ਨੇ ਕੈਂਪ ਦੌਰਾਨ ਅੰਮ੍ਰਿਤ ਪਾਨ ਕੀਤਾ।

ਯੂਨੀਵਰਸਿਟੀ ਵਿਚ ਪੜ੍ਹਦੀਆਂ ਬੱਚੀਆਂ-ਸੁਖਅਮਰਪਾਲ ਕੌਰ ਅਤੇ ਗਗਨਦੀਪ ਕੌਰ ਨੇ ਭਾਈ ਭੁਪਿੰਦਰ ਸਿੰਘ ਦੀ ਰਹਿਨੁਮਾਈ ਹੇਠ ਕੈਂਪ ਦੀ ਸਫਲਤਾ ਵਿਚ ਅਹਿਮ ਰੋਲ ਨਿਭਾਇਆ। ਹਾਈ ਸਕੂਲ ਦੇ ਬੱਚਿਆਂ ਤੇ ਹੋਰ ਸੇਵਾਦਾਰਾਂ ਨੇ ਕੈਂਪ ਦੌਰਾਨ ਸਖਤ ਮਿਹਨਤ ਨਾਲ ਮਦਦ ਕੀਤੀ।





## ਜੀ.ਐਚ.ਜੀ. ਅਕੈਡਮੀ ਦਾ ਕੌਮਾਂਤਰੀ ਯੁਵਕ ਮੇਲਾ 29 ਨੂੰ



**ਫਰਿਜ਼ਨੋ (ਬਿਊਰੋ):** ਜੀ. ਐਚ. ਜੀ. ਅਕੈਡਮੀ ਫਰਿਜ਼ਨੋ ਵਲੋਂ ਇਸ ਸਾਲ ਅੰਤਰਰਾਸ਼ਟਰੀ ਯੁਵਕ ਮੇਲਾ ਆਉਂਦੀ 29 ਜੁਲਾਈ ਨੂੰ ਇਥੇ ਸੈਂਟਰਲ ਹਾਈ ਸਕੂਲ ਦੇ ਖੁੱਲ੍ਹੇ ਹਾਲ ਵਿਚ ਹੋਵੇਗਾ। ਇਸ ਦੀ ਕੋਈ ਦਾਖਲਾ ਟਿਕਟ ਨਹੀਂ ਹੋਵੇਗੀ। ਮੇਲੇ ਵਿਚ ਅਮਰੀਕਾ ਦੀਆਂ ਵੱਖ-ਵੱਖ ਸਟੇਟਾਂ ਤੋਂ ਇਲਾਵਾ ਕੈਨੇਡਾ ਤੋਂ ਵੀ ਟੀਮਾਂ ਸ਼ਿਰਕਤ ਕਰਨਗੀਆਂ।

ਪੰਜਾਬੀ ਸੱਭਿਆਚਾਰ ਨੂੰ ਪ੍ਰਫੁਲਿਤ ਕਰਨ ਲਈ ਜੀ. ਐਚ. ਜੀ. ਅਕੈਡਮੀ ਵੱਲੋਂ ਹਰ ਸਾਲ ਵਾਂਗ ਇਸ ਸਾਲ ਵੀ ਗਿੱਧਾ, ਭੰਗੜਾ ਅਤੇ ਸੰਗੀਤ ਦੀ ਸਿਖਲਾਈ ਲਈ ਕੈਂਪ 14 ਜੁਲਾਈ ਤੋਂ ਪੰਜਾਬੀ ਸਕੂਲ ਫਰਿਜ਼ਨੋ ਵਿਖੇ ਅੰਤਰਰਾਸ਼ਟਰੀ ਭੰਗੜਾ ਕੋਚ ਡਾ. ਦਲਜਿੰਦਰ ਸਿੰਘ ਜੌਹਲ ਦੀ ਅਗਵਾਈ ਹੇਠ ਸ਼ੁਰੂ ਕੀਤਾ ਗਿਆ ਹੈ। ਕੈਂਪ ਵਿਚ ਸੁਚੱਜੇ ਕੋਚਾਂ ਵਲੋਂ ਸਿਖਲਾਈ ਦਿੱਤੀ ਜਾ ਰਹੀ ਹੈ।

ਪ੍ਰਬੰਧਕਾਂ ਅਨੁਸਾਰ ਕੈਂਪ ਵਿਚ 500 ਤੋਂ ਵੱਧ ਬੱਚੇ ਦਾਖਲ ਹੋਏ ਹਨ ਜੋ ਰੋਜ਼ਾਨਾ ਗੁਰਬਾਣੀ ਮੂਲ-ਮੰਤਰ ਦੇ ਜਾਪ ਉਪਰੰਤ ਰਲ ਕੇ ਅਰਦਾਸ ਕਰਦੇ ਹਨ। ਇਸ ਬਾਅਦ ਬੱਚੇ ਪੰਜਾਬੀ ਸੱਭਿਆਚਾਰ ਨਾਲ ਸਬੰਧਤ ਗਿੱਧਾ-ਭੰਗੜਾ ਤੇ ਹੋਰ ਗੀਤ ਸੰਗੀਤ ਆਦਿ ਸਬੰਧੀ ਸਿੱਖਿਆ ਪ੍ਰਾਪਤ ਕਰਦੇ ਹਨ। ਰੋਜ਼ਾਨਾ ਸ਼ਾਮੀਂ ਬੱਚੇ ਅਤੇ ਮਾਪੇ ਰਲ ਕੇ ਗੁਰੂ ਕਾ ਲੰਗਰ ਛਕਦੇ ਹਨ। ਕੈਂਪ ਦੌਰਾਨ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮਿਲਾਇਆ ਜਾਂਦਾ ਹੈ, ਜਿਸ ਨਾਲ ਬੱਚਿਆਂ ਵਿਚ ਆਤਮ-ਵਿਸ਼ਵਾਸ ਆਉਂਦਾ ਹੈ ਅਤੇ ਸਿੱਖ ਭਾਈਚਾਰੇ ਨੂੰ ਆਪਣੀ ਪਹਿਚਾਣ ਪੱਕੀ ਕਰਨ ਦਾ ਮੌਕਾ ਵੀ ਮਿਲਦਾ ਹੈ।

ਇਸ ਸਾਂਝੇ ਕਾਰਜ ਨੂੰ ਨੇਪਰੇ ਚਾੜ੍ਹਨ ਵਿਚ ਉਦੈਦੀਪ ਸਿੰਘ ਸਿੱਧੂ, ਪਰਮਜੀਤ ਸਿੰਘ ਧਾਲੀਵਾਲ, ਸੁਖਵਿੰਦਰ ਸਿੰਘ ਸਰੋਏ, ਜਗਰੂਪ ਸਿੰਘ ਧਾਲੀਵਾਲ, ਸੁਖਦੇਵ ਸਿੰਘ ਚੀਮਾ, ਗੁਰਦੀਪ ਸ਼ੇਰਗਿੱਲ ਅਤੇ ਸਤਿੰਦਰ ਸਿੰਘ ਸੱਗੂ ਵਲੋਂ ਅਹਿਮ ਰੋਲ ਨਿਭਾਇਆ ਜਾ ਰਿਹਾ ਹੈ। ਇਹ ਜੀ. ਐਚ. ਜੀ. ਟੀਮ ਦਾ ਸ਼ਲਾਘਾਯੋਗ ਉਦਮ ਹੈ।



*ਪੰਜਾਬ ਬਿਜਲੀ ਬੋਰਡ ਦੇ ਟੈਕਨੀਕਲ ਬੋਰਡ ਮੈਂਬਰ ਅਤੇ ਹਰਿਆਣਾ ਬਿਜਲੀ ਬੋਰਡ ਦੇ ਮੈਨੇਜਿੰਗ ਡਾਇਰੈਕਟਰ ਸ੍ਰੀ ਅਰੁਣ ਕੁਮਾਰ ਵਰਮਾ ਦਾ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲੁਧਿਆਣਾ (ਜੈਨਕੋ) ਦੇ ਪੁਰਾਣੇ ਕੁਲੀਗ ਸ. ਸੁਰਜੀਤ ਸਿੰਘ ਬੈਂਸ ਦੇ ਘਰ ਸਵਾਗਤ ਕਰਦੇ ਹੋਏ। ਸ੍ਰੀ ਵਰਮਾ ਇਨ੍ਹੀਂ ਦਿਨੀਂ ਅਮਰੀਕਾ ਦੌਰੇ 'ਤੇ ਆਏ ਹੋਏ ਹਨ। ਉਹ ਗੁਰਦੁਆਰਾ ਸੈਨ ਹੋਜ਼ੇ ਵੀ ਗਏ ਅਤੇ ਭਾਰਤ ਤੋਂ ਬਾਹਰ ਸਭ ਤੋਂ ਵੱਡੇ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਦੇਖ ਕੇ ਬਹੁਤ ਪ੍ਰਭਾਵਿਤ ਹੋਏ। ਉਹ ਇਸ ਗੱਲੋਂ ਵੀ ਖੁਸ਼ ਸਨ ਕਿ ਜੈਨਕੋ ਗੁਰਦੁਆਰਾ ਸਾਹਿਬ ਦੇ ਪ੍ਰਾਜੈਕਟਾਂ ਨੂੰ ਨੇਪਰੇ ਚਾੜ੍ਹਨ ਵਿਚ ਅਹਿਮ ਰੋਲ ਨਿਭਾ ਰਹੀ ਹੈ। ਤਸਵੀਰ ਵਿਚ ਨਜ਼ਰ ਆ ਰਹੇ ਹਨ, ਸੁਰਜੀਤ ਸਿੰਘ ਬੈਂਸ, ਰਾਜਿੰਦਰ ਸ਼ਰਮਾ, ਅਰੁਣ ਕੁਮਾਰ ਵਰਮਾ, ਜਸਵੰਤ ਪਾਬਲਾ, ਅਮਰਜੀਤ ਬਰਾੜ ਅਤੇ ਅਜੀਤ ਸਿੰਘ ਸੈਣੀ।*

## ਅਮਰੀਕਾ ਤੇ ਯੂ.ਕੇ. ਪਰਵਾਸ ਪੱਖੋਂ ਪਸੰਦੀਦਾ ਮੁਲਕ

**ਸੰਯੁਕਤ ਰਾਸ਼ਟਰ:** ਵਿਦੇਸ਼ ਉਡਾਰੀ ਦੀ ਯੋਜਨਾ ਬਣਾਉਣ ਵਾਲੇ ਬਾਲਗਾਂ ਦੀ ਗਿਣਤੀ ਦੇ ਹਿਸਾਬ ਨਾਲ ਭਾਰਤ ਦੂਜੇ ਨੰਬਰ 'ਤੇ ਹੈ ਜਦੋਂ ਕਿ ਅਮਰੀਕਾ ਤੇ ਯੂ.ਕੇ. ਕ੍ਰਮਵਾਰ ਸਭ ਤੋਂ ਪਸੰਦੀਦਾ ਪਰਵਾਸ ਸਥਾਨ ਹਨ। ਇਹ ਖੁਲਾਸਾ ਯੂ.ਐਨ. ਪਰਵਾਸ ਏਜੰਸੀ ਦੀ ਰਿਪੋਰਟ ਤੋਂ ਹੋਇਆ ਹੈ। ਇੰਟਰਨੈਸ਼ਨਲ ਆਰਗੇਨਾਈਜੇਸ਼ਨ ਫਾਰ ਮਾਈਗ੍ਰੇਸ਼ਨ (ਆਈ.ਓ.ਐਮ.) ਨੇ ਆਪਣੀ ਰਿਪੋਰਟ 'ਮਯਰਿੰਗ ਗਲੋਬਲ ਮਾਈਗ੍ਰੇਸ਼ਨ ਪੋਟੈਂਸ਼ਲ 2010-15' ਵਿਚ 2010 ਤੋਂ 2015 ਦੌਰਾਨ ਆਲਮੀ ਪੱਧਰ 'ਤੇ ਲੋਕਾਂ ਦੇ ਪਰਵਾਸ ਬਾਰੇ ਇਰਾਦਿਆਂ ਦਾ ਅਧਿਐਨ ਕੀਤਾ ਗਿਆ ਹੈ।

ਇਸ ਰਿਪੋਰਟ ਮੁਤਾਬਕ ਕੌਮਾਂਤਰੀ ਪੱਧਰ 'ਤੇ 1.3 ਫੀਸਦੀ ਬਾਲਗ ਜਾਂ 6.6 ਕਰੋੜ ਲੋਕਾਂ ਨੇ ਕਿਹਾ ਕਿ ਉਹ ਅਗਲੇ 12 ਮਹੀਨਿਆਂ ਅੰਦਰ ਪੱਕੇ ਤੌਰ 'ਤੇ ਪਰਵਾਸ ਕਰਨ ਦੀ ਯੋਜਨਾ ਬਣਾ ਰਹੇ ਹਨ। ਪਰਵਾਸ ਦਾ ਇਰਾਦਾ ਰੱਖਣ ਵਾਲਿਆਂ ਲਈ ਸਭ ਤੋਂ ਪਸੰਦੀਦਾ ਜਗ੍ਹਾ ਅਮਰੀਕਾ ਹੈ। ਇਸ ਬਾਅਦ ਇੰਗਲੈਂਡ, ਸਾਊਦੀ ਅਰਬ, ਫਰਾਂਸ, ਕੈਨੇਡਾ, ਜਰਮਨੀ ਤੇ ਦੱਖਣੀ ਅਫਰੀਕਾ ਦਾ ਨੰਬਰ ਆਉਂਦਾ ਹੈ। ਪਰਵਾਸ ਦੀ ਯੋਜਨਾ ਬਣਾਉਣ ਵਾਲਿਆਂ ਵਿਚੋਂ ਤਕਰੀਬਨ ਅੱਧੇ ਲੋਕ ਮਹਿਜ਼ 20 ਮੁਲਕਾਂ ਵਿਚ ਰਹਿੰਦੇ ਹਨ, ਜਿਨ੍ਹਾਂ ਵਿਚੋਂ ਪਹਿਲਾ ਨੰਬਰ ਨਾਇਜੀਰੀਆ ਦਾ ਹੈ। ਇਸ ਬਾਅਦ ਭਾਰਤ, ਕਾਂਗੋ, ਸੂਡਾਨ, ਬੰਗਲਾਦੇਸ਼ ਤੇ ਚੀਨ ਆਉਂਦਾ ਹੈ। ਭਾਰਤ ਦੇ 48 ਲੱਖ ਬਾਲਗ ਪਰਵਾਸ ਦੀ ਯੋਜਨਾ ਤੇ ਤਿਆਰੀ ਕਰ ਰਹੇ ਹਨ। 35 ਲੱਖ ਲੋਕ ਯੋਜਨਾ ਬਣਾ ਰਹੇ ਹਨ ਅਤੇ 13 ਲੱਖ ਤਿਆਰੀ ਕਰ ਰਹੇ ਹਨ। ਨਾਇਜੀਰੀਆ ਵਿਚ 51 ਲੱਖ ਲੋਕ ਪਰਵਾਸ ਦੀ ਤਿਆਰੀ ਵਿਚ ਹਨ। ਕਾਂਗੋ ਵਿਚ ਇਹ ਗਿਣਤੀ 41 ਲੱਖ ਜਦੋਂ ਕਿ ਚੀਨ ਤੇ ਬੰਗਲਾਦੇਸ਼ ਵਿਚ 27-27 ਲੱਖ ਹੈ। ਆਈ.ਓ.ਐਮ. ਦੇ ਗਲੋਬਲ ਮਾਈਗ੍ਰੇਸ਼ਨ ਡੇਟਾ ਸੈਂਟਰ ਦੇ ਅੰਕੜਿਆਂ ਮੁਤਾਬਕ 2.30 ਕਰੋੜ ਲੋਕ ਪਰਵਾਸ ਲਈ ਸਰਗਰਮੀ ਨਾਲ ਤਿਆਰੀ ਕਰ ਰਹੇ ਹਨ।



### ਅਦਾਲਤ ਨੇ ਯਾਤਰਾ ਪਾਬੰਦੀ ਦੇ ਹੁਕਮਾਂ ਨੂੰ ਕੀਤਾ ਹੋਰ ਨਰਮ

**ਨਿਊ ਯਾਰਕ:** ਅਮਰੀਕਾ ਦੇ ਸੂਬੇ ਹਵਾਈ ਵਿਚ ਇਕ ਸੰਘੀ ਜੱਜ ਨੇ ਰਾਸ਼ਟਰਪਤੀ ਡੋਨਲਡ ਟਰੰਪ ਦੀ ਪਹਿਲਾਂ ਹੀ ਪੇਤਲੀ ਕੀਤੀ ਜਾ ਚੁੱਕੀ ਯਾਤਰਾ ਪਾਬੰਦੀ ਨੂੰ ਹੋਰ ਕਮਜ਼ੋਰ ਕਰ ਦਿੱਤਾ ਹੈ। ਇਸ ਜੱਜ ਨੇ ਅਮਰੀਕੀ ਨਾਗਰਿਕਾਂ ਨਾਲ ਪਰਿਵਾਰਕ ਰਿਸ਼ਤੇ ਦੀ ਸੂਚੀ ਦਾ ਦਾਇਰਾ ਵਧਾ ਦਿੱਤਾ ਹੈ। ਗੌਰਤਲਬ ਹੈ ਕਿ ਮੁਸਲਿਮ ਬਹੁਗਿਣਤੀ ਵਾਲੇ ਛੇ ਮੁਲਕਾਂ ਸੀਰੀਆ, ਲਿਬੀਆ, ਸੂਡਾਨ, ਸੋਮਾਲੀਆ, ਇਰਾਨ ਤੇ ਯਮਨ ਦੇ ਨਾਗਰਿਕਾਂ ਉਤੇ ਯਾਤਰਾ ਸਬੰਧੀ ਪਾਬੰਦੀ ਲਾਈ ਗਈ ਹੈ। ਯੂ.ਐਸ. ਜ਼ਿਲ੍ਹਾ ਜੱਜ ਡੈਰਿਕ ਵਾਟਸਨ ਨੇ ਸਰਕਾਰ ਨੂੰ ਹੁਕਮ ਦਿੱਤਾ ਕਿ ਅਮਰੀਕਾ ਦੇ ਲੋਕਾਂ ਦੇ ਕਿਸੇ ਵੀ ਪਰਿਵਾਰਕ ਰਿਸ਼ਤੇਦਾਰ ਉਤੇ ਰੋਕ ਨਾ ਲਾਈ ਜਾਵੇ। ਉਨ੍ਹਾਂ ਇਹ ਵੀ ਆਦੇਸ਼ ਦਿੱਤਾ ਕਿ ਸਰਕਾਰ ਉਨ੍ਹਾਂ ਸ਼ਰਨਾਰਥੀਆਂ ਨੂੰ ਬਾਹਰ ਨਹੀਂ ਰੱਖ ਸਕਦੀ, ਜਿਨ੍ਹਾਂ ਨੂੰ ਅਮਰੀਕਾ ਵਿਚ ਮੁੜ-ਵਸੇਬਾ ਏਜੰਸੀਆਂ ਵੱਲੋਂ ਸਥਾਪਤ ਕਰਨ ਸਬੰਧੀ ਰਸਮੀ ਭਰੋਸਾ ਤੇ ਵਾਅਦਾ ਦਿੱਤਾ ਗਿਆ ਹੈ। ਗੌਰਤਲਬ ਹੈ ਕਿ ਅਮਰੀਕਾ ਦੀ ਸੁਪਰੀਮ ਕੋਰਟ, ਜਿਸ ਨੇ ਅਕਤੂਬਰ 'ਚ ਸੁਣਵਾਈ ਤੋਂ ਪਹਿਲਾਂ ਪਿਛਲੇ ਮਹੀਨੇ ਸੋਧੇ ਹੋਏ ਟਰੈਵਲ ਬੈਨ ਦੇ ਹੁਕਮਾਂ ਨੂੰ ਹਰੀ ਝੰਡੀ ਦੇ ਦਿੱਤੀ ਸੀ, ਨੇ ਇਸ ਪਾਬੰਦੀ ਤੋਂ ਉਨ੍ਹਾਂ ਵੀਜ਼ਾ ਬਿਨੈਕਾਰਾਂ ਨੂੰ ਛੋਟ ਦਿੱਤੀ ਹੈ, ਜੋ ਅਮਰੀਕੀ ਨਾਗਰਿਕ ਨਾਲ ਰਿਸ਼ਤੇ ਬਾਰੇ 'ਪ੍ਰਮਾਣ' ਦੇ ਸਕਦੇ ਹਨ। ਟਰੰਪ ਪ੍ਰਸ਼ਾਸਨ ਨੇ ਰਿਸ਼ਤੇ ਦੀ ਪਰਿਭਾਸ਼ਾ ਨੂੰ ਸੀਮਤ ਕਰਦਿਆਂ ਇਸ ਵਿਚ ਸਿਰਫ ਮਾਪਿਆਂ, ਜੀਵਨ ਸਾਥੀ, ਮੰਗੇਤਰ, ਔਲਾਦ, ਜਵਾਈ, ਨੂੰਹ ਜਾਂ ਭਰਾ ਨੂੰ ਹੀ ਸ਼ਾਮਲ ਕੀਤਾ ਸੀ ਪਰ ਹੁਣ ਜੱਜ ਨੇ ਪਰਿਵਾਰਕ ਰਿਸ਼ਤੇਦਾਰਾਂ ਦੀ ਸੂਚੀ ਲੰਬੀ ਕਰ ਦਿੱਤੀ ਹੈ।

## ਬਿੱਲੀਆਂ ਦੇ ਕਾਤਲ ਨੂੰ 16 ਸਾਲ ਦੀ ਕੈਦ

**ਸੈਨ ਹੋਜ਼ੇ:** ਇਥੋਂ ਦੀ ਇਕ ਅਦਾਲਤ ਨੇ 26 ਸਾਲਾ ਰਾਬਰਟ ਫਾਰਮਰ ਨੂੰ 18 ਬਿੱਲੀਆਂ ਮਾਰਨ ਦੇ ਅਪਰਾਧ 'ਚ 16 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਮਾਹਿਰਾਂ ਮੁਤਾਬਕ ਇਕ ਬਿੱਲੀ ਨਾਲ ਜਿਣਸੀ ਸ਼ੋਸ਼ਣ ਦੇ ਸਬੂਤ ਵੀ ਮਿਲੇ ਹਨ।

ਮਾਮਲੇ ਦੀ ਸੁਣਵਾਈ ਦੌਰਾਨ ਸੈਂਟਾ ਕਲਾਰਾ ਦੀ ਉਚ ਅਦਾਲਤ ਦੇ ਜੱਜ ਨੇ ਮਾਰੀ ਗਈ ਹਰ ਬਿੱਲੀ ਦਾ ਨਾਂ ਪੜ੍ਹ ਕੇ ਸੁਣਾਇਆ। ਰਾਬਰਟ ਨੇ ਇਹ ਕਬੂਲ ਕੀਤਾ ਕਿ ਉਸ ਨੇ ਇਹ ਅਪਰਾਧ ਸਾਲ 2015 ਵਿਚ ਸੈਨ ਹੋਜ਼ੇ ਵਿਚ ਕੀਤਾ ਸੀ। ਇਹ ਬਿੱਲੀਆਂ ਸਾਲ 2015 ਦੇ ਪਤਝੜ ਦੇ ਮੌਸਮ ਵਿਚ ਸੈਨ ਹੋਜ਼ੇ ਦੇ ਕੈਂਬਰੀਅਨ ਪਾਰਕ ਇਲਾਕੇ ਤੋਂ ਗਾਇਬ ਹੋਈਆਂ ਸਨ। ਇਨ੍ਹਾਂ ਵਿਚੋਂ ਕਈ ਬਿੱਲੀਆਂ ਮ੍ਰਿਤਕ ਪਾਈਆਂ ਗਈਆਂ ਤੇ ਕੁਝ ਕੂੜੇਦਾਨ ਵਿਚੋਂ ਮਿਲੀਆਂ ਸਨ। ਰਾਬਰਟ ਨੇ ਜਾਨਵਰਾਂ 'ਤੇ ਅੱਤਿਆਚਾਰ ਕਰਨ ਦੇ 21 ਅਪਰਾਧ ਕਬੂਲ ਕੀਤੇ। ਇਨ੍ਹਾਂ ਵਿਚ 18 ਬਿੱਲੀਆਂ ਨੂੰ ਮਾਰਨ ਤੇ 3 ਨੂੰ ਜ਼ਖਮੀ ਕਰਨਾ ਸ਼ਾਮਲ ਸੀ।

## ਤਾਰਿਆਂ ਦੇ ਜਨਮ ਬਾਰੇ ਹੈਰਾਨਕੁਨ ਜਾਣਕਾਰੀ

**ਚੰਡੀਗੜ੍ਹ:** ਤਾਰਿਆਂ ਦੇ ਜਨਮ ਬਾਰੇ ਵਿਗਿਆਨੀਆਂ ਨੂੰ ਨਵੇਂ ਸਬੂਤ ਮਿਲੇ ਹਨ। ਤਾਜ਼ਾ ਅਧਿਐਨ ਮੁਤਾਬਕ ਵਿਸ਼ਾਲ ਤਾਰਿਆਂ 'ਚ ਧਮਾਕੇ ਨਾਲ ਨਵੀਂ ਪੀੜ੍ਹੀ ਦੇ ਤਾਰਿਆਂ ਦਾ ਜਨਮ ਹੁੰਦਾ ਹੈ। ਵਿਸ਼ਾਲ ਤਾਰਿਆਂ ਦੀ ਸ਼੍ਰੇਣੀ 'ਚ ਅਜਿਹੇ ਤਾਰੇ ਆਉਂਦੇ ਹਨ ਜਿਨ੍ਹਾਂ ਦਾ ਆਕਾਰ ਸੂਰਜ ਤੋਂ 10 ਗੁਣਾ ਜਾਂ ਉਸ ਤੋਂ ਵੱਡਾ ਹੋਵੇ। ਬਰਤਾਨੀਆ ਦੀ ਕਾਰਡਿਫ ਯੂਨੀਵਰਸਿਟੀ ਦੇ ਖੋਜਕਰਤਾਵਾਂ ਨੂੰ ਵਿਸ਼ਾਲ ਤਾਰੇ ਸੁਪਰਨੋਵਾ 1987-ਏ ਦੇ ਅਧਿਐਨ 'ਚ ਇਸ ਨਾਲ ਜੁੜੇ ਸਬੂਤ ਮਿਲੇ ਹਨ।

ਇਹ ਵਿਸ਼ਾਲ ਤਾਰਾ ਸਾਡੀ ਆਕਾਸ਼ ਗੰਗਾ ਦੀ ਨਜ਼ਦੀਕੀ ਆਕਾਸ਼ ਗੰਗਾ 'ਚ ਧਰਤੀ ਤੋਂ ਕਰੀਬ 1,63,000 ਪ੍ਰਕਾਸ਼ ਸਾਲ ਦੀ ਦੂਰੀ ਉਤੇ ਸਥਿਤ ਹੈ। ਵਿਗਿਆਨੀਆਂ ਨੇ ਇਸ ਤਾਰੇ 'ਚ ਧਮਾਕੇ ਪਿਛੋਂ ਠੰਢੇ ਪੈ ਚੁਕੇ ਮਲਬੇ ਵਿਚ ਫਾਰਮੀਲੀਅਮ ਅਤੇ ਸਲਫਰ ਮੋਨੋ ਆਕਸਾਈਡ ਦੇ ਅਣੂ ਦੇਖੇ ਹਨ। ਪਹਿਲਾਂ ਮੰਨਿਆ ਜਾਂਦਾ ਸੀ ਕਿ ਤਾਰੇ 'ਚ ਧਮਾਕੇ ਪਿਛੋਂ ਉਹ ਬਰਬਾਦ ਹੋ ਜਾਂਦਾ ਹੈ। ਵਿਗਿਆਨੀ ਮਿਕਾਕੋ ਮਤਸੁਰਾ ਨੇ ਕਿਹਾ ਕਿ ਜਿਵੇਂ ਜਿਵੇਂ ਧਮਾਕੇ ਪਿਛੋਂ ਮਲਬੇ ਦਾ ਤਾਪਮਾਨ ਡਿੱਗ ਕੇ 200 ਡਿਗਰੀ ਸੈਲਸੀਅਸ ਦੇ ਕਰੀਬ ਪਹੁੰਚਦਾ ਹੈ, ਵੱਖ-ਵੱਖ ਅਣੂ ਇਕ ਦੂਜੇ ਨੂੰ ਮਿਲੇ ਹਨ।

## ਧੀ ਨੂੰ ਫਾਹਾ ਦੇਣ ਮਗਰੋਂ ਪਿਤਾ ਵੱਲੋਂ ਖੁਦਕੁਸ਼ੀ

**ਜਗਰਾਉਂ:** ਮੁਹੱਲਾ ਮਹੰਤਾ ਵਿਚ ਇਕ ਵਿਅਕਤੀ ਨੇ ਆਪਣੀ ਮਾਨਸਿਕ ਤੌਰ 'ਤੇ ਪਰੇਸ਼ਾਨ ਨਾਬਾਲਗ ਧੀ ਨੂੰ ਫਾਹਾ ਦੇਣ ਮਗਰੋਂ ਆਪ ਵੀ ਪੱਖੇ ਨਾਲ ਲਟਕ ਕੇ ਖੁਦਕੁਸ਼ੀ ਕਰ ਲਈ। 42 ਸਾਲਾ ਮੁਕੇਸ਼ ਕੁਮਾਰ ਸਿੰਗਲਾ ਸ਼ਹਿਰ ਵਿਚ ਰੁਮਾਲੇ ਵੇਚਣ ਦਾ ਕੰਮ ਕਰਦਾ ਸੀ। ਉਸ ਦੀ 14 ਸਾਲਾ ਬੇਟੀ ਪਲਕ ਦੀ ਬਚਪਨ ਤੋਂ ਮਾਨਸਿਕ ਹਾਲਤ ਠੀਕ ਨਹੀਂ ਸੀ। ਇਸ ਕਾਰਨ ਮੁਕੇਸ਼ ਕੁਮਾਰ ਪਰੇਸ਼ਾਨ ਰਹਿੰਦਾ ਸੀ। ਉਸ ਨੇ ਆਪਣੀ ਧੀ ਪਲਕ ਨੂੰ ਘਰ ਦੇ ਕਮਰੇ ਦੇ ਪੱਖੇ ਨਾਲ ਲਟਕਾ ਦਿੱਤਾ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਇਸ ਮਗਰੋਂ ਉਸ ਨੇ ਦੂਜੇ ਕਮਰੇ ਵਿਚ ਜਾ ਕੇ ਖੁਦਕੁਸ਼ੀ ਕਰ ਲਈ।

## ਸਿੱਖ ਵਿਦਿਆਰਥੀਆਂ ਦੇ ਕੱਕਾਰਾਂ ਦਾ ਮੁੱਦਾ ਮੰਤਰੀ ਕੋਲ ਉਠਾਇਆ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਕੇਂਦਰੀ ਮਨੁੱਖੀ ਸਰੋਤ ਵਿਕਾਸ ਮੰਤਰੀ ਪ੍ਰਕਾਸ਼ ਜਾਵੜੇਕਰ ਨੂੰ ਪੱਤਰ ਭੇਜ ਕੇ ਸਿੱਖ ਬੱਚਿਆਂ ਨੂੰ ਵੱਖ-ਵੱਖ ਪ੍ਰੀਖਿਆਵਾਂ ਦੌਰਾਨ ਕਕਾਰ ਉਤਾਰਨ ਲਈ ਮਜਬੂਰ ਕਰਨ ਦੇ ਨਾਜ਼ੁਕ ਮਸਲੇ ਦਾ ਜਲਦ ਹੱਲ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਲਿਖਿਆ ਕਿ ਅਕਸਰ ਹੀ ਸਿੱਖ ਬੱਚਿਆਂ ਨੂੰ ਦੇਸ਼ ਵਿਚ ਵੱਖ-ਵੱਖ ਥਾਈਂ ਹੁੰਦੀਆਂ ਪ੍ਰੀਖਿਆਵਾਂ ਵਿਚ ਬੈਠਣ ਲਈ ਕਿਰਪਾਨ ਜਾਂ ਕੜਾ ਉਤਾਰਨ ਲਈ ਮਜਬੂਰ ਕੀਤਾ ਜਾਂਦਾ ਹੈ, ਜੋ ਸਿੱਖ ਰਹਿਣੀ ਦੇ ਵਿਰੁੱਧ ਹੈ। ਉਨ੍ਹਾਂ ਕਿਹਾ ਕਿ ਅੰਮ੍ਰਿਤਧਾਰੀ ਸਿੱਖਾਂ ਲਈ ਕੇਸ, ਕੰਘਾ, ਕੜਾ, ਕਿਰਪਾਨ ਤੇ ਕਛਹਿਰਾ ਪਹਿਨਣੇ ਲਾਜ਼ਮੀ ਹਨ। ਕੱਕਾਰ ਉਤਰਵਾਉਣ ਦਾ ਮਾਮਲਾ ਕਈ ਵਾਰ ਸਬੰਧਤ ਅਧਿਕਾਰੀਆਂ ਦੇ ਧਿਆਨ ਵਿਚ ਲਿਆਂਦਾ ਗਿਆ ਪਰ ਇਸ ਦਾ ਸਥਾਈ ਤੌਰ 'ਤੇ ਕੋਈ ਹੱਲ ਨਹੀਂ ਕੀਤਾ ਗਿਆ।

ਉਨ੍ਹਾਂ ਸ੍ਰੀ ਜਾਵੜੇਕਰ ਨੂੰ ਇਸ ਧਾਰਮਿਕ ਮਸਲੇ ਵੱਲ ਨਿੱਜੀ ਤੌਰ ਉਤੇ ਧਿਆਨ ਦਿੰਦਿਆਂ ਅੰਮ੍ਰਿਤਧਾਰੀ ਸਿੱਖ ਬੱਚਿਆਂ ਦੇ ਕਕਾਰਾਂ ਸਮੇਤ ਪ੍ਰੀਖਿਆ ਵਿਚ ਬੈਠਣ ਨੂੰ ਯਕੀਨੀ ਬਣਾਉਣ ਲਈ ਸਬੰਧਤ ਅਧਿਕਾਰੀਆਂ ਤੇ ਵਿਭਾਗਾਂ ਨੂੰ ਤੁਰਤ ਹਦਾਇਤਾਂ ਜਾਰੀ ਕਰਨ ਦੀ ਮੰਗ ਕੀਤੀ।

# ਰਾਏਪੁਰ ਡੱਬੀਏ ਸ਼ੇਰਗਿੱਲ 'ਬਾਬੇ-ਪੋਤੇ ਦਾ ਕਮਾਲ'

## ਖੇਡਾਂ ਦੀ ਦੁਨੀਆਂ

ਰਾਏਪੁਰ ਡੱਬੇ ਨੇ ਪੇਂਡੂ ਖੇਡ ਮੇਲਿਆਂ ਤੋਂ ਲੈ ਕੇ ਪਰਦੇਸਾਂ ਤੱਕ ਵੱਡੀਆਂ ਮੱਲਾਂ ਮਾਰੀਆਂ। ਰੱਬ ਦੀ ਕ੍ਰਿਪਾ ਕਹਿ ਲਓ ਜਾਂ ਪਿੰਡ ਦੇ ਵੱਡੇ ਵੱਡੇ ਮੱਲਾਂ ਦਾ ਆਸ਼ੀਰਵਾਦ-ਪਿੰਡ ਦੇ ਬੱਚੇ, ਗੱਭਰੂ, ਬਜ਼ੁਰਗ ਪਾਣੀ ਤੇ ਮਿੱਟੀ ਦੀ ਲਾਜ ਰੱਖਣ ਲਈ ਖੇਡਾਂ ਵੱਲ ਪ੍ਰੇਰਤ ਹੁੰਦੇ ਹਨ। ਦੁਨੀਆਂ ਦੇ ਖੇਡ ਨਕਸ਼ੇ 'ਤੇ ਬੜਾ ਨਾਂ ਕਮਾਇਐ ਇਸ ਪਿੰਡ ਨੇ। ਜਿਥੇ ਇਸ




ਇਕਬਾਲ ਸਿੰਘ ਜੱਬੋਵਾਲੀਆ
ਫੋਨ: 917-375-6395

ਪਿੰਡ ਦੇ ਗੱਭਰੂਆਂ ਨੇ ਮੱਲਾਂ ਮਾਰੀਆਂ ਉਥੇ ਬਾਬੇ ਵੀ ਪਿਛੇ ਨਾ ਰਹੇ। ਬਾਬਿਆਂ ਨੇ ਸ਼ੌਕ ਪਾਲਿਆ ਤੇ ਸ਼ੌਕ ਨੂੰ ਬਰਕਰਾਰ ਰੱਖਣ ਲਈ ਗੁਰਮੀਤ ਸਿੰਘ ਸ਼ੇਰਗਿੱਲ ਵਰਗੇ ਬਾਬਿਆਂ ਨੇ ਜਾਨ ਤੋੜ ਕੇ ਵਰਜਿਸ਼ਾਂ ਕੀਤੀਆਂ ਤੇ ਨੌਜਵਾਨਾਂ ਤੇ ਬਜ਼ੁਰਗਾਂ ਲਈ ਮਿਸਾਲ ਬਣ ਕੇ ਪਿੰਡ ਦੇ ਨਾਂ ਨੂੰ ਵਿਦੇਸ਼ੀ ਧਰਤੀ 'ਤੇ ਚਮਕਾਇਆ। ਖੁਰਾਕ ਵੀ ਕੋਈ ਸਪੈਸ਼ਲ ਨਹੀਂ ਸੀ। ਪੰਜਾਬ ਵਾਲਾ ਸਾਦਾ ਖਾਣਾ। ਦੁੱਧ, ਘਿਓ, ਦਾਲ, ਸਬਜ਼ੀ ਤੇ ਹਫਤੇ 'ਚ ਦੋ ਕੁ ਵਾਰ ਮੀਟ।

ਕੈਲੀਫੋਰਨੀਆ ਦੇ ਖੇਡ ਮੇਲਿਆਂ 'ਤੇ ਗੁਰਮੀਤ ਸਿੰਘ ਸ਼ੇਰਗਿੱਲ ਨੇ ਕਈ ਸਾਲ ਭਾਰ ਚੁੱਕਿਆ ਤੇ ਵੱਖਰੀ ਪਹਿਚਾਣ ਬਣਾਈ। 2008 'ਚ 66 ਸਾਲ ਦੀ ਉਮਰੇ ਉਹਨੇ ਭਾਰ ਚੁੱਕਣਾ ਸ਼ੁਰੂ ਕੀਤਾ ਤੇ 2016 ਤੱਕ 74 ਸਾਲ ਦਾ ਹੋ ਕੇ ਵੀ ਖੇਡ ਮੇਲਿਆਂ ਵਿਚ ਜੌਹਰ ਵਿਖਾਏ। ਆਪਣੀ ਉਮਰ ਦੇ ਹੋਰ ਲੋਕਾਂ ਨਾਲੋਂ ਵੱਧ ਭਾਰ ਚੁੱਕ ਕੇ ਨੌਜਵਾਨਾਂ ਨੂੰ ਦੱਸ ਦਿਤਾ ਕਿ ਬਾਬੇ ਹਾਲੇ ਕਾਇਮ ਨੇ। ਖਾਧੀਆਂ ਪੁਰਾਣੀਆਂ ਖੁਰਾਕਾਂ ਦਾ ਕਮਾਲ। ਪੰਜਾਬ 'ਚ ਤਾਂ ਉਹ ਪਹਿਲਵਾਨੀ ਤੇ ਕਬੱਡੀ ਖੇਡ ਮੇਲੇ ਵੇਖਣ ਦਾ ਸ਼ੌਕੀਨ ਹੈ ਹੀ ਸੀ, ਭਾਰ ਚੁੱਕਣ ਦਾ ਸ਼ੌਕ ਉਹਨੂੰ ਕੈਲੀਫੋਰਨੀਆ ਆ ਕੇ ਪਿਆ।

ਕੈਨੇਡਾ ਦੇ ਖੇਡ ਪੱਤਰਕਾਰ ਤੇ ਪ੍ਰਸਿੱਧ ਕੈਮਰਾਮੈਨ ਸੰਤੋਖ ਸਿੰਘ ਮੰਡੇਰ ਨੇ ਖੇਡ ਮੇਲਿਆਂ 'ਚ ਉਸ ਦੀਆਂ ਫੋਟੋਆਂ ਖਿੱਚ ਕੇ ਮਾਣ ਮਹਿਸੂਸ ਕੀਤਾ। ਲੋਕਾਂ ਦੇ ਭਰਵੇਂ ਹੁੰਗਾਰੇ ਤੇ ਹੌਸਲੇ ਨੇ ਉਹਨੂੰ ਅੱਗੇ ਤੋਂ ਅੱਗੇ ਤੋਰੀ ਰੱਖਿਆ। ਆਪਣੇ ਆਪ ਨੂੰ ਫਿੱਟ ਰੱਖਣ ਲਈ ਭਾਰ ਚੁੱਕਣ ਦੇ ਨਾਲ ਨਾਲ ਜੱਬੋਵਾਲੀਏ ਜੀਤੇ (ਇੰਦਰਜੀਤ ਨਾਗਰਾ) ਵਲੋਂ ਕੈਲੀਫੋਰਨੀਆ ਵਿਚ ਬਣਾਈ ਗਈ ਬਜ਼ੁਰਗਾਂ ਦੀ ਰੱਸਾਕਸ਼ੀ ਟੀਮ ਦਾ ਵੀ ਅਹਿਮ ਮੈਂਬਰ ਬਣਿਆ। ਗਰਾਊਂਡ ਵਿਚ ਜਾ ਕੇ ਜੀਤਾ ਆਪ ਪ੍ਰੈਕਟਿਸ ਕਰਦਾ ਤੇ ਬਾਬਿਆਂ ਨੂੰ ਕਰਾਉਂਦਾ। ਕਹਿੰਦੇ ਨੇ ਬਾਬੇ ਖੁਸ਼ ਤੇ ਕੁਦਰਤ ਖੁਸ਼। ਬਾਬੇ ਫੌਜਾ ਸਿੰਘ ਜਿਹੇ ਦੌੜਾਕ ਦੇ ਕਦਮਾਂ 'ਤੇ ਚਲਦਿਆਂ ਗੁਰਮੀਤ ਸਿੰਘ ਨੇ ਭਾਰ ਚੁੱਕ ਕੇ ਬਾਬਿਆਂ ਦੇ ਮਾਣ ਵਿਚ ਹੋਰ ਵਾਧਾ ਕੀਤਾ। ਕਈ ਪੀੜ੍ਹੀਆਂ ਵੇਖ ਚੁਕਾ ਉਹ ਪਿੰਡ ਦਾ ਪਹਿਲਵਾਨੀ-ਇਤਿਹਾਸ, ਖੇਡਾਂ ਤੇ ਹੋਰ ਬਹੁਤ ਕੁਝ ਸਾਂਭੀ ਬੈਠਾ ਹੈ।

ਰੁਸਤਮ-ਏ-ਹਿੰਦ ਪਹਿਲਵਾਨ ਹਰਬੰਸ ਸਿੰਘ (ਦਾਰਾ ਸਿੰਘ ਦਾ ਉਸਤਾਦ), ਪ੍ਰਿੰ. ਕਸ਼ਮੀਰਾ ਸਿੰਘ, ਪੀ ਆਰ ਸੋਂਧੀ (ਭਾਰਤੀ ਕੁਸ਼ਤੀ ਦਾ ਕੋਚ), ਸੰਨੀ ਗਿੱਲ, ਜਰਨੈਲ ਜੈਲਾ, ਹਰਜੀਤ ਸਿੰਘ, ਦੇਵ, ਗਿਆਨ, ਘੋਲਾ, ਸੰਤੋਖ ਬਿੱਲਾ, ਕ੍ਰਿਪਾਲ, ਹਰਦੀਪ ਕੁਮਾਰ, ਅਮਨਦੀਪ ਵਿੱਕੀ, ਅਲੀ ਸੋਂਧੀ, ਮਨਦੀਪ ਸੋਂਧੀ ਤੇ ਪ੍ਰਸ਼ੋਤਮ ਇਸ ਪਿੰਡ ਦੇ ਤਕੜੇ ਪਹਿਲਵਾਨ ਹੋਏ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵੇਲੇ ਦਾ ਪਹਿਲਵਾਨ ਦੇਵਾ ਸਿੰਘ ਵੀ ਇਥੋਂ ਦਾ ਹੀ ਸੀ। ਕੁਸ਼ਤੀ ਦਾ ਇਤਿਹਾਸ ਰਚਣ ਵਾਲੇ ਪਿੰਡ ਦੇ ਇਨ੍ਹਾਂ ਪਹਿਲਵਾਨਾਂ ਨੂੰ ਯਾਦ ਕਰਕੇ ਖੁੰਢੀਆਂ ਮੁੱਛਾਂ ਵਾਲੇ ਬਾਬੇ ਗੁਰਮੀਤ ਸਿੰਘ ਦੇ ਖੂਨ ਨੇ ਉਬਾਲੇ ਖਾਧੇ ਤੇ ਭਾਰ ਚੁੱਕਣ ਦੀ ਮੁਹਾਰਤ ਹਾਸਲ ਕੀਤੀ ਤੇ ਸਭ ਲਈ ਮਿਸਾਲ ਬਣਿਆ।



ਗੁਰਮੀਤ ਸਿੰਘ ਸ਼ੇਰਗਿੱਲ



ਸਿਮਰਨਜੀਤ ਸਿੰਘ ਸ਼ੇਰਗਿੱਲ

ਗੁਰਮੀਤ ਸਿੰਘ ਦਾ ਪੋਤਾ ਸਿਮਰਨਜੀਤ ਸਿੰਘ ਵੀ ਪਹਿਲਵਾਨੀ ਦੀ ਦੁਨੀਆਂ 'ਚ ਪ੍ਰਵੇਸ਼ ਕਰ ਚੁਕਾ ਹੈ। ਬਾਹੜੋਵਾਲ ਰਾਣੇ ਪਹਿਲਵਾਨ ਦੇ ਅਖਾੜੇ ਦਾ ਉਹ ਵਧੀਆ ਪਹਿਲਵਾਨ ਹੈ। ਇਸ ਸਾਲ ਦੇ ਯੂਨੀਵਰਸਿਟੀ ਮੁਕਾਬਲਿਆਂ ਵਿਚ ਉਸ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਉਹਦੇ ਤੋਂ ਹਾਲੇ ਬਹੁਤ ਆਸਾਂ ਨੇ। ਗੁਰਮੀਤ ਸਿੰਘ ਦੇ ਦੂਜੇ ਪੋਤੇ ਜਸਕਰਨ ਸਿੰਘ ਨੇ 1998 'ਚ ਮੰਨਣਹਾਣੇ ਤੋਂ ਬਾਲ ਕੇਸਰੀ (ਅੰਡਰ-14) ਗੁਰਜ਼ ਜਿੱਤੀ। ਤੀਜਾ ਪੋਤਾ ਜਸਕੀਰਤ ਸਿੰਘ ਵੀ ਵਧੀਆ ਘੁਲਦਾ ਰਿਹੈ।

ਪਿੰਡ ਰਾਏਪੁਰ ਡੱਬਾ ਵਿਚ ਜਦੋਂ ਕੋਈ ਮੁੰਡਾ ਜਨਮ ਲੈਂਦਾ ਹੈ ਤਾਂ ਪਿੰਡ ਦੇ ਪਹਿਲਵਾਨ ਅਤੇ ਕੋਚ ਪਹਿਲਵਾਨੀ ਦੀ ਗੁੜ੍ਹਤੀ ਤੇ ਆਸ਼ੀਰਵਾਦ ਦਿੰਦੇ ਹਨ। ਪਰਮਾਤਮਾ ਦੀ ਕ੍ਰਿਪਾ ਤੇ ਪੁਰਾਣੇ ਪਹਿਲਵਾਨਾਂ ਦਾ ਆਸ਼ੀਰਵਾਦ ਸਾਲਾਂ ਬੱਧੀ ਚਲਦਾ ਗੁਰਮੀਤ ਸਿੰਘ ਦੇ ਪੋਤਰੇ ਸਿਮਰਨ ਤੱਕ ਜਾ ਪਹੁੰਚਾ ਹੈ। ਸਿਮਰਨ ਨੂੰ ਉਹ ਤਕੜਾ ਪਹਿਲਵਾਨ ਬਣਾਉਣਾ ਚਾਹੁੰਦਾ ਹੈ। ਉਹਦੀ ਖੁਰਾਕ ਤੇ ਹਰ ਖਾਹਿਸ਼ ਦਾ ਪੂਰਾ ਖਿਆਲ ਰੱਖਿਆ ਜਾਂਦਾ ਹੈ। ਪਹਿਲਵਾਨ ਬੁੱਧ ਸਿੰਘ ਤੇ ਸੁਖਵੰਤ ਸਿੰਘ ਨਾਲ ਪਹਿਲਵਾਨੀ ਬਾਰੇ ਸਲਾਹ ਮਸ਼ਵਰਾ ਚਲਦਾ ਰਹਿੰਦਾ ਹੈ। ਹੁਣੇ ਹੁਣੇ ਉਹ ਪੰਜਾਬ ਹੋ ਕੇ ਆਇਆ ਹੈ। ਜਿਥੇ ਵੀ ਛਿੰਝ ਹੁੰਦੀ, ਪੋਤੇ ਨੂੰ ਉਥੇ ਨਾਲ ਲੈ ਜਾਂਦਾ। ਪੰਜਾਬ ਦੀਆਂ ਛਿੰਝਾਂ ਤੋਂ ਲੈ ਪਹਾੜਾਂ ਤੱਕ ਘੁੰਮ ਆਇਆ ਹੈ। ਪੁਰਾਣੇ ਪਹਿਲਵਾਨਾਂ, ਖਿਡਾਰੀਆਂ, ਲਿਖਾਰੀਆਂ ਤੇ ਚੰਗੇ ਇਨਸਾਨਾਂ ਦੀ ਕਦਰ ਕਰਨ ਵਾਲਾ ਗੁਰਮੀਤ ਸਿੰਘ ਇਸ ਵਕਤ ਬੇਟੀ ਪਰਮਜੀਤ ਕੌਰ ਕੋਲ ਫਰਿਜ਼ਨੋ (ਕੈਲੀਫੋਰਨੀਆ) ਰਹਿੰਦਾ ਹੈ। ਵਧਦੀ ਉਮਰ ਦੇ ਲਿਹਾਜ਼ ਤੇ ਡਾਕਟਰਾਂ ਦੀ ਸਲਾਹ ਕਰਕੇ ਹੁਣ ਭਾਰ ਚੁੱਕਣਾ ਬੰਦ ਕਰ ਦਿਤਾ ਹੈ। ਤਕੜਾ ਪਹਿਲਵਾਨ ਬਣਾਉਣ ਲਈ ਸਾਰਾ ਜੋਰ ਹੁਣ ਪੋਤੇ ਸਿਮਰਨਜੀਤ 'ਤੇ ਲੱਗਾ ਹੋਇਐ।

ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?
ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ
ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।
*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ

Rates as low as 2.0%
ਸੰਪਰਕ ਕਰੋ: ਪਾਲ ਫੋਨ 1-800-705-3863
Trucking Companies-Improve Your Cash Flow
*Low Rates *One-Time Discounts *No Minimums
Call Paul at 1-800-705-3863
www.Transportationfunding.com
Transportation Funding Group, Inc.
Minneapolis , MN 55426

TRUCK STOP 40
SAYRE, OK 73662
ਰੋਟੀ ਬਣਾਉਣ ਵਾਲੇ ਅਤੇ ਗੈਸ ਸਟੇਸ਼ਨ ਲਈ ਕੈਸ਼ੀਅਰ ਦੀ ਲੋੜ ਹੈ

ਮਕੈਨਿਕ ਅਤੇ ਮਕੈਨਿਕ ਹੈਲਪਰ ਦੀ ਲੋੜ ਹੈ
ਸੰਪਰਕ ਕਰੋ:
ਫੋਨ: 832-512-7172
580-447-9366

# ਗਾਂ ਤੇ ਗੁਜਰਾਤ ਦਾ ਇਕ ਹੋਰ ਕ੍ਰਿਸ਼ਮਾ

## ਅਮਰਤਿਆ ਸੇਨ ਬਾਰੇ ਦਸਤਾਵੇਜ਼ੀ ਦਾ ਰਾਹ ਰੋਕਿਆ



ਅਮਰਤਿਆ ਸੇਨ

## ਕਲਾ ਪਰਿਕਰਮਾ


ਸੈਂਸਰ ਬੋਰਡ ਨੇ ਨੋਬੇਲ ਪੁਰਸਕਾਰ ਜੇਤੂ ਅਮਰਤਿਆ ਸੇਨ ਬਾਰੇ ਦਸਤਾਵੇਜ਼ੀ 'ਦਿ ਆਰਗਿਊਮੈਂਟੇਟਿਵ ਇੰਡੀਅਨ' ਡੱਕ ਲਈ ਹੈ। ਕਾਰਨ? ਫਿਲਮ ਵਿਚ 'ਗਾਂ', 'ਗੁਜਰਾਤ', 'ਹਿੰਦੂ ਇੰਡੀਆ' ਅਤੇ 'ਹਿੰਦੂਤਵ' ਸ਼ਬਦ ਆ ਰਹੇ ਹਨ। ਬੋਰਡ ਨੇ ਫਿਲਮਸਾਜ਼ ਸੁਮਨ ਘੋਸ਼ ਨੂੰ ਕਿਹਾ ਕਿ ਜਿਸ ਥਾਂ ਇਹ ਚਾਰੇ ਸ਼ਬਦ- ਗਾਂ, ਗੁਜਰਾਤ, ਹਿੰਦੂ ਇੰਡੀਆ ਤੇ ਹਿੰਦੂਤਵ, ਆਏ ਹਨ, ਉਸ ਥਾਂ ਆਵਾਜ਼ ਬੰਦ ਕਰ ਦਿੱਤੀ ਜਾਵੇ। ਸੈਂਟਰਲ ਬੋਰਡ ਆਫ ਫਿਲਮ ਸਰਟੀਫਿਕੇਸ਼ਨ ਵੱਲੋਂ ਸੈਂਸਰ ਸਰਟੀਫਿਕੇਟ ਹਾਸਲ ਕਰਨ ਲਈ

**ਆਮਨਾ ਕੌਰ**

ਲਾਈ ਇਸ ਸ਼ਰਤ ਕਾਰਨ ਫਿਲਮ 'ਦਿ ਆਰਗਿਊਮੈਂਟੇਟਿਵ ਇੰਡੀਅਨ' ਦੇ ਰਿਲੀਜ਼ ਹੋਣ ਬਾਰੇ ਹੁਣ ਬੇਯਕੀਨੀ ਹੈ, ਕਿਉਂਕਿ ਘੋਸ਼ ਨੇ ਇਨ੍ਹਾਂ ਸ਼ਬਦਾਂ ਵੇਲੇ ਆਵਾਜ਼ ਬੰਦ ਨਾ ਕਰਨ ਦਾ ਫੈਸਲਾ ਕੀਤਾ ਹੈ। ਇਹ ਫਿਲਮ 14 ਜੁਲਾਈ ਨੂੰ ਰਿਲੀਜ਼ ਹੋਣੀ ਸੀ। ਉਂਜ, ਸੈਂਸਰ ਬੋਰਡ ਨੇ ਇਹ ਨਹੀਂ ਦੱਸਿਆ ਕਿ ਚਾਰੇ ਸ਼ਬਦ ਇਤਰਾਜ਼ਯੋਗ ਕਿਉਂ ਹਨ!

ਸੁਮਨ ਘੋਸ਼ ਦਾ ਕਹਿਣਾ ਹੈ ਕਿ ਅਮਰਤਿਆ ਸੇਨ ਅਤੇ ਇੰਟਰਵਿਊ ਲੈਣ ਵਾਲੇ ਅਰਥ ਸ਼ਾਸਤਰੀ ਕੌਸ਼ਿਕ ਬਾਸੂ ਵਿਚਕਾਰ ਹੋਈ ਗੁਫਤਗੂ ਵਿਚੋਂ ਇਹ ਸ਼ਬਦ ਹਟਾਉਣ ਨਾਲ ਤਾਂ ਇਸ ਦਸਤਾਵੇਜ਼ੀ ਦੀ ਆਤਮਾ ਹੀ ਮਾਰੀ ਜਾਵੇਗੀ। ਸੈਂਸਰ ਬੋਰਡ ਦੀਆਂ ਇਨ੍ਹਾਂ ਅੰਨ੍ਹੀਆਂ ਹਦਾਇਤਾਂ ਦੀ ਹਰ ਪਾਸਿਓਂ ਤਿੱਖੀ ਨੁਕਤਾਚੀਨੀ ਹੋ ਰਹੀ ਹੈ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਇਸ ਮਾਮਲੇ ਉਤੇ ਫਿਕਰ ਜ਼ਾਹਿਰ ਕੀਤੀ ਹੈ ਅਤੇ ਕਿਹਾ ਹੈ ਕਿ ਹਰ ਵਿਰੋਧੀ ਵਿਚਾਰ ਦਾ ਗਲ ਘੁੱਟਿਆ ਜਾ ਰਿਹਾ ਹੈ।

ਦੇਸ਼ ਵਿਦੇਸ਼ ਦੀਆਂ ਅਖ਼ਬਾਰਾਂ ਅਤੇ ਟੀ.ਵੀ. ਚੈਨਲਾਂ 'ਤੇ ਸੁਮਨ ਘੋਸ਼ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਿਆ ਗਿਆ ਹੈ। ਯਾਦ ਰਹੇ ਕਿ ਜਦੋਂ ਤੋਂ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਕੇਂਦਰ ਵਿਚ ਬਣੀ ਹੈ, ਅਖੌਤੀ ਰਾਸ਼ਟਰਵਾਦ ਦੇ ਨਾਂ 'ਤੇ ਵਿਚਾਰਾਂ ਦੀ ਆਜ਼ਾਦੀ ਉਤੇ ਵੀ ਬੰਨ੍ਹ ਮਾਰਿਆ ਜਾ ਰਿਹਾ ਹੈ। ਇਹੀ ਨਹੀਂ, ਧਾਰਮਿਕ ਘੱਟ ਗਿਣਤੀਆਂ, ਖਾਸ ਕਰ ਕੇ ਮੁਸਮਾਨਾਂ ਨੂੰ ਚੁਣ ਚੁਣ ਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਪਿਛਲੇ ਸਾਲ ਦਾਦਰੀ ਵਿਚ ਮੁਹੰਮਦ ਅਖਲਾਕ ਨੂੰ ਭੀੜ ਵੱਲੋਂ ਕੁੱਟ ਕੁੱਟ ਕੇ ਮਾਰੇ ਜਾਣ ਤੋਂ ਬਾਅਦ ਤਿੱਖਾ ਰੋਸ ਜਾਗਿਆ ਸੀ। ਇਸ ਰੋਸ ਵਿਚ ਕਲਾਕਾਰਾਂ, ਖਾਸ ਕਰ ਕੇ ਲੇਖਕਾਂ ਨੇ ਨਿੱਗਰ ਯੋਗਦਾਨ ਪਾਇਆ ਸੀ। ਪੰਜ ਦਰਜਨ ਦੇ ਕਰੀਬ ਲੇਖਕਾਂ ਨੇ ਆਪੋ ਆਪਣੇ ਕੌਮੀ ਸਾਹਿਤਕ ਅਕਾਦਮੀ ਇਨਾਮ ਵਾਪਰ ਕਰ ਦਿੱਤੇ ਸਨ। ਇਹ ਇਨਾਮ ਵਾਪਸ ਕਰਨ ਵਾਲਿਆਂ ਵਿਚ ਪੰਜਾਬੀ ਲਿਖਾਰੀਆਂ ਦੀ ਵੀ




*ਅਮਰਤਿਆ ਦੀ ਕਿਤਾਬ ਦਾ ਟਾਈਟਲ ਜਿਸ ਦੇ ਆਧਾਰ 'ਤੇ ਦਸਤਾਵੇਜ਼ੀ ਦਾ ਨਾਂ ਰੱਖਿਆ ਗਿਆ ਹੈ।*

ਚੋਖੀ ਗਿਣਤੀ ਸੀ, ਪਰ ਇੰਨੀ ਵੱਡੀ ਲਹਿਰ ਉਠਣ ਤੋਂ ਬਾਅਦ ਵੀ ਕੱਟੜਪੰਥੀ ਅਤੇ ਹਿੰਦੂਤਵੀ ਤਾਕਤਾਂ ਦੀ ਲੜਾਈ ਨੂੰ ਡੱਕਿਆ ਨਹੀਂ ਜਾ ਸਕਿਆ। ਦਰਅਸਲ ਕਮਜ਼ੋਰ ਵਿਰੋਧੀ ਧਿਰ ਦਾ ਸਾਰਾ ਲਾਹਾ ਇਹ ਤਾਕਤਾਂ ਲੈ ਗਈਆਂ ਅਤੇ ਸਿੱਟੇ ਵਜੋਂ ਇਨ੍ਹਾਂ ਦੀ ਚੜ੍ਹਤ ਬਰਕਰਾਰ ਰਹੀ।

ਫਿਲਮ ਸੈਂਸਰ ਬੋਰਡ ਦਾ ਚੇਅਰਮੈਨ ਪਹਿਲਾਜ ਨਿਹਲਾਨੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਭਾਜਪਾ ਪੱਖੀ ਹੈ। ਉਹ ਸ਼ਰੇਆਮ ਸਰਕਾਰ ਦੀ ਹਮਾਇਤ ਕਰਦਾ ਹੈ ਅਤੇ ਸਰਕਾਰ ਦੀ ਸ਼ਹਿ ਉਤੇ ਅਜਿਹੇ ਫੈਸਲੇ ਪਹਿਲਾਂ ਵੀ ਫਿਲਮਸਾਜ਼ਾਂ ਉਤੇ ਠੋਸ ਚੁੱਕਾ ਹੈ। ਉਸ ਨੇ ਤਾਂ ਚੇਅਰਮੈਨ ਬਣਦੇ ਸਾਰ ਹੋਛੀਆਂ ਹਰਕਤਾਂ ਸ਼ੁਰੂ ਕਰ ਦਿੱਤੀਆਂ ਸਨ। ਸੁਮਨ ਘੋਸ਼ ਵਾਲੀ ਫਿਲਮ ਬਾਰੇ ਸੈਂਸਰ ਬੋਰਡ ਦੇ ਫੈਸਲੇ ਦੀ ਪੈਰਵੀ ਕਰਦਿਆਂ ਹੁਣ ਉਸ ਨੇ ਕਿਹਾ ਹੈ ਕਿ ਉਹ ਤਾਂ ਆਪਣਾ ਕੰਮ ਕਰ ਰਹੇ ਹਨ, ਜੇ ਕਿਸੇ ਨੂੰ ਕੋਈ ਇਤਰਾਜ਼ ਹੈ ਤਾਂ ਉਹ ਅਪੀਲ ਅਦਾਲਤ ਕੋਲ ਜਾ ਸਕਦਾ ਹੈ। ਚੇਤੇ ਰਹੇ ਕਿ ਮੁੰਬਈ ਵਸਦੇ ਉਘੇ ਫਿਲਮਸਾਜ਼ ਆਨੰਦ ਪਟਵਰਧਨ ਦੀ ਬਾਬਰੀ ਮਸਜਿਦ ਅਤੇ ਰਾਮ ਮੰਦਿਰ ਦੇ ਪ੍ਰਸੰਗ ਵਿਚ ਬਣਾਈ ਫਿਲਮ 'ਰਾਮ ਕੇ ਨਾਮ' ਵੀ ਰੋਕ ਲਈ ਗਈ ਸੀ। ਉਦੋਂ ਉਸ ਨੇ ਹਾਈ ਕੋਰਟ ਤੱਕ ਲੜਾਈ ਲੜੀ ਅਤੇ ਆਖ਼ਰਕਾਰ ਇਹ ਫਿਲਮ ਦਿਖਾਉਣੀ ਪਈ।

ਉਘੇ ਫਿਲਮਸਾਜ਼ ਸ਼ਾਮ ਬੈਨੇਗਲ, ਇਤਿਹਾਸਕਾਰ ਰੋਮਿਲਾ ਥਾਪਰ ਤੇ ਇਰਫਾਨ ਹਬੀਬ, ਉਘੀ ਲਿਖਾਰੀ ਸ਼ੋਭਾ ਡੇਅ ਅਤੇ ਹੋਰ ਵਿਦਵਾਨਾਂ ਨੇ ਦਸਤਾਵੇਜ਼ੀ ਦੇ ਸ਼ਬਦਾਂ ਦੀ ਆਵਾਜ਼ ਬੰਦ ਕਰਨ ਦਾ ਫੈਸਲਾ ਥੋਪਣ ਦੀ ਆਲੋਚਨਾ ਕੀਤੀ ਹੈ ਅਤੇ ਕਿਹਾ ਹੈ ਕਿ ਇਹ ਤਾਨਾਸ਼ਾਹੀ ਤੋਂ ਵੱਧ ਕੁਝ ਨਹੀਂ ਤੇ ਇਹ ਬੋਲਣ ਦੀ ਆਜ਼ਾਦੀ ਉਤੇ ਸਿੱਧਾ ਡਾਕਾ ਹੈ। ਕੌਮਾਂਤਰੀ ਪੱਧਰ ਉਤੇ ਵੀ ਇਸ ਮਸਲੇ ਨੂੰ ਵਿਚਾਰਿਆ ਗਿਆ ਹੈ। ਅਮਰਤਿਆ ਸੇਨ (3 ਨਵੰਬਰ 1933) ਦੀ ਸ਼ਖਸੀਅਤ ਦੇ ਮੱਦੇਨਜ਼ਰ ਕੌਮਾਂਤਰੀ ਭਾਈਚਾਰੇ ਨੇ ਵੀ ਇਹ ਮੱਦਾ ਉਠਾਇਆ ਹੈ। ਚੇਤੇ ਰਹੇ ਕਿ ਅਮਰਤਿਆ ਸੇਨ ਨੂੰ ਸਾਲ 1998 ਲਈ ਨੋਬੇਲ ਇਨਾਮ (ਅਰਥ ਸ਼ਾਸਤਰ ਲਈ) ਮਿਲ ਚੁੱਕਾ ਹੈ। ਭਾਰਤ ਸਰਕਾਰ ਵੱਲੋਂ ਉਸ ਨੂੰ 'ਭਾਰਤ ਰਤਨ' ਨਾਲ ਵੀ ਨਵਾਜਿਆ ਜਾ ਚੁੱਕਾ ਹੈ। ਸੰਘ ਨਾਲ ਸਬੰਧਤ 'ਵਿਦਵਾਨਾਂ' ਦੀਆਂ ਸਰਗਰਮੀਆਂ ਕਾਰਨ ਉਸ ਨੂੰ ਨਾਲੰਦਾ ਯੂਨੀਵਰਸਿਟੀ ਤੋਂ ਵੀ ਵੱਖ ਹੋਣਾ ਪੈ ਗਿਆ ਸੀ। ਜਦੋਂ 2014 ਵਿਚ ਭਾਜਪਾ ਨੇ ਨਰੇਂਦਰ ਮੋਦੀ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਬਣਾਇਆ ਸੀ ਤਾਂ ਅਮਰਤਿਆ ਸੇਨ ਨੇ ਇਸ ਦਾ ਤਿੱਖਾ ਵਿਰੋਧ ਕੀਤਾ ਸੀ।



## ਫਿਲਮਸਾਜ਼ ਸੁਮਨ ਘੋਸ਼ ਦੀ ਨਾਬਰੀ

*ਸੈਂਟਰਲ ਬੋਰਡ ਆਫ ਫਿਲਮ ਸਰਟੀਫਿਕੇਸ਼ਨ (ਸੀ.ਬੀ.ਐਫ.ਸੀ.) ਨੇ ਭਾਵੇਂ ਸੁਮਨ ਘੋਸ਼ ਦੀ ਦਸਤਾਵੇਜ਼ੀ ਫਿਲਮ 'ਦਿ ਆਰਗਿਊਮੈਂਟੇਟਿਵ ਇੰਡੀਅਨ' ਡੱਕ ਲਈ ਹੈ, ਪਰ ਸੁਮਨ ਘੋਸ਼ ਨੇ ਫਿਲਮ ਦਾ ਟਰੇਲਰ ਰਿਲੀਜ਼ ਕਰ ਦਿੱਤਾ ਹੈ। ਸੈਂਸਰ ਬੋਰਡ ਦੇ ਮੁਖੀ ਪਹਿਲਾਜ ਨਿਹਲਾਨੀ ਨੇ ਆਗਿਆ ਤੋਂ ਬਗੈਰ ਟਰੇਲਰ ਰਿਲੀਜ਼ ਕਰਨ 'ਤੇ ਇਤਰਾਜ਼ ਜ਼ਾਹਿਰ ਕੀਤਾ ਹੈ। ਸੁਮਨ ਘੋਸ਼ ਨੇ ਇਸ ਦਾ ਵੀ ਜਵਾਬ ਦਿੱਤਾ ਹੈ ਅਤੇ ਕਿਹਾ ਹੈ ਕਿ ਹੁਣ ਇੰਟਰਨੈੱਟ ਉਤੇ ਪਾਏ ਟਰੇਲਰ ਉਤੇ ਵੀ ਕੁੰਡੇ ਪਾਏ ਜਾ ਰਹੇ ਹਨ। ਹੈਰਾਨੀ ਹੈ ਕਿ ਕਿਥੇ ਤੱਕ ਪਿੱਛਾ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਇਸ ਨਾਲ ਸਾਫ ਪਤਾ ਲੱਗ ਰਿਹਾ ਹੈ ਕਿ ਬੇਵਜ੍ਹਾ ਹੀ ਤੰਗ ਕੀਤਾ ਜਾ ਰਿਹਾ ਹੈ, ਕਿਉਂਕਿ ਟਰੇਲਰ ਵਿਚ ਤਾਂ ਇਤਰਾਜ਼ ਵਾਲੇ ਸ਼ਬਦ ਹੀ ਨਹੀਂ ਹਨ।*

# ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 29 ਜੁਲਾਈ 2017 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-283



*ਬਚਪਨ ਵਾਲੇ ਵਕਤ ਦੀਆਂ ਕਿਆ ਬਾਤਾਂ ਨੇ, ਅੱਠੇ ਪਹਿਰ ਜਾਪਦੀਆਂ ਪ੍ਰਭਾਤਾਂ ਨੇ।*
*ਨਾ ਮਨ ਮੈਲਾ ਨਾ ਹੀ ਖਾਵੇ ਫਿਕਰ ਕੋਈ, ਤਾਲ ਸਵੱਲੀ ਦੀਆਂ ਇਹੀ ਸੌਗਾਤਾਂ ਨੇ।*

## ਕੈਪਸ਼ਨ ਮੁਕਾਬਲਾ-281



ਬਾਬਾ ਆਖੇ ਆ ਓਏ ਸ਼ੇਰਾ!
ਲਿਖਣਾ ਤੈਨੂੰ ਮੈਂ ਸਿਖਾਵਾਂ।
ਕਿੱਦਾਂ ਪੜ੍ਹੀਏ ਕਿੱਦਾਂ ਗੁੜ੍ਹੀਏ
ਗੁਰ ਤੇਰੇ ਖਾਨੇ ਵਿਚ ਪਾਵਾਂ।
ਗਿਆਨਵਾਨ ਸੱਚਾ ਇਨਸਾਨ ਬਣੇਂ ਤੂੰ
ਸਦਾ ਰੱਬ ਤੋਂ ਮੰਗਾਂ ਦੁਆਵਾਂ।
ਦੀਨ ਦੁਖੀ ਦਾ ਦਰਦ ਵੰਡਾਵੇਂ
ਕਦੇ ਨਾ ਵੱਗਣ ਫਿਰ ਤੱਤੀਆਂ 'ਵਾਵਾਂ।
***-ਸੇਵਾ ਸਿੰਘ ਨੂਰਪੁਰੀ, ਸੈਨ ਹੋਜ਼ੇ***

---

ਬੜੇ ਪਿਆਰ ਨਾਲ ਪੋਤੇ ਤਾਈਂ
ਦਾਦਾ ਆਪਣੇ ਕੋਲ ਬਿਠਾਵੇ।
ਪੈਂਤੀ ਪਿੱਛੋਂ ਭੁਲਾਵੇਂ ਅੱਖਰ
ਲਗਾਂ ਮਾਤਰਾਂ ਲਾਉਣ ਸਿਖਾਵੇ।
ਮਾਂ ਬੋਲੀ ਦੀ ਰੀਸ ਕੋਈ ਨਾ
ਲੱਖ ਭਾਸ਼ਾਵਾਂ ਸਿੱਖ ਲੋ ਚਾਹੇ।
***-ਜਗਮੀਤ ਸਿੰਘ ਪੰਧੇਰ***

---

ਮਾਂ ਬੋਲੀ ਪੰਜਾਬੀ ਸਿੱਖ ਲੈ
ਬਾਬਾ ਪੋਤੇ ਨੂੰ ਸਮਝਾਵੇ ਵਾਰ ਵਾਰ।
ਕਲਯੁਗ ਦੇ ਵਿਚ ਭੁਲ ਨਾ ਜਾਵੀਂ
ਆਪਣੀ ਬੋਲੀ ਤੇ ਸਭਿਆਚਾਰ।
ਨਾਲ ਜੜ੍ਹਾਂ ਦੇ ਜੁੜ ਕੇ ਰਹਿਣਾ
ਵਿਕਸਿਤ ਹੁੰਦੇ ਵਧੀਆ ਸੰਸਕਾਰ।
***-ਜਗਜੀਤ ਕੌਰ ਚੰਡੀਗੜ੍ਹ***

---

ਗਿਆਨ ਕਿਸੇ ਤੋਂ ਜੇ ਲੈਣਾ ਹੋਵੇ
ਸਤਿਕਾਰ ਹੈ ਦੇਣਾ ਪੈਂਦਾ।
ਮਾਂ-ਬੋਲੀ ਤੋਂ ਮੁਨਕਰ ਹੋ ਰਿਹਾਂ ਨੂੰ
ਸਰਾਪ ਹੈ ਝੇਲਣਾ ਪੈਂਦਾ।
ਹਰ ਵੇਲੇ ਸਿੱਖਦੇ ਰਹਿਣ ਲਈ
ਗੁਰੂਆਂ ਸਾਨੂੰ ਬਣਾਇਆ ਸਿੱਖ।
ਨਵੀਂ ਪੋਚ ਜੇ ਰਹੂ ਬਜ਼ੁਰਗਾਂ ਤੋਂ ਦੂਰ
ਕਿਵੇਂ ਬਣੂੰਗੀ ਖਾਲਸੇ ਵਾਲੀ ਦਿੱਖ?
***-ਅਮਰਜੀਤ ਸਿੰਘ ਤੂਰ***

---

ਬਾਬਾ ਜੀ ਮੈਂ ਲਿਖਣ ਲੱਗਿਆ,
ਬੈਠੋ ਕੋਲ ਧਿਆਨ ਦੇਇਓ।
ਮੈਂ ਲਿਖੂੰਗਾ ਊੜਾ, ਐੜਾ,
ਲਿਖਾਈ ਵੇਖ ਸ਼ਾਬਾਸ਼ੀ ਦੇਇਓ।
ਰੱਬਾ ਮੇਰਿਆ ਮੇਹਰ ਕਰੀਂ,
ਪਿਆਰ ਪਵੇ ਸਭ ਦਾ ਨਾਲ ਕਿਤਾਬਾਂ।
ਪੜ੍ਹ ਲਿਖ ਕੇ ਝੋਲੀਆਂ ਭਰਨ,
ਇਨ੍ਹਾਂ ਦੀਆਂ ਨਾਲ ਖਿਤਾਬਾਂ।
***-ਕੈਲਾਸ਼ ਠਾਕੁਰ, ਨੰਗਲ ਟਾਊਨਸ਼ਿਪ***

---

ਬੱਚੇ ਊੜੇ-ਜੂੜੇ ਨੂੰ ਭੁੱਲ ਹੀ ਚੱਲੇ।
ਨਾਨੇ-ਦਾਦੇ ਲਾਵਣ ਪੂਰੀ ਵਾਹ।
ਨਵੀਂ ਪਨੀਰੀ ਨੂੰ ਕੋਲ ਬਿਠਾ ਕੇ,
ਪੈਂਤੀ ਲਿਖਣੀ ਦੇਣਗੇ ਸਿਖਾ।
ਪੰਜ ਕੱਕਾਰਾਂ ਦਾ ਪਾਠ ਪੜ੍ਹਾ ਕੇ,
ਸਿੱਖੀ ਦੇ ਪਾ ਦੇਣਗੇ ਰਾਹ।
***-ਦਵਿੰਦਰ ਕੌਰ***

---

ਕੋਈ ਕਹੇ ਸ਼ਾਹਮੁਖੀ, ਕੋਈ ਗੁਰਮੁਖੀ।
ਸਦਾ ਸਲਾਮਤ ਰਹੇ ਪੰਜਾਬੀ ਲਿਪੀ।
ਫੋਟੋ ਵਿਚ ਦਾਦਾ ਪੋਤੇ ਨੂੰ
ਊੜਾ ਐੜਾ ਪਿਆ ਸਿਖਾਵੇ।
ਪੋਤਾ ਵੀ ਪਿਆਰ ਨਾਲ
ਮਾਂ ਬੋਲੀ ਪੰਜਾਬੀ ਸਿੱਖੀ ਜਾਵੇ।
***-ਗੋਰਾ ਪ੍ਰਜਾਪਤ, ਨਿਊ ਯਾਰਕ***

---

ਸਾਡਾ ਸਮਾਜ, ਸਾਡਾ ਸਭਿਆਚਾਰ
ਹਮੇਸ਼ਾ ਬਜ਼ੁਰਗਾਂ ਦੇ ਹੱਥ ਵੱਸ।
ਬਜ਼ੁਰਗਾਂ ਦਾ ਚੰਡਿਆ ਬੱਚਾ
ਪੌੜੀ ਦੇ ਆਖਰੀ ਡੰਡੇ ਤੀਕ ਚੜ੍ਹਦਾ।
ਅਮਲ ਵੀ ਸੌ ਪ੍ਰਤੀਸ਼ਤ ਕਰਦਾ।
ਬਜ਼ੁਰਗ ਜਾਣਦਾ ਨਬਜ਼ ਬੱਚੇ ਦੀ
ਕਿੰਜ ਲੋਪੋ-ਪੋਪੋ ਕਰ
ਬੱਚੇ ਨੂੰ ਪਤਿਆਉਣਾ।
***-ਦਰਸ਼ਨਪਾਲ ਦੋਸਾਂਝ***

---

ਮਾਲੀ ਦੇ ਹੱਥ ਹੋਵੇ ਬਾਗ ਨੂੰ ਬਚਾਉਣਾ,
ਕਾਂਟ-ਛਾਂਟ ਕਰਕੇ ਵੱਡਾ ਕਿਵੇਂ ਬਣਾਉਣਾ।
ਬਚਾਉਣਾ ਹੀ ਪੈਂਦਾ ਹੈ ਫਲ ਕੱਚਿਆਂ ਨੂੰ,
ਸੰਭਾਲਣਾ ਪੈਂਦਾ ਹੈ ਇਵੇਂ ਹੀ ਬੱਚਿਆਂ ਨੂੰ।
***-ਮਨਦੀਪ ਗਿੱਲ ਧੜਾਕ***

ੴ ਸਤਿਗੁਰ ਪ੍ਰਸਾਦਿ॥

# ਗੁਰਦੁਆਰਾ ਸਿੱਖ ਟੈਂਪਲ ਆਫ ਵਿਸਕਾਨਸਿਨ, ਓਕ ਕਰੀਕ

5 ਅਗਸਤ 2012 ਦੇ ਦਰਦਨਾਕ ਖੂਨੀ ਕਾਂਡ 'ਚ ਚਲਾਣਾ ਕਰ ਗਏ ਗੁਰੂਘਰ ਦੇ ਸ਼ਰਧਾਲੂਆਂ ਦੀ ਪੰਜਵੀਂ ਬਰਸੀ 'ਤੇ

## ਸ਼ਰਧਾਂਜਲੀ ਸਮਾਗਮ

4 ਤੋਂ 6 ਅਗਸਤ 2017






ਭਾਈ ਸੁਬੇਗ ਸਿੰਘ ਖਟੜਾ | ਭਾਈ ਸਤਵੰਤ ਸਿੰਘ ਕਾਲੇਕਾ | ਬੀਬੀ ਪਰਮਜੀਤ ਕੌਰ | ਭਾਈ ਸੀਤਾ ਸਿੰਘ | ਭਾਈ ਪ੍ਰਕਾਸ਼ ਸਿੰਘ | ਭਾਈ ਰਣਜੀਤ ਸਿੰਘ

## SCHEDULE OF EVENTS

### Friday, August 4, 2017

10:30 am AKHAND PAATH
48 non-stop hour recitation of the Shri Guru Granth Sahib, the Sikh Holy book, will begin
@ The Sikh Temple Of Wisconsin


### ਸ਼ੁੱਕਰਵਾਰ, 4 ਅਗਸਤ 2017

ਅਰੰਭ ਸ੍ਰੀ ਅਖੰਡ ਪਾਠ: ਸਵੇਰੇ 10:30 ਵਜੇ

SIKH TEMPLE OF WISCONSIN

### Saturday, August 5, 2017

Akhand Paath
continues @ THE SIKH TEMPLE
8:00 am CHARDHI KALA 6K MEMORIAL RUN/WALK
@ Oak Creek High School
340 E. Puetz Rd., Oak Creek
Register: 7:30 - 9 am
Run Starts: 9 am
Event Ends: 3pm
Register @ www.ck6k.org
chardhikala6k@gmail.com



### Sunday, August 6, 2017

10:30 am AKHAND PAATH
concludes @ The Sikh Temple.
11:00 am - 1:30 pm
KIRTAN
Hymns sung during meditation
1:30 - 3:00 pm
TRIBUTES TO DEPARTED SOULS
Words are offered from guests dignitaries, and well wishers.

### ਐਤਵਾਰ, 6 ਅਗਸਤ 2017

ਭੋਗ ਸ੍ਰੀ ਅਖੰਡ ਪਾਠ: ਸਵੇਰੇ 10:30 ਵਜੇ
ਸ਼ਬਦ ਕੀਰਤਨ: 11 ਤੋਂ 1:30 ਵਜੇ ਤੱਕ
ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ
1:30 ਤੋਂ 3 ਵਜੇ ਤੱਕ

ਗੁਰੂ ਕਾ ਲੰਗਰ ਸਮਾਗਮ ਦੇ ਤਿੰਨੋਂ ਦਿਨ ਅਤੁੱਟ ਵਰਤੇਗਾ।

ਇਸ ਸਿਮ੍ਰਤੀ ਸਮਾਗਮ ਵਿਚ ਤੁਹਾਡੀ ਸ਼ਮੂਲੀਅਤ ਵਿਛੜੀਆਂ ਰੂਹਾਂ ਨੂੰ ਸੱਚੀ ਸ਼ਰਧਾਂਜਲੀ ਅਤੇ ਪੀੜਤ ਪਰਿਵਾਰਾਂ ਦੇ ਜ਼ਖਮਾਂ ਉਤੇ ਮੱਲ੍ਹਮ ਵਾਂਗ ਹੋਵੇਗੀ। ਤੁਹਾਡੀ ਹਾਜ਼ਰੀ ਇਹ ਵੀ ਜ਼ਾਹਿਰ ਕਰੇਗੀ ਕਿ ਇਹ ਇਕੱਲਾ ਸਿੱਖਾਂ ਦਾ ਹੀ ਦੁਖਾਂਤ ਨਹੀਂ ਸਗੋਂ ਇਕ ਅਮਰੀਕੀ ਦੁਖਾਂਤ ਹੈ। ਸਾਨੂੰ ਨਿਮਰਤਾ ਅਤੇ ਪਿਆਰ ਸਹਿਤ ਇਕੱਠੇ ਹੋ ਕੇ ਜਨੂੰਨੀ ਹਿੰਸਾ ਵਿਰੁਧ ਡਟਣਾ ਚਾਹੀਦਾ ਹੈ।

Sikh Temple of Wisconsin, 7512 S. Howell Ave. Oak Creek, WI 53154
sikhtempleofwi@gmail.com www.sikhtempleofwisconsin.org

# ਸਰਕਾਰੀ ਦਫਤਰਾਂ ਵਿਚ ਵਿਤੀ ਬੇਨੇਮੀਆਂ ਦੀ ਭਰਮਾਰ

## ਸਾਲਾਨਾ 2 ਹਜ਼ਾਰ ਕਰੋੜ ਦਾ ਰਗੜਾ ਲੱਗਣ ਦਾ ਅਨੁਮਾਨ

**ਚੰਡੀਗੜ੍ਹ:** ਪੰਜਾਬ ਦੇ ਵਿੱਤ ਵਿਭਾਗ ਨੇ ਸਿੱਖਿਆ, ਸਿੰਜਾਈ ਅਤੇ ਪੁਲਿਸ ਵਿਭਾਗ ਵਿਚ ਅਫਸਰਾਂ ਤੇ ਮੁਲਾਜ਼ਮਾਂ ਦੀਆਂ ਤਨਖਾਹਾਂ ਦੇ ਮਾਮਲੇ ਵਿਚ 652 ਕਰੋੜ ਰੁਪਏ ਦੀਆਂ ਵਿੱਤੀ ਬੇਨੇਮੀਆਂ ਸਾਹਮਣੇ ਲਿਆਂਦੀਆਂ ਹਨ। ਇਹ ਤੱਥ ਇਨ੍ਹਾਂ ਵਿਭਾਗਾਂ ਵਿਚ ਕੰਮ ਕਰਦੇ ਕਰਮਚਾਰੀਆਂ ਤੇ ਮੁਲਾਜ਼ਮਾਂ ਦੀ ਗਿਣਤੀ ਸਬੰਧੀ ਅਸਲ ਸਥਿਤੀ ਜਾਣਨ ਲਈ ਕਰਵਾਏ 'ਮੈਨ ਪਾਵਰ ਆਡਿਟਿੰਗ' ਦੌਰਾਨ ਸਾਹਮਣੇ ਆਏ ਹਨ। ਮਹਿਜ਼ ਤਿੰਨ ਵਿਭਾਗਾਂ ਵਿਚ ਹੀ ਵੱਡੀ ਵਿੱਤੀ ਬੇਨਿਯਮੀ ਸਾਹਮਣੇ ਆਉਣ ਮਗਰੋਂ ਵਿੱਤ ਵਿਭਾਗ ਨੇ ਸਾਰੇ ਵਿਭਾਗਾਂ ਦਾ ਆਡਿਟ ਕਰਾਉਣ ਦਾ ਫੈਸਲਾ ਕੀਤਾ ਹੈ। ਅਧਿਕਾਰੀਆਂ ਦਾ ਮੰਨਣਾ ਹੈ ਕਿ ਤਨਖਾਹਾਂ ਦੇ ਮਾਮਲੇ ਵਿਚ ਸਾਲਾਨਾ 2 ਹਜ਼ਾਰ ਕਰੋੜ ਰੁਪਏ ਤੋਂ ਜ਼ਿਆਦਾ ਦੀਆਂ ਬੇਨੇਮੀਆਂ ਹੋਣ ਦੇ ਆਸਾਰ ਹਨ।

ਸੂਤਰਾਂ ਦਾ ਦੱਸਣਾ ਹੈ ਕਿ ਉਕਤ ਵਿਭਾਗਾਂ ਵੱਲੋਂ ਅਫਸਰਾਂ ਤੇ ਕਰਮਚਾਰੀਆਂ ਲਈ ਸਾਲ ਭਰ ਦੇ ਸਮੇਂ ਵਾਸਤੇ ਤਨਖਾਹਾਂ ਦੇਣ ਲਈ ਲੋੜੀਂਦੇ ਕੁੱਲ ਬਜਟ ਨਾਲੋਂ ਵੱਧ ਪੈਸਾ ਮੰਗਿਆ ਜਾ ਰਿਹਾ ਹੈ। ਆਡਿਟ ਰਿਪੋਰਟ ਵਿਚ ਜੋ ਤੱਥ ਸਾਹਮਣੇ ਲਿਆਂਦੇ ਗਏ ਹਨ ਉਨ੍ਹਾਂ ਮੁਤਾਬਕ ਸਿੱਖਿਆ, ਪੁਲਿਸ ਤੇ ਸਿੰਜਾਈ ਵਿਭਾਗਾਂ ਦੇ ਉਚ ਅਧਿਕਾਰੀਆਂ ਨੇ ਵਿੱਤ ਵਿਭਾਗ ਦੇ ਅੱਖੀਂ ਘੱਟਾ ਪਾਉਂਦਿਆਂ ਸੇਵਾ ਮੁਕਤ ਹੋਣ ਵਾਲੇ ਅਫਸਰਾਂ ਤੇ



ਕਰਮਚਾਰੀਆਂ ਦੀਆਂ ਪੂਰੇ 12 ਮਹੀਨਿਆਂ ਦੀਆਂ ਤਨਖਾਹਾਂ ਮੰਗ ਲਈਆਂ। ਇਸੇ ਤਰ੍ਹਾਂ ਮਨਜ਼ੂਰ ਅਸਾਮੀਆਂ ਤੋਂ ਜ਼ਿਆਦਾ ਕਰਮਚਾਰੀਆਂ ਦੀ ਤਨਖਾਹ ਮੰਗੀ ਗਈ ਹੈ। ਡੈਪੂਟੇਸ਼ਨ 'ਤੇ ਗਏ ਮੁਲਾਜ਼ਮਾਂ ਦੀਆਂ ਤਨਖਾਹਾਂ ਦੋ ਥਾਵਾਂ 'ਤੇ ਕਢਾਉਣ ਦਾ ਬੰਦੋਬਸਤ ਕੀਤਾ ਗਿਆ ਹੈ।

ਆਡਿਟ ਦੌਰਾਨ ਇਹ ਤੱਥ ਵੀ ਸਾਹਮਣੇ ਆਇਆ ਹੈ ਕਿ ਇਨ੍ਹਾਂ ਵਿਭਾਗਾਂ ਦੇ ਸੀਨੀਅਰ ਅਧਿਕਾਰੀਆਂ ਨੇ ਮੁਲਾਜ਼ਮਾਂ ਦੀ ਅਸਲ ਗਿਣਤੀ ਮੁਤਾਬਕ ਬਜਟ ਦੀ ਮੰਗ ਭੇਜਣ ਦੀ ਥਾਂ ਪਿਛਲੇ ਮਾਲੀ ਸਾਲ ਦੇ ਬਜਟ ਵਿਚ ਵਾਧਾ ਦਰਸਾ ਕੇ ਹੀ ਵਿੱਤ ਵਿਭਾਗ ਨੂੰ ਇਸ ਸਾਲ ਦਾ ਬਜਟ ਦੇਣ ਦੀ ਮੰਗ ਰੱਖ ਦਿੱਤੀ। ਸਿੱਖਿਆ ਵਿਭਾਗ ਵਿਚ ਤਨਖਾਹਾਂ ਦੇ ਬਜਟ ਨਾਲ ਸਬੰਧਤ ਕਈ ਬੇਨੇਮੀਆਂ ਸਾਹਮਣੇ ਆਈਆਂ।

# 'ਆਪ' ਵੱਲੋਂ ਜਥੇਬੰਦਕ ਢਾਂਚੇ ਦੇ ਪੁਨਰਗਠਨ ਲਈ ਮੁਹਿੰਮ ਸ਼ੁਰੂ

**ਚੰਡੀਗੜ੍ਹ:** ਸੰਸਦ ਮੈਂਬਰ ਭਗਵੰਤ ਮਾਨ ਵੱਲੋਂ 'ਆਪ' ਪੰਜਾਬ ਦੀ ਕਮਾਨ ਸੰਭਾਲਣ ਤੋਂ ਬਾਅਦ ਜਥੇਬੰਦਕ ਢਾਂਚੇ ਦਾ ਪੁਨਰਗਠਨ ਸ਼ੁਰੂ ਹੋ ਗਿਆ ਹੈ। ਆਮ ਆਦਮੀ ਪਾਰਟੀ ਨੇ ਸੂਬਾ ਅਹੁਦੇਦਾਰਾਂ ਦੀ ਪਲੇਠੀ ਸੂਚੀ ਜਾਰੀ ਕਰ ਦਿੱਤੀ ਹੈ। ਇਸ ਤੋਂ ਬਿਨਾਂ ਜ਼ੋਨ ਪ੍ਰਧਾਨਾਂ ਅਤੇ ਅਨੁਸ਼ਾਸਨੀ ਕਮੇਟੀ ਦੇ ਨਾਂਵਾਂ ਦਾ ਵੀ ਐਲਾਨ ਕਰ ਦਿੱਤਾ ਗਿਆ ਹੈ। ਸੂਚੀ 'ਚ ਔਰਤਾਂ ਨੂੰ ਨਾਂਮਾਤਰ ਪ੍ਰਤੀਨਿਧਤਾ ਦਿੰਦਿਆਂ ਦੋ ਮਹਿਲਾਵਾਂ ਹੀ ਸ਼ਾਮਲ ਕੀਤੀਆਂ ਗਈਆਂ ਹਨ ਜਦਕਿ ਅਸੈਂਬਲੀ ਚੋਣ ਹਾਰਨ ਵਾਲੇ ਵੱਡੀ ਗਿਣਤੀ ਪਾਰਟੀ ਅਹੁਦੇਦਾਰਾਂ ਨੂੰ 'ਐਡਜਸਟ' ਕੀਤਾ ਗਿਆ ਹੈ।

'ਆਪ' ਪੰਜਾਬ ਦੇ ਉਪ ਪ੍ਰਧਾਨ ਅਮਨ ਅਰੋੜਾ ਨੇ ਦਾਅਵਾ ਕੀਤਾ ਹੈ ਕਿ ਅਹੁਦੇਦਾਰਾਂ ਦੀ ਚੋਣ ਆਮ ਵਰਕਰਾਂ ਦੇ ਸਲਾਹ ਮਸ਼ਵਰੇ ਤੋਂ ਬਾਅਦ ਕੀਤੀ ਗਈ ਹੈ। ਪਾਰਟੀ ਵੱਲੋਂ ਅਗਲੇ ਦਿਨੀਂ ਦੂਜੀ ਸੂਚੀ ਵੀ ਜਾਰੀ ਕੀਤੀ ਜਾਵੇਗੀ। ਸੂਬਾ ਬਾਡੀ ਵਿਚ ਸਕੱਤਰ ਦੀ ਜ਼ਿੰਮੇਵਾਰੀ ਗੁਲਸ਼ਨ ਛਾਬੜਾ ਨੂੰ ਸੌਂਪੀ ਗਈ ਹੈ। ਆਰਗੇਨਾਈਜ਼ੇਸ਼ਨ ਬਿਲਡਿੰਗ ਟੀਮ ਇੰਚਾਰਜ ਦਾ ਅਹੁਦਾ ਨਵਾਂ ਬਣਾ ਕੇ ਇਸ 'ਤੇ ਗੈਰੀ ਵੜਿੰਗ ਨੂੰ ਨਿਯੁਕਤ ਕੀਤਾ ਗਿਆ ਹੈ।

ਸੁਖਵਿੰਦਰ ਸਿੰਘ ਖ਼ਜ਼ਾਨਚੀ ਲਾਏ ਗਏ ਹਨ। ਸੀਨੀਅਰ ਮੀਤ ਪ੍ਰਧਾਨ ਦਾ ਅਹੁਦਾ ਹਾਲ ਦੀ ਘੜੀ ਖ਼ਾਲੀ ਛੱਡ ਦਿੱਤਾ ਗਿਆ ਹੈ। ਸੱਤ ਮੀਤ ਪ੍ਰਧਾਨਾਂ ਵਿਚ ਡਾਕਟਰ ਬਲਬੀਰ ਸਿੰਘ, ਚਰਨਜੀਤ ਸਿੰਘ, ਬਲਦੇਵ ਸਿੰਘ ਆਜ਼ਾਦ, ਆਸ਼ੂਤੋਸ਼ ਟੰਡਨ, ਕੁਲਦੀਪ ਧਾਲੀਵਾਲ, ਕਰਨਬੀਰ ਟਿਵਾਣਾ ਅਤੇ ਹਰੀ ਸਿੰਘ ਟੌਹੜਾ ਦੇ ਨਾਂ ਸ਼ਾਮਲ ਹਨ।



### ਪੰਜਾਬ ਨੂੰ ਤਿੰਨ ਜ਼ੋਨਾਂ ਵਿਚ ਵੰਡਿਆ

**ਚੰਡੀਗੜ੍ਹ:** ਪਾਰਟੀ ਵੱਲੋਂ ਪੰਜਾਬ ਨੂੰ ਤਿੰਨ ਜ਼ੋਨਾਂ ਵਿਚ ਵੰਡਿਆ ਗਿਆ ਹੈ। ਮਾਲਵੇ ਖੇਤਰ ਦੀ ਕਮਾਨ ਤਿੰਨ ਜਰਨੈਲਾਂ ਨੂੰ ਸੌਂਪੀ ਗਈ ਹੈ। ਮਾਝਾ ਜ਼ੋਨ ਦਾ ਪ੍ਰਧਾਨ ਕੰਵਰਪ੍ਰੀਤ ਕਾਕੀ ਨੂੰ ਨਿਯੁਕਤ ਕੀਤਾ ਗਿਆ ਹੈ। ਮਾਝੇ ਵਿਚ ਅੰਮ੍ਰਿਤਸਰ, ਪਠਾਨਕੋਟ, ਗੁਰਦਾਸਪੁਰ ਅਤੇ ਤਰਨ ਤਾਰਨ ਜ਼ਿਲ੍ਹੇ ਸ਼ਾਮਲ ਕੀਤੇ ਗਏ ਹਨ। ਦੋਆਬਾ ਖੇਤਰ ਦੇ ਚਾਰ ਜ਼ਿਲ੍ਹਿਆਂ ਜਲੰਧਰ, ਹੁਸ਼ਿਆਰਪੁਰ, ਕਪੂਰਥਲਾ ਅਤੇ ਸ਼ਹੀਦ ਭਗਤ ਸਿੰਘ ਨਗਰ ਦੀ ਪ੍ਰਧਾਨਗੀ ਪਰਮਜੀਤ ਸਚਦੇਵਾ ਨੂੰ ਦਿੱਤੀ ਗਈ ਹੈ। ਮਾਲਵਾ ਜ਼ੋਨ ਇਕ ਵਿਚ ਫ਼ਿਰੋਜ਼ਪੁਰ, ਫਾਜ਼ਿਲਕਾ, ਮੁਕਤਸਰ, ਬਠਿੰਡਾ ਅਤੇ ਮਾਨਸਾ ਨੂੰ ਸ਼ਾਮਲ ਕਰ ਕੇ ਅਨਿਲ ਠਾਕੁਰ ਨੂੰ ਪ੍ਰਧਾਨ ਲਾਇਆ ਗਿਆ ਹੈ ਜਦੋਂ ਕਿ ਜ਼ੋਨ ਦੋ ਵਿਚ ਫ਼ਰੀਦਕੋਟ, ਮੋਗਾ, ਲੁਧਿਆਣਾ ਅਤੇ ਫ਼ਤਿਹਗੜ੍ਹ ਸਾਹਿਬ ਨੂੰ ਰੱਖ ਕੇ ਪ੍ਰਧਾਨ ਦੀ ਜ਼ਿੰਮੇਵਾਰੀ ਗੁਰਦਿੱਤ ਸੇਖੋਂ ਨੂੰ ਸੌਂਪੀ ਗਈ ਹੈ।

## ਮਾਮੂਲੀ ਤਕਰਾਰ ਪਿੱਛੋਂ ਦੋ ਨੌਜਵਾਨਾਂ ਦੀ ਹੱਤਿਆ

**ਫ਼ਿਰੋਜ਼ਪੁਰ:** ਪਿੰਡ ਪਾਲੇ ਚੱਕ 'ਚ ਦੋ ਧਿਰਾਂ ਦਰਮਿਆਨ ਹੋਈ ਲੜਾਈ ਵਿਚ ਇਕ ਧਿਰ ਦੇ ਦੋ ਨੌਜਵਾਨਾਂ ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਜਦਕਿ ਦੋ ਨੂੰ ਜ਼ਖਮੀ ਕਰ ਦਿੱਤਾ ਗਿਆ। ਮ੍ਰਿਤਕਾਂ ਵਿਚ ਲਖਵਿੰਦਰ ਸਿੰਘ (22) ਅਤੇ ਬੇਅੰਤ ਸਿੰਘ (23) ਸ਼ਾਮਲ ਹਨ ਜੋ ਚਾਚੇ-ਤਾਏ ਦੇ ਪੁੱਤਰ ਸਨ। ਝਗੜਾ ਕਿਸੇ ਫੋਨ ਕਾਲ ਨੂੰ ਲੈ ਕੇ ਪਿੰਡ ਦੇ ਹੀ ਨਛੱਤਰ ਸਿੰਘ ਨਾਲ ਹੋਇਆ ਸੀ।

# ਭਾਰਤ ਨਾਲ ਰੱਖਿਆ ਸਹਿਯੋਗ ਵਧਾਏਗਾ ਅਮਰੀਕਾ

**ਵਾਸ਼ਿੰਗਟਨ:** ਅਮਰੀਕਾ ਕਾਂਗਰਸ ਦੇ ਹੇਠਲੇ ਸਦਨ 'ਹਾਊਸ ਆਫ ਰੀਪ੍ਰੈਜ਼ੈਂਟੇਟਿਵਜ਼' ਨੇ ਜਿਥੇ ਭਾਰਤ ਨਾਲ ਨੇੜਤਾ ਦਰਸਾਉਂਦੇ ਹੋਏ ਰੱਖਿਆ ਸਹਿਯੋਗ ਨੂੰ ਲੈ ਕੇ ਇਕ ਬਿੱਲ ਪਾਸ ਕੀਤਾ ਹੈ, ਉਥੇ ਪਾਕਿਸਤਾਨ ਖਿਲਾਫ ਸਖਤ ਰਵੱਈਆ ਅਪਣਾਉਂਦੇ ਹੋਏ ਉਸ ਨੂੰ ਰੱਖਿਆ ਰਾਸ਼ੀ ਦੇਣ ਲਈ ਸ਼ਰਤਾਂ ਨੂੰ ਹੋਰ ਸਖਤ ਕਰ ਦਿੱਤਾ ਗਿਆ। ਅਮਰੀਕਾ ਦੇ ਹੇਠਲੇ ਸਦਨ ਵੱਲੋਂ ਆਪਣਾ 621.5 ਅਰਬ ਡਾਲਰ (ਲਗਭਗ 40 ਲੱਖ ਕਰੋੜ ਰੁਪਏ) ਦਾ ਰੱਖਿਆ ਬਜਟ ਪੇਸ਼ ਕੀਤਾ ਗਿਆ। ਭਾਰਤੀ ਅਮਰੀਕੀ ਸੰਸਦ ਮੈਂਬਰ ਅਮੀ ਬੇਰਾ ਵੱਲੋਂ ਇਸ ਸਬੰਧੀ ਪੇਸ਼ ਕੀਤੀ ਗਈ ਸੋਧ ਨੂੰ ਸਦਨ ਨੇ 'ਨੈਸ਼ਨਲ ਡਿਫੈਂਸ ਅਥਾਰਾਈਜੇਸ਼ਨ ਐਕਟ' (ਐਨ.ਡੀ.ਏ.ਏ.) 2018 ਦੇ ਹਿੱਸੇ ਦੇ ਰੂਪ 'ਚ ਪਾਸ ਕੀਤਾ। ਇਹ ਕਾਨੂੰਨ ਇਸ ਸਾਲ ਪਹਿਲੀ ਅਕਤੂਬਰ ਤੋਂ ਲਾਗੂ ਹੋਵੇਗਾ।

ਐਨ.ਡੀ.ਏ.ਏ.-2018 ਨੂੰ ਸਦਨ ਨੇ 81 ਦੇ ਮੁਕਾਬਲੇ 344 ਵੋਟਾਂ ਨਾਲ ਪਾਸ ਕੀਤਾ ਸੀ। ਸਦਨ ਵੱਲੋਂ ਪਾਸ ਭਾਰਤ ਸਬੰਧੀ ਸੋਧ 'ਚ ਕਿਹਾ ਗਿਆ ਹੈ ਕਿ ਵਿਦੇਸ਼ ਮੰਤਰੀ ਨਾਲ ਸਲਾਹ-ਮਸ਼ਵਰਾ ਕਰ ਕੇ ਰੱਖਿਆ ਮੰਤਰੀ ਅਮਰੀਕਾ ਅਤੇ ਭਾਰਤ ਵਿਚਕਾਰ ਰੱਖਿਆ ਸਹਿਯੋਗ ਵਧਾਉਣ ਦੀ ਰਣਨੀਤੀ ਬਣਾਉਣਗੇ। ਬੇਰਾ ਨੇ ਕਿਹਾ ਕਿ ਅਮਰੀਕਾ ਦੁਨੀਆਂ ਦੀ ਸਭ ਤੋਂ ਪੁਰਾਣੀ ਅਤੇ ਭਾਰਤ ਸਭ ਤੋਂ ਵੱਡੀ ਲੋਕਤੰਤਰੀ ਵਿਵਸਥਾ ਹੈ। ਇਹ ਬਹੁਤ ਮਹੱਤਵਪੂਰਨ ਹੈ ਕਿ ਦੋਵਾਂ ਦੇਸ਼ਾਂ ਵਿਚਕਾਰ ਰੱਖਿਆ ਸਹਿਯੋਗ ਵਧਾਉਣ ਲਈ ਰਣਨੀਤੀ ਵਿਕਸਤ ਕੀਤੀ ਜਾਵੇ।

ਇਸ ਐਕਟ ਨੂੰ ਹੁਣ ਸੈਨੇਟ ਵਿਚ ਪਾਸ ਹੋਣ ਲਈ ਭੇਜਿਆ ਜਾਵੇਗਾ। ਇਸ ਤੋਂ ਬਾਅਦ ਇਸ ਨੂੰ ਕਾਨੂੰਨ ਦੀ ਸ਼ਕਲ ਲਈ ਰਾਸ਼ਟਰਪਤੀ ਡੋਨਲਡ ਟਰੰਪ ਕੋਲ ਦਸਤਖਤ ਲਈ ਵਾਈਟ ਹਾਊਸ ਭੇਜਿਆ ਜਾਵੇਗਾ। ਇਸ ਬਿੱਲ ਨੂੰ ਮੋਦੀ ਦੇ ਅਮਰੀਕਾ ਦੌਰੇ ਤੋਂ ਬਾਅਦ ਦੋਵੇਂ ਦੇਸ਼ਾਂ ਵਿਚਕਾਰ ਗਹਿਰੇ ਹੁੰਦੇ ਸਬੰਧਾਂ ਦੇ ਤੌਰ 'ਤੇ ਵੇਖਿਆ ਜਾ ਰਿਹਾ ਹੈ।

## ਗੁਰਜਤਿੰਦਰ ਸਿੰਘ ਰੰਧਾਵਾ ਮਲਟੀਕਲਚਰਲ ਕਮੇਟੀ ਦੇ ਕਮਿਸ਼ਨਰ ਨਿਯੁਕਤ

**ਸੈਕਰਾਮੈਂਟੋ (ਬਿਊਰੋ):** ਸਥਾਨਕ ਪੰਜਾਬੀ ਅਖਬਾਰ 'ਪੰਜਾਬ ਮੇਲ' ਦੇ ਸੰਪਾਦਕ ਗੁਰਜਤਿੰਦਰ ਸਿੰਘ ਰੰਧਾਵਾ ਨੂੰ ਐਲਕ ਗਰੂਵ ਸਿਟੀ ਦੀ ਮਲਟੀਕਲਚਰਲ ਕਮੇਟੀ ਦਾ ਕਮਿਸ਼ਨਰ



ਨਿਯੁਕਤ ਕੀਤਾ ਗਿਆ ਹੈ।

ਸਿਟੀ ਦੇ ਮੇਅਰ ਸਟੀਵ ਲੀ ਵੱਲੋਂ ਸ. ਰੰਧਾਵਾ ਦਾ ਨਾਮ ਇਸ ਅਹੁਦੇ ਲਈ ਪੇਸ਼ ਕੀਤਾ ਗਿਆ ਜਿਸ ਨੂੰ ਕੌਂਸਲ ਮੈਂਬਰਾਂ ਨੇ ਪ੍ਰਵਾਨਗੀ ਦੇ ਦਿੱਤੀ। ਇਸ ਅਹੁਦੇ ਲਈ 8 ਉਮੀਦਵਾਰ ਮੈਦਾਨ ਵਿਚ ਸਨ।

ਗੁਰਜਤਿੰਦਰ ਸਿੰਘ ਰੰਧਾਵਾ ਪਿਛਲੇ ਲੰਮੇ ਸਮੇਂ ਤੋਂ ਅਮਰੀਕੀ ਸਿਆਸਤ ਵਿਚ ਸਰਗਰਮ ਹਨ। ਉਹ 2016 ਵਿਚ ਡੈਮੋਕਰੈਟਿਕ ਪਾਰਟੀ ਦੇ ਨੈਸ਼ਨਲ ਡੈਲੀਗੇਟ ਵਜੋਂ ਜਿੱਤੇ ਸਨ।

ਸ. ਰੰਧਾਵਾ ਨੇ ਕਿਹਾ ਹੈ ਕਿ ਇਥੇ ਵੱਖ-ਵੱਖ ਧਰਮਾਂ ਅਤੇ ਜਾਤੀਆਂ ਦੇ ਲੋਕ ਰਹਿੰਦੇ ਹਨ, ਇਸ ਲਈ ਇਥੇ ਆਪਸੀ ਭਾਈਚਾਰਾ ਬਣਾ ਕੇ ਰੱਖਣਾ ਬਹੁਤ ਜ਼ਰੂਰੀ ਹੈ। ਇਸ ਕਮਿਸ਼ਨ ਵਿਚ ਆਉਣ ਨਾਲ ਮੈਨੂੰ ਸਮੂਹ ਭਾਈਚਾਰੇ ਲਈ ਕੰਮ ਕਰਨ ਦਾ ਮੌਕਾ ਮਿਲੇਗਾ।

## ਓਪਰੇਸ਼ਨ ਕਲੀਨ ਮਨੀ: 5.56 ਲੱਖ ਲੋਕਾਂ ਦੀ ਸ਼ਨਾਖਤ

**ਨਵੀਂ ਦਿੱਲੀ:** ਆਮਦਨ ਕਰ ਵਿਭਾਗ ਨੇ ਹੋਰ 5.56 ਲੱਖ ਲੋਕਾਂ ਦੀ ਸ਼ਨਾਖਤ ਕੀਤੀ ਹੈ, ਜਿਨ੍ਹਾਂ ਦੀਆਂ ਕਰ ਰਿਟਰਨਾਂ ਅਤੇ ਉਨ੍ਹਾਂ ਵੱਲੋਂ ਨੋਟਬੰਦੀ ਬਾਅਦ ਜਮ੍ਹਾਂ ਕਰਾਏ ਧਨ 'ਚ ਇਕਸਾਰਤਾ ਨਹੀਂ ਹੈ। ਨੋਟਬੰਦੀ ਤੋਂ ਬਾਅਦ ਕਾਲੇ ਧਨ ਉਤੇ ਨਜ਼ਰ ਰੱਖਣ ਲਈ ਸ਼ੁਰੂ ਕੀਤਾ ਗਿਆ 'ਓਪਰੇਸ਼ਨ ਕਲੀਨ ਮਨੀ' ਦਾ ਦੂਜਾ ਪੜਾਅ ਅਪਰੈਲ ਵਿਚ ਆਰੰਭ ਕੀਤਾ ਗਿਆ। ਆਮਦਨ ਕਰ ਵਿਭਾਗ ਨੇ ਅਜਿਹੇ ਕੇਸਾਂ ਦੀ ਸ਼ਨਾਖਤ ਬੈਂਕਾਂ ਤੋਂ ਵਿੱਤੀ ਲੈਣ-ਦੇਣ ਬਾਰੇ ਪ੍ਰਾਪਤ ਜਾਣਕਾਰੀ ਰਾਹੀਂ ਕੀਤੀ ਹੈ।

# ਸਫਲ ਰਿਹਾ ਰੇਡੀਓ 'ਚੰਨ ਪਰਦੇਸੀ' ਦਾ 'ਆਵਾਜ਼ਾਂ ਪੰਜਾਬ ਦੀਆਂ' ਪ੍ਰੋਗਰਾਮ

**ਇੰਡੀਅਨਐਪੋਲਿਸ, ਇੰਡੀਆਨਾ (ਬਿਊਰੋ):** ਰੇਡੀਓ 'ਚੰਨ ਪਰਦੇਸੀ' ਅਤੇ ਸੋਢੀ ਯੂ ਐਸ ਏ ਇੰਕ ਵਲੋਂ ਮਿਲ ਕੇ ਪਿਛਲੇ ਦਿਨੀਂ ਇਥੇ ਮੈਡਮ ਵਾਕਰ ਹਾਲ ਵਿਚ ਕਰਵਾਇਆ ਗਿਆ 'ਆਵਾਜ਼ਾਂ ਪੰਜਾਬ ਦੀਆਂ' ਪ੍ਰੋਗਰਾਮ ਮਨੋਰੰਜਨ ਅਤੇ ਹਾਜ਼ਰੀ-ਦੋਹਾਂ ਪੱਖਾਂ ਤੋਂ ਹੀ ਸਫਲ ਰਿਹਾ।

ਪ੍ਰੋਗਰਾਮ ਦਾ ਆਰੰਭ ਓਹਾਇਓ ਰਹਿੰਦੇ ਲੋਕ ਗਾਇਕ ਨਿੰਮਾ ਡੱਲੇਵਾਲੀਆ ਨੇ ਗੀਤ ਪੇਸ਼ ਕਰ ਕੇ ਕੀਤਾ। ਉਸ ਨੇ ਇਕ ਪਿਛੋਂ ਇਕ 'ਮਿਲ ਦੀਆਂ ਮੁੰਦਰਾਂ', 'ਤੂੰ ਵੀ ਜੱਟਾ ਬੰਬ ਵੇ, ਹੱਥ ਮੇਰਾ ਮੰਗ ਵੇ', 'ਦਿਲ ਹੁਆ ਬੇਸ਼ਰਮ, ਬੇਬੀ ਬੇਸ਼ਰਮ, ਕਰਨੇ ਲਗਾ ਬਦਮਾਸ਼ੀਆਂ' ਅਤੇ ਹਿੰਦੀ ਫਿਲਮ 'ਕਿੱਕ' ਦਾ ਹਿੱਟ ਗੀਤ 'ਜੇ ਯਾਰ ਨਾ ਮਿਲੇ ਤਾਂ ਮਰ ਜਾਵਾਂ' ਆਦਿ ਗੀਤ ਪੇਸ਼ ਕਰ ਕੇ ਨਵੀਂ ਪੀੜ੍ਹੀ ਦੇ ਮੁੰਡੇ-ਕੁੜੀਆਂ ਨੂੰ ਖੁਸ਼ ਕੀਤਾ। ਉਂਜ ਹੋਰਨਾਂ ਸਰੋਤਿਆਂ ਨੇ ਵੀ ਉਸ ਨੂੰ ਧਿਆਨ ਨਾਲ ਸੁਣਿਆ ਕਿ ਵੇਖੀਏ ਤਾਂ ਸਹੀ ਕਿ ਮੁੰਡੇ-ਕੁੜੀਆਂ ਉਹਦੇ ਸ਼ੁਦਾਈ ਕਿਉਂ ਹੋਏ ਫਿਰਦੇ ਹਨ?

ਜਿਥੇ ਜੈਸਮੀਨ ਸੈਂਡਲਸ ਨੇ ਸੀ.ਡੀ. 'ਤੇ



ਰੁਪਿੰਦਰ ਹਾਂਡਾ ਸ਼ੈਰੀ ਮਾਨ ਜੈਸਮੀਨ ਸੈਂਡਲਸ

ਜਾਵੇ ਹਰ ਸਰਦਾਰ ਨੂੰ ਕੁੜੀ, ਹਰ ਕੁੜੀ ਨਾ ਮਿਲੇ ਸਰਦਾਰ ਕੁੜੀਏ', 'ਗਿੱਧੇ ਵਿਚ ਨੱਚਦੀ' ਅਤੇ 'ਮੈਨੂੰ ਮੇਰੇ ਯਾਰਾਂ 'ਤੇ ਮਾਣ ਬੜਾ' ਗੀਤ ਪੇਸ਼ ਕੀਤੇ। ਉਸ ਨੇ ਕੁਝ ਸ਼ੇਅਰੋ ਸ਼ਾਇਰੀ ਕਰਕੇ ਵੀ ਸਰੋਤਿਆਂ ਦੀ ਵਾਹ ਵਾਹ ਖੱਟੀ।

ਇਸ ਪਿਛੋਂ ਵਾਰੀ ਆਈ ਜੈਸਮੀਨ ਸੈਂਡਲਸ, ਰੁਪਿੰਦਰ ਹਾਂਡਾ ਤੇ ਸ਼ੈਰੀ ਮਾਨ ਦੀ। ਇਹ ਉਨ੍ਹਾਂ ਦਾ ਸ਼ਿਕਾਗੋ ਤੋਂ ਬਾਅਦ ਦੂਜਾ ਸ਼ੋਅ ਸੀ। ਜਿਥੇ ਸ਼ਿਕਾਗੋ ਦਾ ਸ਼ੋਅ ਇਕ ਖੁੱਲ੍ਹੇ ਅਖਾੜੇ ਦੇ ਰੂਪ ਵਿਚ ਹੋਇਆ, ਉਥੇ ਇਹ ਪ੍ਰੋਗਰਾਮ ਇਕ ਆਡੀਟੋਰੀਅਮ ਵਿਚ ਸੀ।

ਪੌਪ ਗਾਇਕਾ ਜੈਸਮੀਨ ਸੈਂਡਲਸ ਨੇ ਆਪਣੇ ਪੌਪ ਮਿਊਜ਼ਿਕ ਸਟਾਈਲ ਵਿਚ 'ਲੱਡੂ ਦੂਜੇ ਦੇ ਹੱਥਾਂ 'ਚ ਚੰਗਾ ਲੱਗਦਾ, ਜੇ ਆਪ ਖਾਈਏ ਤੰਗ ਕਰਦਾ', 'ਭਾਵੇਂ ਸਾਰੀ ਦੁਨੀਆਂ 'ਚ ਜਾ ਕੇ ਵੇਖ ਲਉ, ਹੁਸਨ ਮੁਕਾਬਲਾ ਕਰਾ ਕੇ ਵੇਖ ਲਉ', 'ਇਕ ਤੇਰੀ ਅੱਖ ਕਾਸ਼ਨੀ, ਦੂਜਾ ਰਾਤ ਦੇ ਉਨੀਂਦੇ ਨੇ ਮਾਰਿਆ', 'ਜੋਗੀਆਂ ਦੇ ਕੰਨਾਂ ਵਿਚ ਕੱਚ ਰੈਪ ਸੰਗੀਤ ਦੀ ਧੁਨ 'ਤੇ ਐਂਟਰੀ ਕੀਤੀ, ਉਥੇ ਐਮ.ਐਚ. 1 ਮੁਕਾਬਲੇ ਦੀ ਜੇਤੂ ਰੁਪਿੰਦਰ ਹਾਂਡਾ ਨੇ ਪੰਜਾਬੀ ਸੂਟ, ਸਿਰ 'ਤੇ ਚੁੰਨੀ ਨਾਲ ਢੋਲ ਦੇ ਡਗੇ 'ਤੇ ਐਂਟਰੀ ਕੀਤੀ। ਗੀਤ ਦੀ ਸ਼ੁਰੂਆਤ ਹਾਂਡਾ ਨੇ ਰਵਾਇਤੀ ਲੰਬੀ ਹੇਕ ਨਾਲ ਕੀਤੀ। ਉਸ ਨੇ ਗੀਤ 'ਅੱਜ ਨੱਚਣਾ', 'ਘੈਂਟ ਸਰਦਾਰ ਮੇਰਾ' ਤੇ 'ਸੂਹੇ ਚੀਰੇ ਵਾਲਿਆ' ਗਾਇਆ। ਫਿਰ ਉਸ ਨੇ ਮੁਟਿਆਰਾਂ ਦੀ ਫਰਮਾਇਸ਼ 'ਤੇ ਗੀਤ 'ਤੂੰ ਸੂਟ ਵਿਚ ਚੰਗੀ ਲੱਗਦੀ, ਨਾ ਪਾਇਆ ਕਰ ਜੀਨ ਕੁੜੀਏ' ਪੇਸ਼ ਕੀਤਾ। ਇਸ ਤੋਂ ਇਲਾਵਾ ਰੁਪਿੰਦਰ ਨੇ 'ਪੰਜਾਬਣੇ ਸ਼ੌਕੀਨ ਕੁੜੀਏ', 'ਥਰ ਥਰ ਕੰਬਦੇ ਜੱਟੀ ਤੋਂ', 'ਥਾਂ ਥਾਂ ਗੱਲਾਂ ਹੁੰਦੀਆਂ ਅੱਜ ਮੇਰੇ ਸਰਦਾਰ ਦੀਆਂ', 'ਮੇਰੇ ਪਿੰਡ ਦੇ ਗੇੜੇ ਮਾਰਦਾ' ਗੀਤ ਗਾਉਣ ਪਿਛੋਂ ਬੋਲੀਆਂ ਪਾਈਆਂ।

ਸ਼ੈਰੀ ਮਾਨ ਨੇ ਸਰੋਤਿਆਂ ਦੇ ਦਿਲ ਉਦੋਂ ਜਿੱਤ ਲਏ ਜਦੋਂ ਉਸ ਸਟੇਜ 'ਤੇ ਆਉਂਦਿਆਂ ਹੀ ਮਾਂਵਾਂ ਨੂੰ ਸਮਰਪਿਤ ਗੀਤ 'ਆਟੇ ਦੀ ਚਿੜੀ' ਪੇਸ਼ ਕੀਤਾ। ਫਿਰ ਉਸ ਨੇ ਪਰਦੇਸੀਆਂ ਲਈ ਗੀਤ 'ਦਿਨ ਢਲਦੇ ਨੂੰ ਕੰਮ ਤੋਂ ਜਦ ਆਵਾਂ ਮੈਂ, ਖੰਭ ਸੋਚ ਦੇ ਲਾ ਕੇ ਪਿੰਡ ਉਡ ਜਾਵਾਂ ਮੈਂ' ਗਾਇਆ। ਸ਼ੈਰੀ ਨੇ ਆਪਣੇ ਮਕਬੂਲ ਗੀਤ 'ਯਾਰ ਅਨਮੁੱਲੇ', 'ਮੋਗੇ ਵਾਲੇ', 'ਲਾ ਕੇ ਤਿੰਨ ਪੈਗ ਬਲੀਏ', 'ਤੇਰੇ ਟਿੱਲੇ ਤੋਂ' ਅਤੇ 'ਹੋਸਟਲ ਵਾਲਾ ਕਮਰਾ' ਗਾ ਕੇ ਮੰਡੀਰ ਨੂੰ ਖੁਸ਼ ਕੀਤਾ ਅਤੇ ਨਾਲ ਹੀ ਕਈਆਂ ਨੂੰ ਆਪਣੀ ਜਵਾਨੀ ਦੇ ਦਿਨ ਚੇਤੇ ਕਰਵਾਏ। ਟਰੱਕਰ ਵੀਰਾਂ ਲਈ ਉਸ ਨੇ 'ਯਾਰਾਂ ਵਾਲੀ ਢਾਣੀ' ਗੀਤ ਪੇਸ਼ ਕੀਤਾ।

ਪ੍ਰੋਗਰਾਮ ਵਿਚ ਲੋਕ ਪਰਿਵਾਰ ਸਮੇਤ ਪਹੁੰਚੇ ਅਤੇ ਇਸ ਗੱਲੋਂ ਪ੍ਰਭਾਵਿਤ ਵੀ ਹੋਏ ਕਿ ਇਹ ਇਕ ਪਰਿਵਾਰਕ ਪ੍ਰੋਗਰਾਮ ਸੀ। ਇੰਡਿਆਨਾ, ਓਹਾਇਓ, ਮਿਸ਼ੀਗਨ ਅਤੇ ਕੈਨਟੱਕੀ ਦੇ ਵੱਖ ਵੱਖ ਸ਼ਹਿਰਾਂ ਤੋਂ ਸਰੋਤੇ ਪਹੁੰਚੇ ਹੋਏ ਸਨ।

ਪ੍ਰੋਗਰਾਮ ਦੇ ਸਪਾਂਸਰਾਂ ਵਿਚ ਵਿਸ਼ੇਸ਼ ਤੌਰ 'ਤੇ ਅਜੈ ਗਰੇਵਾਲ, ਦਰਸ਼ਨ ਦਰਦ, ਹੁਮੀ ਦਿਉਲ, ਰਾਣਾ ਸੇਖੋਂ ਇੰਡਿਆਨਾ, ਅਮਰੀਕ ਗਰੇਵਾਲ ਤੇ ਮੇਜਰ ਗਰੇਵਾਲ (ਗਰੇਵਾਲ ਆਟੋ), ਕੁਲਦੀਪ ਸਿੰਘ ਬਾਠ, ਬੈਨ ਸਿੰਘ ਬਾਸਲ, ਗੁਰਬਖਸ਼ ਰੰਧਾਵਾ (ਓ ਕੇ ਕੇ ਜੇ ਆਈ ਟਰਾਂਸਪੋਰਟ) ਅਤੇ ਪਰਮਜੀਤ ਸਿੰਘ ਸਿੱਧੂ ਸ਼ਾਮਲ ਸਨ। ਇਸ ਤੋਂ ਇਲਾਵਾ ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ-ਸਿਨਸਿਨੈਟੀ ਅਤੇ ਪੰਜਾਬੀ ਅਮਰੀਕਨ ਯੂਥ ਕਲੱਬ ਇੰਡਿਆਨਾ ਦੇ ਮੈਂਬਰਾਂ ਨੇ ਵੀ ਇਸ ਪ੍ਰੋਗਰਾਮ ਲਈ ਭਰਵੀਂ ਮਦਦ ਦਿੱਤੀ।

ਪ੍ਰੋਗਰਾਮ ਦਾ ਪ੍ਰਬੰਧ ਦਰਸ਼ਨ ਬਸਰਾਓਂ, ਬੈਨ ਸਿੰਘ ਬਾਸਲ, ਨਰਿੰਦਰ ਸਿੰਘ ਸੋਢੀ ਅਤੇ ਸੁਰਜੀਤ (ਜੀਤਾ) ਬੈਂਸ ਨੇ ਕੀਤਾ। ਪ੍ਰੋਗਰਾਮ ਦੇ ਅਖੀਰ 'ਚ ਰੇਡੀਓ 'ਚੰਨ ਪਰਦੇਸੀ' ਵਲੋਂ ਆਉਣ ਵਾਲੇ ਸਮੇਂ ਵਿਚ ਅਜਿਹੇ ਪਰਿਵਾਰਕ ਪ੍ਰੋਗਰਾਮ ਕਰਵਾਉਂਦੇ ਰਹਿਣ ਦਾ ਵਾਅਦਾ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਰੇਡੀਓ 'ਚੰਨ ਪਰਦੇਸੀ' 24 ਘੰਟੇ, 7 ਦਿਨ ਸ਼ਿਕਾਗੋ ਤੋਂ ਚੱਲਣ ਵਾਲਾ ਪੰਜਾਬੀ ਰੇਡੀਓ ਹੈ ਜਿਸ ਵਿਚ ਸਿਆਸੀ, ਸਮਾਜਿਕ, ਧਾਰਮਿਕ ਤੇ ਮਨੋਰੰਜਕ ਪ੍ਰੋਗਰਾਮ ਪੇਸ਼ ਕੀਤੇ ਜਾਂਦੇ ਹਨ। ਰੇਡੀਓ ਸਬੰਧੀ ਸਰਵਣ ਟਿਵਾਣਾ ਨਾਲ ਫੋਨ: 219-670-4579 ਅਤੇ ਦਰਸ਼ਨ ਬਸਰਾਓਂ ਨਾਲ ਫੋਨ: 815-557-4991 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਭਾਰਤੀ ਫੌਜ ਦੇ ਢਾਈ ਮੁਹਾਜ਼ਾਂ 'ਤੇ ਲੜਨ ਦੀ ਹਕੀਕਤ

*ਭਾਰਤੀ ਉਪ ਮਹਾਂਦੀਪ ਵਿਚ ਹਾਲਾਤ ਬਦਲ ਰਹੇ ਹਨ। ਸੰਸਾਰ ਪੱਧਰ ਉਤੇ ਨਵੀਆਂ ਸਫਬੰਦੀਆਂ ਦਾ ਅਸਰ ਇਸ ਇਲਾਕੇ ਉਤੇ ਵੀ ਪੈ ਰਿਹਾ ਹੈ। ਪਾਕਿਸਤਾਨ ਆਏ ਦਿਨ ਚੀਨ ਦੇ ਨੇੜੇ ਜਾ ਰਿਹਾ ਹੈ। ਉਧਰ, ਭਾਰਤ ਦੀ ਨੇੜਤਾ ਅਮਰੀਕਾ ਨਾਲ ਬੜੀ ਤੇਜ਼ੀ ਨਾਲ ਵਧ ਰਹੀ ਹੈ। ਪਾਕਿਸਤਾਨ ਅਤੇ ਚੀਨ ਨਾਲ ਨਜਿੱਠਣ ਦੇ ਮਾਮਲੇ ਬਾਰੇ ਵਿਸਥਾਰ ਸਹਿਤ ਚਰਚਾ ਉਘੇ ਪੱਤਰਕਾਰ ਚੰਦਰ ਸ਼ੇਖਰ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ*

**ਸ਼ੇਖਰ ਗੁਪਤਾ**

ਜੇ ਰਣਨੀਤਕਾਂ ਅਤੇ ਸਿਆਸਤਦਾਨਾਂ ਨੂੰ ਇਹ ਸਵਾਲ ਪੁੱਛਿਆ ਜਾਏ ਕਿ, ਕੀ ਕਿਸੇ ਸ਼ਕਤੀਸ਼ਾਲੀ ਮੁਲਕ ਦੀ ਫ਼ੌਜ ਇਕ ਤੋਂ ਜ਼ਿਆਦਾ ਮੁਹਾਜ਼ਾਂ 'ਤੇ ਲੜਨ ਦੇ ਸਮਰੱਥ ਹੋਣੀ ਚਾਹੀਦੀ ਹੈ? ਤਾਂ ਸੁਭਾਵਿਕ ਰੂਪ ਵਿਚ ਉਨ੍ਹਾਂ ਦਾ ਇਹੀ ਜਵਾਬ ਹੋਵੇਗਾ ਕਿ ਅਜਿਹਾ ਹੋਣਾ ਚਾਹੀਦਾ ਹੈ। ਇਸੇ ਕਰ ਕੇ ਭਾਰਤੀ ਥਲ ਸੈਨਾ ਦੇ ਮੁਖੀ ਜਨਰਲ ਬਿਪਿਨ ਚੰਦਰਾ ਰਾਵਤ ਦੇ ਇਸ ਬਿਆਨ, ਕਿ ਉਨ੍ਹਾਂ ਦੀ ਫ਼ੌਜ ਢਾਈ ਮੁਹਾਜ਼ਾਂ ਉਤੇ ਲੜਨ ਲਈ ਤਿਆਰ ਹੈ, ਉਤੇ ਚੋਖਾ ਪ੍ਰਤੀਕਰਮ ਹੋਇਆ ਹੈ। ਇਹ ਹਕੀਕਤ ਹੈ ਕਿ 1959 ਤੋਂ ਲੈ ਕੇ ਭਾਰਤ ਨੂੰ ਵੱਖ ਵੱਖ ਪੱਧਰਾਂ 'ਤੇ ਬਹੁਪੱਖੀ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਰਿਹਾ ਹੈ ਅਤੇ ਫ਼ੌਜ ਰਾਜਨੀਤਕ ਆਗੂਆਂ ਦੇ ਆਦੇਸ਼ ਅਨੁਸਾਰ ਹੁਕਮ ਦੀ ਤਾਮੀਲ ਕਰਦੀ ਰਹੀ ਹੈ। 1962 ਦੇ ਅਪਵਾਦ ਨੂੰ ਛੱਡ ਕੇ ਇਸ ਨੇ ਹਮੇਸ਼ਾ ਨਤੀਜੇ ਦਿੱਤੇ ਹਨ।

ਹੁਣ ਜਦੋਂਕਿ ਦਹਾਕਿਆਂ ਬਾਅਦ ਚੀਨ ਵਾਲੇ ਦੂਜੇ ਮੁਹਾਜ਼ 'ਤੇ ਸਰਗਰਮੀ ਬੇਹੱਦ ਵਧ ਗਈ ਹੈ ਅਤੇ ਚੀਨ ਦੇ ਸਰਕਾਰੀ ਮੀਡੀਆ ਵੱਲੋਂ ਅਜਿਹੀ ਜ਼ਬਾਨ ਵਰਤੀ ਜਾ ਰਹੀ ਹੈ ਜੋ ਸਾਡੇ ਟੀ.ਵੀ. ਚੈਨਲਾਂ 'ਤੇ ਵਿਚਾਰ-ਚਰਚਾ ਵਿਚ ਹਿੱਸਾ ਲੈਣ ਵਾਲੇ ਮਾਹਿਰਾਂ ਨੂੰ ਹੈਰਾਨ ਕਰਨ ਵਾਲੀ ਹੈ, ਤਾਂ ਇਸ ਸਬੰਧੀ ਬਹੁਤ ਸਾਰੇ ਸਵਾਲ ਉਠ ਰਹੇ ਹਨ।

ਪਹਿਲਾ ਸਵਾਲ ਇਹ ਹੈ ਕਿ 60 ਸਾਲਾਂ ਤੱਕ ਭਾਰਤ ਲਈ ਢਾਈ ਫਰੰਟ ਵਾਲੀ ਚੁਣੌਤੀ ਬਣੇ ਰਹਿਣ ਤੋਂ ਬਾਅਦ ਵੀ ਇਹ ਹਾਲਤ ਕਿਉਂ ਨਹੀਂ ਬਦਲੀ, ਭਾਵੇਂ ਭਾਰਤ ਨੂੰ ਤਿੰਨ ਪੂਰੀਆਂ ਜੰਗਾਂ ਲੜਨੀਆਂ ਪਈਆਂ; ਪਾਕਿਸਤਾਨ ਵੀ ਟੁੱਟ ਗਿਆ, ਉਤਰ-ਪੂਰਬੀ ਰਾਜਾਂ ਵਿਚ ਬਹੁਤ ਸਾਰੇ ਸਮਝੌਤੇ ਵੀ ਹੋਏ, ਕੌਮਾਂਤਰੀ ਪੱਧਰ 'ਤੇ ਠੰਢੀ ਜੰਗ ਦਾ ਦੌਰ ਵੀ ਖ਼ਤਮ ਹੋ ਗਿਆ ਅਤੇ ਭਾਰਤ ਨੇ ਪਰਮਾਣੂ ਹਥਿਆਰਾਂ ਵਾਲੀ ਸਮਰਥਾ ਵੀ ਹਾਸਲ ਲਈ ਹੈ? ਹੋਰ ਕਿਸੇ ਵੀ ਉਘੇ ਮੁਲਕ ਨੂੰ 6 ਦਹਾਕਿਆਂ ਤੱਕ ਸੁਰੱਖਿਆ ਪੱਖੋਂ ਇਸ ਤਰ੍ਹਾਂ ਦੀਆਂ ਚੁਣੌਤੀਆਂ ਦਾ ਸਾਹਮਣਾ ਨਹੀਂ ਕਰਨਾ ਪਿਆ।

ਦੂਜਾ ਸਵਾਲ ਇਹ ਪੁੱਛਿਆ ਜਾ ਰਿਹਾ ਹੈ ਕਿ ਭਾਰਤ ਦੀ ਹੋਂਦ ਨੂੰ ਫ਼ੌਜੀ ਪੱਖ ਤੋਂ ਜਿਹੜੀ ਨਿਰੰਤਰ ਚੁਣੌਤੀ ਬਣੀ ਹੋਈ ਹੈ, ਕੀ ਇਹ ਭਾਰਤ ਦੀ ਕੂਟਨੀਤੀ ਅਤੇ ਸੋਚ-ਸਮਝ ਕੇ ਬਣਾਈ ਗਈ ਰਣਨੀਤੀ ਦਾ ਸਿੱਟਾ ਹੈ, ਜਾਂ ਇਸ ਦੇ ਬਾਵਜੂਦ ਇਹ ਸਭ ਕੁਝ ਹੋ ਰਿਹਾ? ਇਸ ਤੋਂ ਅਗਲਾ ਸਵਾਲ ਇਹ ਹੈ ਕਿ, ਕੀ ਸਾਡੀ ਫ਼ੌਜੀ ਸ਼ਕਤੀ ਜੋ ਭਾਰਤੀ ਕੂਟਨੀਤੀ ਅਤੇ ਰਣਨੀਤੀ ਨੂੰ ਸਲਾਹ ਦਿੰਦੀ ਹੈ, ਇਸ ਦੇ ਅਧੀਨ ਹੈ ਜਾਂ ਇਸ ਤੋਂ ਕੋਈ ਵੱਖਰੀ ਗੱਲ ਹੈ? ਪਹਿਲਾਂ ਸਰਦ ਜੰਗ ਦੇ ਸਮੇਂ ਦੇ ਰੁਝਾਨ ਦੀ, ਖ਼ਾਸ ਕਰ ਕੇ ਸੋਵੀਅਤ ਬਲਾਕ ਦੀ ਗੱਲ ਕਰਦੇ ਹਾਂ। ਹੁਣ ਇਹ ਜਾਣਿਆ ਜਾਂਦਾ ਤੱਥ ਹੈ ਕਿ ਇਸ ਬਲਾਕ ਦੀ ਇਹ ਸਿਧਾਂਤਕ ਅਤੇ ਬੌਧਿਕ ਲੜਾਈ ਇਸ ਕਰ ਕੇ ਹਾਰ ਗਈ, ਕਿਉਂਕਿ ਵਾਰਸਾ ਗਠਜੋੜ ਆਪਣੀਆਂ ਫ਼ੌਜਾਂ ਦੇ ਭਾਰ ਅਤੇ ਫ਼ੌਜੀ ਸੋਚ ਕਾਰਨ ਹੀ ਢਹਿ-ਢੇਰੀ ਹੋ ਗਿਆ। ਉਘੇ ਇਤਿਹਾਸਕਾਰ ਈਆਲ ਫਰਗੂਸਨ ਨੇ ਇਸ ਬਾਰੇ ਤਰਕ ਪੇਸ਼ ਕਰਦਿਆਂ ਕਿਹਾ ਸੀ ਕਿ ਸਰਦ ਜੰਗ ਇਸ ਕਰ ਕੇ ਖ਼ਤਮ ਨਹੀਂ ਸੀ ਹੋਈ ਕਿ ਰੋਨਾਰਡ ਰੀਗਨ ਦੇ ਅਮਰੀਕਾ ਦੇ ਹੱਥ ਸੋਵੀਅਤ ਬਲਾਕ ਦੀ ਕੋਈ ਬਿਹਤਰ ਚੀਜ਼ ਆ ਗਈ ਸੀ, ਸਗੋਂ ਸੋਵੀਅਤ ਬਲਾਕ ਅਫ਼ਗਾਨਿਸਤਾਨ ਵਿਚ ਆਪਣੀ ਮਾਅਰਕੇਬਾਜ਼ੀ ਕਾਰਨ ਹੀ ਹਾਰ ਗਿਆ ਸੀ।

ਤੀਜਾ ਸਵਾਲ ਇਹ ਪੁੱਛਿਆ ਜਾ ਰਿਹਾ ਹੈ ਕਿ 60 ਸਾਲਾਂ ਬਾਅਦ ਜਦੋਂ ਦੁਨੀਆ ਵਿਚ ਬਹੁਤ ਕੁਝ ਬਦਲ ਗਿਆ ਹੈ, ਪਰ ਸਾਡੇ ਦੁਸ਼ਮਣ ਤੇ ਸਾਡੀਆਂ ਦੁਸ਼ਮਣੀਆਂ ਵਿਚ ਕੋਈ ਤਬਦੀਲੀ ਨਹੀਂ ਹੋਈ ਅਤੇ ਇਨ੍ਹਾਂ ਚੁਣੌਤੀਆਂ ਪ੍ਰਤੀ ਸਾਡੇ ਪ੍ਰਤੀਕਰਮਾਂ ਵਿਚ ਵੀ ਕੋਈ ਬਹੁਤ ਜ਼ਿਆਦਾ ਫ਼ਰਕ ਨਹੀਂ ਪਿਆ। ਕੀ ਇਸ ਦਾ ਅਰਥ ਇਹ ਨਹੀਂ ਹੈ ਕਿ ਸਾਡੀ ਰਾਜਨੀਤਕ ਲੀਡਰਸ਼ਿਪ ਕੌਮੀ ਹਿਤਾਂ ਦੀ ਅਹਿਮ ਕਸਵੱਟੀ 'ਤੇ ਅਸਫਲ ਰਹੀ ਹੈ?

ਅਸੀਂ ਹਿਟਲਰ ਵੱਲੋਂ ਰੂਸ 'ਤੇ ਹਮਲਾ ਕਰ ਕੇ ਕੀਤੀ ਗਈ ਵੱਡੀ ਗ਼ਲਤੀ ਦੀ ਗੱਲ ਹੀ ਨਹੀਂ ਕਰ ਰਹੇ, ਆਧੁਨਿਕ ਇਤਿਹਾਸ ਵੀ ਸਾਨੂੰ ਇਹ ਦੱਸਦਾ ਹੈ ਕਿ ਕੋਈ ਵੀ ਮੁਲਕ ਸਫਲਤਾ ਨਾਲ ਇਕੋ ਸਮੇਂ ਦੋ ਮੁਹਾਜ਼ਾਂ 'ਤੇ ਲੜਾਈ ਨਹੀਂ ਲੜ ਸਕਦਾ। ਇਸ ਲਈ ਸਾਡੀ ਕੂਟਨੀਤੀ ਦੀਆਂ ਤਿੰਨ ਤਰਜੀਹਾਂ ਹੋਣੀਆਂ ਚਾਹੀਦੀਆਂ ਹਨ। ਪਹਿਲੀ, ਕੌਮੀ ਹਿਤਾਂ ਨੂੰ ਅੱਗੇ ਵਧਾਉਂਦਿਆਂ ਟਕਰਾਓ ਤੋਂ ਗੁਰੇਜ਼ ਕਰਨਾ। ਆਪਣੀ ਫ਼ੌਜੀ ਸ਼ਕਤੀ ਵਰਤਣ ਤੋਂ ਬਿਨਾਂ ਹੀ ਇਸ ਦੇ ਪ੍ਰਭਾਵ ਦਾ ਲਾਭ ਲੈਂਦਿਆਂ ਲੋੜੀਂਦੇ ਨਿਸ਼ਾਨੇ ਹਾਸਲ ਕਰਨਾ, ਪਰ ਜੇ 1962, 1965 ਜਾਂ 1971 ਵਾਂਗ ਤੁਹਾਨੂੰ ਜੰਗ ਲੜਨੀ ਹੀ ਪੈਂਦੀ ਹੈ, ਤਾਂ ਇਸ ਗੱਲ ਨੂੰ ਯਕੀਨੀ ਬਣਾਉਣਾ ਕਿ ਹੋਰ ਸਾਰੇ ਮੁਹਾਜ਼ਾਂ 'ਤੇ ਸ਼ਾਂਤੀ ਬਣੀ ਰਹੇ ਤਾਂ ਜੋ ਤੁਹਾਡੀ ਫ਼ੌਜ ਇਕੋ-ਇਕ ਮੁਹਾਜ਼ ਨਾਲ ਠੀਕ ਤਰ੍ਹਾਂ ਨਜਿੱਠ ਸਕੇ।



ਸਾਡੀ ਪਿਛਲੀ ਹਰ ਜੰਗ ਸਮੇਂ ਨਵਾਂ ਮੁਹਾਜ਼ ਖੋਲ੍ਹਣ ਦਾ ਡਰ ਹਮੇਸ਼ਾ ਬਣਿਆ ਰਿਹਾ ਸੀ, ਪਰ ਸਾਡੀਆਂ ਸਰਕਾਰਾਂ ਨੇ ਇਸ ਤੋਂ ਬਚਾਅ ਲਈ ਵੱਖ ਵੱਖ ਢੰਗ-ਤਰੀਕੇ ਅਪਣਾਏ। ਜਦੋਂ 1962 ਵਿਚ ਭਾਰਤ ਲਈ ਪਹਿਲੀ ਵਾਰ ਢਾਈ ਮੁਹਾਜ਼ 'ਤੇ ਲੜਾਈ ਦੀ ਸੰਭਾਵਨਾ ਬਣੀ; ਨਹਿਰੂ ਨੇ ਅਮਰੀਕਾ ਤੇ ਬਰਤਾਨੀਆ ਤੱਕ ਪਹੁੰਚ ਕੀਤੀ, ਤਾਂ ਕਿ ਪਾਕਿਸਤਾਨ ਨੂੰ ਸ਼ਾਂਤ ਰੱਖਿਆ ਜਾ ਸਕੇ। ਇਸ ਦੀ ਕੀਮਤ ਵਜੋਂ ਭਾਰਤ ਨੂੰ ਕਸ਼ਮੀਰ ਬਾਰੇ ਪਾਕਿਸਤਾਨ ਨਾਲ ਗੰਭੀਰਤਾ (ਪਰ ਅਸਲ ਵਿਚ ਗੰਭੀਰਤਾ ਨਹੀਂ ਸੀ) ਨਾਲ ਗੱਲਬਾਤ ਸ਼ੁਰੂ ਕਰਨ ਦੀ ਮੰਗ ਮੰਨਣੀ ਪਈ ਸੀ (1962-63 ਵਿਚ 'ਤੀਜੀ ਧਿਰ' ਦੇ ਬਹੁਤ ਸਾਰੇ ਦਖ਼ਲ ਵਜੋਂ ਸਵਰਨ ਸਿੰਘ ਅਤੇ ਭੁੱਟੋ ਵਿਚਕਾਰ ਇਹ ਗੱਲਬਾਤ ਹੋਈ ਸੀ)।

ਇਸ ਪ੍ਰਸੰਗ ਵਿਚ ਥੋੜ੍ਹੀ ਜਿਹੀ ਹੋਰ ਜਾਣਕਾਰੀ ਵੀ ਇਥੇ ਦੇਣ ਦੀ ਲੋੜ ਹੈ। ਸੰਨ 1962 ਦੀ ਜੰਗ ਸਮੇਂ ਢਾਈ ਫਰੰਟ ਵਾਲੇ ਹਾਲਾਤ ਵਿਚ ਨਾਗਾਲੈਂਡ ਦਾ ਮੁਹਾਜ਼ ਵੀ ਸ਼ਾਮਿਲ ਸੀ। ਜਦੋਂ ਫ਼ੌਜ ਨੀਫਾ (ਅਰੁਣਾਚਲ ਪ੍ਰਦੇਸ਼) ਤੋਂ ਮੈਦਾਨਾਂ ਵੱਲ ਪਰਤ ਆਈ ਤਾਂ ਨਾਗਾਲੈਂਡ ਦੇ ਮੁਹਾਜ਼ ਨੂੰ ਆਰਜ਼ੀ ਤੌਰ 'ਤੇ ਛੱਡ ਦਿੱਤਾ ਗਿਆ ਅਤੇ ਇਸ ਤਰ੍ਹਾਂ ਦੂਜਾ ਮੁਹਾਜ਼ ਖੋਲ੍ਹਣ ਤੋਂ ਸਫਲਤਾ ਨਾਲ ਬਚਾਅ ਕੀਤਾ ਗਿਆ; ਭਾਵ ਅੱਧਾ ਮੁਹਾਜ਼ ਖਾਲੀ ਛੱਡ ਦਿੱਤਾ ਗਿਆ ਤਾਂ ਜੋ ਵੱਡੇ ਖ਼ਤਰੇ ਵੱਲ ਧਿਆਨ ਕੇਂਦਰਿਤ ਕੀਤਾ ਜਾ ਸਕੇ।

ਸੰਨ 1965 ਵਿਚ ਸ਼ਾਸਤਰੀ ਦੀ ਸਰਕਾਰ ਵੀ ਇਸ ਗੱਲੋਂ ਸੁਚੇਤ ਸੀ ਕਿ ਪੂਰਬ ਵਿਚ ਪਾਕਿਸਤਾਨ ਨਾਲ ਦੂਜਾ ਮੁਹਾਜ਼ ਨਾ ਖੋਲ੍ਹਿਆ ਜਾਵੇ, ਭਾਵੇਂ ਪੂਰਬ ਵਿਚ ਦਾਅ-ਪੇਚਕ ਤੌਰ 'ਤੇ ਭਾਰਤ ਦੀ ਸਥਿਤੀ ਮਜ਼ਬੂਤ ਸੀ ਅਤੇ ਪਾਕਿਸਤਾਨ ਨੂੰ ਪੂਰਬੀ ਪਾਕਿਸਤਾਨ ਦੂਰ ਹੋਣ ਕਰ ਕੇ ਭੂਗੋਲਿਕ ਸਮੱਸਿਆਵਾਂ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਸੀ। ਅਜਿਹਾ ਕਰ ਕੇ ਚੀਨ ਨੂੰ ਇਸ ਲੜਾਈ ਵਿਚ ਕੁੱਦਣ ਦਾ ਮੌਕਾ ਨਹੀਂ ਦਿੱਤਾ ਗਿਆ। ਜਦੋਂ 22 ਦਿਨਾਂ ਦੀ ਲੜਾਈ ਤੋਂ ਬਾਅਦ ਚੀਨ ਇਹ ਦੇਖਦਾ ਕਿ ਲੜਾਈ ਵਿਚ ਪਾਕਿਸਤਾਨ ਨੂੰ ਸਫਲਤਾ ਨਹੀਂ ਮਿਲ ਰਹੀ, ਉਦੋਂ ਤੱਕ ਗੋਲੀਬੰਦੀ ਸਵੀਕਾਰ ਕਰਨ ਦਾ ਸਮਾਂ ਆ ਗਿਆ ਸੀ। ਮੇਰੀ ਪੀੜ੍ਹੀ ਦੇ ਲੋਕਾਂ ਨੇ ਉਨ੍ਹਾਂ ਦਿਨਾਂ ਵਿਚ 'ਅਲਟੀਮੇਟਮ' ਸ਼ਬਦ ਪਹਿਲੀ ਵਾਰ ਸੁਣਿਆ ਸੀ, ਜਦੋਂਕਿ ਚੀਨ ਨੇ ਭਾਰਤੀ ਫ਼ੌਜ 'ਤੇ ਇਹ ਦੋਸ਼ ਲਾਇਆ ਸੀ ਕਿ ਉਸ ਨੇ ਤਿੱਬਤ ਦੇ ਚਾਰ ਚਰਵਾਹੇ ਅਗਵਾ ਕਰ ਲਏ ਹਨ ਅਤੇ ਉਨ੍ਹਾਂ ਦੇ 59 ਯਾਕ ਤੇ 800 ਭੇਡਾਂ ਵੀ ਚੁਰਾ ਲਈਆਂ ਹਨ। ਚੀਨ ਨੇ ਇਹ ਵੀ ਚਿਤਾਵਨੀ ਦਿੱਤੀ ਸੀ ਕਿ ਭਾਰਤ ਜੇ ਚਰਵਾਹੇ, ਹੋਰ ਉਪਰੋਕਤ ਵਸਤਾਂ ਅਤੇ ਇਸ ਤੋਂ ਇਲਾਵਾ ਛੋਟਾ ਜਿਹਾ ਭੂਗੋਲਿਕ ਖੇਤਰ ਉਸ ਨੂੰ ਵਾਪਸ ਨਹੀਂ ਕਰਦਾ ਤਾਂ ਭਾਰਤ ਨੂੰ ਸਿੱਟਿਆਂ ਦਾ ਸਾਹਮਣਾ ਕਰਨਾ ਪਵੇਗਾ। ਇਸ ਸਬੰਧੀ ਭਾਰਤ ਦਾ ਹੁੰਗਾਰਾ ਥੋੜ੍ਹਾ ਦਿਲਚਸਪ ਸੀ। ਉਨ੍ਹਾਂ ਦਿਨਾਂ ਵਿਚ ਕੁਝ ਨੌਜਵਾਨ ਕਾਂਗਰਸੀਆਂ ਨੇ ਨਵੀਂ ਦਿੱਲੀ ਵਿਚ ਚੀਨੀ ਸਫ਼ਾਰਤਖਾਨੇ ਦੇ ਸਾਹਮਣੇ ਸ਼ਾਂਤੀ ਲਈ ਜਲੂਸ ਕੱਢਿਆ ਅਤੇ ਉਨ੍ਹਾਂ ਨੇ ਇਸ ਜਲੂਸ ਵਿਚ 800 ਭੇਡਾਂ ਵੀ ਸ਼ਾਮਿਲ ਕੀਤੀਆਂ ਸਨ ਅਤੇ ਇਨ੍ਹਾਂ ਭੇਡਾਂ 'ਤੇ ਇਸ ਤਰ੍ਹਾਂ ਦੀਆਂ ਤਖ਼ਤੀਆਂ ਲਾਈਆਂ ਹੋਈਆਂ ਸਨ ਜਿਨ੍ਹਾਂ 'ਤੇ ਲਿਖਿਆ ਹੋਇਆ ਸੀ- 'ਮੈਨੂੰ ਖਾ ਲਓ, ਪਰ ਵਿਸ਼ਵ ਨੂੰ ਤਬਾਹ ਨਾ ਕਰੋ'। ਵਧੇਰੇ ਗੰਭੀਰ ਗੱਲ ਇਹ ਹੈ ਕਿ ਉਸ ਸਮੇਂ ਚੀਨ ਜਿਸ ਇਲਾਕੇ ਦੀ ਵਾਪਸੀ ਦੀ ਮੰਗ ਕਰ ਰਿਹਾ ਸੀ, ਉਸ ਵਿਚੋਂ ਭਾਰਤ ਨੇ ਜੀਲਿਪ-ਲਾ ਦਾ ਇਲਾਕਾ ਭੇਤ ਭਰੇ ਢੰਗ ਨਾਲ ਛੱਡ ਦਿੱਤਾ ਸੀ। ਇਸ ਸਬੰਧੀ ਜਨਰਲ ਸ਼ੇਰੂ ਤਪਾਲੀਆ ਜਿਨ੍ਹਾਂ ਨੇ ਉਥੇ ਸੇਵਾਵਾਂ ਦਿੱਤੀਆਂ ਸਨ, ਨੇ ਇਸ ਗੱਲ ਦੀ ਪੁਸ਼ਟੀ ਕੀਤੀ ਸੀ ਕਿ ਕੋਈ ਵੀ ਇਹ ਨਹੀਂ ਜਾਣਦਾ ਕਿ ਇਹ ਇਲਾਕਾ ਛੱਡਣ ਦਾ ਫ਼ੈਸਲਾ ਕਿਸ ਨੇ ਕੀਤਾ ਸੀ? ਪਰ ਕਿਉਂਕਿ ਇਹ ਇਲਾਕਾ ਛੱਡ ਦਿੱਤਾ ਗਿਆ ਸੀ, ਉਸ ਤੋਂ ਤੁਸੀਂ ਇਹ ਅੰਦਾਜ਼ਾ ਲਾ ਸਕਦੇ ਹੋ ਕਿ ਸ਼ਾਸਤਰੀ ਸਰਕਾਰ ਨੇ ਇਹ ਸਖ਼ਤ ਫ਼ੈਸਲਾ ਦੂਜਾ ਮੁਹਾਜ਼ ਖੋਲ੍ਹਣ ਦੀ ਕੀਮਤ ਅਤੇ ਸੰਭਾਵਨਾ ਸਬੰਧੀ ਗਿਣਤੀ-ਮਿਣਤੀ ਕਰ ਕੇ ਹੀ ਕੀਤਾ ਸੀ। ਹੁਣ ਸਿੱਕਮ ਵਿਚ ਹੀ ਲਗਪਗ ਇਸੇ ਤਰ੍ਹਾਂ ਦੀ ਹੀ ਸਥਿਤੀ ਹੈ।

ਸਾਡੀ ਆਖਰੀ ਵੱਡੀ ਲੜਾਈ 1971 ਵਾਲੀ ਸੀ ਜਿਸ ਨੂੰ ਲੜਨ ਲਈ ਭਾਰਤ ਨੇ ਆਗਾਮੀ ਤੌਰ 'ਤੇ ਯੋਜਨਾਬੰਦੀ ਕੀਤੀ ਸੀ। ਇੰਦਰਾ ਗਾਂਧੀ ਕੋਲ ਆਗਾਮੀ ਤੌਰ 'ਤੇ ਚੀਨ ਵੱਲੋਂ ਪੈਦਾ ਹੋਣ ਵਾਲੀ ਚੁਣੌਤੀ, ਜਿਸ ਦਾ ਉਸ ਤੋਂ ਪਹਿਲੇ ਭਾਰਤੀ ਹੁਕਮਰਾਨਾਂ ਨੂੰ ਵੀ ਸਾਹਮਣਾ ਕਰਨਾ ਪੈਂਦਾ ਰਿਹਾ ਸੀ, ਨੂੰ ਟਾਲਣ ਦੀ ਦੂਰ-ਦ੍ਰਿਸ਼ਟੀ ਸੀ। ਉਸ ਵੱਲੋਂ ਸੋਵੀਅਤ ਯੂਨੀਅਨ ਨਾਲ ਕੀਤੀ ਗਈ ਸ਼ਾਂਤੀ, ਦੋਸਤੀ ਅਤੇ ਸਹਿਯੋਗ ਦੀ ਸੰਧੀ ਨੇ ਅਜਿਹੀ ਸਥਿਤੀ ਨੂੰ ਯਕੀਨੀ ਬਣਾਇਆ ਜਿਸ ਵਿਚ ਮਾਣਕਸ਼ਾਹ ਦੀ ਫ਼ੌਜ 13 ਦਿਨ ਦੀ ਲੜਾਈ ਵਿਚ ਪੂਰਬੀ ਪਾਕਿਸਤਾਨ (ਹੁਣ ਬੰਗਲਾਦੇਸ਼) ਵਿਚ ਆਪਣੇ ਸਾਰੇ ਫ਼ੌਜੀ ਮੰਤਵ ਹਾਸਲ ਕਰਨ ਵਿਚ ਸਫਲ ਹੋਈ। ਇਹ ਭਾਰਤ ਦੀ ਇਤਿਹਾਸਕ ਅਤੇ ਭੂਗੋਲਿਕ ਕਿਸਮਤ ਹੈ ਕਿ ਸਰਦ ਜੰਗ ਦੇ ਖ਼ਤਮ ਹੋਣ ਅਤੇ ਕੌਮਾਂਤਰੀ ਪੱਧਰ 'ਤੇ ਇਸਲਾਮਿਕ ਅਤਿਵਾਦ ਦੇ ਖਿਲਾਫ਼ ਰੋਹ ਵਧਣ ਦੇ ਬਾਵਜੂਦ ਭਾਰਤ ਲਈ ਢਾਈ ਮੁਹਾਜ਼ ਵਾਲੀ ਹਾਲਤ ਨਹੀਂ ਬਦਲੀ। ਇਨ੍ਹਾਂ ਹਾਲਾਤ ਵਿਚ ਨਾ ਕੇਵਲ ਚੀਨ-ਪਾਕਿਸਤਾਨ ਦੇ ਰਿਸ਼ਤੇ ਬਰਕਰਾਰ ਰਹੇ, ਸਗੋਂ ਇਹ ਹੋਰ ਵੀ ਮਜ਼ਬੂਤ ਹੋਏ ਹਨ। ਅਮਰੀਕਾ ਵਿਚ ਟਰੰਪ ਦੇ ਸੱਤਾ ਵਿਚ ਆਉਣ ਤੋਂ ਬਾਅਦ ਇਕ-ਧਰੁਵੀ ਵਿਸ਼ਵ ਦੀ ਥਾਂ ਨਵੇਂ ਉਭਰੇ ਅਸਥਿਰ ਵਿਸ਼ਵ ਵਿਚ ਚੀਨ ਦੀ ਚੁਣੌਤੀ ਵਧ ਰਹੀ ਹੈ। ਚੀਨ-ਪਾਕਿਸਤਾਨ ਆਰਥਿਕ ਗਲਿਆਰਾ ਇਹ ਦਰਸਾਉਂਦਾ ਹੈ ਕਿ ਪਾਕਿਸਤਾਨ ਚੀਨ ਦਾ ਹੋਰ ਵੀ ਵਧੇਰੇ ਲਾਭਦਾਇਕ ਭਾਈਵਾਲ ਬਣ ਗਿਆ ਹੈ। ਇਸ ਵਿਚ ਭਾਰਤ ਵਿਲੱਖਣ ਪਰਮਾਣੂ ਸ਼ਕਤੀ ਹੈ ਜਿਸ ਨੂੰ ਸਿੱਧੇ ਤੌਰ 'ਤੇ ਦੋ ਗੁਆਂਢੀ ਪਰਮਾਣੂ ਸ਼ਕਤੀਆਂ ਵੱਲੋਂ ਚੁਣੌਤੀ ਦਾ ਸਾਹਮਣਾ ਹੈ।

ਹਰ ਭਾਰਤੀ ਲੀਡਰ ਨੇ ਇਸ ਚੁਣੌਤੀ ਨਾਲ ਨਜਿਠਣ ਦੀ ਕੋਸ਼ਿਸ਼ ਕੀਤੀ ਹੈ। ਰਾਜੀਵ ਗਾਂਧੀ ਅਤੇ ਵਾਜਪਾਈ, ਦੋਵਾਂ ਨੇ ਚੀਨ ਤੱਕ ਪਹੁੰਚ ਕੀਤੀ ਸੀ ਅਤੇ ਇਸ ਦੇ ਕੁਝ ਲਾਭਦਾਇਕ ਸਿੱਟੇ ਵੀ ਨਿਕਲੇ ਸਨ। ਡਾ. ਮਨਮੋਹਨ ਸਿੰਘ ਦੇ ਕਾਰਜਕਾਲ ਸਮੇਂ ਭਾਵੇਂ ਇਸ ਸਬੰਧ ਵਿਚ ਹੋਰ ਪ੍ਰਗਤੀ ਹੋਈ ਸੀ, ਪਰ ਗੱਲ ਬਹੁਤੀ ਅੱਗੇ ਨਹੀਂ ਵਧ ਸਕੀ। ਉਨ੍ਹਾਂ ਦਾ ਵਿਚਾਰ ਸੀ ਕਿ ਚੀਨ ਨੂੰ ਭਾਰਤ ਨਾਲ ਆਪਣੇ ਸਰਹੱਦੀ ਵਿਵਾਦ ਹੱਲ ਕਰਨ ਦੀ ਕੋਈ ਕਾਹਲ ਨਹੀਂ ਹੈ, ਕਿਉਂਕ ਉਸ ਕੋਲ ਪਾਕਿਸਤਾਨ ਮੌਜੂਦ ਹੈ ਜੋ ਉਸ ਦੇ ਇਸ਼ਾਰੇ 'ਤੇ ਭਾਰਤ ਨੂੰ ਤਿਕੋਣੀ ਚੁਣੌਤੀ ਵਿਚ ਪਾਈ ਰੱਖ ਸਕਦਾ ਹੈ।

ਇਸ ਤਿਕੋਣੀ ਚੁਣੌਤੀ ਵਿਚੋਂ ਨਿਕਲਣ ਲਈ ਡਾ. ਮਨਮੋਹਨ ਸਿੰਘ ਦੀ ਕ੍ਰਾਂਤੀਕਾਰੀ ਪਹੁੰਚ ਇਹ ਸੀ ਕਿ ਪਹਿਲਾਂ ਪਾਕਿਸਤਾਨ ਨਾਲ ਸ਼ਾਂਤੀ ਕਾਇਮ ਕੀਤੀ ਜਾਵੇ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਵਿਸ਼ਵ, ਖ਼ਾਸ ਕਰ ਕੇ ਅਮਰੀਕਾ ਦੀ ਇਸ ਗੱਲ ਵਿਚ ਬਹੁਤ ਜ਼ਿਆਦਾ ਦਿਲਚਸਪੀ ਹੈ ਕਿ ਪਾਕਿਸਤਾਨ ਦੀ ਰਾਜਨੀਤੀ ਦੇ ਸੁਭਾਅ ਵਿਚ ਤਬਦੀਲੀ ਲਿਆਂਦੀ ਜਾਵੇ। ਇਸੇ ਕਰ ਕੇ ਉਨ੍ਹਾਂ ਨੇ 26/11 ਦੇ ਮੁੰਬਈ ਹਮਲੇ ਦੇ ਬਾਵਜੂਦ ਸ਼ਰਮ-ਅਲ-ਸ਼ੇਖ ਐਲਾਨਨਾਮੇ ਦੇ ਰੂਪ ਵਿਚ ਸਚਮੁੱਚ ਹੀ ਵੱਡਾ ਕਦਮ ਚੁੱਕਿਆ ਸੀ, ਪਰ ਉਸ ਦੀ ਆਪਣੀ ਪਾਰਟੀ ਨੇ ਹੀ ਇਸ ਨੂੰ ਅਸਫਲ ਬਣਾ ਦਿੱਤਾ ਅਤੇ ਇਸ ਤਰ੍ਹਾਂ ਇਸ ਪ੍ਰੋਜੈਕਟ ਨੂੰ ਛੱਡ ਦਿੱਤਾ ਗਿਆ। ਨਰੇਂਦਰ ਮੋਦੀ ਨੂੰ ਇਸ ਗੱਲ ਦਾ ਸਿਹਰਾ ਜਾਂਦਾ ਹੈ ਕਿ ਉਨ੍ਹਾਂ ਨੇ ਪਾਕਿਸਤਾਨ ਅਤੇ ਚੀਨ, ਦੋਵਾਂ ਨਾਲ ਸਬੰਧ ਸੁਧਾਰਨ ਲਈ ਵੱਡੀ ਸ਼ੁਰੂਆਤ ਕੀਤੀ ਸੀ। ਇਸ ਨਾਲ ਕੁਝ ਸਮੇਂ ਲਈ ਦੋਵਾਂ ਪਾਸੇ ਆਸਾਂ ਦਾ ਦੀਵਾ ਟਿਮਟਿਮਾਇਆ ਵੀ ਸੀ, ਪਰ ਛੇਤੀ ਹੀ ਇਹ ਆਸ ਬੁਝ ਗਈ। ਉਨ੍ਹਾਂ ਦੀ ਟੀਮ ਨੂੰ ਇਹ ਵਿਸ਼ਲੇਸ਼ਣ ਕਰਨ ਦੀ ਲੋੜ ਹੈ ਕਿ ਅਜਿਹਾ ਕਿਉਂ ਹੋਇਆ? ਮੇਰਾ ਇਹ ਵਿਚਾਰ ਹੈ ਕਿ ਪਾਕਿਸਤਾਨ ਨਾਲ ਸਬੰਧ ਜੰਮੂ ਕਸ਼ਮੀਰ ਦੇ ਅਯੋਗ ਗਠਜੋੜ ਕਾਰਨ ਵਿਗੜੇ। ਇਸ ਸਿਧਾਂਤਕ ਵਿਰੋਧਾਂ ਵਾਲੇ ਗਠਜੋੜ ਵਿਚ ਭਾਜਪਾ ਦੀ ਆਪਣੀ ਪ੍ਰਤੀਬੱਧਤਾ ਦੀ ਘਾਟ ਵੀ ਰਹੀ ਹੈ ਅਤੇ ਬਾਅਦ ਵਿਚ ਪਾਕਿਸਤਾਨ ਦਾ ਤੱਥ ਪਾਰਟੀ ਦੀ ਕੌਮੀ ਰਾਜਨੀਤੀ ਦੇ ਤਾਣੇ-ਬਾਣੇ ਵਿਚ ਉਲਝ ਗਿਆ।

ਅੱਧਾ ਕਾਰਨ ਇਹ ਹੋ ਸਕਦਾ ਹੈ ਕਿ ਚੀਨ ਆਪਣੇ ਭਾਈਵਾਲ ਪਾਕਿਸਤਾਨ ਦੀ ਮਦਦ ਕਰਨ ਲਈ ਕੋਈ ਮੌਕਾ ਲੱਭਦਾ ਹੋਵੇ। ਦੂਜਾ ਅੱਧਾ ਕਾਰਨ ਇਹ ਹੋ ਸਕਦਾ ਹੈ ਕਿ ਹਾਲ ਹੀ ਵਿਚ ਭਾਰਤ ਦੀਆਂ ਕੁਝ ਕਾਰਵਾਈਆਂ ਅਤੇ ਇਸ ਦੇ ਨੇਤਾਵਾਂ ਦੇ ਬਿਆਨਾਂ ਨੂੰ ਚੀਨ ਨੇ ਭੜਕਾਊ ਸਮਝਿਆ ਹੋਵੇ ਜਿਨ੍ਹਾਂ ਵਿਚ ਤਿੱਬਤ ਦੀ ਜਲਾਵਤਨ ਸਰਕਾਰ ਅਤੇ ਤਾਇਵਾਨੀ ਅਧਿਕਾਰੀਆਂ ਦੀ ਭਾਜਪਾ ਦੇ ਸਮਾਗਮਾਂ ਵਿਚ ਵਧੇਰੇ ਸ਼ਿਰਕਤ (ਜਿਸ ਦੀ ਸ਼ੁਰੂਆਤ ਮੋਦੀ ਦੇ ਸਹੁੰ ਚੁੱਕ ਸਮਾਗਮ ਤੋਂ ਹੋਈ), ਭਾਰਤ ਵੱਲੋਂ ਦਲਾਈਲਾਮਾ ਦੇ ਅਰੁਣਾਚਲ ਪ੍ਰਦੇਸ਼ ਦੇ ਦੌਰੇ ਨੂੰ ਵਧੇਰੇ ਮਹੱਤਵ ਦੇਣਾ (ਇਸ ਸਮੇਂ ਇਕ ਮੰਤਰੀ ਦੀ ਹਾਜ਼ਰੀ) ਅਤੇ ਅਰੁਣਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਵੱਲੋਂ ਇਹ ਬਿਆਨ ਦੇਣਾ ਕਿ ਉਸ ਦੇ ਰਾਜ ਦੀਆਂ ਸਰਹੱਦਾਂ ਚੀਨ ਨਾਲ ਨਹੀਂ, ਸਗੋਂ ਤਿੱਬਤ ਨਾਲ ਲਗਦੀਆਂ ਹਨ, ਆਦਿ ਸ਼ਾਮਿਲ ਹਨ। ਅਸੀਂ ਇਹ ਨਹੀਂ ਜਾਣਦੇ ਕਿ, ਕੀ ਇਹ ਸਭ ਕੁਝ ਸੋਚਿਆ-ਸਮਝਿਆ ਅਤੇ ਜਾਣ-ਬੁਝ ਕੇ ਕੀਤਾ ਗਿਆ ਸੀ, ਪਰ ਸਾਨੂੰ ਇਸ ਰਣਨੀਤੀ, ਇਕੋ ਸਮੇਂ ਦੋ ਮੁਹਾਜ਼ਾਂ ਨੂੰ ਸੁਲਝਾਉਣ ਅਤੇ ਦੇਸ਼ ਅੰਦਰ ਮਾਓਵਾਦ ਤੋਂ ਪ੍ਰਭਾਵਿਤ ਕੇਂਦਰੀ ਇਲਾਕਿਆਂ ਵਿਚ ਨਵਾਂ ਅੱਧਾ ਮੁਹਾਜ਼ ਹੋਰ ਖੋਲ੍ਹਣ, ਦੀ ਸਿਆਣਪ 'ਤੇ ਧਿਆਨ ਦੇਣ ਦੀ ਲੋੜ ਹੈ।

# ਚੀਨ ਨੇ ਭਾਰਤ ਨੂੰ ਫਿਰ ਦਿਖਾਈਆਂ ਅੱਖਾਂ

**ਬੀਜਿੰਗ:** ਚੀਨ ਨੇ ਭਾਰਤ ਨੂੰ ਕਿਹਾ ਹੈ ਕਿ ਉਹ ਸਰਹੱਦ 'ਤੇ ਜਾਰੀ ਤਣਾਅ ਨੂੰ ਵਧਣ ਤੋਂ ਰੋਕਣ ਲਈ ਆਪਣੀਆਂ ਫ਼ੌਜਾਂ ਨੂੰ ਫ਼ੌਰੀ ਵਿਵਾਦਤ ਖੇਤਰ ਵਿਚੋਂ ਬਾਹਰ ਕੱਢੇ। ਇਸ ਦੇ ਨਾਲ ਹੀ ਚੀਨ ਨੇ ਕਿਹਾ ਕਿ ਭਾਰਤ ਆਪਣੇ 'ਸਿਆਸੀ ਨਿਸ਼ਾਨਿਆਂ' ਦੀ ਪੂਰਤੀ ਲਈ ਸਿੱਕਮ ਸੈਕਟਰ ਦੇ ਡੋਕਲਾਮ ਖੇਤਰ ਵਿਚ 'ਨਾਜਾਇਜ਼ ਦਖ਼ਲ' ਨੂੰ 'ਨੀਤੀ ਸੰਦ' ਵਜੋਂ ਨਾ ਵਰਤੇ।

ਚੀਨੀ ਵਿਦੇਸ਼ ਮੰਤਰਾਲੇ ਨੇ ਸਾਫ ਕਿਹਾ ਕਿ ਉਹ ਸਰਹੱਦ 'ਤੇ ਭਾਰਤ ਨਾਲ ਜਾਰੀ ਰੇੜਕੇ ਨੂੰ ਲੈ ਕੇ ਬੀਜਿੰਗ ਸਥਿਤ ਵਿਦੇਸ਼ੀ ਮਿਸ਼ਨਾਂ ਦੇ ਸੰਪਰਕ ਵਿਚ ਹੈ, ਹਾਲਾਂਕਿ ਮੰਤਰਾਲੇ ਨੇ ਮਿਸ਼ਨਾਂ ਨਾਲ ਵਿਸ਼ੇਸ਼ ਜਾਣਕਾਰੀ ਸਾਂਝੀ ਕਰਨ ਬਾਰੇ ਪੁਸ਼ਟੀ ਕਰਨ ਤੋਂ ਨਾਂਹ ਕਰ ਦਿੱਤੀ ਹੈ। ਮੰਤਰਾਲੇ ਦੇ ਤਰਜਮਾਨ ਲੂ ਕਾਂਗ ਨੇ ਕਿਹਾ, "ਸਰਹੱਦ 'ਤੇ ਤਾਇਨਾਤ ਭਾਰਤੀ ਸਲਾਮਤੀ ਦਸਤਿਆਂ ਵੱਲੋਂ ਸਰਹੱਦ ਉਲੰਘ ਕੇ ਕੀਤੇ ਨਜਾਇਜ਼ ਦਖ਼ਲ ਤੋਂ ਬੀਜਿੰਗ ਬੈਠੇ ਕਈ ਵਿਦੇਸ਼ੀ ਸਫ਼ੀਰਾਂ ਨੂੰ ਝਟਕਾ ਲੱਗਾ ਹੈ ਤੇ ਉਹ ਇਸ ਦੀ ਪੁਸ਼ਟੀ ਕਰਨਾ ਚਾਹੁੰਦੇ ਹਨ ਕਿ ਕੀ ਇਹ ਸੱਚ ਸੀ।" ਕਾਂਗ ਨੇ ਕਿਹਾ ਕਿ ਇਸ ਮੁੱਦੇ ਨੂੰ ਲੈ ਕੇ ਚੀਨ ਨੇ ਵਿਦੇਸ਼ੀ ਸਫ਼ਾਰਤੀ ਮਿਸ਼ਨਾਂ ਨਾਲ ਨੇੜਿਓਂ ਹੋ ਕੇ ਰਾਬਤਾ ਬਣਾ ਰੱਖਿਆ ਹੈ। ਰਿਪੋਰਟਾਂ ਮੁਤਾਬਕ ਚੀਨ ਨੇ ਭੂਟਾਨ ਨੇੜੇ ਤ੍ਰਿਸ਼ੰਕੂ 'ਤੇ ਜਾਰੀ ਇਸ ਰੇੜਕੇ ਬਾਰੇ ਵਿਦੇਸ਼ੀ

ਸਫ਼ੀਰਾਂ ਨਾਲ ਪਿਛਲੇ ਹਫ਼ਤੇ ਬੰਦ ਕਮਰਾ ਮੀਟਿੰਗ ਵਿਚ ਆਪਣਾ ਪੱਖ ਰੱਖਿਆ ਸੀ। ਮੀਟਿੰਗ ਦੌਰਾਨ ਚੀਨ ਵੱਲੋਂ ਸਬਰ ਦਾ ਬੰਨ੍ਹ ਟੁੱਟਣ ਸਬੰਧੀ ਦਿੱਤੇ ਬਿਆਨ ਬਾਰੇ ਪੁੱਛੇ ਜਾਣ 'ਤੇ ਲੂ ਕਾਂਗ ਨੇ ਕਿਹਾ ਕਿ ਬੀਜਿੰਗ ਵੱਲੋਂ ਇਸ ਗੱਲ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ ਕਿ 'ਇਸ ਮੁੱਦੇ 'ਤੇ ਤੱਥ ਬਿਲਕੁਲ ਸਪਸ਼ਟ' ਹਨ।

ਇਸੇ ਦੌਰਾਨ ਭਾਰਤ ਦੇ ਵਿਦੇਸ਼ ਸਕੱਤਰ ਐਸ. ਜੈਸ਼ੰਕਰ ਨੇ ਕਿਹਾ ਹੈ ਕਿ ਚੀਨ ਵੱਲੋਂ ਸਿੱਕਮ ਵਿਚ ਡੋਕਲਾਮ ਵਿਵਾਦ ਨੂੰ ਲੈ ਕੇ ਅਪਣਾਇਆ ਹਮਲਾਵਰ ਰੁਖ਼ ਅਸਾਧਾਰਨ ਤੇ ਦੋਵਾਂ ਮੁਲਕਾਂ ਵਿਚਕਾਰ ਪਹਿਲਾਂ ਹੋਏ ਸਮਝੌਤਿਆਂ ਦੇ ਉਲਟ ਹੈ। ਨਵੀਂ ਦਿੱਲੀ ਵਿਚ ਵਿਦੇਸ਼ ਮਾਮਲਿਆਂ ਨਾਲ ਸਬੰਧਤ ਸੰਸਦੀ ਪੈਨਲ ਦੇ ਮੈਂਬਰਾਂ ਨੂੰ ਜਾਣਕਾਰੀ ਦਿੰਦਿਆਂ ਵਿਦੇਸ਼ ਸਕੱਤਰ ਨੇ ਕਿਹਾ ਭਾਰਤ-ਚੀਨ-ਭੂਟਾਨ ਸਰਹੱਦ 'ਤੇ ਜਾਰੀ ਇਸ ਤਣਾਅ ਨੂੰ ਘਟਾਉਣ ਲਈ ਸਫ਼ਾਰਤੀ ਚੈਨਲਾਂ ਰਾਹੀਂ ਬੀਜਿੰਗ ਤਕ ਪਹੁੰਚ ਕੀਤੀ ਜਾ ਰਹੀ ਹੈ। ਭਾਰਤ ਸਰਹੱਦ 'ਤੇ ਮੌਜੂਦਾ ਹਾਲਾਤ ਬਾਰੇ ਆਪਣਾ ਪੱਖ ਸਪਸ਼ਟ ਕਰ ਚੁੱਕਾ ਹੈ। ਇਸ ਮੀਟਿੰਗ ਵਿਚ ਪੈਨਲ ਦੇ ਵੀਹ ਮੈਂਬਰ ਸ਼ਾਮਲ ਸਨ।

ਚੇਤੇ ਰਹੇ ਕਿ ਭਾਰਤ ਦੀ ਅਮਰੀਕਾ ਨਾਲ ਵਧ ਰਹੀ ਨੇੜਤਾ ਦੇ ਮੱਦੇਨਜ਼ਰ ਚੀਨ ਨੇ ਭਾਰਤ ਨਾਲ ਆਪਣੇ ਫਰੰਟ ਫਿਰ ਖੋਲ੍ਹ ਲਏ ਹਨ।

# ਬਲਵੰਤ ਗਾਰਗੀ ਬਾਰੇ ਲੇਖ ਦਾ ਪ੍ਰਤੀਕਰਮ

## ਪ੍ਰਤੀਕਰਮ-ਦਰ-ਪ੍ਰਤੀਕਰਮ

***ਪ੍ਰਿੰ. ਸਰਵਣ ਸਿੰਘ ਕਿਸੇ ਜਾਣ ਪਛਾਣ ਦਾ ਮੁਥਾਜ ਨਹੀਂ। ਉਹ ਬੇਸ਼ਕ ਖੇਡ ਲੇਖਕ ਕਰਕੇ ਜਾਣਿਆ ਜਾਂਦਾ ਹੈ, ਪਰ ਉਸ ਦੀ ਹਰ ਲਿਖਤ ਵਿਚ ਗਲਪ ਵਾਲਾ ਰਸ ਹੁੰਦਾ ਹੈ। ਕੁਝ ਸਮਾਂ ਪਹਿਲਾਂ ਮਰਹੂਮ ਨਾਟਕਕਾਰ ਬਲਵੰਤ ਗਾਰਗੀ ਬਾਰੇ ਉਸ ਦਾ ਇਕ ਲੰਮਾ ਲੇਖ 'ਪੰਜਾਬ ਟਾਈਮਜ਼' ਵਿਚ ਛਪਿਆ ਸੀ। ਬਲਵੰਤ ਗਾਰਗੀ ਬਾਰੇ ਉਸ ਦਾ ਲੇਖ 'ਪੰਜਾਬੀ ਟ੍ਰਿਬਿਊਨ' ਚੰਡੀਗੜ੍ਹ ਵਿਚ ਛਪਣ ਉਪਰੰਤ ਇਕ ਪਾਠਕ ਦਾ ਪ੍ਰਤੀਕਰਮ ਛਪਿਆ। ਉਸ ਪ੍ਰਤੀਕਰਮ ਦੇ ਪ੍ਰਤੀਕਰਮ ਵਿਚ ਲਿਖੀ ਆਪਣੀ ਟਿੱਪਣੀ ਪ੍ਰਿੰ. ਸਰਵਣ ਸਿੰਘ ਨੇ 'ਪੰਜਾਬ ਟਾਈਮਜ਼' ਨੂੰ ਵੀ ਭੇਜੀ ਹੈ। ਬਲਵੰਤ ਗਾਰਗੀ ਬਾਰੇ ਛਪੇ ਲੰਮੇ ਲੇਖ ਨਾਲ ਪ੍ਰਸੰਗਕ ਹੋਣ ਕਰਕੇ ਇਹ ਲਿਖਤ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। -ਸੰਪਾਦਕ***

'ਪੰਜਾਬੀ ਟ੍ਰਿਬਿਊਨ' ਵਿਚ ਛਪੇ ਮੇਰੇ ਲੇਖ 'ਪੰਜਾਬ ਦੇ ਕੋਹਿਨੂਰਾਂ ਦਾ ਟ੍ਰੇਲਰ' ਬਾਰੇ 'ਡਾਕ ਐਤਵਾਰ ਦੀ' ਵਿਚ ਪਾਠਕਾਂ ਦੇ ਪ੍ਰਤੀਕਰਮ ਪੜ੍ਹਨ ਨੂੰ ਮਿਲੇ। ਚੰਗਾ ਲੱਗਾ ਕਿ ਪਾਠਕ ਪੜ੍ਹਦੇ ਹਨ ਤੇ ਟਿੱਪਣੀਆਂ ਕਰਦੇ ਹਨ। 11 ਜੂਨ ਦੀ 'ਡਾਕ' ਵਿਚ ਲਹਿਰੇ ਗਾਗੇ ਦੇ ਰਤਨ ਪਾਲ ਡੂਡੀਆਂ ਨੇ ਮੇਰੇ ਲੇਖ 'ਤੇ ਟੀਕਾ ਟਿੱਪਣੀ ਕਰਦਿਆਂ ਲਿਖਿਆ ਕਿ ਮੈਂ ਬਲਵੰਤ ਗਾਰਗੀ ਬਾਰੇ 'ਸੰਕੀਰਨ ਸੋਚ ਦਾ ਪ੍ਰਗਟਾਵਾ' ਕੀਤਾ ਹੈ। ਕਿਉਂਕਿ ਮੈਂ ਅਜਿਹਾ ਕੀਤਾ ਨਹੀਂ, ਇਸ ਲਈ ਸਪੱਸ਼ਟੀਕਰਨ ਦੇਣਾ ਬਣਦਾ ਹੈ। ਚਲੋ ਇਸ ਬਹਾਨੇ ਗਾਰਗੀ ਦਾ ਕੁਝ ਹੋਰ ਟ੍ਰੇਲਰ ਵਿਖਾਇਆ ਜਾਊ।



ਪ੍ਰਿੰ. ਸਰਵਣ ਸਿੰਘ
ਫੋਨ: 905-799-1661

ਇਤਰਾਜ਼ ਬਲਵੰਤ ਗਾਰਗੀ ਦੀ 'ਜਾਤ' ਲਿਖਣ ਬਾਰੇ ਹੈ। ਵੈਸੇ ਤਾਂ ਮੈਂ ਪੁਸਤਕ 'ਪੰਜਾਬ ਦੇ ਕੋਹਿਨੂਰ' ਵਿਚ ਗਾਰਗੀ ਬਾਰੇ 54 ਸਫੇ ਦਾ ਸ਼ਬਦ ਚਿੱਤਰ ਉਲੀਕਿਆ ਹੈ ਜੋ ਗਾਰਗੀ ਦੇ ਖੁੱਲ੍ਹੇ ਦਰਸ਼ਨ ਦੀਦਾਰ ਕਰਵਾਉਂਦਾ ਹੈ। ਪਰ ਟ੍ਰੇਲਰ ਵਜੋਂ ਕੁਝ ਸਤਰਾਂ ਹੀ ਅਖ਼ਬਾਰ ਵਿਚ ਛਪੀਆਂ ਸਨ। ਰਤਨ ਪਾਲ ਡੂਡੀਆਂ ਨੇ ਮੇਰੀ ਲਿਖਤ ਦੇ ਇਸ ਫਿਕਰੇ 'ਜਿਵੇਂ ਇੰਦਰ ਬਾਣੀਏ ਤੇ ਬੇਗੋ ਨਾਰ ਦਾ ਮੇਲ ਲਾਹੌਰ ਵਿਚ ਹੋਇਆ, ਉਵੇਂ ਬਲਵੰਤ ਬਾਣੀਏ ਤੇ ਜੀਨੀ ਨਾਰ ਦਾ ਮੇਲ ਸਿਆਟਲ ਵਿਚ ਹੋਇਆ' ਬਾਰੇ ਲਿਖਿਆ ਹੈ, "ਲੇਖਕ ਨੇ ਜਾਤੀ-ਸੂਚਕ ਸ਼ਬਦ ਵਰਤ ਕੇ ਇਕ ਮਹਾਨ ਨਾਟਕਕਾਰ ਦੀ ਤੌਹੀਨ ਕੀਤੀ ਹੈ। ਲੇਖਕ ਨੇ ਬਲਵੰਤ ਗਾਰਗੀ ਦੀਆਂ ਉਪਲਬਧੀਆਂ ਦੀ ਬਜਾਏ ਕੇਵਲ ਉਸ ਦੇ ਇਸ਼ਕ-ਮੁਸ਼ਕ ਦਾ ਵਰਨਣ ਕੀਤਾ ਹੈ। ਲੇਖਕ ਦੀ ਜਾਣਕਾਰੀ ਲਈ ਇਹ ਦੱਸਣਾ ਵੀ ਠੀਕ ਰਹੇਗਾ ਕਿ 'ਬਾਣੀਆ' ਕੋਈ ਜਾਤੀ ਨਹੀਂ। ਹਰ ਵਣਜ ਕਰਨ ਵਾਲੇ ਭਾਵ ਵਪਾਰੀ ਬੰਦੇ ਲਈ, ਭਾਵੇਂ ਉਹ ਕਿਸੇ ਵੀ ਜਾਤੀ ਦਾ ਹੋਵੇ, 'ਬਾਣੀਆ' ਸ਼ਬਦ ਵਰਤਿਆ ਜਾ ਸਕਦਾ ਹੈ। ਬਲਵੰਤ ਗਾਰਗੀ ਦੀ ਜਾਤੀ 'ਅਗਰਵਾਲ' ਸੀ, ਨਾ ਕਿ ਬਾਣੀਆ।"

ਡੂਡੀਆਂ ਜੀ ਨੇ ਜਾਤੀ ਸ਼ਬਦ ਬਾਰੇ ਬਿਲਕੁਲ ਠੀਕ ਲਿਖਿਆ ਹੈ। ਲੇਖਕ ਨੂੰ ਕਿਸੇ ਦੀ ਜਾਤ ਨਹੀਂ ਪਰਖਣੀ ਚਾਹੀਦੀ, ਉਸ ਦੇ ਕਰਮ ਵੇਖਣੇ ਚਾਹੀਦੇ ਹਨ। ਇਸੇ ਕਰਕੇ ਮੈਂ ਗਾਰਗੀ ਦੀ ਜਾਤ ਨਹੀਂ ਪਰਖੀ। ਬਕੌਲ ਡੂਡੀਆਂ 'ਬਾਣੀਆ' ਕੋਈ ਜਾਤੀ ਨਹੀਂ। ਮੈਂ ਵੀ ਬਲਵੰਤ ਗਾਰਗੀ ਨੂੰ ਬਾਣੀਆ ਹੀ ਕਿਹਾ ਹੈ ਜਿਵੇਂ ਕਿੱਸਾਕਾਰ ਛੱਜੂ ਸਿੰਘ ਨੇ ਇੰਦਰ ਮੱਲ ਨੂੰ ਬਾਣੀਆ ਕਿਹਾ। ਛੱਜੂ ਸਿੰਘ ਨੇ ਇੰਦਰ ਬਾਣੀਏ ਤੇ ਬੇਗੋ ਨਾਰ ਦਾ ਕਿੱਸਾ ਲਿਖਣ ਵੇਲੇ ਇੰਦਰ ਬਾਣੀਏ ਦੀ ਆਸ਼ਕ ਵਜੋਂ ਵਡਿਆਈ ਹੀ ਕੀਤੀ ਸੀ। ਨਹੀਂ ਤਾਂ ਕਿਥੇ ਬਜਾਜੀ ਦੀ ਦੁਕਾਨ ਕਰਨ ਵਾਲਾ ਹਲਵਾਈਆ ਇੰਦਰ ਮੱਲ ਤੇ ਕਿਥੇ ਦੁਕਾਨ ਫੂਕਣ ਤੇ ਤਟਫਟ ਜਾਨ ਨਿਛਾਵਰ ਕਰਨ ਵਾਲਾ ਆਸ਼ਕ ਇੰਦਰ ਬਾਣੀਆ!


ਪਾਠਕ ਜਾਣਨਾ ਚਾਹੁਣਗੇ ਪਈ ਇੰਦਰ ਬਾਣੀਆ ਸੀ ਕੌਣ? ਕਿੱਸਾ ਹੈ ਕਿ ਰਾਵੀਓਂ ਪਾਰ ਪਿੰਡ ਸਰਸਾ 'ਚ ਬੇਗੋ ਨਾਂ ਦੀ ਸੋਹਣੀ ਕੁੜੀ ਸੀ। ਇਕ ਦਿਨ ਸਹੇਲੀਆਂ ਨਾਲ ਉਹ ਲਾਹੌਰ ਗਈ। ਕੁੜੀਆਂ ਇੰਦਰ ਦੀ ਦੁਕਾਨ ਵਿਚ ਜਾ ਵੜੀਆਂ। ਇੰਦਰ ਬੇਗੋ ਨੂੰ ਵੇਖਣ ਸਾਰ ਆਸ਼ਕ ਹੋ ਗਿਆ ਤੇ ਉਹਦੇ ਮੂਹਰੇ ਰੇਸ਼ਮੀ ਥਾਨ ਸੁੱਟਣ ਲੱਗ ਪਿਆ। ਕੁੜੀਆਂ ਨੂੰ ਮਖੌਲ ਸੁੱਝਾ ਅਖੇ ਇਹ ਥਾਨ ਤਾਂ ਅੱਗ ਲਾਉਣ ਵਾਲੇ ਆ। ਇੰਦਰ ਕਹਿੰਦਾ, ਇਹ ਕੁੜੀ ਕਹੇ ਤਾਂ ਅੱਗ ਵੀ ਲਾ ਦੂੰ। ਕੁੜੀਆਂ ਨੇ ਬੇਗੋ ਤੋਂ ਅਖਵਾ ਦਿੱਤਾ ਤੇ ਇੰਦਰ ਨੇ ਹੱਟੀ ਨੂੰ ਅੱਗ ਲਾ ਦਿੱਤੀ। ਡਰਦੀਆਂ ਕੁੜੀਆਂ ਬੇਗੋ ਸਮੇਤ ਦੌੜ ਪਈਆਂ ਤੇ ਰਾਵੀ ਦੇ ਪੁਲ 'ਤੇ ਜਾ ਸਾਹ ਲਿਆ। ਮਗਰੇ ਇੰਦਰ ਆ ਗਿਆ। ਕੁੜੀਆਂ ਨੇ ਫਿਰ ਮਖੌਲ ਕੀਤਾ ਅਖੇ ਸੱਚਾ ਆਸ਼ਕ ਐਂ ਤਾਂ ਮਾਰ ਦਰਿਆ 'ਚ ਛਾਲ। ਇੰਦਰ ਕਹਿੰਦਾ, ਬੇਗੋ ਆਖੇ ਤਾਂ ਛਾਲ ਵੀ ਮਾਰ ਦੂੰ। ਕੁੜੀਆਂ ਨੇ ਬੇਗੋ ਤੋਂ ਅਖਵਾ ਦਿੱਤਾ ਤੇ ਇੰਦਰ ਨੇ 'ਬੇਗੋ ਬੇਗੋ' ਕਹਿੰਦਿਆਂ ਛਾਲ ਮਾਰ ਦਿੱਤੀ। ਮਗਰੇ ਛਾਲ ਮਾਰ'ਤੀ ਬੇਗੋ ਨੇ ਕਿ ਹੁਣ ਤਾਂ ਜਿਊਣਾ ਈ ਧ੍ਰਿਗ ਐ। ਦੋਹੇਂ ਰਾਵੀ ਦੀਆਂ ਛੱਲਾਂ 'ਚ ਜਾ ਮਿਲੇ। ਕਿੱਸਾਕਾਰਾਂ ਨੇ ਕਿੱਸੇ ਲਿਖ ਕੇ ਇੰਦਰ-ਬੇਗੋ ਦੇ ਇਸ਼ਕ ਨੂੰ ਅਮਰ ਕਰ ਦਿੱਤਾ। ਇੰਦਰ ਨੇ ਬਾਣੀਏ ਮਸ਼ਹੂਰ ਕਰ ਦਿੱਤੇ ਬਈ ਜੇ ਆਸ਼ਕੀ 'ਤੇ ਆ ਜਾਣ ਫੇਰ ਨੀ ਨਫਾ ਨੁਕਸਾਨ ਵੇਖਦੇ! ਅੱਗ ਲਾ ਦਿੰਦੇ ਐ ਭਰੀ ਦੁਕਾਨ ਨੂੰ। ਦਰਿਆਦਿਲੀ ਬਿਨਾ ਦਰਿਆ 'ਚ ਛਾਲ ਨਹੀਂ ਵੱਜਦੀ। ਡੂਡੀਆਂ ਦੱਸੇ, ਬਾਣੀਆ ਹੋਣਾ ਮਾਣ ਦੀ ਗੱਲ ਹੈ ਜਾਂ ਅਪਮਾਨ ਦੀ?

ਕਦੇ ਬਠਿੰਡੇ ਦਾ ਗੇੜਾ ਮਾਰ ਕੇ ਵੇਖੋ ਉਥੋਂ ਦੇ ਬਾਣੀਏ ਹੁੱਬ ਕੇ ਕਹਿੰਦੇ ਹਨ ਕਿ ਅਸੀਂ ਬਠਿੰਡੇ ਦੇ ਬਾਣੀਏ ਹਾਂ। ਬਲਵੰਤ ਗਾਰਗੀ ਸਾਡੇ 'ਚੋਂ ਸੀ। ਗਾਰਗੀ ਆਪ ਵੀ ਬਠਿੰਡੇ ਦਾ ਬਾਣੀਆ ਕਹਾ ਕੇ ਖੁਸ਼ ਸੀ। ਨਾਲੇ ਗਾਰਗੀ ਦਾ ਕਿਹੜਾ ਇਕ ਨਾਂ ਸੀ? ਉਹਦੀ ਮਾਂ 'ਬਲੰਤ' ਕਹਿੰਦੀ ਸੀ, ਕੋਈ ਬੰਤ ਕਹਿੰਦਾ, ਕੋਈ ਬੰਤਾ। ਉਹ ਆਪ ਕਦੇ ਆਪਣਾ ਨਾਂ ਬਲਵੰਤ ਲਿਖਦਾ, ਕਦੇ ਬਲਵੰਤ ਰਾਏ, ਕਦੇ ਬਲਵੰਤ ਰਾਏ ਅਗਰਵਾਲ, ਕਦੇ ਗਰਗ ਤੇ ਕਦੇ ਗੋਰਕੀ। ਕਦੇ ਉਸ ਨੂੰ ਬਲਵੰਤ ਸਿੰਘ ਦੇ ਨਾਂ 'ਤੇ ਚੈਕ ਆਉਂਦੇ।

ਉਸ ਨੇ ਲਿਖਿਆ, "ਜਦੋਂ ਮੈਂ ਨਾਟਕ ਲਿਖਣੇ ਸ਼ੁਰੂ ਕੀਤੇ ਤਾਂ ਉਸ ਸਮੇਂ ਪੰਜਾਬੀ ਸਾਹਿਤ ਵਿਚ ਕਈ ਬਲਵੰਤ ਸਨ-ਬਾਵਾ ਬਲਵੰਤ, ਬਲਵੰਤ ਸਿੰਘ ਚਤਰਥ, ਬਲਵੰਤ ਸਿੰਘ ਜੱਗਾ। ਮੈਂ ਆਖਿਆ, ਮੈਂ ਕੋਈ ਨਿਵੇਕਲੀ ਚੀਜ਼ ਲਿਖਾਂਗਾ, ਇਸ ਲਈ ਮੇਰਾ ਨਾਂ ਵੀ ਨਿਵੇਕਲਾ ਹੋਵੇ। ਮੇਰਾ ਨਾਂ ਭਾਵੇਂ ਤੋਤਾ ਰਾਮ ਹੋਵੇ, ਭਾਵੇਂ ਲੱਖੂ ਸ਼ਾਹ-ਬਸ ਕੋਈ ਅਜਿਹਾ ਨਾਂ ਜੋ ਬਲਵੰਤ ਤੋਂ ਕਈ ਸੌ ਮੀਲ ਦੂਰ ਹੋਵੇ। ਤੇ ਮੈਂ ਕੁੜੀਆਂ ਵਾਲਾ ਨਾਂ ਰੱਖ ਲਿਆ-ਮਿਸਟਰ ਗਾਰਗੀ। ਇਹ ਨਾਂ ਪਹਿਲੇ ਬਹੁਤ ਹਾਸੋ-ਹੀਣਾ ਲੱਗਾ। ਇਹ ਇੰਜ ਸੀ ਜਿਵੇਂ ਕੋਈ ਆਖੇ ਮਾਸੀ ਚੁਨੀ ਲਾਲ ਜਾਂ ਮਿਸਟਰ ਸੁਰਿੰਦਰ ਕੌਰ।"

ਜਦ ਮੈਂ ਖਾਲਸਾ ਕਾਲਜ ਦਿੱਲੀ ਵਿਚ ਪੜ੍ਹਦਾ/ਪੜ੍ਹਾਉਂਦਾ ਸਾਂ ਤਾਂ ਡਾ. ਹਰਿਭਜਨ ਸਿੰਘ ਮੈਨੂੰ 'ਜੱਟਾ' ਕਹਿ ਕੇ ਬੁਲਾਉਂਦਾ। ਮੈਂ ਤਾਂ ਕਦੇ ਨਹੀਂ ਕਿਹਾ ਕਿ ਉਹ 'ਸੰਕੀਰਨ ਸੋਚ ਦਾ ਪ੍ਰਗਟਾਵਾ' ਕਰਦੈ। ਹਾਲਾਂਕਿ ਸ਼ਹਿਰੀਏ ਜੱਟ ਨੂੰ ਬੰਦਾ ਨਹੀਂ ਸਮਝਦੇ। ਅਕਸਰ ਕਹਿੰਦੇ ਹਨ, ਜੇ ਜੱਟ ਨਾ ਹੁੰਦੇ ਤਾਂ ਬੰਦਿਆਂ ਨੂੰ ਕੰਮ ਕਰਨਾ ਪੈਂਦਾ!

ਡਾ. ਸਰਦਾਰਾ ਸਿੰਘ ਜੌਹਲ ਨੇ 'ਰੰਗਾਂ ਦੀ ਗਾਗਰ' ਵਿਚ ਲਿਖਿਆ, "ਇਹ ਹੈਰਾਨੀ ਦੀ ਗੱਲ ਹੈ ਕਿ ਕਿਸੇ ਜੱਟ ਨੂੰ ਜੱਟ ਕਹੋ ਤਾਂ ਉਹ ਖੁਸ਼ ਹੁੰਦੈ, ਜੇ ਭਾਪੇ ਨੂੰ ਭਾਪਾ ਕਹੋ ਤਾਂ ਨਾਰਾਜ਼। ਹਾਲਾਂਕਿ ਜੱਟ ਨੂੰ ਗੈਰ-ਜੱਟ ਮੂਰਖ ਸਮਝਦੇ ਨੇ ਤੇ ਭਾਪਿਆਂ ਨੂੰ ਸਿਆਣੇ। ਹਰੀਜਨ ਨੂੰ ਹਰੀਜਨ ਕਹੀਏ, ਬਾਣੀਏ ਨੂੰ ਬਾਣੀਆ ਤੇ ਬਾਹਮਣ ਨੂੰ ਬਾਹਮਣ ਤਾਂ ਉਹ ਬੁਰਾ ਮਨਾਉਂਦੇ ਹਨ।" ਡਾ. ਜੌਹਲ ਵਰਗੇ ਵਿਦਵਾਨ ਨੂੰ ਵੀ ਅਜੇ ਤਕ ਇਹਦਾ ਕਾਰਨ ਸਮਝ ਨਹੀਂ ਆਇਆ। ਭਾਪਾ ਭਾਵੇਂ ਪ੍ਰਧਾਨ ਮੰਤਰੀ ਬਣ ਜਾਵੇ ਪਰ ਭਾਪਾ ਅਖਵਾਉਣਾ ਪਸੰਦ ਨਹੀਂ ਕਰਦਾ। ਕਰਜ਼ੇ ਦੇ ਮਾਰੇ ਨੰਗ ਮਲੰਗ ਜੱਟ ਨੂੰ ਵੀ ਜੱਟ ਕਹੋ ਤਾਂ ਤਿੜ ਜਾਂਦੈ!



*ਬਲਵੰਤ ਗਾਰਗੀ*

ਅਜਮੇਰ ਸਿੰਘ ਔਲਖ ਦੀ ਸੁਣ ਲਓ। ਨਿੱਕਾ ਹੁੰਦਾ ਉਹ ਨਿੱਕੇ ਨਾਂ ਵਾਲਾ 'ਜਮੇਰ' ਸੀ, ਸਕੂਲ ਦਾਖਲ ਹੋਣ ਵੇਲੇ ਅਜਮੇਰ ਸਿੰਘ ਹੋ ਗਿਆ ਤੇ ਜਦੋਂ ਕਵਿਤਾ ਲਿਖਣ ਲੱਗਾ ਤਾਂ ਨਾਂ ਰੱਖ ਲਿਆ ਅਜਮੇਰ ਸਿੰਘ 'ਪਾਗਲ'! 'ਪਾਗਲ' ਦੇ ਤਖੱਲਸ ਤਕ ਪਹੁੰਚਣ ਲਈ ਪਹਿਲਾਂ ਉਸ ਨੂੰ ਨਾਂ ਨਾਲ 'ਦਰਦੀ', 'ਦੁਖੀਆ' ਤੇ 'ਕੌਮੀ' ਤਖੱਲਸ ਲਾਉਣੇ ਪਏ ਸਨ। ਤਿੰਨ ਤਖੱਲਸਾਂ ਦੀਆਂ ਹੀਟਾਂ ਜਿੱਤ ਕੇ ਸੈਮੀ ਫਾਈਨਲ 'ਚ ਉਹ 'ਖਿਆਲੀ' ਹੋ ਗਿਆ ਸੀ। ਫਿਰ ਇਕ ਸੀਨੀਅਰ ਵਿਦਿਆਰਥੀ ਨੂੰ 'ਖਿਆਲੀ' ਦਾ ਖਿਤਾਬ ਸੌਂਪ ਕੇ ਆਪ 'ਪਾਗਲ' ਦੀ ਪਦਵੀ ਗ੍ਰਹਿਣ ਕਰ ਲਈ! ਬੀ. ਏ. ਤਕ ਦੇ ਸਰਟੀਫਿਕੇਟਾਂ ਉਤੇ ਉਹਦਾ ਨਾਂ ਅਜੇ ਵੀ 'ਅਜਮੇਰ ਸਿੰਘ ਪਾਗਲ' ਹੀ ਦਰਜ ਹੈ। 'ਔਲਖ ਸਾਹਿਬ' ਤਾਂ ਉਸ ਨੂੰ ਉਦੋਂ ਕਿਹਾ ਜਾਣ ਲੱਗਾ ਜਦੋਂ ਉਹ ਨਹਿਰੂ ਮੈਮੋਰੀਅਲ ਕਾਲਜ ਮਾਨਸਾ ਵਿਚ ਸਭਿਆਚਾਰਕ ਸਰਗਰਮੀਆਂ ਦਾ ਡੀਨ ਬਣਿਆ।

ਜਿਸ ਫਿਕਰੇ 'ਚੋਂ ਡੂਡੀਆਂ ਜੀ ਨੂੰ ਮੇਰੀ 'ਸੰਕੀਰਨ ਸੋਚ ਦਾ ਪ੍ਰਗਟਾਵਾ' ਲੱਭਿਆ ਉਸ ਤੋਂ ਅਗਲੇ ਫਿਕਰੇ ਸਨ, "ਇੰਦਰ ਤੇ ਬੇਗੋ ਇਸ਼ਕ ਦੇ ਪੱਟੇ ਰਾਵੀ 'ਚ ਛਾਲਾਂ ਮਾਰ ਗਏ ਤੇ ਆਸ਼ਕਾਂ-ਮਾਸ਼ੂਕਾਂ 'ਚ ਨਾਂ ਲਿਖਾ ਕੇ ਅਮਰ ਹੋ ਗਏ। ਕਿੱਸਾਕਾਰਾਂ ਨੇ ਬੇਗੋ ਨਾਰ ਤੇ ਇੰਦਰ ਬਾਣੀਏ ਦੇ ਕਿੱਸੇ ਲਿਖੇ। ਗਾਰਗੀ ਤੇ ਜੀਨੀ ਇਸ਼ਕ 'ਚ ਪੱਟੇ ਤਾਂ ਗਏ ਪਰ ਅਮਰ ਨਹੀਂ ਹੋ ਸਕੇ। ਜੀਨੀ ਨਾਰ ਤੇ ਬਲਵੰਤ ਨਾਟਕਕਾਰ ਦਾ ਕਿੱਸਾ 'ਨੰਗੀ ਧੁੱਪ' ਗਾਰਗੀ ਨੂੰ ਖੁਦ ਲਿਖਣਾ ਪਿਆ, ਜਿਸ ਨੂੰ ਸੰਤ ਸਿੰਘ ਸੇਖੋਂ ਨੇ ਸ਼ਾਹਕਾਰ ਰਚਨਾ ਆਖਿਆ।"

ਗਾਰਗੀ ਨੇ 'ਨੰਗੀ ਧੁੱਪ' ਦੇ ਮੁੱਖ ਬੰਦ ਵਿਚ ਲਿਖਿਆ, "ਆਪਣੇ ਬਾਰੇ ਇਹ ਲਿਖਣਾ ਕਿ ਮੈਂ ਕਿੰਨਾ ਚੰਗਾ ਹਾਂ, ਚੰਗੀ ਕਲਾ ਦਾ ਸੂਚਕ ਨਹੀਂ... ਮੈਂ ਆਪਣੇ ਆਪ ਬਾਰੇ ਲਿਖ ਰਿਹਾ ਹਾਂ-ਮਨ ਦੀਆਂ ਤਪਦੀਆਂ ਛਾਂਵਾਂ, ਸੁਚੇਤ ਤੇ ਅਚੇਤ ਦੀ ਟੱਕਰ, ਦੋਸਤਾਂ ਤੇ ਮਹਿਬੂਬ ਤੀਵੀਆਂ ਦੇ ਜਜ਼ਬੇ ਸਿੱਧੇ ਚਿਤਰ, ਪਿਆਰ ਤੜਪਾਂ ਤੇ ਨਫਰਤ ਦੀਆਂ ਚਿਣਗਾਂ... ਨੰਗੀ ਧੁੱਪ ਮੇਰੇ ਆਪਣੇ ਜੀਵਨ ਉਤੇ ਆਧਾਰਿਤ ਹੈ। ਜਦੋਂ ਕੋਈ ਲੇਖਕ ਆਪਣੇ ਇਮੇਜ ਨੂੰ ਲਿਸ਼ਕਾਉਣ ਦਾ ਫਿਕਰ ਕਰਨ ਲੱਗ ਪਵੇ ਤਾਂ ਉਹ ਉਸੇ ਥਾਂ ਖੜ੍ਹਾ ਰਹਿ ਜਾਂਦਾ ਹੈ... ਮੇਰਾ ਕੋਈ ਇਮੇਜ ਨਹੀਂ। ਜੇ ਹੈ ਮੈਂ ਉਸ ਨੂੰ ਹਮੇਸ਼ਾ ਤੋੜਦਾ ਰਿਹਾ ਹਾਂ ਤੇ ਇਸ ਤਰ੍ਹਾਂ ਨਵਾਂ ਇਮੇਜ ਬਣਦਾ ਰਿਹਾ ਹੈ...ਮੇਰੇ ਪਾਤਰ ਨੰਗੇ ਹਨ, ਆਦਮ ਤੇ ਹਵਾ ਵਾਂਗ। ਇਹੋ ਉਨ੍ਹਾਂ ਦੀ ਖੂਬਸੂਰਤੀ ਹੈ ਤੇ ਇਹੋ ਉਨ੍ਹਾਂ ਦਾ ਦੋਸ਼। ਮੈਂ ਜਿਸ ਤੀਵੀਂ ਨੂੰ ਪਿਆਰ ਕੀਤਾ ਉਸ ਦੇ ਹੁਸਨ ਨੂੰ ਤੇ ਨੰਗੇਜ ਨੂੰ ਚਿਤਰਿਆ ਹੈ...ਸੱਚ ਖੁਦ ਨੰਗਾ ਹੈ। ਮੈਂ ਨੰਗੇ ਸੱਚ ਦਾ ਪੁਜਾਰੀ ਹਾਂ। ਨੰਗੀ ਮੂਰਤੀ ਨੂੰ ਮੱਥਾ ਟੇਕਦਾ ਹਾਂ। ਮਨੁੱਖ ਖੁਦ ਵੀ ਇਕੱਲਾ ਤੇ ਨੰਗਾ ਹੈ। ਆਪਣੇ ਸਰੀਰ ਦੀ ਚਮੜੀ ਨਾਲੋਂ ਕੋਈ ਹੋਰ ਚੀਜ਼ ਵਧੇਰੇ ਨਿੱਘ ਨਹੀਂ ਦਿੰਦੀ। ਮੈਂ ਪਾਤਰਾਂ ਦੇ ਅਸਲੀ ਨਾਂ, ਅਸਲੀ ਥਾਂਵਾਂ, ਅਸਲੀ ਸ਼ਹਿਰ ਤੇ ਅਸਲੀ ਘਟਨਾਵਾਂ ਵਰਤੀਆਂ ਹਨ, ਪਰ ਕਿਤੇ ਕਿਤੇ ਕਾਲਪਨਿਕ ਨਾਂ ਤੇ ਬਦਲੇ ਹੋਏ ਚਿਹਰੇ ਵੀ ਹਨ। ਮੇਰਾ ਮਨੋਰਥ ਤੁਹਾਨੂੰ ਸਿਰਫ ਤੱਥ ਦੱਸਣਾ ਨਹੀਂ ਸਗੋਂ ਸੱਚ ਦੱਸਣਾ ਹੈ...ਡੂੰਘੀਆਂ ਤੇ ਲੁਕੀਆਂ ਹਕੀਕਤਾਂ, ਵਾਸ਼ਨਾ ਦਾ ਟੂਣਾ, ਲਹੂ ਵਿਚ ਮੱਚਦੀਆਂ ਖਾਹਿਸ਼ਾਂ ਤੇ ਰਚਨਾ ਦੇ ਆਪ-ਹੁਦਰੇ ਅਮਲ।"

ਇਥੇ ਮੈਂ ਇਹ ਵੀ ਦੱਸ ਦਿਆਂ ਕਿ ਗਾਰਗੀ ਦਾ ਸ਼ਬਦ ਚਿੱਤਰ ਲਿਖਣ ਲੱਗਿਆਂ ਮੈਂ ਜਾਣ ਬੁੱਝ ਕੇ 'ਗਾਰਗੀ ਸ਼ੈਲੀ' ਵਰਤੀ ਤਾਂ ਕਿ ਗਾਰਗੀ ਦੀ ਰੂਹ ਉਲਾਂਭਾ ਨਾ ਦੇਵੇ ਬਈ ਉਹਦੇ ਬਾਰੇ ਖਸਤਾ ਕਰਾਰਾ ਕਿਉਂ ਨਹੀਂ ਲਿਖਿਆ? ਗਾਰਗੀ ਨੇ ਹੋਰਨਾਂ ਬਾਰੇ ਖਸਤਾ ਕਰਾਰਾ ਹੀ ਲਿਖਿਆ ਹੈ। ਜੇ ਯਕੀਨ ਤਾਂ 'ਨਿੰਮ ਦੇ ਪੱਤੇ' ਤੋਂ ਲੈ ਕੇ 'ਨੰਗੀ ਧੁੱਪ' ਤੇ 'ਕੌੜੇ ਰੇਤੇ' ਤੋਂ ਲੈ ਕੇ 'ਕਾਸ਼ਨੀ ਵਿਹੜੇ' ਤਕ ਉਹਦੀ ਕੋਈ ਵੀ ਕਿਤਾਬ ਪੜ੍ਹ ਕੇ ਵੇਖ ਲਓ। ਸਮਾਂ ਮਿਲੇ ਤਾਂ ਗਾਰਗੀ ਦੇ ਸ਼ਬਦ ਚਿਤਰ 'ਨਾਟਕਕਾਰੀ ਦਾ ਨਾਟਕਬਾਜ਼: ਬਲਵੰਤ ਗਾਰਗੀ' ਉਤੇ ਨਜ਼ਰ ਮਾਰ ਲੈਣੀ। ਆਪੇ ਪਤਾ ਲੱਗ ਜਾਵੇਗਾ ਕਿ ਇਸ਼ਕ-ਮੁਸ਼ਕ ਦੀਆਂ ਉਪਲਬਧੀਆਂ ਨਾਲ ਮੈਂ ਉਹਦੀਆਂ ਹੋਰ ਕਿੰਨੀਆਂ ਉਪਲਬਧੀਆਂ ਗਿਣਾਈਆਂ ਹਨ।

ਡੂਡੀਆਂ ਜੀ ਵੀ ਗਾਰਗੀ ਦਾ ਰੇਖਾ ਚਿਤਰ ਪੜ੍ਹ ਲੈਣ ਕਿ ਗਾਰਗੀ ਦਾ ਕੁਆਰਾ ਨਾਵਲ 'ਕੱਕਾ ਰੇਤਾ' ਤੇ ਨਾਟਕ 'ਲੋਹਾ ਕੁੱਟ' 1944 'ਚ ਪ੍ਰਕਾਸ਼ਤ ਹੋਏ ਸਨ। ਨੰਗੀ ਧੁੱਪ 1980, ਕਾਸ਼ਨੀ ਵਿਹੜਾ 1993 ਤੇ ਜੂਠੀ ਰੋਟੀ 1997 ਵਿਚ ਛਪੇ। ਉਸ ਨੇ 1944 ਤੋਂ 90 ਤਕ 13 ਨਾਟਕ ਤੇ 1951 ਤੋਂ 82 ਤਕ 6 ਇਕਾਂਗੀ ਸੰਗ੍ਰਿਹ ਰਚੇ। ਅਭਿਸਾਰਕਾ 1990 ਤੇ ਟੀ.ਵੀ. ਨਾਟਕ ਐਕਟ੍ਰੈਸ 1991 'ਚ ਲਿਖੇ। ਰੇਖਾ ਚਿੱਤਰਾਂ ਦੀਆਂ ਪੰਜ ਪੁਸਤਕਾਂ ਨਿੰਮ ਦੇ ਪੱਤੇ 1961, ਸੁਰਮੇ ਵਾਲੀ ਅੱਖ 1964, ਕੌਡੀਆਂ ਵਾਲਾ ਸੱਪ 1980, ਹੁਸੀਨ ਚਿਹਰੇ 1985 ਤੇ ਸ਼ਰਬਤ ਦੀਆਂ ਘੁੱਟਾਂ 1990 ਵਿਚ ਛਪੀਆਂ। ਅਮਰੀਕਾ ਦਾ ਸਫਰਨਾਮਾ 'ਪਤਾਲ ਦੀ ਧਰਤੀ' ਤੇ ਕਹਾਣੀ ਸੰਗ੍ਰਿਹ ਡੁੱਲ੍ਹੇ ਬੇਰ 1958 ਅਤੇ ਕਾਲਾ ਅੰਬ ਤੇ ਮਿਰਚਾਂ ਵਾਲਾ ਸਾਧ 1983 ਵਿਚ ਪ੍ਰਕਾਸ਼ਤ ਹੋਏ। ਖੋਜ ਪੁਸਤਕਾਂ ਰੰਗ ਮੰਚ 1962 ਤੇ ਲੋਕ ਨਾਟਕ 1966 ਵਿਚ ਛਪੀਆਂ। ਉਸ ਦੇ ਨਾਟਕਾਂ ਦੇ ਨਾਂ ਹਨ-ਲੋਹਾ ਕੁੱਟ, ਧੂਣੀ ਦੀ ਅੱਗ, ਸੁਲਤਾਨ ਰਜ਼ੀਆ, ਕਣਕ ਦੀ ਬੱਲੀ, ਸੌਂਕਣ, ਮਿਰਜ਼ਾ ਸਾਹਿਬਾਂ, ਸੋਹਣੀ ਮਹੀਂਵਾਲ, ਗਗਨ ਮੈ ਥਾਲੁ, ਐਕਟ੍ਰੈਸ, ਬਲਦੇ ਟਿੱਬੇ ਤੇ ਅਭਿਸਾਰਿਕਾ। ਇਕਾਂਗੀ ਸੰਗ੍ਰਿਹ ਹਨ-ਕੁਆਰੀ ਟੀਸੀ, ਪੱਤਣ ਦੀ ਬੇੜੀ, ਪੈਂਤੜੇਬਾਜ਼, ਦੋ ਪਾਸੇ, ਚਾਕੂ ਤੇ ਐਕਟ੍ਰੈਸ।

ਬਲਵੰਤ ਗਾਰਗੀ ਦੇ ਨਾਟਕ, ਬਲਵੰਤ ਗਾਰਗੀ ਦੇ ਇਕਾਂਗੀ ਨਾਟਕ ਤੇ ਬਲਵੰਤ ਗਾਰਗੀ ਦੀਆਂ ਕਹਾਣੀਆਂ ਦੇ ਸੰਗ੍ਰਿਹ ਵੀ ਮਿਲਦੇ ਹਨ। ਕੋਈ 50 ਸਾਲਾਂ ਦੇ ਰਚਨ ਕਾਲ ਦੌਰਾਨ ਉਸ ਨੇ ਚਾਲੀ ਕੁ ਕਿਤਾਬਾਂ ਰਚੀਆਂ। ਮਹਾਨ ਨਾਟਕਕਾਰ ਦੀਆਂ ਉਪਲਬਧੀਆਂ ਹੋਰ ਮੈਂ ਕਿਵੇਂ ਦੱਸਦਾ?

ਉਹ ਅਜੀਤ ਕੌਰ ਨੂੰ 'ਕਾਤ੍ਹਨੀ' ਕਹਿੰਦੈ, ਸ਼ਿਵ ਕੁਮਾਰ ਨੂੰ 'ਕੌਡੀਆਂ ਵਾਲਾ ਸੱਪ', ਧੀਰ ਨੂੰ 'ਸੁਰਮੇ ਵਾਲੀ ਅੱਖ', ਸ਼ਾਨ ਨੂੰ 'ਦੁੱਧ ਵਿਚ ਬਰਾਂਡੀ' ਤੇ ਇਕ ਕਵੀ ਨੂੰ 'ਜ਼ਹਿਰ ਦਾ ਪੁਜਾਰੀ' ਜਿਹਾ ਖਿਤਾਬ ਬਖਸ਼ਦੈ? ਫੇਰ ਭਾਈ ਕਿਸੇ ਹੋਰ ਨੂੰ ਵੀ ਹੱਕ ਹੈ ਕਿ ਉਹਦੀਆਂ ਨਾਟਕੀ ਉਪਲਬਧੀਆਂ ਨਾਲ ਉਹਦੀ ਇਸ਼ਕ-ਮੁਸ਼ਕ ਦੀ ਉਪਲਬਧੀ ਵੀ ਦੱਸੇ। ਵੈਸੇ ਤਾਂ ਉਹਨੇ ਆਪ ਹੀ ਕੋਈ ਕਸਰ ਨਹੀਂ ਛੱਡੀ। ਸਾਫ ਲਿਖਿਆ ਹੈ, "ਜਦੋਂ ਮੈਂ ਜੀਨੀ ਨੂੰ ਸਿਆਟਲ ਵਿਚ ਮਿਲਿਆ, ਉਸ ਵੇਲੇ ਮੇਰੇ ਤਿੰਨ ਇਸ਼ਕ ਚੱਲ ਰਹੇ ਸਨ। ਤਿੰਨੇ ਕੁੜੀਆਂ ਪਿਆਰ ਵਿਚ ਡੁੱਬੀਆਂ ਹੋਈਆਂ ਸਨ। ਤਿੰਨੇ ਵਫਾਦਾਰ, ਤਿੰਨੇ ਵੇਗ-ਮੱਤੀਆਂ, ਤਿੰਨੇ ਕੌਲ-ਕਰਾਰ ਦੀਆਂ ਪੂਰੀਆਂ। ਮੈਂ ਪਰੇਸ਼ਾਨ ਸਾਂ ਕਿ ਕਿਸ ਨਾਲ ਵਿਆਹ ਕਰਾਂ? ਕਿਸ ਨੂੰ ਲਾਰਾ ਲਾਵਾਂ? ਕਿਸ ਨੂੰ ਧੋਖਾ ਦੇਵਾਂ?"

ਉਹ ਇਹ ਵੀ ਲਿਖਦਾ ਹੈ, "ਮੈਂ ਸਤੀ ਸਵਿੱਤਰੀ ਇਸਤਰੀ ਨਾਲ ਇਸ਼ਕ ਨਹੀਂ ਕਰ ਸਕਦਾ। ਮੇਰੀ ਮਹਿਬੂਬਾ ਵਿਚ ਥੋੜ੍ਹਾ ਜਿਹਾ ਔਗੁਣ ਹੋਣਾ ਚਾਹੀਦਾ ਐ। ਜਿਵੇਂ ਸੋਨੇ ਵਿਚ ਖੋਟ। ਇਕ ਅਜਿਹੀ ਔਰਤ ਜੋ ਉਲਝੀ ਹੋਈ ਲਿਟ ਹੋਵੇ ਜਿਸ ਨੂੰ ਮੈਂ ਸਾਰੀ ਉਮਰ ਸੁਲਝਾਉਂਦਾ ਰਹਾਂ।"

ਇਸ ਨੂੰ ਵੀ 'ਨਾਟਕਕਾਰ ਦੀ ਨਾਟਕਬਾਜ਼ੀ' ਦਾ ਟ੍ਰੇਲਰ ਹੀ ਸਮਝ ਲਓ!

# ਪੰਜਾਬ ਸਾਰਾ ਜੀਂਦਾ ਗੁਰਾਂ ਦੇ ਨਾਮ 'ਤੇ...

ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਸੀਨੀਅਰ ਪ੍ਰੋਫੈਸਰ ਪਤੀ-ਪਤਨੀ ਦਾ ਵਟਸ ਐਪ 'ਤੇ ਸੁਨੇਹਾ ਮਿਲਿਆ ਕਿ ਸੁਰਜੀਤ ਗੱਗ ਨਾਮ ਦੇ ਸ਼ਾਇਰ ਨੂੰ ਪੰਜਾਬ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਹੈ, ਉਸ ਦੀ ਰਿਹਾਈ ਲਈ ਲਾਮਬੰਦ ਹੋਈਏ। ਕਵਿਤਾ ਨੂੰ ਮੇਰੀ ਕਮਜ਼ੋਰੀ ਸਮਝੋ, ਇਹ ਮੈਨੂੰ ਸ਼ੈਦਾਈ ਕਰ ਦਿੰਦੀ ਹੈ। ਅਜੇ ਹੁਣੇ ਹੁਣੇ ਸਤਨਾਮ ਸਿੰਘ ਖੁਮਾਰ ਦਾ ਉਰਦੂ ਦੀਵਾਨ ਗੁਰਮੁਖੀ ਅੱਖਰਾਂ ਵਿਚ ਛਪਵਾ ਕੇ ਹਟਿਆ ਹਾਂ।

ਸੁਰਜੀਤ ਗੱਗ ਕੌਣ ਹੈ? ਮੈਂ ਨਹੀਂ ਜਾਣਦਾ। ਸਾਰੀਆਂ ਬੋਲੀਆਂ ਵਿਚ ਏਨਾ ਕੱਝ ਛਪ ਰਿਹਾ ਹੈ, ਸੋਸ਼ਲ ਮੀਡੀਆ ਉਤੇ ਘੁੰਮ ਰਿਹਾ ਹੈ ਕਿ ਪੜ੍ਹ ਨਹੀਂ ਸਕਦੇ। ਗਰੁਪ ਵਿਚਲੇ ਮੈਂਬਰਾਂ ਨੂੰ ਬੇਨਤੀ ਕੀਤੀ ਕਿ ਮੈਂ ਇਸ ਸ਼ਾਇਰ ਨੂੰ ਨਾ ਪੜ੍ਹਿਆ ਨਾ ਜਾਣਿਆ, ਉਸ ਦੀ ਜਿਸ ਲਿਖਤ ਕਾਰਨ ਗ੍ਰਿਫਤਾਰੀ ਹੋਈ ਹੈ, ਉਹ ਭੇਜੋ ਜੀ। ਕਿਸੇ ਨੇ ਲਿਖਤ ਭੇਜ ਦਿੱਤੀ, ਪੜ੍ਹੀ ਤਾਂ ਜਾਣਿਆ ਕਿ ਇਸ ਵਿਚ ਕਵਿਤਾ ਵਰਗਾ ਤਾਂ ਕੁਝ ਹੈ ਹੀ ਨਹੀਂ। ਹੱਦ ਦਰਜੇ ਦੀ ਘਟੀਆ ਜ਼ਬਾਨ ਵਿਚ ਗੁਰੂ ਨਾਨਕ ਦੇਵ ਜੀ ਨਾਲ ਜਿਹੜਾ ਸੰਵਾਦ ਰਚਾਇਆ ਹੈ, ਉਹ ਏਨੇ ਹਲਕੇ ਪੱਧਰ ਦਾ ਹੈ ਕਿ ਹਵਾਲੇ ਵਜੋਂ ਮੈਂ ਇਥੇ ਉਦਾਹਰਣ ਵੀ ਨਹੀਂ ਦੇ ਸਕਦਾ। ਮੈਂ ਪੰਜਾਬੀ ਪ੍ਰੋਫੈਸਰ ਜੋੜੀ ਨੂੰ ਕਿਹਾ, ਕਿਰਪਾ ਕਰਕੇ ਦੱਸੋ ਇਸ ਲਿਖਤ 'ਚ ਕਿਹੜਾ ਗੁਣ ਹੈ ਜੋ ਮੈਨੂੰ ਦਿੱਸਿਆ ਨਹੀਂ, ਮੇਰੀ ਸਮਝ ਵਿਚ ਨਹੀਂ ਆਇਆ। ਕੋਈ ਜਵਾਬ ਨਹੀਂ।

ਆਪਣੀ ਤੁਕਬੰਦੀ ਨੂੰ ਇਹ ਲੇਖਕ 'ਗੱਗਬਾਣੀ' ਸਿਰਲੇਖ ਅਧੀਨ ਲਿਖਦਾ ਹੈ। ਮੈਂ ਸਮਝ ਗਿਆ ਕਿ ਇਹ ਤਖੱਲਸ ਉਸ ਨੇ ਜੱਗਬਾਣੀ ਸ਼ਬਦ ਤੋਂ ਲਿਆ ਹੈ ਜੋ ਪੰਜਾਬੀ ਦਾ ਪ੍ਰਸਿੱਧ ਅਖ਼ਬਾਰ ਹੈ। ਸੋਸ਼ਲ ਮੀਡੀਆ ਅਤੇ ਪ੍ਰਿੰਟ ਮੀਡੀਆ ਦੋ ਹਿੱਸਿਆਂ ਵਿਚ ਵੰਡਿਆ ਗਿਆ ਹੈ। ਸਾਰੀਆਂ ਖੱਬੇ ਪੱਖੀ ਕਮਿਊਨਿਸਟ ਧਿਰਾਂ ਗੱਗ ਦੇ ਹੱਕ ਵਿਚ ਤੇ ਬਾਕੀ ਲੋਕ ਵਿਰੋਧ ਵਿਚ ਆ ਗਏ ਹਨ। ਉਸ ਦੇ ਸਮਰਥਕ ਉਸ ਨੂੰ ਜ਼ਮਾਨੇ ਦਾ ਕ੍ਰਾਂਤੀਕਾਰੀ ਸ਼ਾਇਰ ਐਲਾਨ ਰਹੇ ਹਨ! ਗੁਰੂਆਂ ਖਿਲਾਫ, ਧਰਮ ਖਿਲਾਫ ਜਿਹੜਾ ਬੰਦਾ ਉਟਪਟਾਂਗ ਲਿਖੀ ਜਾਵੇ, ਕੀ ਉਹ ਕ੍ਰਾਂਤੀਕਾਰੀ ਦੀ ਉਪਾਧੀ ਹਾਸਲ ਕਰ ਲੈਂਦਾ ਹੈ? ਜਿਵੇਂ ਸੱਚ, ਸੱਚ ਦੇ ਖਿਲਾਫ ਨਹੀਂ ਖਲੋਂਦਾ, ਉਸੇ ਤਰ੍ਹਾਂ ਇਕ ਕ੍ਰਾਂਤੀਕਾਰੀ ਦੂਜੇ ਕ੍ਰਾਂਤੀਕਾਰੀ ਖਿਲਾਫ ਨਹੀਂ ਲਿਖ ਸਕਦਾ। ਦੁਨੀਆਂ ਗੁਰੂ ਨਾਨਕ ਦੇਵ ਜੀ ਨੂੰ ਕ੍ਰਾਂਤੀਕਾਰੀ ਫਕੀਰ ਮੰਨਦੀ ਹੈ। ਵਿਵਾਦਾਂ ਵਿਚ ਘਿਰੇ ਇਸ ਅਖੌਤੀ ਕ੍ਰਾਂਤੀਕਾਰੀ ਕਵੀ ਨੇ ਗੁਰੂ ਜੀ ਦੀ ਖਿੱਲੀ ਕਿਸ ਮਕਸਦ ਅਧੀਨ ਉਡਾਈ, ਪਤਾ ਨਹੀਂ ਲੱਗਾ।

ਸ਼ੁਕਰ ਰੱਬ ਦਾ ਪੰਜਾਬ ਇਸ ਵਕਤ ਸਮਾਜਿਕ ਤੌਰ 'ਤੇ ਫਿਰਕਿਆਂ ਵਿਚ ਵੰਡਿਆ ਹੋਇਆ ਨਹੀਂ, ਅਮਨ ਅਮਾਨ ਦੀ ਸਥਿਤੀ ਬਰਕਰਾਰ ਰਹੇ ਤਾਂ ਸਭ ਦਾ ਭਲਾ ਹੈ। ਮੁੱਠੀ ਭਰ ਖੱਬੀਆਂ ਧਿਰਾਂ ਨੂੰ ਇਹ ਮੌਕਾ ਨਾ ਦੇਈਏ ਕਿ ਉਹ ਪੰਜਾਬ ਬੰਦ ਆਦਿਕ ਦੇ ਨਾਹਰੇ ਲਾ ਕੇ ਮਾਹੌਲ ਖਰਾਬ ਕਰਨ। ਧਾਰਮਿਕ ਬੰਦੇ ਤਰਕਸ਼ੀਲ ਨਹੀਂ ਹੁੰਦੇ, ਪੰਜਾਬੀ ਦਾ ਇਹ ਅਧਿਆਪਕ ਜੋੜਾ ਤਰਕਸ਼ੀਲ ਹੈ, ਇਨ੍ਹਾਂ ਨੂੰ ਤਰਕ ਤੋਂ ਕੰਮ ਲੈਣਾ ਚਾਹੀਦਾ ਹੈ। ਸਿੱਖ ਤੈਸ਼ ਵਿਚ ਨਾ ਆਉਣ। ਕਾਨੂੰਨ ਆਪਣਾ ਕੰਮ ਆਪ ਸੰਭਾਲੇ।

## ਮਾਪੇ ਬਿਰਧ ਆਸ਼ਰਮਾਂ ਹਵਾਲੇ?

ਖਬਰਾਂ, ਲੇਖਾਂ, ਸੰਪਾਦਕ ਨੂੰ ਲਿਖੇ ਪੱਤਰਾਂ ਰਾਹੀਂ ਜਾਣ ਰਹੇ ਹਾਂ ਕਿ ਜੁਆਨ ਜੋੜੇ ਆਪਣੇ ਮਾਪਿਆਂ ਦਾ ਬੋਝ ਨਹੀਂ ਝੱਲਦੇ ਤੇ ਬਿਰਧ ਆਸ਼ਰਮਾਂ ਵਿਚ ਛੱਡ ਆਉਂਦੇ ਹਨ। ਇਥੇ ਧਿਆਨ ਇਸ ਪੱਖ ਵੱਲ ਵੀ ਝਾਤ ਮਾਰਨ ਦੀ ਮੰਗ ਕਰਦਾ ਹੈ ਕਿ ਵਿਆਹ ਤੋਂ ਪਹਿਲਾਂ ਪੁੱਤਾਂ ਨੂੰ ਇਹੋ ਮਾਪੇ ਮਿੱਠੇ ਕਿਉਂ ਲੱਗਿਆ ਕਰਦੇ ਸਨ? ਵਿਆਹ ਪਿੱਛੋਂ ਕੌੜੇ ਲੱਗਣ ਦਾ ਕੀ ਕਾਰਨ ਹੈ? ਸਾਫ ਹੈ, ਨੂੰਹ ਆਪਣੇ ਸੱਸ-ਸਹੁਰੇ ਨੂੰ ਨਫਰਤ ਕਰਨ ਲਗਦੀ ਹੈ, ਨਿੱਤ ਕਲਹਿ ਕਲੇਸ਼ ਤੋਂ ਤੰਗ ਮੁੰਡਾ ਹਾਰ ਕੇ ਇਹ ਕਦਮ ਚੁੱਕ ਲੈਂਦਾ ਹੈ। ਕਬਜ਼ਾ ਕਰਨ ਦੀ

## ਪਾਠਕਾਂ ਦੀ ਗੱਲ

ਇਹ ਜੰਗਲੀ ਮੁਜ਼ਰਿਮਾਨਾ ਬਿਰਤੀ ਸ਼ਰਮਨਾਕ ਹੈ ਜਿਸ ਨੂੰ ਰੋਕਣਾ ਜ਼ਰੂਰੀ ਹੈ। ਸੁਪਰੀਮ ਕੋਰਟ ਨੇ ਉਨ੍ਹਾਂ ਆਪਹੁਦਰੇ ਮੁੰਡੇ-ਕੁੜੀਆਂ ਵਿਰੁਧ ਸਜ਼ਾ ਦੇ ਨਿਯਮ ਵੀ ਘੜੇ ਹਨ, ਜਿਹੜੇ ਮਾਪਿਆਂ ਦੀ ਬੇਇਜ਼ਤੀ ਕਰਨ ਦੇ ਦੋਸ਼ੀ ਸਾਬਤ ਹੋ ਜਾਣ।

ਪਾਕਿਸਤਾਨ ਦੇ ਨਾਮਵਰ ਸਮਾਜ-ਸੇਵਕ ਈਦੀ ਨੇ ਦਰਜਨਾਂ ਅਨਾਥ ਆਸ਼ਰਮ ਅਤੇ ਬਿਰਧ ਆਸ਼ਰਮ ਖੋਲ੍ਹੇ। ਆਪਣੇ ਮਾਪਿਆਂ ਨੂੰ ਈਦੀ ਕੋਲ ਛੱਡ ਕੇ ਵਾਪਸੀ ਤੇ ਇਹੋ ਜਿਹੀ ਨੇਕ ਔਲਾਦ ਹੱਥ ਜੋੜ ਕੇ ਈਦੀ ਨੂੰ ਅਕਸਰ ਪੁਛਦੀ, "ਈਦੀ ਬਾਬਾ, ਸਾਡੇ ਲਾਇਕ ਕੋਈ ਸੇਵਾ ਹੋਵੇ ਦੱਸਿਓ।"

ਈਦੀ ਹੱਸ ਕੇ ਆਖਦਾ, "ਜਿਨ੍ਹਾਂ ਦੀ ਸੇਵਾ ਕਰਨੀ ਬਣਦੀ ਸੀ, ਉਨ੍ਹਾਂ ਨੂੰ ਮੇਰੇ ਹਵਾਲੇ ਕਰ ਚੱਲੇ, ਹੋਰ ਕਿਸ ਦੀ ਤੇ ਕਿਸ ਕਿਸਮ ਦੀ ਸੇਵਾ ਕਰਨੀ ਆਉਂਦੀ ਹੈ ਤੁਹਾਨੂੰ?"

*-ਡਾ. ਹਰਪਾਲ ਸਿੰਘ ਪੰਨੂ*
*ਫੋਨ: 91-94642-51454*

## ਨੋਕ-ਝੋਕ



ਐਸ. ਅਸ਼ੋਕ ਭੌਰਾ
ਫੋਨ: 510-415-3315

# ਕਾਢਿਆਂ ਦਾ ਕਾਫਲਾ !

***ਜਦੋਂ ਮਨੁੱਖ ਸਬਰ ਤੋਂ ਉਖੜ ਗਿਆ ਹੈ ਤਾਂ ਬੇਸਬਰੀ ਦੀਆਂ ਬਿਮਾਰੀਆਂ ਫੈਲਣ ਦੇ ਆਸਾਰ ਤਾਂ ਬਣ ਹੀ ਜਾਂਦੇ ਸਨ। ਸਹਿਣਸ਼ੀਲਤਾ ਤੇ ਸੰਜਮ ਕਤਲ ਕਰ ਦਿੱਤੇ ਨੇ ਪਰ ਚਿਹਰੇ ਤੋਂ ਮਨੁੱਖ ਫਿਰ ਵੀ ਕਾਤਲ ਨਹੀਂ ਲੱਗ ਰਿਹਾ। ਇਸੇ ਕਰਕੇ ਬਾਦਸ਼ਾਹੀਆਂ ਨੇ ਭਲੇਮਾਣਸਾਂ, ਇਮਾਨਦਾਰਾਂ ਤੇ ਦੇਸ਼ ਪ੍ਰੇਮੀਆਂ ਦੀ ਉਡੀਕ ਤਿਆਗ ਦਿੱਤੀ ਹੈ। ਸੂਰਜ ਚੜ੍ਹਦਾ ਤੇ ਨਿੱਤ ਚਾਅ ਨਾਲ ਹੈ ਪਰ ਡੁੱਬ ਸ਼ਰਮਿੰਦਾ ਹੋ ਕੇ ਰਿਹਾ ਹੈ। ਚੰਨ ਗੋਡਣੀ ਮਾਰਨ ਨੂੰ ਕਾਹਲਾ ਹੈ ਕਿ ਸ਼ਾਂਤ ਚਾਨਣੀ 'ਚ ਵੀ ਲੋਕ ਗੁਨਾਹਾਂ ਦੇ ਪ੍ਰਛਾਵਿਆਂ ਤੋਂ ਭੈਅ ਨਹੀਂ ਖਾ ਰਹੇ। ਬੱਕਰੀਆਂ ਤੇ ਮੱਝਾਂ 'ਸਭ ਕੁਝ' ਨੂੰ ਖੁਰਾਕ ਸਮਝਣ ਲੱਗੀਆਂ ਹਨ ਕਿ ਦੁੱਧ ਨੂੰ ਮਨੁੱਖ ਨੇ ਸ਼ੁੱਧ ਛੱਡਿਆ ਹੀ ਕਿੱਥੇ ਹੈ? ਗਊ ਧਰਮਰਾਜ ਨੂੰ ਅੱਖਾਂ ਕੱਢ ਕੇ ਡਰਾ ਹੀ ਨਹੀਂ ਰਹੀ, ਸਿੰਗਾਂ ਨਾਲ ਖਿੱਚਣ ਦੀਆਂ ਧਮਕੀਆਂ ਵੀ ਦੇ ਰਹੀ ਹੈ। ਇਸ ਕਰਕੇ ਕਿ ਸਾਨੂੰ 'ਮਾਤਾ' ਕਹਾਉਣ ਲਈ ਸਿਰਫ 'ਭਾਰਤ ਵਰਸ਼' ਹੀ ਚਾਹੀਦਾ ਹੈ। ਹੁਣ ਸੱਪ ਥਰ-ਥਰ ਕੰਬਣ ਲੱਗ ਪਿਆ ਹੈ ਕਿ 'ਦਿੱਲੀ' ਦੇ 'ਡੰਗਿਆਂ' ਦਾ ਵਾਸ਼ਿੰਗਟਨ ਕੋਲ ਵੀ ਮਣਕਾ ਨਹੀਂ ਹੈ। ਧੋਤੀ, ਟੋਪੀ ਤੇ ਜੰਤਰੀ ਤਾਂ 'ਜ਼ਿੰਦਾਬਾਦ' ਕਹਿਣ ਲੱਗੀਆਂ ਹਨ ਕਿਉਂਕਿ ਮਨੁੱਖ ਬਦ ਕਿਸਮਤੀ ਦੀਆਂ ਡਾਂਗਾਂ ਖਾਣ ਦਾ ਆਦੀ ਹੋ ਰਿਹਾ ਹੈ। ਇਸ ਕਰਕੇ ਵੀ ਕਿ ਜੋਤਿਸ਼ ਨੇ ਕਿਸਮਤ ਦੇ ਵਰਕੇ ਪਾੜ ਕੇ ਕੰਪਿਊਟਰ ਨੂੰ 'ਸਕੈਨ' ਕਰਨ ਲਈ ਵੀ ਦਿੱਤੇ ਹਨ। ਸਰਾਧਾਂ 'ਚ ਖੀਰ ਤੇ ਪੰਡਿਤ-ਦੋਹਾਂ ਨੂੰ ਅੱਜ ਕੱਲ ਕੋਈ ਇਸ ਲਈ ਨਹੀਂ ਪੁੱਛ ਰਿਹਾ ਕਿ ਖੀਰ ਢਾਬਿਆਂ 'ਤੇ ਅਤੇ ਪੰਡਿਤ ਅਹਾਤਿਆਂ 'ਚ ਮਿਲਣ ਲੱਗ ਪਏ ਹਨ। ਹੁਣ ਪ੍ਰੇਮ ਤਾਂ ਹੈ ਪਰ ਸੋਹਣੀ ਨਹੀਂ, ਮਹੀਂਵਾਲ ਬਹੁਤ ਨੇ, ਪਰ 'ਚਿੱਟੇ' ਨੇ ਪੱਟ ਖਵਾਉਣ ਜੋਗੇ ਛੱਡੇ ਹੀ ਨਹੀਂ। ਜਾਤ ਦਾ ਅਭਿਮਾਨ ਮਨੁੱਖ ਦੇ ਸਿਰ ਨੂੰ ਚੜ੍ਹਿਆ ਪਿਐ, ਧਰਮ ਅਸਥਾਨਾਂ 'ਚ ਧਰਮ ਦੁਖੀ ਹੈ। ਔਲਾਦ ਪਿਓ ਵੱਲ, ਪਿਓ ਪਤਨੀ ਵੱਲ, ਧੀ ਮਾਂ ਵੱਲ ਪਿੱਠ ਕਰੀ ਬੈਠੀ ਹੈ। ਫਿਰ ਵੀ ਪਰਿਵਾਰਾਂ 'ਚ ਬਰਕਤਾਂ ਲੱਭਣ ਦੀ ਲੋਕ ਆਸ ਕਰੀ ਬੈਠੇ ਹਨ। ਭੌਣ ਹੁਣ ਕਾਢਿਆਂ ਦੇ ਨਹੀਂ, ਬੰਦਿਆਂ ਦੇ ਬਣਦੇ ਜਾ ਰਹੇ ਹਨ। ਮਨੁੱਖੀ ਵਰਤਾਰੇ ਨੂੰ ਵੇਖ ਕੇ ਹੀ ਕੀੜੀਆਂ ਕਾਢਿਆਂ ਦੇ ਲੱਤਾਂ ਮਾਰ ਰਹੀਆਂ ਹਨ ਕਿ 'ਬੰਦੇ ਚੰਡ ਕੇ ਰੱਖਣੇ ਪੈਣੇ ਹਨ' ਪਰ ਕੀੜੇ-ਮਕੌੜੇ ਪਸ਼ੂ-ਪੰਛੀ, ਜਾਨਵਰ ਘੱਟੋ ਘੱਟ ਹਾਲੇ ਮਨੁੱਖ ਨਾਲੋਂ ਪ੍ਰਸੰਨ ਅਵਸਥਾ ਵਿਚ ਜ਼ਰੂਰ ਹਨ।***

ਵੱਡੇ ਕੰਮ ਨਿੱਕੇ ਹੱਥਾਂ ਨੇ ਕਰਕੇ ਇਤਿਹਾਸ ਬਣਾਏ ਹਨ। ਵੱਡੀਆਂ ਹਰਕਤਾਂ ਛੋਟੇ ਲੋਕਾਂ ਨੇ ਕਦੇ ਨਹੀਂ ਕੀਤੀਆਂ। ਇਹ ਕੰਮ ਸ਼ਾਇਦ ਹਾਕਮਾਂ ਦੇ ਹਿੱਸੇ ਬਹੁਤਾ ਆਇਆ ਹੈ। ਲੱਖਾਂ ਤੀਲੇ 'ਕੱਠੇ ਕਰਕੇ ਆਲ੍ਹਣਾ ਬਣਾਉਣਾ ਤੇ ਉਹ ਵੀ ਖੂਬਸੂਰਤ, ਮਹਿਲ ਬਣਾਉਣ ਵਾਲੇ ਕਾਰੀਗਰ ਵੀ ਭੁੱਲ ਜਾਂਦੇ ਨੇ ਕਿ ਕੰਧਾਂ ਪਲਸਤਰ ਤੋਂ ਬਿਨਾ ਵੀ ਇਕਸਾਰ ਤੇ ਮੁਲਾਇਮ ਹੋ ਸਕਦੀਆਂ ਨੇ। ਇਹ ਕੰਮ ਬਿਜੜਾ ਕਰਕੇ ਦਿਖਾਉਂਦਾ ਰਿਹਾ ਹੈ। ਸਬਰ ਛੋਟੇ ਲੋਕਾਂ ਕੋਲ ਹੀ ਹੁੰਦਾ ਹੈ। ਬੇਸਬਰੀ ਦਾ ਗਹਿਣਾ ਵੱਡੇ ਲੋਕਾਂ ਦੇ ਗਲ ਹਮੇਸ਼ਾ ਲਟਕਿਆ ਰਿਹਾ ਹੈ।

ਜਾਪਾਨੀ ਲੋਕ ਬਹੁਤਾ ਕਰਕੇ ਅੰਧ ਵਿਸ਼ਵਾਸੀ ਨਹੀਂ, ਉਹ ਮੜ੍ਹੀਆਂ-ਮਸਾਣਾਂ ਤੇ ਦੇਵੀ-ਦੇਵਤਿਆਂ ਨੂੰ ਘੱਟ ਹੀ ਪੂਜਦੇ ਨੇ। ਇਸ ਕਰਕੇ ਉਹ ਮੁਕੱਦਰਾਂ ਨਾਲੋਂ ਹੱਥੀਂ ਕਾਰਜ ਕਰਨ ਨੂੰ ਤਰਜੀਹ ਦਿੰਦੇ ਆਏ ਹਨ। ਮੈਂ ਜਾਪਾਨ ਵਿਚ ਸਿਰਫ ਇਕ ਵਾਰ ਗਿਆ ਹਾਂ, ਹੀਰੋਸ਼ੀਮਾ ਜਿੱਥੇ ਪ੍ਰਮਾਣੂ ਬੰਬਾਂ ਨਾਲ ਬਣੀ ਬੰਜਰ ਧਰਤੀ 'ਤੇ ਵੀ ਹਰੇ-ਭਰੇ ਦਰਖਤ ਦੇਖੇ ਜਾ ਸਕਦੇ ਨੇ। ਇਹ ਜਾਪਾਨੀਆਂ ਦੀ ਲਿਆਕਤ ਅਤੇ ਮਿਹਨਤ ਦਾ ਨਮੂਨਾ ਹੈ। ਇੱਥੇ 'ਗਾਈਡ' ਤੁਹਾਨੂੰ ਜਾਪਾਨ ਦੀ ਪ੍ਰਸ਼ੰਸਾ 'ਚ ਇਕ ਗੱਲ ਜ਼ਰੂਰ ਸੁਣਾਉਂਦੇ ਨੇ ਕਿ ਇਕ ਵਿਧਵਾ ਔਰਤ ਸਾਰਾ ਦਿਨ ਮਿਹਨਤ ਕਰਕੇ ਆਪਣੇ ਤੇ ਆਪਣੇ ਇਕਲੌਤੇ ਪੁੱਤ ਲਈ ਖਾਣ-ਪੀਣ ਦਾ ਪ੍ਰਬੰਧ ਕਰਦੀ ਸੀ। ਇਕ ਦਿਨ ਉਸ ਦਾ ਪੁੱਤ ਬਿਮਾਰ ਹੋ ਗਿਆ। ਕਾਲੀਆਂ ਘਟਾਵਾਂ ਦੱਸ ਰਹੀਆਂ ਸਨ ਕਿ ਮੀਂਹ ਰੱਜ ਕੇ ਵਰ੍ਹੇਗਾ ਤੇ ਤੂਫਾਨ ਵੀ ਆ ਸਕਦਾ ਹੈ। ਇਕ ਰੱਜਿਆ ਪੁੱਜਿਆ ਬੰਦਾ ਚੌਲਾਂ ਦਾ ਬੋਰਾ ਤੇ ਕੁਝ ਖਾਣ ਵਾਲੀਆਂ ਵਸਤਾਂ ਲੈ ਕੇ ਆ ਰਿਹਾ ਸੀ। ਉਹ ਇਸੇ ਔਰਤ ਦਾ ਗੁਆਂਢੀ ਸੀ। ਉਸ ਨੇ ਔਰਤ ਨੂੰ ਬੜੀ ਨਿਮਰਤਾ ਨਾਲ ਕਿਹਾ ਕਿ ਤੇਰਾ ਪੁੱਤਰ ਬਿਮਾਰ ਹੈ, ਤੂੰ ਅੱਜ ਘਰ ਤੋਂ ਬਾਹਰ ਨਹੀਂ ਜਾ ਸਕੇਂਗੀ, ਤੂੰ ਇਸ ਬੈਗ 'ਚੋਂ ਜਿੰਨੇ ਚਾਹੇਂ ਚੌਲ ਲੈ ਸਕਦੀ ਹੈਂ। ਤਾਂ ਉਸ ਦੇ ਬਿਮਾਰ ਪੁੱਤਰ ਨੇ ਕਿਹਾ ਕਿ ਮਾਂ ਤੂੰ ਸਿਰਫ ਇਕ ਕੌਲੀ ਚੌਲਾਂ ਦੀ ਤੇ ਇਕ ਮੱਛੀ ਹੀ ਲੈਣੀ ਹੈ।


ਗੁਆਂਢੀ ਦਾ ਉਤਰ ਸੀ, "ਪੁੱਤਰਾ! ਇਕ ਮੱਛੀ ਤੇ ਇਕ ਕੌਲੀ ਚੌਲਾਂ ਦੀ ਸਿਰਫ ਅੱਜ ਦੇ ਦਿਨ ਲਈ ਹੀ ਕਾਫੀ ਨਹੀਂ ਹੋਵੇਗੀ। ਉਪਰੋਂ ਤੂਫਾਨ ਤੇ ਮੀਂਹ ਆਉਣ ਵਾਲਾ ਹੈ। ਤੂੰ ਬਿਮਾਰ ਹੈਂ, ਫਿਰ ਕੱਲ੍ਹ ਕੀ ਖਾਓਗੇ?"

ਮੁੰਡੇ ਨੇ ਬੜੀ ਨਿਮਰਤਾ ਨਾਲ ਜਵਾਬ ਦਿੱਤਾ, "ਜਿਸ ਨੇ ਕੱਲ ਖਾਣ ਨੂੰ ਦਿੱਤਾ ਸੀ, ਉਹ ਕੱਲ ਨੂੰ ਵੀ ਦੇਵੇਗਾ।" ਤੇ ਦਾਨ ਕਰਨ ਵਾਲਾ ਸਿਰ ਤੋਂ ਪੈਰਾਂ ਤੱਕ ਸੁੰਨ ਹੋ ਗਿਆ ਅਤੇ ਇਹ ਸਬਰ ਰੱਖਣ ਵਾਲਾ ਬਾਲਕ ਅੱਗੇ ਜਾ ਕੇ ਜਾਪਾਨ ਦਾ ਸਾਸ਼ਕ ਬਣਿਆ ਸੀ। ਇਸੇ ਲਈ ਕਹਿੰਦੇ ਨੇ, ਜਾਪਾਨੀਆਂ ਕੋਲ ਸਬਰ ਵੀ ਹੈ, ਨਿਮਰਤਾ ਵੀ ਹੈ, ਉਨ੍ਹਾਂ ਕੋਲ ਹਥਿਆਰ ਵੀ ਨੇ, ਪਰ ਦੁਨੀਆਂ 'ਚ ਜੇ ਕੋਈ ਲੜਨਾ ਨਹੀਂ ਚਾਹੁੰਦਾ ਤਾਂ ਉਹ ਸਿਰਫ ਜਾਪਾਨੀ ਨੇ ਕਿਉਂਕਿ ਨਾਗਾਸਾਕੀ ਤੇ ਹੀਰੋਸ਼ੀਮਾ ਦੀ ਤਬਾਹੀ ਨੇ ਉਨ੍ਹਾਂ ਨੂੰ ਸਿਆਣੇ ਬਣਾ ਦਿੱਤਾ ਹੈ।

ਕੀੜੀਆਂ ਅਤੇ ਕਾਢਿਆਂ ਦੇ ਭੌਣ ਦੀਆਂ ਹਜ਼ਾਰਾਂ ਕਹਾਣੀਆਂ ਅਸੀਂ ਸਾਰਿਆਂ ਨੇ ਸੁਣੀਆਂ ਹਨ। ਇਨ੍ਹਾਂ ਦੇ ਭੌਣ 'ਤੇ 'ਤਿਚੌਲੀ' ਪਾਉਣ ਦਾ ਪੁੰਨ ਵਾਲਾ ਕਾਰਜ ਦੁਨੀਆਂ ਦੇ ਬਹੁਤੇ ਦੇਸ਼ਾਂ ਵਿਚ ਪ੍ਰਚਲਿਤ ਹੈ, ਪਰ ਕਿਉਂ? ਇਹ ਸ਼ਾਇਦ ਬਹੁਤ ਹੀ ਘੱਟ ਲੋਕਾਂ ਨੂੰ ਪਤਾ ਹੋਵੇ। ਯੂਨਾਨ ਦੀ ਇਕ ਲੋਕ ਕਥਾ ਹੈ-ਇਕ ਬਾਦਸ਼ਾਹ ਦੀ ਇਕਲੌਤੀ ਧੀ ਰੱਥ ਬਹੁਤ ਤੇਜ਼ ਭਜਾਉਣ ਦੀ ਸ਼ੌਕੀਨ ਸੀ। ਹੋਇਆ ਇਹ ਕਿ ਇਕ ਵਾਰ ਉਸ ਤੋਂ ਘੋੜੇ ਬੇਕਾਬੂ ਹੋ ਗਏ ਅਤੇ ਇਕ ਗਰੀਬ ਘਰ ਦੀ ਇਕਲੌਤੀ ਬੱਚੀ ਰੱਥ ਹੇਠ ਆ ਕੇ ਮਾਰੀ ਗਈ। ਬਾਦਸ਼ਾਹ ਨੇ ਗਰੀਬ ਪਰਿਵਾਰ ਨੂੰ ਮੋਹਰਾਂ, ਘਰ ਤੇ ਹੋਰ ਸੁੱਖ ਸਹੂਲਤਾਂ ਦੇਣ ਦੀ ਪੇਸ਼ਕਸ਼ ਕੀਤੀ। ਪਰ ਇਸ ਗਰੀਬ ਮਾਂ-ਬਾਪ ਨੇ ਸਭ ਕੁਝ ਲੈਣ ਤੋਂ ਇਨਕਾਰ ਕਰ ਦਿੱਤਾ। ਮਾਮਲਾ ਅਦਾਲਤ ਵਿਚ ਚਲਾ ਗਿਆ ਤੇ ਗਰੀਬ ਪਰਿਵਾਰ ਨਾਲ ਹੋਏ ਇਸ ਸਾਸ਼ਕੀ ਧੱਕੇ ਤੋਂ ਦੁਖੀ ਜੱਜ ਨੇ ਫੈਸਲਾ ਸੁਣਾਇਆ ਕਿ ਬਾਦਸ਼ਾਹ ਦੀ ਬੇਟੀ ਨੂੰ ਇਕ ਦਿਨ ਲਈ ਨਿਰਵਸਤਰ ਕਰਕੇ ਕਾਢਿਆਂ ਦੇ ਭੌਣ 'ਤੇ ਸੁੱਟ ਦਿੱਤਾ ਜਾਵੇ।

ਬਾਦਸ਼ਾਹ ਆਪਣੀ ਬੇਟੀ ਨੂੰ ਬਹੁਤ ਪਿਆਰ ਕਰਦਾ ਸੀ। ਇਸ ਫੈਸਲੇ ਨਾਲ ਉਹ ਬਹੁਤ ਦੁਖੀ ਹੋਇਆ। ਪਰ ਉਹ ਅਦਾਲਤ ਦੇ ਫੈਸਲੇ ਨੂੰ ਸਵੀਕਾਰ ਕਰਨ ਲਈ ਤਾਂ ਵਚਨਬੱਧ ਸੀ ਪਰ ਹਕੂਮਤੀ ਨਸ਼ੇ 'ਚ ਉਸ ਨੇ ਆਪਣੇ ਅਹਿਲਕਾਰਾਂ ਨੂੰ ਹੁਕਮ ਦਿੱਤਾ ਕਿ ਉਸ ਦੀ ਰਿਆਸਤ ਵਿਚ ਜਿੱਥੇ ਵੀ ਕਾਢਿਆਂ ਦੇ ਭੌਣ ਹਨ, ਉਨ੍ਹਾਂ ਨੂੰ ਖਤਮ ਕਰ ਦਿੱਤਾ ਜਾਵੇ, ਤੇ ਹੋਇਆ ਵੀ ਇੰਜ ਹੀ। ਦੋਸ਼ੀ ਬੇਟੀ ਨੂੰ ਇਹ ਸਜ਼ਾ ਦੇਣ ਲਈ ਇਕ ਵੀ ਕਾਢਿਆਂ ਦਾ ਭੌਣ ਨਾ ਲੱਭਾ। ਬਾਦਸ਼ਾਹ ਖੁਸ਼ ਸੀ ਪਰ ਮਰ ਗਈ ਕੁੜੀ ਦੇ ਮਾਪੇ ਰੱਜ ਕੇ ਦੁਖੀ ਤੇ ਕੁਝ ਵੀ ਕਰਨ ਤੋਂ ਅਸਮਰੱਥ ਸਨ।

ਕਈ ਸਾਲ ਗੁਜ਼ਰ ਗਏ। ਰਿਆਸਤ ਵਿਚ ਕਈ ਦਿਨ ਲਗਾਤਾਰ ਮੀਂਹ ਪੈਣ ਕਾਰਨ 'ਕਾਲ ਪੈ ਗਿਆ। ਬਣ-ਤ੍ਰਿਣ ਸਭ ਕੁਝ ਗਿੱਲਾ ਹੋ ਗਿਆ। ਚੁੱਲ੍ਹਿਆਂ ਵਿਚ ਬਾਲਣ ਲਈ ਕੁਝ ਵੀ ਨਾ ਬਚਿਆ। ਇਕ ਸ਼ਾਮ ਗਰੀਬ ਔਰਤ ਨੇ ਪਤੀ ਨੂੰ ਕਿਹਾ ਕਿ ਬੇਟੀ ਤਾਂ ਚਲੀ ਗਈ ਹੈ, ਭੁੱਖ ਨਾਲ ਅਸੀਂ ਵੀ ਮਰ ਜਾਵਾਂਗੇ, ਤੂੰ ਕਿਤੋਂ ਸੁੱਕਾ ਬਾਲਣ ਲੱਭ ਕੇ ਲਿਆ। ਬੰਦਾ ਹੈਰਾਨ ਹੋ ਕੇ ਪੁੱਛਣ ਲੱਗਾ, "ਜੇ ਮੈਂ ਸੁੱਕਾ ਬਾਲਣ ਕਿਤੋਂ ਲੈ ਵੀ ਆਵਾਂ ਤਾਂ ਤੂੰ ਪਕਾਵੇਂਗੀ ਕੀ?" ਔਰਤ ਦਾ ਜਵਾਬ ਸੀ, "ਤੂੰ ਬਾਲਣ ਤਾਂ ਲੈ ਕੇ ਆ ਪਕਾਉਣ ਦਾ ਬਾਅਦ ਵਿਚ ਸੋਚਾਂਗੇ।" ਤੇ ਉਹ ਭੁੱਖੇ ਢਿੱਡ 'ਚ ਮੁਕੀਆਂ ਦਿੰਦਾ ਘਰੋਂ ਨਿਕਲ ਗਿਆ। ਜੰਗਲ ਬੇਲੇ ਗਾਹੁੰਦਾ ਬਹੁਤ ਦੂਰ ਨਿਕਲ ਗਿਆ ਪਰ ਕਿਤੇ ਵੀ ਸੁੱਕਾ ਬਾਲਣ ਨਜ਼ਰ ਨਹੀਂ ਸੀ ਆ ਰਿਹਾ।



ਆਪਣੀ ਰਿਆਸਤ ਦੀ ਹੱਦ 'ਤੇ ਜਦੋਂ ਉਹ ਵਗਦੇ ਦਰਿਆ ਕੋਲ ਪਹੁੰਚਿਆ ਤਾਂ ਉਸ ਦੀ ਨਜ਼ਰ ਪਾਣੀ ਵਿਚ ਤੈਰਦੇ ਇਕ ਦਰਖਤ 'ਤੇ ਪਈ ਜਿਸ ਦਾ ਉਪਰਲਾ ਕੁਝ ਹਿੱਸਾ ਸੁੱਕਾ ਸੀ। ਉਸ ਦੇ ਚਿਹਰੇ 'ਤੇ ਖੁਸ਼ੀ ਪਸਰੀ ਤੇ ਉਹ ਦਰਿਆ ਦੇ ਕਿਨਾਰੇ ਉਸ ਲੱਕੜ ਦਾ ਇੰਤਜ਼ਾਰ ਕਰਨ ਲੱਗਾ। ਮਿਹਨਤ ਮੁਸ਼ੱਕਤ ਕਰਕੇ ਉਸ ਨੇ ਉਸ ਦਰਖਤ ਨੂੰ ਖਿੱਚੇ ਕੇ ਬਾਹਰ ਕੱਢ ਲਿਆ। ਉਸ ਦਰਖਤ ਦੇ ਪੱਤੇ ਅਤੇ ਨਿੱਕੀਆਂ ਨਿੱਕੀਆਂ ਟਾਹਣੀਆਂ ਕਾਲੇ ਕਾਢਿਆਂ ਨਾਲ ਭਰੇ ਪਏ ਸਨ। ਬਿਜਲੀ ਜ਼ੋਰ ਦੀ ਲਿਸ਼ਕੀ ਤਾਂ ਕਾਢਿਆਂ 'ਚੋਂ ਉਨ੍ਹਾਂ ਦਾ ਇਕ ਮੁਖੀ ਬੋਲ ਪਿਆ, "ਰੱਬ ਦਿਆ ਬੰਦਿਆ, ਅਸੀਂ ਇਸ ਦਰਖਤ ਦੀਆਂ ਟਾਹਣੀਆਂ 'ਚ ਚੜ੍ਹ ਕੇ ਆਪਣੀ ਜਾਨ ਬਚਾ ਰਹੇ ਸਾਂ, ਤੂੰ ਸਾਨੂੰ ਬਾਹਰ ਕੱਢ ਕੇ ਸਾਨੂੰ ਨਵੀਂ ਜ਼ਿੰਦਗੀ ਦਿੱਤੀ ਹੈ। ਰੱਬ ਤੇਰਾ ਭਲਾ ਤਾਂ ਕਰੇਗਾ ਹੀ, ਜੇ ਕਦੇ ਸਾਡੀ ਲੋੜ ਪਈ ਤਾਂ ਯਾਦ ਕਰੀਂ, ਅਸੀਂ ਤੇਰੇ ਕੰਮ ਆਵਾਂਗੇ।"

ਗਰੀਬ ਆਦਮੀ ਹੱਸ ਪਿਆ। ਕਾਢੇ ਨੇ ਪੁੱਛਿਆ, "ਤੂੰ ਮੁਸਕਰਾਉਂਦਾ ਕਿਉਂ ਹੈਂ?"

ਉਹ ਬੋਲਿਆ, "ਖੁਸ਼ ਮੈਂ ਇਸ ਕਰਕੇ ਹਾਂ ਕਿ ਮੈਂ ਬਹੁਤ ਵੱਡਾ ਪੁੰਨ ਕਰ ਲਿਆ ਹੈ, ਹਜ਼ਾਰਾਂ ਕੀੜਿਆਂ ਦੀ ਜਾਨ ਬਚਾ ਲਈ ਹੈ, ਪਰ ਮੈਂ ਹੋਰ ਵੀ ਪ੍ਰਸੰਨ ਇਸ ਕਰਕੇ ਹੋ ਗਿਆ ਹਾਂ ਕਿ ਤੁਸੀਂ ਹੈ ਤਾਂ ਨਿੱਕੇ ਨਿੱਕੇ ਕਿਸੇ ਦੇ ਕੰਮ ਤਾਂ ਨਹੀਂ ਆ ਸਕਦੇ ਪਰ ਮੈਂ ਤੁਹਾਡੀ ਵੱਡੀ ਸੋਚ ਦਾ ਪ੍ਰਸ਼ੰਸਕ ਬਣ ਗਿਆ ਹਾਂ, ਚਲੋ ਤੁਹਾਡੇ ਅੰਦਰ ਕਿਸੇ ਦੇ ਕੰਮ ਆਉਣ ਦਾ ਜਜ਼ਬਾ ਤਾਂ ਹੈ।"

ਕਾਢਿਆਂ ਦੇ ਮੁਖੀ ਨੇ ਉਸ ਗਰੀਬ ਨੂੰ ਜਵਾਬ ਦੇ ਕੇ ਲਾਜਵਾਬ ਕਰ ਦਿੱਤਾ, "ਮਨੁੱਖ ਨੂੰ ਵਹਿਮ ਹੈ ਕਿ ਛੋਟੇ ਲੋਕ ਕਿਸੇ ਦੇ ਕੰਮ ਨਹੀਂ ਆਉਂਦੇ, ਜਦਕਿ ਕੰਮ ਹੀ ਵੱਡੇ ਲੋਕਾਂ ਦੇ ਛੋਟਿਆਂ ਨੇ ਆਉਣਾ ਹੁੰਦਾ ਹੈ। ਤੇਰੇ ਨਾਲ ਵਾਅਦਾ ਰਿਹਾ ਕਿ ਜਦੋਂ ਕੋਈ ਭੀੜ ਪਈ, ਤੂੰ ਸਾਨੂੰ ਯਾਦ ਕਰੀਂ ਅਸੀਂ ਤੇਰੇ ਅੰਗ-ਸੰਗ ਹੋਵਾਂਗੇ।"

ਕਾਢੇ ਲੱਕੜ ਤੋਂ ਉਤਰ ਕੇ ਧਰਤੀ 'ਤੇ ਖਿਲਰ ਗਏ। ਉਹ ਲੱਕੜ ਘੜੀਸ ਕੇ ਘਰ ਲੈ ਆਇਆ। ਘਰ ਆਉਂਦਿਆਂ ਹੀ ਪਤਨੀ ਨੇ ਪੁੱਛਿਆ, "ਕਿੱਥੋਂ ਲੈ ਕੇ ਆਇਆਂ ਸੁੱਕੀ ਲੱਕੜ?" ਪਤੀ ਦਾ ਉਤਰ ਸੀ, "ਤੂੰ ਇਸ ਗੱਲ ਨੂੰ ਛੱਡ, ਤੇ ਪੁੱਛ ਕਿ ਮੈਂ ਪੁੰਨ ਕਿੱਡਾ ਵੱਡਾ ਕਰਕੇ ਆਇਆ ਹਾਂ।"

ਪਤਨੀ ਹੈਰਾਨ ਕਿ ਲਗਾਤਾਰ ਮੀਂਹ ਪੈ ਰਿਹਾ ਹੈ, ਸਿਰਫ ਕੁਝ ਘੰਟੇ ਬੱਦਲ ਚੁੱਪ ਹੋਏ ਹਨ। ਤੂਫਾਨ ਫਿਰ ਸਿਰ ਤੇ ਚੜ੍ਹਿਆ ਹੋਇਆ ਹੈ, ਤੂੰ ਇਸ ਵਰਤਾਰੇ ਵਿਚ ਕਿਹੜਾ ਪੁੰਨ ਕਰਕੇ ਆਇਆ ਹੈਂ? ਪਤੀ ਨੇ ਦਰਿਆ 'ਚ ਰੁੜ੍ਹੇ ਆਉਂਦੇ ਦਰਖਤ ਦੀ ਕਹਾਣੀ ਸੁਣਾਈ ਕਿ ਕਿਵੇਂ ਕਾਢਿਆਂ ਨਾਲ ਭਰਿਆ ਹੋਇਆ ਸੀ, ਜਿਨ੍ਹਾਂ ਨੂੰ ਮੈਂ ਬਚਾਅ ਕੇ ਆਇਆ ਹਾਂ। ਨਾਲ ਹੀ ਇਹ ਵਾਅਦਾ ਵੀ ਲੈ ਕੇ ਆਇਆ ਹਾਂ ਕਿ ਜਦੋਂ ਸਾਡੇ 'ਤੇ ਭੀੜ ਪਈ, ਉਹ ਸਾਡੇ ਕੰਮ ਆਉਣਗੇ।

ਪਤਨੀ ਨੇ ਹੌਲੀ ਦੇਣੀ ਕਿਹਾ ਕਿ ਆਵਾਜ਼ ਹੁਣ ਬਾਹਰ ਨਾ ਕੱਢੀਂ ਕਿਉਂਕਿ ਬਾਦਸ਼ਾਹ ਨੇ ਆਪਣੀ ਰਿਆਸਤ ਵਿਚੋਂ ਕਾਢੇ ਮੁਕਾ ਦਿੱਤੇ ਹਨ ਤੇ ਜੇ ਉਸ ਨੂੰ ਪਤਾ ਲੱਗ ਗਿਆ ਤਾਂ ਉਹ ਸਾਨੂੰ ਦੋਵਾਂ ਨੂੰ ਮੁਕਾ ਦੇਵੇਗਾ।

ਸਾਰੀ ਰਾਤ ਭੁੱਖ ਨਾਲ ਉਨ੍ਹਾਂ ਦੀ ਅੱਖ ਨਾ ਲੱਗੀ। ਸਵੇਰੇ ਦਿਨ ਚੜ੍ਹਦਿਆਂ ਪਤਨੀ ਬੋਲੀ, "ਕਾਢਿਆਂ ਨੂੰ ਅਜ਼ਮਾ ਕੇ ਤਾਂ ਵੇਖ, ਸਾਡੇ 'ਤੇ ਇਸ ਤੋਂ ਵੱਡੀ ਕਿਹੜੀ ਬਿਪਤਾ ਹੋ ਸਕਦੀ ਹੈ? ਅਸੀਂ ਕਈ ਦਿਨਾਂ ਤੋਂ ਭੁੱਖ ਨਾਲ ਵਿਲਕ ਰਹੇ ਹਾਂ। ਕਰ ਯਾਦ ਉਸ ਕਾਢਿਆਂ ਦੇ ਮੁਖੀ ਨੂੰ।"

ਅੱਖਾਂ ਮੀਚ ਕੇ ਜਦ ਗਰੀਬ ਨੇ ਉਨ੍ਹਾਂ ਨੂੰ ਯਾਦ ਕੀਤਾ ਤਾਂ ਕਾਢਿਆਂ ਦਾ ਕਾਫਲਾ ਕਤਾਰਾਂ ਬੰਨ੍ਹੀ ਉਸ ਦੇ ਘਰ ਵੱਲ ਤੁਰਿਆ ਆ ਰਿਹਾ ਸੀ ਤੇ ਉਨ੍ਹਾਂ ਦਾ ਉਹੀ ਮੁਖੀ ਬੋਲਿਆ, "ਰੱਬ ਦਿਆ ਬੰਦਿਆ, ਦੱਸ ਕਿਵੇਂ ਯਾਦ ਕੀਤਾ?" ਉਹ ਕਹਿਣ ਲੱਗਾ, "ਹੁਣ ਤਾਂ ਸਿਰਫ ਜਾਨ ਨਿਕਲਣੀ ਬਾਕੀ ਹੈ। ਘਰ ਖਾਣ ਲਈ ਇਕ ਵੀ ਦਾਣਾ ਨਹੀਂ ਤੇ ਚਾਰ ਦਿਨ ਤੋਂ ਬਿਲਕੁਲ ਭੁੱਖਾ ਹਾਂ। ਸਾਡੇ ਢਿੱਡ ਦਾ ਮਸਲਾ ਹੱਲ ਕਰ। ਨਹੀਂ ਮੈਂ ਤਾਂ ਤੁਹਾਨੂੰ ਬਚਾ ਲਿਆ ਸੀ, ਪਰ ਅਸੀਂ ਦੋਵੇਂ ਭੁੱਖ ਨਾਲ ਮਰ ਜਾਵਾਂਗੇ।"

ਕਾਢਿਆਂ ਦਾ ਸਰਦਾਰ ਮੁਸਕਰਾਇਆ ਤੇ ਬੜੇ ਵਿਸ਼ਵਾਸ ਨਾਲ ਬੋਲਿਆ, "ਇਹ ਵੀ ਕੋਈ ਸਮੱਸਿਆ ਹੈ? ਅਸੀਂ ਤੇਰਾ ਘਰ ਹੁਣੇ ਹੀ ਚੌਲਾਂ ਨਾਲ ਭਰ ਦਿਆਂਗੇ ਪਰ ਇਕ ਕੰਮ ਕਰ।"

ਦੋਵੇਂ ਬੋਲੇ, "ਛੇਤੀ ਦੱਸੋ।"

ਕਾਢਾ ਬੋਲਿਆ, "ਚਾਰ ਕੋਹ 'ਤੇ ਬਾਦਸ਼ਾਹ ਦੇ ਚੌਲਾਂ ਦਾ ਭੰਡਾਰ ਹੈ। ਮੌਸਮ ਖਰਾਬ ਹੋਣ ਕਾਰਨ ਉਥੇ ਕੋਈ ਵੀ ਪਹਿਰਾ ਨਹੀਂ ਦਿੰਦਾ। ਕੋਈ ਸੰਤਰੀ ਚੌਕੀਦਾਰ ਨਹੀਂ ਹੁੰਦਾ। ਅੱਜ ਰਾਤ ਨੂੰ ਤੂੰ ਉਥੋਂ ਇਕ ਚੌਲਾਂ ਦਾ ਬੋਰਾ ਚੋਰੀ ਕਰਕੇ ਆਪਣੇ ਘਰ ਤੱਕ ਖਿਲਾਰਦੇ ਨੇ ਆਉਣਾ ਹੈ ਤੇ ਇਸ ਗੱਲ ਦਾ ਧਿਆਨ ਰੱਖੀਂ ਕਿ ਕਿਤੇ ਖਿਲਾਰੇ ਦੀ ਲੜੀ ਨਾ ਟੁੱਟੇ। ਫਿਰ ਅਸੀਂ ਜਾਣੀਏ ਤੇ ਸਾਡਾ ਕੰਮ।"

ਅੱਧੀ ਰਾਤ ਦੋਵੇਂ ਪਤੀ-ਪਤਨੀ ਚੌਲਾਂ ਦੇ ਭੰਡਾਰ 'ਤੇ ਪਹੁੰਚ ਗਏ। ਇਕ ਬੋਰਾ ਪਤਨੀ ਨੇ ਤੇ ਇਕ ਬੋਰਾ ਪਤੀ ਨੇ ਸਿਰ 'ਤੇ ਚੁੱਕਿਆ ਅਤੇ ਘਰ ਤੱਕ ਇਕ ਕਤਾਰ ਬੰਨ੍ਹ ਕੇ ਖਿਲਾਰਦੇ ਆਏ। ਬੱਸ ਫਿਰ ਕੀ ਸੀ! ਚੌਲਾ ਦੇ ਭੰਡਾਰ ਤੋਂ ਘਰ ਤੱਕ ਦਾ ਸਫਰ ਤੇ ਰਾਸਤਾ ਕਾਢਿਆਂ ਨੂੰ ਪਤਾ ਲੱਗ ਗਿਆ ਸੀ। ਹਜ਼ਾਰਾਂ ਕਾਢੇ ਫਿਰ ਰਾਤ-ਦਿਨ ਉਸ ਗਰੀਬ ਦੇ ਘਰ ਨੂੰ ਚੌਲ ਢੋਣ 'ਤੇ ਲੱਗੇ ਰਹੇ ਤੇ 48 ਘੰਟਿਆਂ ਦੇ ਅੰਦਰ ਅੰਦਰ ਉਸ ਗਰੀਬ ਦਾ ਕੋਠਾ ਕਾਢਿਆਂ ਨੇ ਚੌਲਾਂ ਨਾਲ ਭਰ ਦਿੱਤਾ ਸੀ।

ਇਹ ਖਬਰ ਜੰਗਲ ਦੀ ਅੱਗ ਵਾਂਗ ਬਾਦਸ਼ਾਹ ਦੇ ਮਹਿਲਾਂ ਤੱਕ ਪਹੁੰਚ ਗਈ ਕਿ ਚੌਲਾਂ ਦੇ ਭੰਡਾਰ 'ਚ ਚੋਰੀ ਹੋ ਗਈ। ਬਾਦਸ਼ਾਹ ਨੇ ਅਹਿਲਕਾਰਾਂ ਨੂੰ ਇਸ ਦੀ ਜਾਂਚ ਕਰਨ ਲਈ ਕਿਹਾ ਤਾਂ ਪਤਾ ਲੱਗਾ ਕਿ ਇਹ ਸਾਰਾ ਕੰਮ ਕਾਢਿਆਂ ਨੇ ਕੀਤਾ ਹੈ, ਘਰ ਵੀ ਉਸ ਗਰੀਬ ਦਾ ਭਰਿਆ ਹੈ ਜਿਸ ਦੀ ਬੇਟੀ ਨੂੰ ਬਾਦਸ਼ਾਹ ਦੀ ਬੇਟੀ ਨੇ ਰੱਥ ਹੇਠ ਦੇ ਕੇ ਮਾਰ ਦਿੱਤਾ ਸੀ। ਬਾਦਸ਼ਾਹ ਗੁੱਸੇ 'ਚ ਬੇਕਾਬੂ ਹੋ ਗਿਆ। ਉਸ ਨੇ ਗਰੀਬ ਆਦਮੀ ਨੂੰ ਮਹਿਲਾਂ 'ਚ ਬੁਲਾ ਕੇ ਤਾੜਨਾ ਕੀਤੀ, "ਤੂੰ ਮੇਰੇ ਸਰਕਾਰੀ ਅੰਨ੍ਹ ਭੰਡਾਰਾਂ 'ਚ ਚੋਰੀ ਕੀਤੀ ਹੈ। ਮੈਂ ਇਸ ਇਲਜ਼ਾਮ ਹੇਠ ਤੁਹਾਡਾ ਦੋਵਾਂ ਦਾ ਸਿਰ ਕਲਮ ਕਰ ਦੇਵਾਂਗਾ ਨਹੀਂ ਤੇ ਤੁਸੀਂ ਬਚਦਾ ਅੰਨ ਭੰਡਾਰ ਵੀ ਤਬਾਹ ਕਰ ਦਿਓਗੇ, ਕਿਉਂਕਿ ਜਿਨ੍ਹਾਂ ਕਾਢਿਆਂ ਨੂੰ ਮੈਂ ਆਪਣੀ ਰਿਆਸਤ ਵਿਚੋਂ ਖਤਮ ਕਰ ਦਿੱਤਾ ਸੀ, ਉਨ੍ਹਾਂ ਨੂੰ ਤੁਸੀਂ ਹੀ ਲੈ ਕੇ ਆਏ ਹੋ ਤੇ ਮੈਂ ਮੁੜ ਕੇ ਉਨ੍ਹਾਂ ਦਾ ਬੀਜ ਨਾਸ ਵੀ ਕਰ ਦਿਆਂਗਾ। ਜਾਹ ਚਲੇ ਜਾਹ ਤੇ ਤੁਹਾਨੂੰ ਕੱਲ ਨੂੰ ਭਰੀ ਸਭਾ 'ਚ ਸਜ਼ਾ ਦਿੱਤੀ ਜਾਵੇਗੀ।"

ਉਦਾਸ ਹੋਇਆ ਗਰੀਬ ਆਦਮੀ ਘਰ ਪਰਤਿਆ ਅਤੇ ਆਪਣੀ ਪਤਨੀ ਦੇ ਗਲ ਲੱਗ ਕੇ ਉਚੀ ਉਚੀ ਰੋਣ ਲੱਗ ਪਿਆ। ਉਹੀ ਕਾਢਿਆਂ ਦਾ ਸਰਦਾਰ ਫਿਰ ਹਾਜ਼ਰ ਹੋ ਗਿਆ। ਪੁੱਛਣ ਲੱਗਾ ਕਿ ਹੁਣ ਤਾਂ ਤੁਹਾਡਾ ਘਰ ਅੰਨ ਨਾਲ ਭਰ ਦਿੱਤਾ ਹੈ, ਹੁਣ ਕਿਉਂ ਰੋਂਦੇ ਹੋ! ਉਸ ਨੇ ਬਾਦਸ਼ਾਹ ਦੇ ਹੁਕਮਾਂ ਦੀ ਸਾਰੀ ਕਹਾਣੀ ਮੁਖੀ ਕਾਢੇ ਨੂੰ ਸੁਣਾ ਦਿੱਤੀ। ਕਾਢਾ ਫਿਰ ਹੱਸ ਪਿਆ ਤੇ ਕਹਿਣਾ ਲੱਗਾ, "ਘਬਰਾ ਨਾ, ਹੁਣੇ ਵਾਪਿਸ ਮਹਿਲਾਂ ਵਿਚ ਜਾਹ ਤੇ ਬਾਦਸ਼ਾਹ ਨੂੰ ਕਹਿ ਕਿ ਜੇ ਉਹ ਕਾਢਿਆਂ ਦੇ ਭੌਣ ਤੇ ਬਰਸਾਤ ਦੇ ਦਿਨਾਂ 'ਚ ਉਨ੍ਹਾਂ ਦੇ ਖਾਣ ਲਈ ਚੌਲ ਪਾਇਆ ਕਰੇਗਾ ਤਾਂ ਨਾ ਹੀ ਰਿਆਸਤ 'ਚ ਕਦੇ ਹੜ੍ਹ ਆਉਣਗੇ, ਨਾ ਹੀ ਕੋਠੇ ਚੋਣਗੇ ਅਤੇ ਨਾ ਹੀ ਤੂਫਾਨ ਤਬਾਹੀ ਕਰੇਗਾ, ਤੇ ਇਕ ਗੱਲ ਹੋਰ ਕਹਿ ਦਈਂ ਕਿ ਬਾਦਸ਼ਾਹ ਨੇ ਇਹ ਕੰਮ ਸੱਚੇ ਮਨ ਨਾਲ ਕੀਤਾ ਤਾਂ ਉਸ ਦੇ ਘਰੇ ਇਕ ਪੁੱਤਰ ਜਨਮ ਲਏਗਾ ਤੇ ਉਹ ਸਭ ਤੋਂ ਸਿਆਣਾ, ਸਿਰੇ ਦਾ ਨਿਸ਼ਾਨਚੀ ਤੇ ਯੋਧਾ ਹੋਵੇਗਾ।"

ਗਰੀਬ ਨੂੰ ਜਿਉਣ ਦੀ ਆਸ ਫਿਰ ਜਾਗੀ ਤੇ ਉਸ ਬਾਦਸ਼ਾਹ ਦੇ ਮਹਿਲਾਂ ਵਿਚ ਫਿਰ ਦਸਤਕ ਜਾ ਦਿੱਤੀ ਤੇ ਹੱਥ ਜੋੜ ਕੇ ਉਸ ਕਾਢੇ ਦੀ ਫਰਿਆਦ ਬਾਦਸ਼ਾਹ ਨੂੰ ਜਾ ਦੱਸੀ। ਬਾਦਸ਼ਾਹ ਉਚੀ ਉਚੀ ਹੱਸਿਆ ਕਿ ਜਾਨ ਬਚਾਉਣ ਲਈ ਮੈਨੂੰ ਮੂਰਖ ਨਾ ਬਣਾ। ਪਰ ਮੈਂ ਤੇਰੀ ਇਸ ਗੱਲ ਨੂੰ ਫਿਰ ਮੰਨ ਸਕਦਾ ਹਾਂ, ਮੈਨੂੰ ਇਕ ਵਾਰ ਕਾਢਿਆਂ ਦੀ ਸਿਆਣਪ ਤੇ ਚਤੁਰਾਈ ਪਰਖਣ ਦੇਹ। ਮੈਂ ਇਕ ਖੇਤ ਵਿਚ ਗਿਣ ਕੇ ਤਿਲ ਖਿਲਾਰਾਂਗਾ ਤੇ ਕਾਢਿਆਂ ਦਾ ਇਹ ਕਾਫਲਾ ਉਹ ਤਿਲ ਇਕੱਤਰ ਕਰਕੇ ਮਹਿਲਾਂ 'ਚ ਪੇਸ਼ ਕਰੇਗਾ। ਜੇ ਤਿਲਾਂ ਦੀ ਗਿਣਤੀ ਪੂਰੀ ਹੋਈ ਤਾਂ ਮੈਂ ਤੇ ਮੇਰੀ ਰਿਆਸਤ ਦੇ ਲੋਕ ਕਾਢਿਆਂ ਦੇ ਭੌਣ 'ਤੇ ਚੌਲ ਪਾਇਆਂ ਕਰਨਗੇ।

ਦਿਨ ਚੜ੍ਹਿਆ, ਗਿਣ ਕੇ ਤਿਲ ਖਿਲਾਰ ਦਿੱਤੇ ਗਏ। ਕਾਢਿਆਂ ਨੂੰ ਹੁਕਮ ਦਿੱਤਾ ਗਿਆ ਕਿ ਤਿਲ ਇਕੱਠੇ ਕਰਕੇ ਲਿਆਓ। ਸਾਰੇ ਤਿਲ ਇਕ ਥਾਂ ਇਕੱਤਰ ਕਰਕੇ ਜਦੋਂ ਗਿਣੇ ਗਏ ਤਾਂ ਇਕ ਤਿਲ ਘਟਦਾ ਸੀ। ਬਾਦਸ਼ਾਹ ਨੇ ਕਿਹਾ, ਮੈਂ ਤੁਹਾਨੂੰ ਤੇ ਇਨ੍ਹਾਂ ਕਾਢਿਆਂ ਨੂੰ ਖਤਮ ਕਰ ਦੇਵਾਂਗਾ, ਕਿਉਂਕਿ ਇਕ ਤਿਲ ਘਟਦਾ ਹੈ। ਗੁੱਸੇ 'ਚ ਬੋਲਦੇ ਬਾਦਸ਼ਾਹ ਨੂੰ ਸੁਣ ਕੇ ਇਕ ਕਾਢਾ ਲੰਗੜਾਉਂਦਾ ਭੱਜਿਆ ਆਵੇ ਤੇ ਕਹਿਣ ਲੱਗਾ, "ਆਖਰੀ ਤਿਲ ਮੈਂ ਲੈ ਕੇ ਆਇਆ ਹਾਂ, ਦੇਰੀ ਇਸ ਕਰਕੇ ਹੋ ਗਈ ਹੈ ਕਿਉਂਕਿ ਮੈਂ ਇਕੱਲਾ ਲੰਗੜਾ ਸੀ।"

ਕਹਿੰਦੇ ਨੇ, ਬਾਦਸ਼ਾਹ ਅਤੀ ਪ੍ਰਸੰਨ ਹੋ ਗਿਆ ਤੇ ਉਸ ਨੇ ਆਪਣੀ ਰਿਆਸਤ ਦੇ ਲੋਕਾਂ ਨੂੰ ਹੁਕਮ ਦਿੱਤਾ ਕਿ ਹੁਣ ਕਾਢਿਆਂ ਨੂੰ ਕੋਈ ਨਹੀਂ ਮਾਰੇਗਾ ਤੇ ਇਨ੍ਹਾਂ ਦੇ ਭੌਣ 'ਤੇ ਨਾ ਸਿਰਫ ਚੌਲ ਪਾਏ ਜਾਣਗੇ ਸਗੋਂ ਤਿਲ ਵੀ ਇਨ੍ਹਾਂ ਦੀ ਖੁਰਾਕ ਦਾ ਹਿੱਸਾ ਬਣੇ ਰਹਿਣਗੇ।

ਪਤਨੀ ਜਦੋਂ ਮਰ ਜਾਵੇ ਤਾਂ ਪਤੀ ਬਹੁਤਾ ਦੇਰ ਜਿਉਂਦਾ ਤਾਂ ਨਹੀਂ ਰਹਿੰਦਾ ਪਰ ਉਹ ਜ਼ਿੰਦਗੀ ਬਸਰ ਕਰ ਰਿਹਾ ਹੁੰਦਾ ਹੈ। ਜ਼ਿੰਦਗੀ 'ਚੋਂ ਮੌਜ ਮਸਤੀ ਮੁੱਕ ਗਈ ਹੁੰਦੀ ਹੈ। ਜ਼ਿੰਦਗੀ ਦੇਣ ਵਾਲਿਆਂ ਨੂੰ ਹੀ ਅਹਿਸਾਸ ਹੈ ਕਿ 'ਜ਼ਿੰਦਗੀ ਜ਼ਿੰਦਾਬਾਦ' ਦੇ ਅਰਥ ਕੀ ਹੁੰਦੇ ਹਨ।

## ਗੱਲ ਬਣੀ ਕਿ ਨਹੀਂ

-ਐਸ. ਅਸ਼ੋਕ ਭੌਰਾ

### ਜਹਾਜ਼ 'ਚ ਮੰਜੀ

ਜਿੱਧਰ ਜਾਈਏ ਧੱਕੇ ਖਾਈਏ,
ਨਹੀਂ ਦਿੰਦਾ ਕੋਈ ਢੋਈ।
ਚੰਨੋ ਦੇ ਗਲ ਲੱਗ ਕਰਤਾਰੋ,
ਭੁੱਬਾਂ ਮਾਰ ਕੇ ਰੋਈ।

ਧਰਮ ਰਾਜ ਦੇ ਅਰਥ ਬਦਲੇ,
ਅੱਜ ਕੱਲ ਮੋਦੀ ਜੋਗੀ ਨੇ।
ਗਊ ਮਾਤਾ ਕਿੱਲੇ ਤੋਂ ਛੱਡ'ਤੀ
ਅੱਕੇ ਅਮਲੀ ਗੋਗੀ ਨੇ।
ਸਾਨ੍ਹ ਭੂਤਰੇ ਫਿਰਨ ਚੁਫੇਰੇ
ਨਹੀਂ ਸੁਣਦੇ ਅਰਜੋਈ।...

ਬੇਰੁਜ਼ਗਾਰੀ ਪੁੱਤ ਨਿਗਲ ਗਈ
ਪਤੀ ਖਾ ਲਿਆ ਚਿੱਟੇ ਨੇ।
ਨਵੀਂ ਬਿਮਾਰੀ ਜੀ.ਐਸ.ਟੀ. ਦੇ
ਪਏ ਭੁਗਤਣੇ ਸਿੱਟੇ ਨੇ।
ਮਾੜੇ ਦੇ ਮੂੰਹ ਪੈਣ ਨੂੰ ਫਿਰਦੀ
ਨੱਕ 'ਚੋਂ ਜਿਹੜੀ ਚੋਈ।...

ਛੜੇ ਨੂੰ ਲੱਗੀਆਂ ਮੌਜਾਂ, ਉਹਦੀ
ਕੀ ਛੁੱਟ ਜੂ ਕੁੜਮਾਈ ਜੀ।
ਵਿਚ ਜਹਾਜ਼ ਦੇ ਰੱਖ ਲਈ ਮੰਜੀ
ਹੋ ਗਈ ਬੜੀ ਚੜ੍ਹਾਈ ਜੀ।
ਇੰਚ ਛਪੰਜਾ ਤੋਂ ਹੁਣ ਛਾਤੀ
ਡੂਢ ਕੁ ਗਿੱਠ ਦੀ ਹੋਈ।...

ਦੱਸ ਚਿਹਰੇ ਤੇ ਵਿਹੜੇ ਦੇ ਵਿਚ
ਕਦੋਂ ਰੌਣਕਾਂ ਆਉਣਗੀਆਂ?
ਭੂਆ ਬਿਸ਼ਨੀ ਤਾਈ ਅਤਰੋ
ਦੱਸ ਕਦ ਰੱਜ ਕੇ ਸੌਣਗੀਆਂ?
'ਅੱਛੇ ਦਿਨ' ਉਡੀਕਦੀਆਂ ਉਹ
ਸਧਰਾਂ ਫਿਰਨ ਲਕੋਈ।
ਚੰਨੋ ਦੇ ਗਲ ਲੱਗ ਕਰਤਾਰੋ,
ਭੁੱਬਾਂ ਮਾਰ ਕੇ ਰੋਈ।

# ਬਾਲਾ ਪ੍ਰੀਤਮ ਸਤਿਗੁਰੂ ਹਰਿ ਕ੍ਰਿਸ਼ਨ ਜੀ

ਗੁਰਪੁਰਬ 'ਤੇ ਵਿਸ਼ੇਸ਼

ਸ੍ਰੀ ਗੁਰੂ ਹਰਿ ਕ੍ਰਿਸ਼ਨ ਸਿੱਖਾਂ ਦੇ ਅੱਠਵੇਂ ਗੁਰੂ ਸਨ। ਉਨ੍ਹਾਂ ਨੇ ਸ੍ਰੀ ਗੁਰੂ ਹਰਿ ਰਾਏ ਦੇ ਘਰ ਮਾਤਾ ਕ੍ਰਿਸ਼ਨ ਦੀ ਕੁਖੋਂ 7 ਜੁਲਾਈ ਸੰਨ 1656 ਨੂੰ ਕੀਰਤਪੁਰ ਸਾਹਿਬ ਵਿਖੇ ਅਵਤਾਰ ਧਾਰਿਆ। ਉਹ ਬਚਪਨ ਤੋਂ ਬਹੁਤ ਗੰਭੀਰ ਅਤੇ ਸ਼ਾਂਤ-ਚਿਤ ਸਨ। ਬਾਲ ਅਵਸਥਾ ਵਿਚ ਹੀ ਉਨ੍ਹਾਂ ਵਿਚ ਮਹਾਂ ਪੁਰਸ਼ਾਂ ਵਾਲੀ 'ਜੋਤਿ' ਅਤੇ 'ਜੁਗਤਿ' ਵਾਲੇ ਗੁਣ ਸਨ। ਗੁਰੂ ਹਰਿ ਰਾਏ ਦੀ ਸ਼ਹਿਜ਼ਾਦਾ ਦਾਰਾ ਸ਼ਿਕੋਹ (ਔਰੰਗਜ਼ੇਬ ਦਾ ਵੱਡਾ ਭਰਾ) ਨਾਲ ਮੁਲਾਕਾਤ ਦੀ ਚੁਗਲੀ ਔਰੰਗਜ਼ੇਬ ਕੋਲ ਬੜੀ ਮਾੜੀ ਨੀਅਤ ਨਾਲ ਕੀਤੀ ਗਈ। ਅਹਿਲਕਾਰਾਂ ਅਤੇ ਦਰਬਾਰੀਆਂ ਨੇ ਉਸ ਨੂੰ ਦੱਸਿਆ ਕਿ ਗੁਰੂ ਹਰਿ ਰਾਏ ਬਾਗੀ ਹੈ ਤੇ ਉਨ੍ਹਾਂ ਨੇ ਭਗੌੜੇ ਸ਼ਹਿਜ਼ਾਦੇ ਦਾਰਾ ਸ਼ਿਕੋਹ ਦੀ ਮਦਦ ਵੀ ਕੀਤੀ ਹੈ। ਨਾਲ ਇਹ ਵੀ ਕਿਹਾ ਕਿ ਸਿੱਖਾਂ ਦੇ ਗ੍ਰੰਥ ਵਿਚ ਇਸਲਾਮ ਦੀ ਤੌਹੀਨ ਕੀਤੀ ਗਈ ਹੈ।



ਗੋਪਾਲ ਸਿੰਘ ਪ੍ਰਿੰਸੀਪਲ
ਫੋਨ: 408-806-0286

ਔਰੰਗਜ਼ੇਬ ਨੇ ਆਪਣੇ ਦੂਤ ਰਾਹੀਂ ਗੁਰੂ ਹਰਿ ਰਾਏ ਨੂੰ ਦਿੱਲੀ ਬੁਲਾ ਭੇਜਿਆ। ਗੁਰੂ ਜੀ ਨੇ ਆਪਣੀ ਥਾਂ ਆਪਣੇ ਵੱਡੇ ਸਾਹਿਬਜ਼ਾਦੇ ਰਾਮ ਰਾਇ ਨੂੰ ਆਸ਼ੀਰਵਾਦ ਦੇ ਕੇ ਭੇਜ ਦਿੱਤਾ ਤੇ ਕਿਹਾ, ਬੇਟਾ ਜੀ! ਜਦੋਂ ਤੱਕ ਗੁਰੂ ਨਾਨਕ ਦੇ ਦਿੱਤੇ ਉਪਦੇਸ਼ਾਂ 'ਤੇ ਚੱਲ ਕੇ ਬਾਦਸ਼ਾਹ ਦੇ ਸਵਾਲਾਂ ਦਾ ਜਵਾਬ ਦੇਵੋਗੇ ਅਤੇ ਹੁਕਮ ਦੀ ਉਲੰਘਣਾ ਨਹੀਂ ਕਰੋਗੇ, ਤਦ ਤੱਕ ਗੁਰੂ ਨਾਨਕ ਤੁਹਾਡੇ ਅੰਗ ਸੰਗ ਹੋਵੇਗਾ, ਗੁਰੂ ਦੇ ਹੁਕਮ ਤੋਂ ਬੇਮੁਖ ਨਹੀਂ ਹੋਣਾ। ਗੁਰੂ ਹਰਿ ਰਾਏ ਨੇ ਦਰਗਾਹ ਮੱਲ ਨੂੰ ਨਾਲ ਜਾਣ ਲਈ ਕਿਹਾ। ਬਾਬਾ ਰਾਮ ਰਾਇ 30 ਮਾਰਚ ਸੰਨ 1660 ਨੂੰ ਕੀਰਤਪੁਰ ਤੋਂ ਦਿੱਲੀ ਲਈ ਰਵਾਨਾ ਹੋਏ ਤੇ ਸ਼ਹਿਰ ਦੇ ਬਾਹਰ ਜਮਨਾ ਦੇ ਕੰਢੇ ਡੇਰੇ ਲਾਏ।

ਬਾਦਸ਼ਾਹ ਔਰੰਗਜ਼ੇਬ ਹਮੇਸ਼ਾ ਚਾਹੁੰਦਾ ਸੀ ਕਿ ਜੇ ਕੋਈ ਵਲੀ ਫਕੀਰ ਮਿਲਣ ਆਵੇ ਤਾਂ ਆਪਣੀ ਕੋਈ ਕਰਾਮਾਤ ਵਿਖਾਵੇ। ਰਾਮ ਰਾਇ ਨੇ ਬਾਦਸ਼ਾਹ ਨੂੰ ਖੁਸ਼ ਕਰਨ ਲਈ 72 ਕਰਮਾਤਾਂ ਵਿਖਾਈਆਂ। ਉਹ ਆਪਣੀ ਹੱਦ ਉਦੋਂ ਲੰਘ ਗਿਆ ਜਦੋਂ ਉਸ ਨੇ ਗੁਰੂ ਗ੍ਰੰਥ ਸਾਹਿਬ ਦੀ ਇਕ ਤੁਕ ਦਾ ਗਲਤ ਪਾਠ ਕੀਤਾ ਅਤੇ 'ਮੁਸਲਮਾਨ' ਸ਼ਬਦ ਦੀ ਥਾਂ ਬੇਈਮਾਨ ਪੜ੍ਹ ਦਿੱਤਾ। ਨਾਲ ਗਏ ਸਿੱਖਾਂ- ਦਰਗਾਹ ਮੱਲ, ਗੁਰਦਾਸ, ਮਨੀ ਰਾਮ ਤੇ ਕਲਿਆਣਾ ਨੇ ਸਾਹਿਬਜ਼ਾਦੇ ਦੀ ਇਸ ਬੇਬਾਕੀ ਦੀ ਨਿੰਦਿਆ ਕੀਤੀ ਅਤੇ ਫੌਰਨ ਗੁਰੂ ਹਰਿ ਰਾਏ ਨੂੰ ਲਿਖੇ ਪੱਤਰ ਵਿਚ ਰਾਮ ਰਾਇ ਉਤੇ ਬਾਣੀ ਨੂੰ ਵਿਗਾੜਨ ਦਾ ਦੋਸ਼ ਲਾਇਆ। ਗੁਰੂ ਹਰਿ ਰਾਏ, ਰਾਮ ਰਾਇ ਦੀ ਇਸ ਕਰਤੂਤ ਤੋਂ ਬਹੁਤ ਗੁੱਸੇ ਹੋਏ ਤੇ ਲਿਖ ਭੇਜਿਆ ਕਿ ਤੂੰ ਗੁਰੂ ਬਾਣੀ ਨੂੰ ਬਦਲ ਕੇ ਘੋਰ ਪਾਪ ਕੀਤਾ ਹੈ ਜੋ ਬਖਸ਼ਿਆ ਨਹੀਂ ਜਾ ਸਕਦਾ। ਉਨ੍ਹਾਂ ਰਾਮ ਰਾਇ ਨੂੰ ਛੇਕ ਦਿੱਤਾ ਅਤੇ ਕਿਹਾ ਕਿ 'ਤੂੰ ਹੁਣ ਜਿਥੇ ਚਾਹੇ ਜਾਹ, ਪਰ ਮੈਨੂੰ ਆਪਣਾ ਮੂੰਹ ਨਾ ਵਿਖਾਈਂ।'

ਗੁਰੂ ਹਰਿ ਰਾਏ ਨੇ ਆਪਣੇ ਛੋਟੇ ਸਪੁੱਤਰ ਹਰਿ ਕ੍ਰਿਸ਼ਨ ਨੂੰ ਗੱਦੀ ਦੇਣਾ ਯੋਗ ਸਮਝਿਆ। ਗੁਰੂ ਜੀ ਨੇ ਆਪਣੇ ਸਿੰਘਾਸਨ 'ਤੇ ਉਨ੍ਹਾਂ ਨੂੰ ਬਿਠਾਇਆ, ਉਨ੍ਹਾਂ ਦੇ ਗੁਰੂ ਬਣ ਜਾਣ ਦਾ ਐਲਾਨ ਕੀਤਾ ਅਤੇ ਸਿੱਖਾਂ ਨੂੰ ਹੁਕਮ ਕੀਤਾ ਕਿ ਇਸ ਨੂੰ ਹੀ ਮੇਰਾ ਰੂਪ ਕਰ ਕੇ ਜਾਣਨ। ਸਾਰੀ ਸੰਗਤ ਨੇ ਨਵੇਂ ਗੁਰੂ ਨੂੰ ਮੱਥਾ ਟੇਕਿਆ।

ਇਸ ਤੋਂ ਅਗਲੇ ਦਿਨ 6 ਅਕਤੂਬਰ 1661 ਨੂੰ ਗੁਰੂ ਹਰਿ ਰਾਏ ਜੋਤੀ ਜੋਤ ਸਮਾ ਗਏ। ਗੁਰੂ ਹਰਿ ਕ੍ਰਿਸ਼ਨ ਨੇ ਸੰਗਤਾਂ ਨੂੰ ਧੀਰਜ ਦਿੱਤਾ ਤੇ ਕਿਹਾ ਕਿ ਨਿਰਾਸ਼ ਨਾ ਹੋਣ, ਵਾਹਿਗੁਰੂ ਦੇ ਭਾਣੇ ਨੂੰ ਮੰਨਣ। ਜਿਉਂ ਜਿਉਂ ਸਮਾਂ ਬੀਤਦਾ ਗਿਆ, ਦੂਰੋਂ ਨੇੜਿਓਂ ਸੰਗਤਾਂ ਆਉਣ ਲੱਗੀਆਂ। ਗੁਰੂ ਜੀ ਉਮਰ ਵਿਚ ਛੋਟੇ ਸਨ, ਪਰ ਸਿਆਣਪ ਵਿਚ ਭਰਵੇਂ। ਜੋ ਵੀ ਦਰਸ਼ਨ ਕਰਨ ਆਉਂਦੇ, ਸਤਿ ਗਿਆਨ ਪ੍ਰਾਪਤ ਕਰ ਕੇ ਜਾਂਦੇ। ਉਨ੍ਹਾਂ ਅੰਦਰ ਗੁਰੂ ਗ੍ਰੰਥ ਸਾਹਿਬ ਦੀ ਵਿਆਖਿਆ ਕਰਨ ਦੀ ਅਦੁੱਤੀ ਯੋਗਤਾ ਸੀ। ਉਹ ਸੰਗਤਾਂ ਨੂੰ ਇਕ ਅਕਾਲ ਪੁਰਖ ਨਾਲ ਜੁੜਨ ਦੀ ਪ੍ਰੇਰਨਾ ਦਿੰਦੇ ਅਤੇ ਦਇਆ, ਸੰਤੋਖ ਤੇ ਮਾਨਵ ਪ੍ਰੇਮ ਦੇ ਗੁਣ ਅਪਨਾਉਣ ਦਾ ਉਪਦੇਸ਼ ਦਿੰਦੇ। ਉਨ੍ਹਾਂ ਗੁਰੂਆਂ ਦੀ ਸਿੱਖਿਆ ਨੂੰ ਜਾਰੀ ਰੱਖਿਆ ਅਤੇ ਉਨ੍ਹਾਂ ਵੱਲੋਂ ਦਿੱਤੇ ਵਿਰਸੇ ਨੂੰ ਸੰਭਾਲੀ ਰੱਖਿਆ।

ਭਾਈ ਸੰਤੋਖ ਸਿੰਘ ਲਿਖਦੇ ਹਨ, "ਜਿਵੇਂ ਸਵੇਰ ਦਾ ਸੂਰਜ ਵੇਖਣ ਵਿਚ ਛੋਟਾ ਹੁੰਦਾ ਹੈ, ਪਰ ਉਸ ਦਾ ਚਾਨਣ ਸਾਰੇ ਸੰਸਾਰ ਨੂੰ ਰੋਸ਼ਨ ਕਰ ਦਿੰਦਾ ਹੈ, ਤਿਵੇਂ ਗੁਰੂ ਹਰਿ ਕ੍ਰਿਸ਼ਨ ਦੀ ਪ੍ਰਸਿੱਧੀ ਬੇਅੰਤ ਸੀ।"

ਸ੍ਰੀ ਗੁਰੂ ਹਰਿ ਕ੍ਰਿਸ਼ਨ ਦੀ ਆਦਰਸ਼ਕ ਜ਼ਿੰਦਗੀ ਦੀ ਸਫਲਤਾ ਦਾ ਰਾਜ਼ ਇਹ ਸੀ ਕਿ ਉਨ੍ਹਾਂ ਗੁਰੂ ਨਾਨਕ ਦੇ ਮਿਸ਼ਨ ਨੂੰ ਅੱਗੇ ਚਲਾਉਂਦਿਆਂ ਔਰੰਗਜ਼ੇਬ ਦੇ ਜ਼ੁਲਮ ਅੱਗੇ ਝੁਕਣਾ ਪਰਵਾਨ ਨਾ ਕੀਤਾ। ਛੋਟੀ ਉਮਰੇ ਗੁਰੂ ਬਣਨ ਕਾਰਨ ਅਤੇ ਘੱਟ ਸਮਾਂ ਗੁਰੂ ਰਹਿਣ ਕਾਰਨ ਉਨ੍ਹਾਂ ਨੂੰ 'ਬਾਲਾ ਪ੍ਰੀਤਮ ਗੁਰੂ' ਜਾਂ 'ਬਾਲ ਸੰਤ' ਕਹਿ ਕੇ ਜਾਣਿਆ ਜਾਂਦਾ ਹੈ।

ਗੁਰੂ ਹਰਿ ਕ੍ਰਿਸ਼ਨ ਨੂੰ ਜਦੋਂ ਗੁਰਿਆਈ ਮਿਲੀ ਤਾਂ ਉਨ੍ਹਾਂ ਦੇ ਵੱਡੇ ਭਰਾ ਰਾਮ ਰਾਇ ਨੇ ਬਹੁਤ ਬੁਰਾ ਮਨਾਇਆ ਅਤੇ ਗਲਤ ਸ਼ਬਦ ਵੀ ਉਨ੍ਹਾਂ ਖਿਲਾਫ ਆਖੇ। ਰਾਮ ਰਾਇ ਦਾ ਵਿਚਾਰ ਸੀ ਕਿ ਗੁਰਗੱਦੀ ਉਨ੍ਹਾਂ ਨੂੰ ਮਿਲਣੀ ਚਾਹੀਦੀ ਹੈ, ਕਿਉਂਕਿ ਉਹ ਗੁਰੂ ਹਰਿ ਰਾਏ ਦੇ ਵੱਡੇ ਸਪੁੱਤਰ ਹਨ। ਉਸ ਨੇ ਪ੍ਰਿਥੀਏ ਵਾਂਗ ਆਪਣੇ ਛੋਟੇ ਭਰਾ ਸ੍ਰੀ ਹਰਿ ਕ੍ਰਿਸ਼ਨ ਖਿਲਾਫ ਸਾਜ਼ਿਸ਼ ਕਰਨੀ ਸ਼ੁਰੂ ਕਰ ਦਿੱਤੀ। ਰਾਮ ਰਾਇ ਨੇ ਭ੍ਰਿਸ਼ਟ ਅਤੇ ਬੇਈਮਾਨ ਮਸੰਦਾਂ ਨਾਲ ਰਲ ਕੇ ਆਪਣੇ ਆਪ ਨੂੰ ਸਿੱਖਾਂ ਦਾ ਅਸਲੀ ਗੁਰੂ ਹੋਣ ਦਾ ਐਲਾਨ ਕਰ ਦਿੱਤਾ। ਜਦੋਂ ਸੱਭੇ ਕੋਸ਼ਿਸ਼ਾਂ ਅਸਫਲ ਰਹੀਆਂ ਤਾਂ ਉਸ ਨੇ ਔਰੰਗਜ਼ੇਬ ਕੋਲ ਸ਼ਿਕਾਇਤ ਕਰ ਦਿੱਤੀ ਕਿ ਗੁਰਗੱਦੀ ਦਾ ਅਸਲੀ ਵਾਰਿਸ ਉਹ ਹੈ। ਔਰੰਗਜ਼ੇਬ ਵੀ ਇਹੋ ਚਾਹੁੰਦਾ ਸੀ ਕਿ 'ਸਿੱਖ ਲਹਿਰ' ਨੂੰ ਕਿਵੇਂ ਨਾ ਕਿਵੇਂ ਕਮਜ਼ੋਰ ਕੀਤਾ ਅਤੇ ਦਬਾਇਆ ਜਾਵੇ।

ਔਰੰਗਜ਼ੇਬ ਕੋਈ ਸਖਤ ਕਦਮ ਚੁਕਣਾ ਵਾਜਬ ਨਹੀਂ ਸੀ ਸਮਝਦਾ। ਉਸ ਨੂੰ ਆਪਣੇ ਮਿਸ਼ਨ (ਪੰਜਾਬ ਵਿਚ ਇਸਲਾਮ ਦਾ ਪ੍ਰਚਾਰ) ਨੂੰ ਪੂਰਾ ਕਰਨ ਦਾ ਚੰਗਾ ਮੌਕਾ ਮਿਲ ਗਿਆ। ਰਾਮ ਰਾਇ ਨੂੰ ਗੱਦੀ 'ਤੇ ਬਿਠਾ ਕੇ ਜਾਂ ਦੋਹਾਂ ਭਰਾਵਾਂ ਨੂੰ ਆਪਸ ਵਿਚ ਲੜਾ ਕੇ ਉਹ ਪੰਜਾਬ ਵਿਚ ਇਸਲਾਮ ਦਾ ਪ੍ਰਚਾਰ ਕਰਨ ਵਿਚ ਸਫਲ ਹੋ ਸਕਦਾ ਸੀ। ਉਸ ਦੀ ਦਿਲੀ ਮਨਸ਼ਾ ਸੀ ਕਿ ਗੁਰੂ ਹਰਿ ਕ੍ਰਿਸ਼ਨ ਨੂੰ ਦਿੱਲੀ ਬੁਲਾ ਕੇ ਉਨ੍ਹਾਂ ਨਾਲ ਗੱਲਬਾਤ ਕਰ ਕੇ, ਗੁਰਿਆਈ ਰਾਮ ਰਾਇ ਨੂੰ ਦਿਵਾ ਦਿੱਤੀ ਜਾਵੇ। ਔਰੰਗਜ਼ੇਬ ਨੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਨੂੰ ਆਪਣਾ ਕੇਸ ਪੇਸ਼ ਕਰਨ ਲਈ ਦਿੱਲੀ ਬੁਲਾਇਆ। ਗੁਰੂ ਜੀ ਨੇ ਆਪਣੇ ਪਿਤਾ ਜੀ ਦੇ ਕਹਿਣ 'ਤੇ 'ਕਿ ਜ਼ਾਲਮ ਬਾਦਸ਼ਾਹ ਔਰੰਗਜ਼ੇਬ ਨੂੰ ਨਹੀਂ ਮਿਲਣਾ', ਦਿੱਲੀ ਜਾਣ ਤੋਂ ਨਾਂਹ ਕਰ ਦਿੱਤੀ। ਔਰੰਗਜ਼ੇਬ ਨੂੰ ਇਹ ਸੁਣ ਕੇ ਬਹੁਤ ਹੈਰਾਨੀ ਹੋਈ। ਉਹ ਆਪਣੇ ਉਦੇਸ਼ ਵਿਚ ਸਖਤੀ ਦੀ ਥਾਂ ਨਰਮੀ ਨਾਲ ਸਫਲ ਹੋਣਾ ਚਾਹੁੰਦਾ ਸੀ। ਉਸ ਨੂੰ ਪਤਾ ਸੀ ਕਿ ਗੁਰੂ ਅਰਜਨ ਦੇਵ ਦੀ ਸ਼ਹਾਦਤ ਅਤੇ ਗੁਰੂ ਹਰਿਗੋਬਿੰਦ ਦੀ ਨਜ਼ਰਬੰਦੀ ਕਰ ਕੇ ਸਿੱਖ ਸੰਗਤਾਂ ਅਤੇ ਆਮ ਲੋਕਾਂ ਵਿਚ ਭਾਰੀ ਰੋਸ ਸੀ। ਉਸ ਨੇ 'ਦੰਡ ਨੀਤੀ' ਦੀ ਥਾਂ 'ਭੇਦ ਨੀਤੀ' ਨੂੰ ਚੰਗਾ ਸਮਝਿਆ। ਸਿੱਖ ਸੰਗਤਾਂ ਨੇ ਗੁਰੂ ਹਰਿ ਕ੍ਰਿਸ਼ਨ ਨੂੰ ਬੇਨਤੀ ਕੀਤੀ ਕਿ ਉਹ ਔਰੰਗਜ਼ੇਬ ਨਾਲ ਬੇਸ਼ਕ 'ਨਾ-ਮਿਲਵਰਤਣ' ਰੱਖਣ, ਪਰ ਦਿੱਲੀ ਜਾ ਕੇ ਸਿੱਖਾਂ ਵਿਚ ਰਾਮ ਰਾਇ ਵੱਲੋਂ ਪੈਦਾ ਕੀਤੀਆਂ ਗਲਤਫਹਿਮੀਆਂ ਦੂਰ ਕਰਨ। ਉਹ ਸਿੱਖ ਸੰਗਤਾਂ ਦੀ ਇਸ ਬੇਨਤੀ ਅਤੇ ਅੰਬੇਰ ਦੇ ਰਾਜਾ ਜੈ ਸਿੰਘ ਦੇ ਸੱਦੇ ਉਤੇ ਦਿੱਲੀ ਜਾ ਕੇ ਉਸ ਦੇ ਮਹੱਲ ਵਿਚ ਠਹਿਰਨ ਲਈ ਰਜ਼ਾਮੰਦ ਹੋ ਗਏ। ਉਨ੍ਹਾਂ ਦਰਗਾਹ ਮੱਲ ਆਦਿ ਮੁਖ ਸਿੱਖਾਂ ਨੂੰ ਨਾਲ ਲੈ ਕੇ ਮਾਰਚ 1663 'ਚ ਦਿੱਲੀ ਵੱਲ ਕੂਚ ਕੀਤਾ।

ਗੁਰੂ ਹਰਿ ਕ੍ਰਿਸ਼ਨ ਰੋਪੜ, ਬਨੂੜ ਅਤੇ ਅੰਬਾਲੇ ਦੇ ਰਸਤੇ ਦਿੱਲੀ ਰਵਾਨਾ ਹੋਏ। ਰਸਤੇ ਵਿਚ ਜੋ ਸਿੱਖ ਦਰਸ਼ਨ ਕਰਨ ਆਉਂਦੇ, ਉਨ੍ਹਾਂ ਨੂੰ ਉਪਦੇਸ਼ ਕਰਦੇ ਗਏ। ਜਦੋਂ ਗੁਰੂ ਜੀ 60 ਮੀਲ ਦਾ ਸਫਰ ਮੁਕਾ ਕੇ ਅੰਬਾਲੇ ਦੇ ਪੰਜੋਖਰੇ ਪਹੁੰਚੇ, ਤਾਂ ਇਲਾਕੇ ਦੇ ਇਕ ਸਿੱਖ ਨੇ ਬੇਨਤੀ ਕੀਤੀ ਕਿ ਮਹਾਰਾਜ! ਪਿਛੇ ਕਾਬਲ, ਪਿਸ਼ਾਵਰ ਤੇ ਕਸ਼ਮੀਰ ਦੀਆਂ ਸੰਗਤਾਂ ਆ ਰਹੀਆਂ ਹਨ, ਤੁਸੀਂ ਇਕ ਦਿਨ ਪੰਜੋਖਰੇ ਠਹਿਰੋ। ਗੁਰੂ ਜੀ ਰਜ਼ਾਮੰਦ ਹੋ ਗਏ। ਪੰਜੋਖਰਾ ਅੰਬਾਲਾ ਰੇਲਵੇ ਸਟੇਸ਼ਨ ਤੋਂ ਛੇ ਮੀਲ ਦੂਰ ਪੂਰਬ ਵਾਲੇ ਪਾਸੇ ਪੱਕੀ ਸੜਕ 'ਤੇ ਹੈ। ਇਸ ਪਿੰਡ ਤੋਂ ਇਕ ਫਰਲਾਂਗ ਉਤਰ-ਪੂਰਬ ਵੱਲ ਗੁਰੂ ਹਰਿ ਕ੍ਰਿਸ਼ਨ ਦਾ ਗੁਰਦੁਆਰਾ ਹੈ।

ਪੰਜੋਖਰੇ ਵਿਚ ਲਾਲ ਚੰਦ ਨਾਂ ਦਾ ਬ੍ਰਾਹਮਣ ਰਹਿੰਦਾ ਸੀ ਜਿਸ ਨੂੰ ਆਪਣੀ ਉਚੀ ਜਾਤ ਅਤੇ ਵਿਦਵਤਾ ਦਾ ਬੜਾ ਹੰਕਾਰ ਸੀ। ਉਹ ਸਿੱਖਾਂ ਨੂੰ ਸੁਣਾ ਸੁਣਾ ਕਿ ਦੁਆਪਰ ਦੇ ਅਵਤਾਰ ਕ੍ਰਿਸ਼ਨ ਨੇ ਗੀਤਾ ਲਿਖੀ, ਇਹ ਸੱਤ ਅੱਠ ਸਾਲ ਦਾ ਬਾਲ ਆਪਣੇ ਆਪ ਨੂੰ ਗੁਰੂ ਹਰਿ ਕ੍ਰਿਸ਼ਨ ਅਖਵਾਉਂਦਾ ਹੈ। ਜੇ ਇਸ ਵਿਚ ਸੱਚਮੁੱਚ ਕੋਈ ਆਤਮਿਕ ਸ਼ਕਤੀ ਹੈ ਤਾਂ ਗੀਤਾ ਦੇ ਕਿਸੇ ਸ਼ਲੋਕ ਦਾ ਅਰਥ ਕਰ ਕੇ ਵਿਖਾਵੇ। ਇਹ ਗੱਲ ਗੁਰੂ ਜੀ ਤੱਕ ਪਹੁੰਚ ਗਈ। ਉਸ ਪੰਡਿਤ ਨੇ ਗੁਰੂ ਸਾਹਿਬ ਨੂੰ ਆ ਵੰਗਾਰਿਆ। ਉਨ੍ਹਾਂ ਪੰਡਿਤ ਨੂੰ ਕਿਹਾ ਕਿ ਜੇ ਤੁਸੀਂ ਗੁਰੂ ਨਾਨਕ ਦੀਆਂ ਬਖਸ਼ਿਸ਼ਾਂ ਦੀ ਬਰਕਤ ਦੇਖਣੀ ਹੈ ਤਾਂ ਆਪਣੇ ਨਗਰ ਵਿਚੋਂ ਆਪ ਹੀ ਕਿਸੇ ਨੂੰ ਲੈ ਆ ਤੇ ਗੁਰੂ ਨਾਨਕ ਦੀ ਮਿਹਰ ਨਾਲ ਉਹ ਤੁਹਾਡੀ ਤਸੱਲੀ ਕਰਾ ਦੇਵੇਗਾ। ਪੰਡਿਤ, ਛੱਜੂ ਨਾਮੀ ਝਿਊਰ ਨੂੰ ਲੈ ਆਇਆ। ਗੁਰੂ ਜੀ ਨੇ ਛੱਜੂ ਨੂੰ ਇਸ਼ਨਾਨ ਕਰਵਾ ਕੇ ਉਸ ਦੇ ਸਿਰ 'ਤੇ ਆਪਣੀ ਮਿਹਰ ਭਰੀ ਚੰਦਨ ਦੀ ਛੜੀ ਰੱਖ ਦਿੱਤੀ।



ਗੁਰਦੁਆਰਾ ਸੀਸ ਮਹੱਲ। ਇਨ੍ਹਾਂ ਮਹੱਲਾਂ ਵਿਚ ਹੀ ਗੁਰੂ ਹਰਿ ਰਾਏ ਜੀ ਅਤੇ ਗੁਰੂ ਹਰਿ ਕ੍ਰਿਸ਼ਨ ਜੀ ਦਾ ਜਨਮ ਹੋਇਆ

ਸਤਿਗੁਰੂ ਦੀ ਮਿਹਰ ਨਾਲ ਉਹ ਝਿਊਰ ਕਿਸੇ ਉਘੇ ਵਿਦਵਾਨ ਜਾਂ ਵਕਤਾ ਵਾਂਗ ਗੀਤਾ ਦੇ ਸ਼ਲੋਕਾਂ ਦਾ ਪਾਠ ਅਤੇ ਅਰਥ ਸੁਣਾਉਣ ਲੱਗ ਪਿਆ। ਸਭ ਹੈਰਾਨ। ਲਾਲ ਚੰਦ ਦਾ ਹੰਕਾਰ ਜਾਂਦਾ ਰਿਹਾ ਤੇ ਉਹ ਨਿਰਮਾਣਤਾ ਨਾਲ ਗੁਰੂ ਜੀ ਦੇ ਚਰਨੀਂ ਢਹਿ ਪਿਆ। ਲਾਲ ਚੰਦ ਗੁਰੂ ਗੋਬਿੰਦ ਸਿੰਘ ਸਮੇਂ ਅੰਮ੍ਰਿਤ ਛਕ ਕੇ ਸਿੰਘ ਸਜ ਗਿਆ ਅਤੇ ਲਾਲ ਚੰਦ ਤੋਂ ਲਾਲ ਸਿੰਘ ਹੋ ਗਿਆ। ਮਗਰੋਂ ਉਸ ਨੇ ਚਮਕੌਰ ਦੇ ਯੁੱਧ ਵਿਚ ਸ਼ਹੀਦੀ ਪ੍ਰਾਪਤ ਕੀਤੀ।

ਗੁਰੂ ਜੀ ਪੰਜੋਖਰੇ ਤੋਂ ਥਾਨੇਸਰ, ਕੁਰੂਕਸ਼ੇਤਰ, ਪਾਣੀਪਤ ਹੁੰਦੇ ਹੋਏ ਦਿੱਲੀ ਪਹੁੰਚੇ ਅਤੇ ਅੰਬੇਰ ਦੇ ਰਾਜਾ ਜੈ ਸਿੰਘ ਦੇ ਬੰਗਲੇ ਵਿਚ ਠਹਿਰੇ ਜਿਥੇ ਅੱਜ ਕੱਲ੍ਹ ਗੁਰਦੁਆਰਾ ਬੰਗਲਾ ਸਾਹਿਬ ਹੈ। ਗੁਰੂ ਜੀ ਦੇ ਆਗਮਨ ਦੀ ਖਬਰ ਸੁਣ ਕੇ ਦਿੱਲੀ ਦੀਆਂ ਸੰਗਤਾਂ ਵਿਚ ਖੁਸ਼ੀ ਦੀ ਲਹਿਰ ਦੌੜ ਗਈ। ਹਰ ਰੋਜ਼ ਕੀਰਤਨ ਹੁੰਦਾ, ਦੀਵਾਨ ਸਜਦਾ ਤੇ ਰੂਹਾਨੀ ਵਿਚਾਰਾਂ ਹੁੰਦੀਆਂ। ਔਰੰਗਜ਼ੇਬ ਗੁਰੂ ਸਾਹਿਬ ਦੀ ਮਹਿਮਾ ਸੁਣ ਕੇ ਅਤੇ ਦਿੱਲੀ ਵਿਚ ਉਨ੍ਹਾਂ ਪ੍ਰਤੀ ਲੋਕਾਂ ਦਾ ਉਤਸ਼ਾਹ ਵੇਖ ਕੇ ਉਨ੍ਹਾਂ ਨੂੰ ਮਿਲਣ ਲਈ ਉਤਾਵਲਾ ਹੋ ਗਿਆ। ਉਸ ਨੇ ਆਪਣੇ ਸ਼ਹਿਜ਼ਾਦੇ ਮੁਅੱਜ਼ਮ ਨੂੰ ਗੁਰੂ ਜੀ ਪਾਸ ਸੰਦੇਸ਼ ਦੇ ਕੇ ਭੇਜਿਆ ਕਿ ਉਹ ਗੁਰੂ ਜੀ ਦੇ ਦਰਸ਼ਨ ਕਰਨਾ ਚਾਹੁੰਦਾ ਹੈ। ਸਤਿਗੁਰਾਂ ਨੇ ਸ਼ਹਿਜ਼ਾਦੇ ਨੂੰ ਕਿਹਾ ਕਿ ਸਾਡਾ ਪ੍ਰਣ ਹੈ ਕਿ ਅਸੀਂ ਕਿਸੇ ਬਾਦਸ਼ਾਹ ਦੇ ਮੱਥੇ ਨਹੀਂ ਲੱਗਣਾ। ਸ਼ਹਿਜ਼ਾਦਾ ਨਿਰਾਸ਼ ਹੋ ਕੇ ਮੁੜ ਗਿਆ ਅਤੇ ਔਰੰਗਜ਼ੇਬ ਕੋਲ ਜਾ ਕੇ ਗੁਰੂ ਜੀ ਦੀ ਵਧਦੀ ਮਹਿਮਾ ਬਾਰੇ ਦੱਸਿਆ।





ਕਿਸੇ ਚਿੱਤਰਕਾਰ ਵਲੋਂ ਬਣਾਇਆ ਗੁਰੂ ਹਰਿ ਕ੍ਰਿਸ਼ਨ ਦਾ ਇਕ ਚਿੱਤਰ

ਇਸ ਸਮੇਂ ਦੌਰਾਨ ਰਾਜਾ ਜੈ ਸਿੰਘ ਦੀ ਰਾਣੀ ਨੇ ਗੁਰੂ ਹਰਿ ਕ੍ਰਿਸ਼ਨ ਨੂੰ ਪ੍ਰਸ਼ਾਦਾ ਛਕਾਉਣ ਲਈ ਆਪਣੇ ਮਹਿਲਾਂ ਵਿਚ ਬੁਲਾਇਆ। ਗੁਰੂ ਜੀ ਦੀ ਸ਼ਕਤੀ ਪਰਖਣ ਦੀ ਨੀਤੀ ਨਾਲ ਰਾਣੀ ਨੌਕਰਾਣੀਆਂ ਵਾਲੇ ਕੱਪੜੇ ਪਾ ਕੇ ਬਾਕੀ ਸਾਰੀਆਂ ਨੌਕਰਾਣੀਆਂ ਨਾਲ ਬੈਠ ਗਈ। ਗੁਰੂ ਜੀ ਦੇ ਪਹੁੰਚਣ 'ਤੇ ਸਭ ਨੇ ਮੱਥਾ ਟੇਕਿਆ। ਗੁਰੂ ਜੀ ਆਪਣੀ ਚੰਦਨ ਦੀ ਛੜੀ ਹਰ ਇਕ ਦੇ ਸਿਰ 'ਤੇ ਰੱਖ ਕੇ ਕਹਿੰਦੇ ਗਏ ਕਿ ਇਹ ਵੀ ਰਾਣੀ ਨਹੀਂ, ਇਹ ਵੀ ਰਾਣੀ ਨਹੀਂ ਤੇ ਆਖਰ ਰਾਣੀ ਦੀ ਗੋਦ ਵਿਚ ਬੈਠ ਗਏ ਤੇ ਕਿਹਾ, "ਇਹ ਰਾਣੀ ਹੈ।" ਰਾਣੀ ਗੁਰੂ ਜੀ ਤੋਂ ਬਹੁਤ ਪ੍ਰਭਾਵਿਤ ਹੋਈ ਅਤੇ ਗੁਰੂ ਜੀ ਨੂੰ ਪ੍ਰੇਮ ਨਾਲ ਪ੍ਰਸ਼ਾਦਾ ਛਕਾਇਆ ਅਤੇ ਹੀਰੇ ਜਵਾਹਾਰਾਤ ਭੇਟ ਕਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

ਗੁਰੂ ਜੀ ਦਿੱਲੀ ਤੋਂ ਵਾਪਸ ਨਹੀਂ ਜਾ ਸਕੇ। ਇਸ ਸਮੇਂ ਇਕ ਭਿਆਨਕ ਘਟਨਾ ਵਾਪਰੀ- ਦਿੱਲੀ ਦੇ ਲੋਕਾਂ ਨੂੰ ਪਲੇਗ ਅਤੇ ਚੇਚਕ ਦੀ ਬਿਮਾਰੀ ਨੇ ਆ ਘੇਰਿਆ। ਸੰਗਤਾਂ ਨੇ ਗੁਰੂ ਸਾਹਿਬ ਨੂੰ ਅਰਜੋਈ ਕੀਤੀ ਕਿ ਇਨ੍ਹਾਂ ਬਿਮਾਰੀਆਂ ਤੋਂ ਪੀੜਤ ਲੋਕਾਂ ਦੇ ਸਿਰਾਂ 'ਤੇ ਆਪਣਾ ਮਿਹਰ ਭਰਿਆ ਹੱਥ ਰੱਖਣ। ਗੁਰੂ ਜੀ ਨੇ ਤਨ-ਮਨ ਨਾਲ ਰੋਗੀਆਂ ਦੀ ਸੇਵਾ ਕੀਤੀ। ਗੁਰੂ ਸਾਹਿਬ ਨੇ ਚੁਬੱਚਾ ਤਿਆਰ ਕਰਵਾਇਆ ਜਿਸ ਵਿਚ ਜਲ ਅਤੇ ਬਾਣੀ ਦੇ ਪਰਤਾਪ ਕਾਰਨ ਅਨੇਕਾਂ ਰੋਗੀਆਂ ਦੇ ਰੋਗ ਹਰਨ ਹੋਏ। ਇਸ ਸੇਵਾ ਦੌਰਾਨ ਗੁਰੂ ਸਾਹਿਬ ਆਪ ਚੇਚਕ ਦੀ ਬਿਮਾਰੀ ਦਾ ਸ਼ਿਕਾਰ ਹੋ ਗਏ। ਉਨ੍ਹਾਂ ਦਾ ਨਾਜ਼ੁਕ ਸਰੀਰ, ਰੋਗ ਨੇ ਰੋਲ ਦਿੱਤਾ। ਉਨ੍ਹਾਂ ਦਾ ਅੰਤਮ ਸਮਾਂ ਜਾਣਦੇ ਹੋਏ ਸਮੂਹ ਸੰਗਤ ਨੇ ਬੇਨਤੀ ਕੀਤੀ ਕਿ ਉਨ੍ਹਾਂ ਤੋਂ ਬਾਅਦ ਸਿੱਖ ਸੰਗਤ ਦੀ ਰਹਿਨੁਮਾਈ ਕੌਣ ਕਰੇਗਾ?

ਗੁਰੂ ਜੀ ਨੇ ਆਪਣੇ ਮਸੰਦ ਗੁਰਬਖਸ਼ ਸਿੰਘ ਤੋਂ ਨਾਰੀਅਲ ਅਤੇ ਪੰਜ ਪੈਸੇ ਥਾਲ ਵਿਚ ਰਖਵਾ ਕੇ ਮੱਥਾ ਟੇਕਿਆ ਅਤੇ ਫਰਮਾਇਆ ਕਿ ਬਾਬੇ ਬਕਾਲੇ ਗੁਰੂ ਨਾਨਕ ਦੀ ਗੱਦੀ ਦਾ ਅਗਲਾ ਵਾਰਸ ਬਿਰਾਜਮਾਨ ਹੈ (ਉਨ੍ਹਾਂ ਦਾ ਸੰਕੇਤ ਤੇਗ ਬਹਾਦਰ ਵੱਲ ਸੀ)। ਇਹ ਕੌਤਕ ਵਰਤਾ ਕੇ ਗੁਰੂ ਜੀ 30 ਮਾਰਚ 1664 ਵਿਚ ਜੋਤੀ ਜੋਤ ਸਮਾ ਗਏ। ਉਨ੍ਹਾਂ ਦਾ ਅੰਤਮ ਸਸਕਾਰ ਗੁਰਦੁਆਰਾ ਬਾਲਾ ਸਾਹਿਬ ਸਥਾਨ 'ਤੇ ਕੀਤਾ ਗਿਆ। ਗੁਰੂ ਗੋਬਿੰਦ ਸਿੰਘ ਦੇ ਦੋਵੇਂ ਮਹਿਲ- ਮਾਤਾ ਸੁੰਦਰੀ ਅਤੇ ਮਾਤਾ ਸਾਹਿਬ ਕੌਰ ਦਾ ਸਸਕਾਰ ਵੀ ਇਸੇ ਸਥਾਨ 'ਤੇ ਹੋਇਆ ਸੀ।

ਇਤਿਹਾਸਕਾਰਾਂ ਅਨੁਸਾਰ ਜਦੋਂ ਔਰੰਗਜ਼ੇਬ ਗੁਰੂ ਜੀ ਦੇ ਦਰਸ਼ਨਾਂ ਲਈ ਪਹੁੰਚਿਆ ਤਾਂ ਨਾ-ਮਿਲਵਰਤਣ ਨੂੰ ਅੰਤ ਸਮੇਂ ਤੱਕ ਨਿਭਾਉਣ ਵਾਲੇ ਅਤੇ ਜਾਬਰ ਤੇ ਜ਼ੁਲਮ ਅੱਗੇ ਨਾ ਝੁਕਣ ਵਾਲੇ ਸਤਿਗੁਰੂ ਜੋਤੀ ਜੋਤ ਸਮਾ ਚੁਕੇ ਸਨ। ਸ੍ਰੀ ਗੁਰੂ ਹਰਿ ਕ੍ਰਿਸ਼ਨ ਨੂੰ ਉਨ੍ਹਾਂ ਦੇ ਆਪਣੇ ਹੁਕਮ ਅਨੁਸਾਰ, ਅੰਬੇਰ ਦੇ ਰਾਜਾ ਜੈ ਸਿੰਘ ਦੇ ਬੰਗਲੇ ਤੋਂ ਜਮਨਾ ਦੇ ਕੰਢੇ ਤੰਬੂਆਂ ਵਿਚ ਲਿਜਾਇਆ ਗਿਆ। ਸਿੱਖ ਹੈਰਾਨ ਸਨ ਕਿ ਗੁਰੂ ਜੀ ਇੰਨਾ ਦੁੱਖ ਕਿਉਂ ਪਾ ਰਹੇ ਸਨ! ਉਹ ਮਾਯੂਸ ਹੋ ਕੇ ਸੋਚਦੇ ਕਿ ਸਿੱਖ ਕੌਮ ਦੀ ਅਗਵਾਈ ਹੁਣ ਕੌਣ ਕਰੇਗਾ? ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ ਅਨੁਸਾਰ, ਗੁਰੂ ਸਾਹਿਬ ਨੇ ਸਿੱਖਾਂ ਨੂੰ ਇਉਂ ਹੌਸਲਾ ਦਿੱਤਾ:

ਗੁਰਗੱਦੀ ਅਨੰਤ ਹੈ। ਇਹ ਸਦਾ ਰਹੇਗੀ ਅਤੇ ਇਸ ਦਾ ਜਸ ਵਧਦਾ ਹੀ ਜਾਵੇਗਾ। ਗੁਰੂ ਗ੍ਰੰਥ ਸਾਹਿਬ ਸਭ ਦਾ ਸੁਆਮੀ ਹੈ। ਜੋ ਮੇਰੇ ਦਰਸ਼ਨ ਕਰਨਾ ਚਾਹੇ, ਉਹ ਸ਼ਰਧਾ ਨਾਲ ਗ੍ਰੰਥ ਸਾਹਿਬ ਦਾ ਪਾਠ ਕਰੇ। ਇਸ ਤਰ੍ਹਾਂ ਉਸ ਦੇ ਪਾਪਾਂ ਦਾ ਨਾਸ਼ ਹੋ ਜਾਏਗਾ। ਜੋ ਇਸ ਦੀ ਸਿੱਖਿਆ ਅਨੁਸਾਰ ਚਲੇਗਾ, ਉਸ ਨੂੰ ਧਰਮ, ਅਰਥ, ਨਾਮ, ਮੋਹ-ਚਹੁੰਆਂ ਪਦਾਰਥਾਂ ਦੀ ਪ੍ਰਾਪਤੀ ਹੋਵੇਗੀ। ਜਿਸ ਨੂੰ ਵਿਸ਼ਵਾਸ ਜਾਂ ਨਿਸ਼ਚਾ ਨਹੀਂ, ਉਸ ਨੂੰ ਕੁਝ ਵੀ ਪ੍ਰਾਪਤ ਨਹੀਂ ਹੁੰਦਾ। ਇਹ ਸਰੀਰ ਨਾਸ਼ਵਾਨ ਹੈ, ਇਹ ਸਦਾ ਨਹੀਂ ਰਹਿੰਦਾ। ਗ੍ਰੰਥ ਸਾਹਿਬ ਵਿਚ ਗੁਰੂ ਦੀ ਆਤਮਾ ਦਾ ਨਿਵਾਸ ਹੈ। ਇਸ ਅੱਗੇ ਹੀ ਰੋਜ਼ ਸਿਰ ਨਿਵਾਓ। ਇਸ ਤਰ੍ਹਾਂ ਤੁਸੀਂ ਆਪਣੇ ਮਨੋਵੇਗ ਨੂੰ ਜਿੱਤ ਸਕੋਗੇ ਅਤੇ ਮੁਕਤੀ ਪ੍ਰਾਪਤ ਕਰ ਸਕੋਗੇ।

ਗੁਰੂ ਹਰਿ ਕ੍ਰਿਸ਼ਨ ਮਹਾਨ ਸ਼ਖਸੀਅਤ ਦੇ ਮਾਲਕ ਸਨ। ਜਿਸ ਨੇ ਵੀ ਉਨ੍ਹਾਂ ਦੇ ਦਰਸ਼ਨ ਕੀਤੇ, ਉਨ੍ਹਾਂ ਦੇ ਨਾ ਕੇਵਲ ਦੁਖ ਹਰਨ ਹੋਏ, ਬਲਕਿ ਪਰਮ-ਪਦਵੀ ਵੀ ਪ੍ਰਾਪਤ ਹੋਈ। ਉਹ ਜ਼ੁਲਮ ਅੱਗੇ ਕਦੇ ਝੁਕੇ ਨਹੀਂ। ਉਨ੍ਹਾਂ ਨੇ ਸਿੱਖ ਸੰਗਤ ਦੀ ਯੋਗ ਅਗਵਾਈ ਕੀਤੀ। ਆਪ ਦੇ ਮਹਾਨ ਕਾਰਜਾਂ ਸਦਕਾ ਹਰ ਸਿੱਖ ਦਾ ਸੀਸ ਝੁਕਦਾ ਹੈ ਅਤੇ ਗੁਰੂ ਗੋਬਿੰਦ ਸਿੰਘ ਦੇ ਇਹ ਮਹਾਂਵਾਕ ਅਟੱਲ ਸੱਚਾਈ ਬਣ ਜਾਂਦੇ ਹਨ:

ਸ੍ਰੀ ਹਰਿ ਕ੍ਰਿਸ਼ਨ ਧਿਆਈਐ
ਜਿਸ ਡਿਠੇ ਸਭਿ ਦੁਖਿ ਜਾਇ॥

## ਨਿਰਾਕਾਰ

ਲਕੀਰ ਦਾ ਫਕੀਰ,
ਬੰਦਾ ਜਦੋਂ ਕਦੇ ਬਣਦਾ ਏ,
ਦੇਖਾ ਦੇਖੀ ਬਿਨ ਉਹਨੂੰ
ਕੁਝ ਵੀ ਨਾ ਭਾਉਂਦਾ ਜੀ।
ਕਰਕੇ ਦਿਮਾਗ ਬੰਦ,
ਕਿਸੇ ਪਿਛੇ ਲਾਈਨ ਵਿਚ,
ਲੱਗਦਾ ਜੋ ਬੰਦਾ ਉਹ ਤਾਂ,
ਭੇਡ ਅਖਵਾਉਂਦਾ ਜੀ।
ਸਾਡੇ ਗੁਰਾਂ ਸਾਨੂੰ ਸਦਾ
ਪੁੱਤ ਹੀ ਬਣਾਉਣਾ ਚਾਹਿਆ,
ਪੁੱਤਰਾਂ ਦਾ ਭੇਡਾਂ ਹੋਣਾ,
ਕਿਹੜਾ ਗੁਰੂ ਚਾਹੁੰਦਾ ਜੀ।

ਅੰਧ-ਵਿਸ਼ਵਾਸ ਭਰ,
ਭੇਡਾਂ ਹੀ ਬਣਾਵੇ ਉਹ ਤਾਂ,
ਅੱਖਾਂ ਮਿਚਵਾ ਜੋ ਸੇਵਾ,
ਆਪਦੀ 'ਚ ਲਾਉਂਦਾ ਜੀ।
ਥਾਂ ਥਾਂ ਝੁਕਾਉਣ ਨਾਲੋਂ,
ਵਰਤੋਂ ਸਿਰਾਂ ਦੀ ਕਰ,
ਬਣਨਾ ਵਿਵੇਕੀ ਸਾਨੂੰ,
ਗੁਰੂ ਹੀ ਸਿਖਾਉਂਦਾ ਜੀ।
ਦੇਹਧਾਰੀ ਗੁਰੂ ਸਦਾ,
ਦੇਹ ਨਾਲ ਜੋੜਦੇ ਨੇ,
ਗਿਆਨ ਗੁਰੂ ਸਦਾ
ਗਿਆਨਵਾਨ ਹੀ ਬਣਾਉਂਦਾ ਜੀ।

ਸੂਝਵਾਨ ਹੋ ਕੇ ਸਿੱਖ,
ਜੱਗ ਵਿਚ ਰਹਿੰਦਾ ਜਦੋਂ,
ਸਮਝ ਗੁਰੂ ਦੀ ਮੱਤ,
ਅੱਗੇ ਸਮਝਾਉਂਦਾ ਜੀ।
ਬੰਦੇ ਅਤੇ ਗੁਰੂ ਵਿਚੋਂ,
ਦੇਹ ਜਦੋਂ ਪਾਸੇ ਹੁੰਦੀ,
ਨਿਰਾਕਾਰ ਰੱਬ ਉਦੋਂ,
ਸਮਝ 'ਚ ਆਉਂਦਾ ਜੀ।

-ਗੁਰਮੀਤ ਸਿੰਘ ਬਰਸਾਲ
ਕੈਲੀਫੋਰਨੀਆ।

# ਧਰਮ ਅਤੇ ਰਾਜਨੀਤੀ ਦੇ ਪ੍ਰਸੰਗ 'ਚ ਸਿੱਖ ਧਰਮ ਦੀ ਹਕੀਕਤ

***ਸਿੱਖ ਸਮਾਜ ਵਿਚ ਧਰਮ ਅਤੇ ਰਾਜਨੀਤੀ ਦੇ ਆਪਸੀ ਸਬੰਧਾਂ ਬਾਰੇ ਚਰਚਾ ਅਕਸਰ ਚੱਲਦੀ ਰਹਿੰਦੀ ਹੈ। ਕਈ ਵਿਦਵਾਨ ਧਰਮ ਵਿਚੋਂ ਰਾਜਨੀਤੀ ਨੂੰ ਮਨਫੀ ਕਰਨਾ ਚਾਹੁੰਦੇ ਹਨ ਤੇ ਕਈ ਦੋਹਾਂ ਦੇ ਆਪਸੀ ਸੁਮੇਲ ਦੀ ਗੱਲ ਕਰਦੇ ਹਨ। ਪਿਛਲੇ ਅੰਕ ਵਿਚ ਅਸੀਂ ਇਸੇ ਵਿਸ਼ੇ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਅਤੇ ਸਿੱਖ ਵਿਦਵਾਨ ਡਾ. ਬਲਕਾਰ ਸਿੰਘ ਦੇ ਵਿਚਾਰ ਛਾਪੇ ਸਨ। ਸ. ਹਾਕਮ ਸਿੰਘ ਨੇ ਇਸ ਲੇਖ ਵਿਚ ਉਸੇ ਵਿਚਾਰ ਚਰਚਾ ਨੂੰ ਅੱਗੇ ਤੋਰਿਆ ਹੈ। -ਸੰਪਾਦਕ***

## ਵਿਚਾਰ-ਚਰਚਾ

ਸਿੱਖ ਚਿੰਤਕ ਰਾਜਨੀਤੀ ਦੇ ਸਿੱਖ ਧਰਮ 'ਤੇ ਹਾਵੀ ਹੋ ਜਾਣ ਤੋਂ ਚਿੰਤਤ ਹਨ। ਸਿੱਖ ਧਰਮ ਅਤੇ ਰਾਜਨੀਤੀ ਦਾ ਸੁਮੇਲ ਉਦੋਂ ਤੋਂ ਚਲਦਾ ਆ ਰਿਹਾ ਹੈ ਜਦੋਂ 20ਵੀਂ ਸਦੀ ਦੇ ਦੂਜੇ ਦਹਾਕੇ ਵਿਚ ਪਹਿਲੀ ਤੇ ਅਸਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਲ ਹੋਂਦ ਵਿਚ ਆਏ ਸਨ। ਪਰ 1925 ਦੇ ਗੁਰਦੁਆਰਾ ਐਕਟ ਨੇ ਇਤਿਹਾਸਕ ਗੁਰਦੁਆਰਿਆਂ ਨੂੰ ਸਰਕਾਰੀ ਕਾਨੂੰਨ ਅਤੇ ਅਕਾਲ ਤਖਤ ਨੂੰ ਉਨ੍ਹਾਂ ਗੁਰਦੁਆਰਿਆਂ ਦੇ ਪ੍ਰਬੰਧਕਾਂ ਦੇ ਅਧੀਨ ਕਰ ਦਿੱਤਾ। ਹੁਣ ਜਦੋਂ ਅਕਾਲ

**ਹਾਕਮ ਸਿੰਘ**
E-mail: hak1270@yahoo.com

ਤਖਤ ਦੀ ਪ੍ਰਭੁਸੱਤਾ ਦੀ ਗੱਲ ਤੁਰਦੀ ਹੈ ਤਾਂ ਇਸ ਦੇ ਅਰਥ ਬਦਲੇ ਹੋਏ ਹੁੰਦੇ ਹਨ। ਅਜੋਕੇ ਸਿੱਖ ਧਰਮ ਦੀ ਹਕੀਕਤ ਜਾਣਨ ਦਾ ਯਤਨ ਕਰਦੇ ਹਾਂ।

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸਿੱਖ ਧਰਮ ਦਾ ਆਧਾਰ ਹੈ ਅਤੇ ਹਰ ਸਿੱਖ ਗੁਰਬਾਣੀ ਨੂੰ ਆਪਣਾ ਗੁਰੂ ਅਤੇ ਇਸ਼ਟ ਮੰਨ ਕੇ ਉਸ ਅੱਗੇ ਸਿਰ ਝੁਕਾਉਂਦਾ ਹੈ। ਗੁਰਬਾਣੀ ਪ੍ਰਭੂ ਦਾ ਅਤੇ ਉਸ ਦੀ ਸਾਜੀ ਸ੍ਰਿਸ਼ਟੀ, ਸੰਸਾਰ ਅਤੇ ਮਨੁੱਖ ਨਾਲ ਸਬੰਧਾਂ ਦਾ ਗਿਆਨ ਪ੍ਰਦਾਨ ਕਰਦੀ ਹੈ। ਗੁਰਬਾਣੀ ਅਨੁਸਾਰ ਸੰਸਾਰ 'ਤੇ ਮਾਇਆ ਦਾ ਕੰਟਰੋਲ ਹੈ ਅਤੇ ਮਾਇਆ ਧਰਮ ਦੀ ਵਿਰੋਧੀ ਹੈ। ਗੁਰਬਾਣੀ ਦਾ ਫੁਰਮਾਨ ਹੈ:

ਇਹੁ ਸੰਸਾਰੁ ਤੇ ਤਬ ਹੀ ਛੂਟਉ
ਜਉ ਮਾਇਆ ਨਹ ਲਪਟਾਵਉ॥
ਮਾਇਆ ਨਾਮੁ ਗਰਭ ਜੋਨਿ ਕਾ
ਤਿਹ ਤਜਿ ਦਰਸਨੁ ਪਾਵਉ॥ (ਪੰਨਾ 693)

ਮਾਇਆ ਕਾਰਨ ਹੀ ਗੁਰਬਾਣੀ ਸੰਸਾਰ ਨੂੰ ਝੂਠਾ, ਸੁਪਨਾ, ਵਿਸ਼, ਭਉਜਲ, ਭਰਮਾਊ, ਅੰਧ ਕੂਪ, ਸਿਵ ਸਕਤੀ ਕਾ ਮੇਲ ਆਦਿ ਆਖਦੀ ਹੈ। ਇਸ ਸਬੰਧ ਵਿਚ ਗੁਰਬਾਣੀ ਦਾ ਫੁਰਮਾਨ ਹੈ:

ਜਗ ਰਚਨਾ ਸਭ ਝੂਠ ਹੈ
ਜਾਨਿ ਲੇਹੁ ਰੇ ਮੀਤ॥
ਕਹਿ ਨਾਨਕ ਥਿਰੁ ਨਾ ਰਹੈ
ਜਿਉ ਬਾਲੂ ਕੀ ਭੀਤ॥ (ਪੰਨਾ 1428)

---

ਜਗ ਸੁਪਨਾ ਬਾਜੀ ਬਨੀ
ਖਿਨ ਮਹਿ ਖੇਲੁ ਖੇਲਾਇ॥ (ਪੰਨਾ 18)

---

ਬਾਬਾ ਬਿਖੁ ਦੇਖਿਆ ਸੰਸਾਰੁ॥ (ਪੰਨਾ 382)

---

ਹਉਮੈ ਮੇਰਾ ਭਰਮੈ ਸੰਸਾਰੁ॥ (ਪੰਨਾ 841)

---

ਮਾਇਆ ਭੁਇਅੰਗਮ ਸਰਪੁ ਹੈ
ਜਗੁ ਘੇਰਿਆ ਬਿਖੁ ਮਾਇ॥ (ਪੰਨਾ 1415)

---

ਲਿਵ ਛੁਤਕੀ ਲਗੀ ਤ੍ਰਿਸਨਾ
ਮਾਇਆ ਅਮਰੁ ਵਰਤਾਇਆ॥
ਇਹ ਮਾਇਆ ਜਿਤੁ ਹਰਿ ਵਿਸਰੈ
ਮੋਹੁ ਉਪਜੈ ਭਾਉ ਦੂਜਾ ਲਾਇਆ॥
(ਪੰਨਾ 921)

---

ਮਾਇਆ ਮੋਹੁ ਸਭੁ ਦੁਖੁ ਹੈ
ਖੋਟਾ ਇਹੁ ਵਾਪਾਰਾ ਰਾਮ॥ (ਪੰਨਾ 570)

ਮਾਇਆ ਨੇ ਮਨੁੱਖ ਨੂੰ ਆਪਣਾ ਗੁਲਾਮ ਬਣਾਇਆ ਹੋਇਆ ਹੈ:

ਜਹ ਦੇਖਾ ਤਹ ਰਵਿ ਰਹੇ
ਸਿਵ ਸਕਤੀ ਕਾ ਮੇਲੁ॥
ਤ੍ਰਿਹੁ ਗੁਣ ਬੰਧੀ ਦੇਹੁਰੀ
ਜੋ ਆਇਆ ਜਗਿ ਸੋ ਖੇਲੁ॥ (ਪੰਨਾ 21)

---

ਬਾਬਾ ਮਾਇਆ ਸਾਥਿ ਨ ਹੋਇ॥
ਇਨਿ ਮਾਇਆ ਜਗੁ ਮੋਹਿਆ
ਵਿਰਲਾ ਬੂਝੈ ਕੋਇ॥ (ਪੰਨਾ 595)

---

ਮਾਇਆ ਮਮਤਾ ਮੋਹਣੀ
ਜਿਨਿ ਵਿਣੁ ਦੰਤਾ ਜਗੁ ਖਾਇਆ॥ (ਪੰਨਾ 643)

ਪ੍ਰਭੂ ਨੇ ਮਨੁੱਖ ਤੋਂ ਦੂਰੀ ਬਣਾਉਣ ਲਈ ਸੰਸਾਰ 'ਚ ਮਾਇਆ ਆਪ ਪਾਈ ਹੈ, "ਮਾਇਆ ਮਮਤਾ ਕਰਤੈ ਲਾਈ॥" (ਪੰਨਾ 1261) ਸੰਸਾਰ ਵਿਚ ਮਾਇਆ ਦਾ ਭਰਮਜਾਲ ਮਨੁੱਖ ਨੂੰ ਮਾਨਵਤਾ ਵਿਚ ਪ੍ਰਭੂ ਦੇ ਦਰਸ਼ਨ ਨਹੀਂ ਕਰਨ ਦਿੰਦਾ ਅਤੇ ਉਸ ਦੇ ਅੰਦਰ ਵਸ ਰਹੇ ਪ੍ਰਭੂ ਨਾਲ ਮਿਲਣ ਨਹੀਂ ਦਿੰਦਾ। ਜਾਂ ਇਉਂ ਕਹੋ ਕਿ ਮਾਇਆ ਨੇ ਸਮਾਜ ਨੂੰ ਧਰਮ ਦਾ ਵਿਰੋਧੀ ਬਣਾਇਆ ਹੋਇਆ ਹੈ। ਪਰ ਅਜੋਕਾ ਸਿੱਖ ਧਰਮ, ਜਿਸ ਨੂੰ ਗੁਰਬਾਣੀ 'ਤੇ ਆਧਾਰਤ ਸਮਝਿਆ ਜਾਂਦਾ ਹੈ, ਇੱਕ ਸਮਾਜਕ ਇਕਾਈ ਤੇ ਸਿਆਸੀ ਹਸਤੀ ਵਜੋਂ ਵਿਚਰਦਾ ਹੈ ਅਤੇ ਆਪਣੇ ਆਪ ਨੂੰ ਸਿੱਖ ਪੰਥ ਤੇ ਪੰਥ ਗੁਰੂ ਆਖਦਾ ਹੈ। ਸਿੱਖ ਧਰਮ ਤੋਂ ਬਾਹਰਲੇ ਨਿਰੀਖਕ ਲਈ ਕੈਸੀ ਅਜੀਬ ਸਥਿਤੀ ਬਣ ਜਾਂਦੀ ਹੋਵੇਗੀ ਜਦੋਂ ਉਹ ਸਿੱਖ ਨੂੰ ਉਸੇ ਸੰਸਾਰ ਦਾ ਉਪਾਸ਼ਕ ਬਣਿਆ ਦੇਖਦਾ ਹੈ ਜਿਸ ਨੂੰ ਗੁਰਬਾਣੀ ਧਰਮ ਦਾ ਵੈਰੀ ਮੰਨਦੀ ਹੈ। ਇਸ ਅਸੰਗਤੀ ਦਾ ਹੱਲ ਕੱਢਣ ਅਤੇ ਸਿੱਖ ਜਗਤ ਨੂੰ ਭਰੋਸਾ ਦਿਵਾਉਣ ਲਈ ਸਿੱਖ ਪੁਜਾਰੀ ਸ਼੍ਰੇਣੀ ਨੇ ਧਰਮ ਨੂੰ ਹੀ ਇੱਕ ਦੂਜੇ ਤੋਂ ਉਲਟ ਦੋ ਵੱਖਰੇ ਅਰਥ ਦੇ ਦਿੱਤੇ ਹਨ। ਇੱਕ ਪਾਸੇ ਅਧਿਆਤਮਕ ਗਿਆਨ ਦੀ ਪ੍ਰਾਪਤੀ ਦੇ ਮਾਰਗ ਨੂੰ ਧਰਮ ਆਖਿਆ ਜਾਂਦਾ ਹੈ, ਜਿਸ ਨੂੰ ਗੁਰਬਾਣੀ "ਕਰਮ ਪੇਡੁ ਸਾਖਾ ਹਰੀ ਧਰਮੁ ਫੁਲੁ ਫਲੁ ਗਿਆਨੁ॥" (ਪੰਨਾ 1168) ਅਤੇ "ਕਬੀਰਾ ਜਹਾ ਗਿਆਨੁ ਤਹ ਧਰਮ ਹੈ ਜਹਾ ਝੂਠੁ ਤਹ ਪਾਪੁ॥" (ਪੰਨਾ 1372) ਆਖਦੀ ਹੈ।

ਦੂਜੇ ਪਾਸੇ, ਸਿੱਖ ਇਤਿਹਾਸ ਵਿਚ ਬਿਆਨ ਕੀਤੇ ਸਿੱਖ ਸਮਾਜ ਅਤੇ ਸਿੱਖ ਰਹਿਤ ਨੂੰ ਸਿੱਖ ਧਰਮ ਦਾ ਨਾਂ ਦੇ ਦਿੱਤਾ ਜਾਂਦਾ ਹੈ ਤੇ ਪੰਥ ਜਾਂ ਪੰਥ ਗੁਰੂ ਦੀ ਪਦਵੀ ਵੀ ਦੇ ਦਿੱਤੀ ਜਾਂਦੀ ਹੈ। ਸਮਾਜਕ ਧਰਮ ਜਾਂ ਪੰਥ ਦਾ ਆਧਾਰ ਗੁਰਬਾਣੀ ਨਹੀਂ, ਸਿੱਖ ਇਤਿਹਾਸ ਹੈ। ਗੁਰਬਾਣੀ ਤੇ ਇਤਿਹਾਸ ਵਿਚ ਕੋਈ ਸਾਂਝ ਨਹੀਂ ਹੈ ਕਿਉਂਕਿ ਗੁਰਬਾਣੀ ਅਧਿਆਤਮਕ ਗਿਆਨ ਹੈ ਤੇ ਇਤਿਹਾਸ ਸਮਾਜ ਦੀ ਵਿਥਿਆ। ਸਿੱਖ ਧਰਮ ਦੇ ਇਨ੍ਹਾਂ ਦੋ ਵਖਰੇ ਅਤੇ ਅਸੰਗਤ ਅਰਥਾਂ ਕਾਰਨ ਸੂਝਵਾਨ ਸ਼ਰਧਾਲੂਆਂ ਦਾ ਦੁਬਿਧਾ ਵਿਚ ਪੈ ਜਾਣਾ ਸੁਭਾਵਕ ਹੈ ਪਰ ਸਿੱਖ ਪੁਜਾਰੀਆਂ ਨੇ ਇਨ੍ਹਾਂ ਦੋਹਾਂ ਅਰਥਾਂ ਦੇ ਮੂਲ ਅੰਤਰ ਨੂੰ ਅੱਖੋਂ ਪਰੋਖੇ ਕਰਕੇ ਇੱਕ ਦੂਜੇ 'ਚ ਰਲਗੱਡ ਕਰ ਦਿੱਤਾ ਹੈ, ਜਿਸ ਤੋਂ ਆਮ ਸਿੱਖ ਸੰਤੁਸ਼ਟ ਹਨ ਪਰ ਜਾਗਰੂਕ ਸਿੱਖ ਪ੍ਰੇਸ਼ਾਨ ਹਨ। ਸ਼੍ਰੋਮਣੀ ਕਮੇਟੀ ਨੇ 'ਸਿੱਖ ਰਹਿਤ ਮਰਯਾਦਾ' ਵਿਚ ਇਸ ਅਸੰਗਤੀ ਨੂੰ "ਸਿੱਖ ਦੀ ਰਹਿਣੀ ਦੋ ਤਰ੍ਹਾਂ ਦੀ ਹੈ, ਸ਼ਖਸੀ ਅਤੇ ਪੰਥਕ" ਕਹਿ ਕੇ ਸੁਲਝਾਉਣ ਦਾ ਯਤਨ ਕੀਤਾ ਹੈ। ਸਿੱਖ ਪ੍ਰਚਾਰਕ ਸੰਤ-ਸਿਪਾਹੀ ਅਤੇ ਦੋ ਤਲਵਾਰਾਂ ਦੇ ਸੰਕਲਪਾਂ ਰਾਹੀਂ ਇਸ ਵਿਰੋਧ ਨੂੰ ਸਮਝਾਉਣ ਦਾ ਯਤਨ ਕਰਦੇ ਹਨ। ਪਰ ਨਹੀਂ ਜਾਣਦੇ ਕਿ ਦੋ ਤਲਵਾਰਾਂ ਦਾ ਸੰਕਲਪ ਧਰਮ ਤੇ ਸਿਆਸਤ ਦੇ ਮੇਲ ਦਾ ਨਹੀਂ ਬਲਕਿ ਭਿੰਨਤਾ ਦਾ ਸੰਕਲਪ ਹੈ। ਜਿਵੇਂ ਦੋ ਤਲਵਾਰਾਂ ਇਕ ਮਿਆਨ 'ਚ ਨਹੀਂ ਸਮਾ ਸਕਦੀਆਂ, ਇਵੇਂ ਹੀ ਧਰਮ ਤੇ ਰਾਜਨੀਤੀ ਇੱਕ ਦੂਜੇ ਨਾਲ ਮਿਲ ਕੇ ਨਹੀਂ ਚਲ ਸਕਦੇ। ਰਾਜਨੀਤੀ ਇੱਕ ਕਿੱਤਾ ਹੈ ਜਿਸ ਦਾ ਮਨੋਰਥ ਧਰਮ ਤੋਂ ਵੱਖ ਹੈ। ਦੋ ਵੱਖਰੇ ਮਨੋਰਥਾਂ ਦਾ ਏਕੀਕਰਨ ਸੰਭਵ ਨਹੀਂ। ਸਿੱਖ ਧਰਮ ਦੇ ਕਈ ਮਸਲੇ ਸਿੱਖ ਧਰਮ ਦੇ ਆਗੂਆਂ ਦੀ ਦਵੈਤ ਅਵਸਥਾ ਤੇ ਖੰਡਤ ਸ਼ਖਸੀਅਤ ਦਾ ਹੀ ਨਤੀਜਾ ਹਨ।

ਸਿੱਖ ਸਮਾਜ ਨੇ ਇੱਕ ਹੋਰ ਅਹਿਮ ਇਤਿਹਾਸਕ ਤੱਥ ਨੂੰ ਨਜ਼ਰ ਅੰਦਾਜ਼ ਕੀਤਾ ਹੋਇਆ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਕੇਵਲ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਹੀ ਸਿੱਖ ਧਰਮ ਦਾ ਗੁਰੂ ਅਤੇ ਰਹਿਬਰ ਥਾਪਿਆ ਸੀ, ਕਿਸੇ ਇਤਿਹਾਸ, ਹੋਰ ਰਚਨਾ ਜਾਂ ਸਮਾਜਕ ਸਮੂਹ ਨੂੰ ਨਹੀਂ ਅਤੇ ਗੁਰਬਾਣੀ ਗੁਰੂ ਸਾਹਿਬ ਦੇ ਆਦੇਸ਼ਾਂ ਅਤੇ ਗੁਰਬਾਣੀ ਨੂੰ ਬਦਲਣ ਜਾਂ ਉਨ੍ਹਾਂ ਵਿਚ ਵਾਧਾ ਘਾਟਾ ਕਰਨ ਦੀ ਕਿਸੇ ਨੂੰ ਵੀ ਆਗਿਆ ਨਹੀਂ ਦਿੰਦੀ। ਗੁਰਬਾਣੀ ਦੇ ਫੁਰਮਾਨ ਹਨ:

ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥
ਬਾਣੀ ਤ ਕਚੀ ਸਤਿਗੁਰੂ ਬਾਝਹੁ
ਹੋਰ ਕਚੀ ਬਾਣੀ॥
ਕਹਿਦੇ ਕਚੇ ਸੁਣਦੇ ਕਚੇ
ਕਚੀ ਆਖਿ ਵਖਾਣੀ॥
ਹਰਿ ਹਰਿ ਨਿਤ ਕਰਹਿ ਰਸਨਾ
ਕਹਿਆ ਕਛੂ ਨ ਜਾਣੀ॥
ਚਿਤੁ ਜਿਨ ਕਾ ਹਿਰਿ ਲਇਆ
ਮਾਇਆ ਬੋਲਨਿ ਪਏ ਰਵਾਣੀ॥
ਕਹੈ ਨਾਨਕੁ ਸਤਿਗੁਰੂ ਬਾਝਹੁ
ਹੋਰ ਕਚੀ ਬਾਣੀ॥ (ਪੰਨਾ 920)

---

ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ
ਸੇ ਕੂੜਿਆਰ ਕੂੜੇ ਝੜਿ ਪੜੀਐ॥
(ਪੰਨਾ 304)

ਸਿੱਖ ਧਰਮ ਦੇ ਵਿਸ਼ੇ 'ਤੇ ਸਿੱਖ ਸ਼ਰਧਾਲੂਆਂ ਅਤੇ ਦੂਜਿਆਂ ਵਲੋਂ ਗੁਰਬਾਣੀ ਤੋਂ ਬਾਹਰ ਜੋ ਕੁਝ ਵੀ ਕਿਹਾ ਜਾਂਦਾ ਹੈ, ਉਹ ਕੱਚਾ ਅਤੇ ਸ਼ੱਕੀ ਹੈ। ਇਥੇ ਇਹ ਦੱਸਣਾ ਵੀ ਅਣਉਚਿਤ ਨਹੀਂ ਹੋਵੇਗਾ ਕਿ ਜਿਨ੍ਹਾਂ ਪੁਰਾਤਨ ਇਤਿਹਾਸਕ ਕਿਰਤਾਂ ਨੂੰ ਬਹੁਤੇ ਸਿੱਖ ਵਿਦਵਾਨ ਸਿੱਖ ਇਤਿਹਾਸ ਦੇ ਸਰੋਤ ਮੰਨਦੇ ਹਨ, ਉਹ ਲਗਭਗ ਸਭ ਗੁਰੂ ਸਾਹਿਬਾਨ ਦੇ ਵਿਰੋਧੀਆਂ ਦੀਆਂ ਲਿਖੀਆਂ ਹਨ ਅਤੇ ਗੁਰਮਤਿ ਵਿਰੋਧੀ ਤੇ ਅਪ੍ਰਮਾਣਕ ਹਨ।

ਕਈ ਸਿੱਖ ਵਿਦਵਾਨ ਗੁਰਬਾਣੀ ਨੂੰ ਸਮਾਜ ਸੁਧਾਰ ਦੀ ਵਿਧੀ ਆਖਦੇ ਹਨ। ਪਰ ਗੁਰਬਾਣੀ ਵਿਚ ਸਮਾਜ ਸੁਧਾਰ ਬਾਰੇ ਕੋਈ ਉਪਦੇਸ਼ ਨਹੀਂ ਹੈ। ਸਮਾਜ ਦੇ ਸਾਰੇ ਝਗੜੇ, ਅਨਿਆਂ, ਜ਼ੁਲਮ, ਵਿਤਕਰੇ ਅਤੇ ਵਧੀਕੀਆਂ ਪੰਜ ਵਿਸ਼ੇ ਵਿਕਾਰਾਂ-ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਕਾਰਨ ਵਾਪਰਦੇ ਹਨ। ਮਾਇਆ ਦੇ ਪ੍ਰਭਾਵ ਨੂੰ ਬਦਲਣ ਜਾਂ ਸਮਾਪਤ ਕਰਨ ਦੀ ਯੋਗਤਾ ਮਨੁੱਖ ਵਿਚ ਨਹੀਂ ਹੈ ਕਿਉਂਕਿ ਮਾਇਆ ਤੇ ਸੰਸਾਰ ਵਿਚ ਪ੍ਰਭੂ ਨੇ ਆਪ ਪਾਈ ਹੋਈ ਹੈ ਅਤੇ ਉਹੋ ਉਸ ਨੂੰ ਬਦਲਣਯੋਗ ਹੈ। ਗੁਰਬਾਣੀ ਤਾਂ ਸਮਾਜ ਨੂੰ ਸੰਬੋਧਤ ਹੀ ਨਹੀਂ ਹੈ, ਉਹ ਤੇ ਮਨੁੱਖ ਨੂੰ ਸੰਬੋਧਤ ਹੈ। ਉਹ ਮਨੁੱਖ ਨੂੰ ਆਪਣੇ ਨਿਜੀ ਜੀਵਨ ਵਿਚ ਸੁਧਾਰ ਲਿਆਉਣ ਲਈ ਪੰਜ ਵਿਸ਼ੇ ਵਿਕਾਰਾਂ ਅਤੇ ਹਉਮੈ ਤੋਂ ਮੁਕਤ ਹੋਣ ਲਈ ਪ੍ਰੇਰਤ ਕਰਦੀ ਹੈ, ਉਸ ਨੂੰ ਕਿਸੇ ਸਮਾਜ ਜਾਂ ਸਮਾਜਕ ਧਰਮ ਨੂੰ ਸੁਧਾਰਣ ਦਾ ਉਪਦੇਸ਼ ਨਹੀਂ ਕਰਦੀ।

ਸਿੱਖ ਧਰਮ ਬਾਰੇ ਹੋਰ ਵਿਚਾਰ ਕਰਨ ਤੋਂ ਪਹਿਲੋਂ ਸਿੱਖ ਜੀਵਨ ਬਾਰੇ ਇੱਕ ਤੱਥ ਸਾਂਝਾ ਕਰਨਾ ਜ਼ਰੂਰੀ ਹੈ। ਉਹ ਇਹ ਕਿ ਸਿੱਖ ਰਹਿਤ ਮਰਯਾਦਾ ਜਥੇਦਾਰਾਂ ਅਤੇ ਪੁਜਾਰੀਆਂ ਦੇ ਸਿੱਖ ਧਰਮ ਬਾਰੇ ਵਿਚਾਰਾਂ ਨੇ ਸਾਧਾਰਣ ਸਿੱਖ ਦੀ ਸੋਚ ਨੂੰ ਬਹੁਤਾ ਪ੍ਰਭਾਵਿਤ ਨਹੀਂ ਕੀਤਾ ਹੈ। ਸਾਧਾਰਣ ਸਿੱਖ ਨੇ ਆਪਣੇ ਵਿਅਕਤਿਤਵ ਨੂੰ ਖੰਡਿਤ ਹੋਣ ਤੋਂ ਬਚਾਇਆ ਹੋਇਆ ਹੈ ਅਤੇ ਉਹ ਅੱਜ ਵੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੋਂ ਸੇਧ ਲੈ ਕੇ ਜੀਵਨ ਬਤੀਤ ਕਰਨ ਵਿਚ ਵਿਸ਼ਵਾਸ ਰੱਖਦਾ ਹੈ। ਇਸੇ ਕਰਕੇ ਸੰਸਾਰ ਭਰ ਵਿਚ ਸਿੱਖ ਭਾਈਚਾਰਾ ਸਫਲ ਅਤੇ ਸਨਮਾਨਤ ਹੈ। ਇਹ ਗੁਰਬਾਣੀ ਦੀ ਬਖਸ਼ਿਸ਼ ਹੀ ਆਖੀ ਜਾ ਸਕਦੀ ਹੈ ਕਿ ਔਖੇ ਤੋਂ ਔਖੇ ਕੰਮ ਨੂੰ ਬਹੁਤੇ ਸਿੱਖ ਸਫਲਤਾ ਸਹਿਤ ਨਿਭਾ ਰਹੇ ਹਨ। ਸਿੱਖ ਜੀਵਨ ਵਿਚ ਪ੍ਰਭੂ ਤੇ ਭਰੋਸਾ, ਉਦਮ, ਸੇਵਾ ਭਾਵਨਾ ਅਤੇ ਹਲੀਮੀ ਜੈਸੇ ਅਦੁੱਤੀ ਗੁਣ ਗੁਰਬਾਣੀ ਦੇ ਪ੍ਰਭਾਵ ਦੀ ਹੀ ਦੇਣ ਹਨ।

ਗੁਰਬਾਣੀ ਅਧਿਆਤਮਕ ਗਿਆਨ ਹੈ ਅਤੇ ਗਿਆਨ ਸਿਖਿਆ ਰਾਹੀਂ ਪ੍ਰਾਪਤ ਕੀਤਾ ਜਾਂਦਾ ਹੈ। ਗਿਆਨ ਦੀ ਸਿਖਿਆ ਲਈ ਸਿਖਿਆ ਪ੍ਰਣਾਲੀਆਂ ਹੋਂਦ 'ਚ ਆਉਂਦੀਆਂ ਹਨ। ਗੁਰਬਾਣੀ ਵਿਚ ਅਧਿਆਤਮਕ ਗਿਆਨ ਲਈ ਧਰਮਸਾਲ ਤੇ ਸੰਗਤ ਦੀ ਸਥਾਪਨਾ ਦਾ ਉਪਦੇਸ਼ ਹੈ:

ਮੋਹਨ ਤੇਰੇ ਸੋਹਨਿ ਦੁਆਰ
ਜੀਉ ਸੰਤ ਧਰਮਸਾਲਾ॥
ਧਰਮਸਾਲ ਅਪਾਰ ਦੈਆਰ
ਠਾਕੁਰ ਸਦਾ ਕੀਰਤਨ ਗਾਵਹੇ॥
ਜਹ ਸਾਧ ਸੰਤ ਇਕਤ੍ਰ ਹੋਵਹਿ
ਤਹਾ ਤੁਝਹਿ ਧਿਆਵਹੇ॥ (ਪੰਨਾ 248)

---

ਸਤਸੰਗਤਿ ਸਤਿਗੁਰ ਚਟਸਾਲ ਹੈ
ਜਿਤੁ ਹਰਿ ਗੁਣ ਸਿਖਾ॥ (ਪੰਨਾ 1316)

ਸੰਸਾਰਕ ਗਿਆਨ ਲਈ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਸਥਾਪਤ ਕੀਤੀਆਂ ਜਾਂਦੀਆਂ ਹਨ ਅਤੇ ਸਮਾਜਕ ਧਰਮ ਦੀ ਸਿਖਿਆ ਮੰਦਿਰਾਂ, ਗੁਰਦੁਆਰਿਆਂ, ਗਿਰਜਿਆਂ, ਮਸਜਿਦਾਂ ਅਤੇ ਮਦਰੱਸਿਆਂ ਵਿਚ ਦਿੱਤੀ ਜਾਂਦੀ ਹੈ। ਪਰ ਅਜੋਕੇ ਗੁਰਦੁਆਰਿਆਂ ਵਿਚ ਧਾਰਮਕ ਸਿਖਿਆ ਦਾ ਪ੍ਰਬੰਧ ਨਹੀਂ ਹੈ ਕਿਉਂਕਿ ਸ਼੍ਰੋਮਣੀ ਕਮੇਟੀ ਨੇ ਸਿੱਖ ਧਰਮ ਦੀ ਅਗਵਾਈ ਧਰਮ ਸ਼ਾਸਤਰੀਆਂ ਤੇ ਵਿਦਵਾਨਾਂ ਦੀ ਥਾਂ ਪ੍ਰਬੰਧਕਾਂ ਤੇ ਪੁਜਾਰੀਆਂ ਨੂੰ ਸੌਂਪੀ ਹੋਈ ਹੈ ਜਿਨ੍ਹਾਂ ਦੀ ਸਿਖਿਆ ਵਿਚ ਕੋਈ ਦਿਲਚਸਪੀ ਨਹੀਂ ਹੈ। ਇਸੇ ਲਈ ਸਿੱਖ ਵਿਦਵਾਨਾਂ ਨੇ ਸਿੱਖ ਧਰਮ ਦੀ ਸਿਖਿਆ ਲਈ ਮਿਸ਼ਨਰੀ ਸੰਸਥਾਵਾਂ ਸਥਾਪਤ ਕਰ ਲਈਆਂ ਹਨ।

ਵੇਖਣ ਵਿਚ ਆਇਆ ਹੈ ਕਿ ਅਧਿਆਤਮਕ ਗਿਆਨ ਬਾਰੇ ਜਾਣਕਾਰੀ ਪ੍ਰਾਪਤ ਕਰਨ 'ਚ ਬਹੁਤ ਘੱਟ ਲੋਕਾਂ ਦੀ ਰੁਚੀ ਹੁੰਦੀ ਹੈ ਜਦੋਂ ਕਿ ਸਮਾਜਕ ਧਰਮ ਦੇ ਸ਼ਰਧਾਲੂਆਂ ਦੀ ਧਰਮ ਅਸਥਾਨਾਂ 'ਤੇ ਭੀੜ ਲੱਗੀ ਰਹਿੰਦੀ ਹੈ। ਕਾਰਨ ਹੈ, ਸਮਾਜਕ ਧਰਮ ਲੋਕਾਂ ਦੀ ਇੱਕ ਬਹੁਤ ਜ਼ਰੂਰੀ ਲੋੜ ਪੂਰੀ ਕਰਦਾ ਹੈ। ਉਹ ਹੈ, ਮਨੁੱਖ 'ਚ ਆਪਣੇ ਚੌਗਿਰਦੇ ਨੂੰ ਜਾਣਨ, ਸਮਝਣ ਤੇ ਉਸ ਨੂੰ ਆਪਣੀ ਮਰਜ਼ੀ ਅਨੁਸਾਰ ਬਦਲਣ ਤੇ ਢਾਲਣ ਦੀ ਉਤਸੁਕਤਾ। ਧਰਮ ਉਸੇ ਉਤਸੁਕਤਾ ਦਾ ਤਸੱਲੀਬਖਸ਼ ਨਿਵਾਰਣ ਕਰਨ ਦਾ ਭਰੋਸਾ ਦਿਵਾਉਂਦਾ ਹੈ। ਉਸੇ ਉਤਸੁਕਤਾ ਨੇ ਮਨੁੱਖ ਨੂੰ ਮਨੁੱਖ, ਸਮਾਜ, ਸੰਸਾਰ ਅਤੇ ਸ੍ਰਿਸ਼ਟੀ ਬਾਰੇ ਵਿਗਿਆਨਕ ਜਾਣਕਾਰੀ ਪ੍ਰਾਪਤ ਕਰਨ ਲਈ ਉਤਸ਼ਾਹਤ ਕੀਤਾ ਹੈ। ਸਾਧਾਰਣ ਲੋਕ ਨਾ ਸਮਝ ਆਉਣ ਵਾਲੀਆਂ ਘਟਨਾਵਾਂ ਅਤੇ ਮੁਸੀਬਤਾਂ ਨੂੰ ਅਕਸਰ ਕਿਸੇ ਅਦਿੱਖ ਸ਼ਕਤੀ ਜਾਂ ਪ੍ਰਭੂ ਦੇ ਹੁਕਮ ਦਾ ਨਤੀਜਾ ਸਮਝਦੇ ਹਨ। ਉਹ ਆਪਣੀ ਸੁਖ-ਸੁਵਿਧਾ ਲਈ ਉਸੇ ਪ੍ਰਭੂ ਜਾਂ ਸ਼ਕਤੀ ਨੂੰ ਆਪਣੀ ਰਖਿਆ ਅਤੇ ਬਿਹਤਰੀ ਲਈ ਵਰਤਣ ਦੇ ਚਾਹਵਾਨ ਵੀ ਹੁੰਦੇ ਹਨ। ਧਰਮ ਮਨੁੱਖ ਦੀਆਂ ਇਨ੍ਹਾਂ ਮਾਨਸਿਕ ਲੋੜਾਂ ਤੇ ਸੰਸਾਰਕ ਇੱਛਾਵਾਂ ਦੀ ਪੂਰਤੀ ਅਤੇ ਉਸ ਦਾ ਅਗਿਆਨ ਦੂਰ ਕਰਨ ਦਾ ਭਰੋਸਾ ਦਿੰਦਾ ਹੈ। ਪੁਜਾਰੀ ਪ੍ਰਭੂ ਜਾਂ ਕਿਸੇ ਗੈਬੀ ਸ਼ਕਤੀ ਦੇ ਦਲਾਲ ਹੋਣ ਦਾ ਦਾਅਵਾ ਕਰਦੇ ਹਨ ਅਤੇ ਸ਼ਰਧਾਲੂਆਂ ਦੀਆਂ ਬੇਨਤੀਆਂ ਨੂੰ ਉਸ ਸ਼ਕਤੀ ਅੱਗੇ ਪੇਸ਼ ਕਰਨ ਅਤੇ ਪ੍ਰਵਾਨ ਕਰਵਾਉਣ ਦਾ ਵਿਸ਼ਵਾਸ ਦਿਵਾਉਂਦੇ ਹਨ। ਸਾਧਾਰਣ ਲੋਕ ਧਾਰਮਕ ਆਗੂਆਂ ਅਤੇ ਪੁਜਾਰੀਆਂ 'ਤੇ ਭਰੋਸਾ ਕਰ ਕੇ ਉਨ੍ਹਾਂ ਦੇ ਸ਼ਰਧਾਲੂ ਬਣ ਜਾਂਦੇ ਹਨ। ਸਮਾਜਕ ਧਰਮ ਮਨੁੱਖ ਦੀਆਂ ਮਾਨਸਿਕ ਅਤੇ ਸਮਾਜਕ ਲੋੜਾਂ ਉਨ੍ਹਾਂ ਦੀ ਸ਼ਰਧਾ ਬਦਲੇ ਪੂਰੀਆਂ ਕਰਨ ਦਾ ਵਿਸ਼ਵਾਸ ਦੁਆਉਂਦਾ ਹੈ। ਇਸ ਪ੍ਰਕਾਰ ਦੇ ਆਦਾਨ ਪ੍ਰਦਾਨ ਨੂੰ ਵਪਾਰ ਸਮਝਿਆ ਜਾਂਦਾ ਹੈ। ਹਜ਼ਾਰਾਂ ਸਾਲਾਂ ਤੋਂ ਪੁਜਾਰੀ ਵਰਗ ਧਰਮਾਂ ਦਾ ਵਪਾਰ ਕਰਦੇ ਆ ਰਹੇ ਹਨ ਅਤੇ ਲੋਕਾਂ ਦੀ ਬਹੁਗਿਣਤੀ ਉਨ੍ਹਾਂ ਦੀ ਗਾਹਕ ਬਣੀ ਹੋਈ ਹੈ। ਪੁਰਾਤਨ ਸਮਿਆਂ ਵਿਚ ਪੁਜਾਰੀ ਰਾਜਿਆਂ ਦੇ ਸਹਾਇਕ ਜਾਂ ਭਾਈਵਾਲ ਹੁੰਦੇ ਸਨ ਅਤੇ ਅੱਜ ਕੱਲ੍ਹ ਉਹ ਆਪਣੇ ਵੋਟ ਬੈਂਕ ਬਣਾ ਕੇ ਰਾਜ ਪ੍ਰਬੰਧ ਵਿਚ ਭਾਈਵਾਲੀ ਪਾ ਲੈਂਦੇ ਹਨ। ਸ਼ਰਧਾਲੂਆਂ ਦੀ ਅੰਨ੍ਹੀ ਸ਼ਰਧਾ ਕਈ ਵੇਰ ਧਾਰਮਕ ਆਗੂਆਂ ਨੂੰ ਖੁਦਮੁਖਤਾਰ ਰਾਜ ਸਥਾਪਤ ਕਰਨ ਲਈ ਵੀ ਉਤਸ਼ਾਹਤ ਕਰ ਦਿੰਦੀ ਹੈ।

ਧਰਮ ਦੇ ਸ਼ਰਧਾਲੂਆਂ ਦੀ ਬਹੁਗਿਣਤੀ ਪੁਜਾਰੀਆਂ ਦੀਆਂ ਅਰਦਾਸਾਂ, ਪਾਠਾਂ ਜਾਂ ਮੰਤਰਾਂ ਨੂੰ ਨਿਜੀ ਅਤੇ ਪਰਿਵਾਰਕ ਸਮੱਸਿਆਵਾਂ, ਚਿੰਤਾਵਾਂ, ਆਰਥਿਕ ਚੁਣੌਤੀਆਂ, ਬੀਮਾਰੀਆਂ ਤੇ ਮਾਨਸਿਕ ਤਣਾਓ ਹੱਲ ਕਰਨ ਅਤੇ ਜੀਵਨ ਵਿਚ ਸਫਲਤਾ ਪ੍ਰਾਪਤ ਕਰਨ ਲਈ ਕਾਰਗਰ ਸਮਝਦੀ ਹੈ। ਇਹ ਬਹੁਤ ਹੀ ਗੈਰ-ਕੁਦਰਤੀ ਵਿਸ਼ਵਾਸ ਹੈ ਕਿਉਂਕਿ ਕੁਦਰਤ ਦੇ ਨਿਯਮਾਂ ਅਤੇ ਨਿਜ਼ਾਮ ਨੂੰ ਬਦਲਣਾ ਸੰਭਵ ਨਹੀਂ ਹੁੰਦਾ। ਇਸ ਦੇ ਉਲਟ ਗੁਰਬਾਣੀ ਭਾਣਾ ਮੰਨਣ ਦਾ ਉਪਦੇਸ਼ ਦਿੰਦੀ ਹੈ, "ਦੁਖੁ ਸੁਖੁ ਤੇਰੇ ਭਾਣੈ ਹੋਵੈ ਕਿਸਥੈ ਜਾਇ ਰੂਆਈਐ॥" (ਪੰਨਾ 418) ਦੂਜੇ, ਸਮਾਜ ਦੇ ਕਾਨੂੰਨਾਂ, ਨਿਯਮਾਂ ਅਤੇ ਢੰਗ ਤਰੀਕਿਆਂ ਦੀ ਪਾਲਣਾ ਕਰਨੀ ਵੀ ਜ਼ਰੂਰੀ ਹੈ ਕਿਉਂਕਿ ਪੁਜਾਰੀਆਂ ਦੀ ਅਰਦਾਸ ਨਾਲ ਸਮਾਜ ਦੇ ਨਿਯਮ ਨਹੀਂ ਬਦਲੇ ਜਾ ਸਕਦੇ। ਪੁਜਾਰੀ ਅਤੇ ਸੰਤ ਬਾਬੇ ਭੋਲੇ ਲੋਕਾਂ ਨੂੰ ਗੁਮਰਾਹ ਕਰਕੇ ਉਨ੍ਹਾਂ ਦਾ ਸ਼ੋਸ਼ਣ ਕਰਦੇ ਹਨ ਪਰ ਸ਼ਰਧਾਲੂਆਂ ਦੀ ਐਸੀ ਸੋਚ ਵੀ ਸਮਾਜ ਵਿਚ ਭ੍ਰਿਸ਼ਟਾਚਾਰ ਫੈਲਾਉਣ 'ਚ ਸਹਾਈ ਹੁੰਦੀ ਹੈ।

ਸਿੱਖ ਪੁਜਾਰੀ ਸਿੱਖ ਧਰਮ ਨੂੰ ਵਧ ਤੋਂ ਵਧ ਪ੍ਰਸਿੱਧ ਕਰਨ ਲਈ ਉਤਸ਼ਾਹਤ ਹਨ। ਸਿੱਖ ਧਰਮ ਗੁਰਬਾਣੀ 'ਤੇ ਟਿਕਿਆ ਹੋਣ ਕਾਰਨ ਉਹ ਗੁਰਬਾਣੀ ਉਪਦੇਸ਼ ਨੂੰ ਵੀ ਸਿੱਖ ਜੀਵਨ ਵਿਚ ਥਾਂ ਦੇਣੀ ਚਾਹੁੰਦੇ ਹਨ। ਇਸੇ ਮਨੋਰਥ ਖਾਤਰ ਉਨ੍ਹਾਂ ਸਿੱਖ ਧਰਮ ਵਿਚ ਅਰਦਾਸ, ਪਾਠ ਜਾਂ ਕੀਰਤਨ ਦੀ ਵਿਵਸਥਾ ਕੀਤੀ ਹੈ। ਪਰ ਉਨ੍ਹਾਂ ਦਾ ਮੁੱਖ ਉਦੇਸ਼ ਸਿੱਖ ਧਰਮ ਦੀ ਪ੍ਰਸਿੱਧੀ ਕਰਨਾ ਹੁੰਦਾ ਹੈ, ਇਸ ਲਈ ਉਹ ਅਰਦਾਸ ਅਤੇ ਪਾਠ ਵਿਚ ਗੁਰਬਾਣੀ ਉਪਦੇਸ਼ ਦੇ ਸੰਮਿਲਨ ਬਾਰੇ ਚਿੰਤਤ ਨਹੀਂ ਹੁੰਦੇ। ਗੁਰੂ ਗ੍ਰੰਥ ਸਾਹਿਬ ਦੀ ਸੁਖਮਨੀ ਬਾਣੀ ਵਿਚ ਅਰਦਾਸ ਹੈ ਪਰ ਸਿੱਖ ਅਰਦਾਸ ਉਸ ਦਾ ਜ਼ਿਕਰ ਨਹੀਂ ਕਰਦੀ। ਸਿੱਖ ਅਰਦਾਸ ਗੁਰਬਾਣੀ ਦੀ ਥਾਂ ਇਤਿਹਾਸ 'ਤੇ ਜ਼ੋਰ ਦਿੰਦੀ ਹੈ। ਇਹੋ ਨਹੀਂ, ਉਸ ਦੀ ਇੱਕ ਕੱਚੀ ਕਵਿਤਾ ਵਿਚ ਗੁਰਬਾਣੀ ਦੇ ਪਵਿੱਤਰ ਨਾਨਕ ਨਾਂ ਦੀ ਅਯੋਗ ਵਰਤੋਂ ਵੀ ਕੀਤੀ ਗਈ ਹੈ, ਜੋ ਗੁਰਬਾਣੀ ਹੋਣ ਦਾ ਭਲੇਖਾ ਪਾਉਂਦੀ ਹੈ। ਪਾਠ ਕਰਨ ਦੀ ਮਰਯਾਦਾ ਵਿਚ ਵੀ ਗੁਰਬਾਣੀ ਸੁਣਨ, ਸਮਝਣ ਅਤੇ ਵਿਚਾਰਨ ਦੀ ਗੁੰਜਾਇਸ਼ ਨਹੀਂ ਰੱਖੀ ਗਈ।

ਕਈ ਸ਼ਰਧਾਲੂ ਆਪਣੀਆਂ ਇੱਛਾਵਾਂ ਦੀ ਪੂਰਤੀ ਦਾ ਸ਼ੁਕਰਾਨਾ ਕਰਨ ਲਈ ਧਰਮ ਅਸਥਾਨਾਂ 'ਤੇ ਜਾਂਦੇ ਹਨ। ਕੁਝ ਸ਼ਰਧਾਲੂ ਧਾਰਮਕ ਗ੍ਰੰਥਾਂ ਦੇ ਉਪਦੇਸ਼ ਤੋਂ ਪ੍ਰਭਾਵਿਤ ਹੋ ਕੇ ਆਪਣੇ ਨਿਜੀ ਜੀਵਨ ਵਿਚ ਨੇਕ ਚਲਨ ਧਾਰਨ ਕਰਨ ਦਾ ਯਤਨ ਕਰਦੇ ਹਨ। ਬਹੁਤ ਥੋੜ੍ਹੇ ਸ਼ਰਧਾਲੂ ਧਾਰਮਕ ਗ੍ਰੰਥਾਂ ਦੇ ਉਪਦੇਸ਼ ਨੂੰ ਜਾਣਨ ਅਤੇ ਸਮਝਣ ਦੇ ਚਾਹਵਾਨ ਹੁੰਦੇ ਹਨ। ਬਹੁਤੇ ਧਰਮਾਂ ਵਿਚ ਅਗਿਆਨੀ ਅਤੇ ਅੰਨ੍ਹੇ ਸ਼ਰਧਾਲੂਆਂ ਦੀ ਹੀ ਭਰਮਾਰ ਹੁੰਦੀ ਹੈ।

ਧਾਰਮਕ ਪੁਜਾਰੀਆਂ ਦਾ ਕਈ ਵਾਰ ਅਜਿਹੇ ਲੋਕਾਂ ਨਾਲ ਵਾਸਤਾ ਪੈ ਜਾਂਦਾ ਹੈ ਜੋ ਉਨ੍ਹਾਂ ਦੇ ਧਾਰਮਕ ਪਖੰਡਾਂ, ਵਪਾਰਕ ਅਤੇ ਸਿਆਸੀ ਗਤੀਵਿਧੀਆਂ ਨੂੰ ਨਕਾਰ ਕੇ ਅਧਿਆਤਮਕ ਗਿਆਨ ਦਾ ਸੰਦੇਸ਼ ਦਿੰਦੇ ਹਨ। ਮਾਨਵ ਇਤਿਹਾਸ ਵਿਚ ਅਨੇਕਾਂ ਰਿਸ਼ੀ, ਮੁਨੀ, ਪੈਗੰਬਰ, ਗੁਰੂ, ਭਗਤ, ਸਾਧੂ ਅਤੇ ਸੰਤ ਹੋਏ ਹਨ ਜਿਨ੍ਹਾਂ ਨੇ ਪ੍ਰਭੂ, ਉਸ ਦੀ ਕਾਇਨਾਤ ਅਤੇ ਮਨੁੱਖ ਬਾਰੇ ਅਧਿਆਤਮਕ ਗਿਆਨ ਪ੍ਰਗਟ ਕੀਤਾ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵੀ ਅਜਿਹੇ ਹੀ ਅਧਿਆਤਮਕ ਗਿਆਨ ਦਾ ਸਾਰੰਸ਼ ਹੈ। ਇਹ ਗਿਆਨ ਪਦਾਰਥਕ ਜਗਤ ਦੀ ਜਾਣਕਾਰੀ ਨਹੀਂ ਹੈ ਕਿਉਂਕਿ ਪਦਾਰਥਕ ਜਗਤ ਦੀ ਜਾਣਕਾਰੀ ਵਿਗਿਆਨ ਦਿੰਦਾ ਹੈ।

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਤਿੰਨ ਮੁੱਖ ਵਿਸ਼ਿਆਂ 'ਤੇ ਗਿਆਨ ਅੰਕਿਤ ਹੈ। ਉਹ ਹਨ-ਪ੍ਰਭੂ, ਮਨੁੱਖ ਅਤੇ ਸੰਸਾਰ। ਗੁਰੂ ਗ੍ਰੰਥ ਸਾਹਿਬ ਦੇ ਹਰ ਪੰਨੇ 'ਤੇ ਇਨ੍ਹਾਂ ਤਿੰਨਾਂ ਵਿਸ਼ਿਆਂ ਬਾਰੇ ਉਪਦੇਸ਼ ਕੀਤਾ ਗਿਆ ਹੈ। ਗੁਰਬਾਣੀ ਪ੍ਰਭੂ ਨੂੰ ਨਿਰਾਕਾਰ ਅਤੇ ਨਾ ਨਜ਼ਰ ਆਉਣ ਵਾਲਾ ਸ੍ਰਿਸ਼ਟੀ ਦਾ ਸਿਰਜਣਹਾਰ ਮੰਨਦੀ ਹੈ। ਮਨੁੱਖ ਲਈ ਉਸ ਦੀ ਕਲਪਨਾ ਕਰਨੀ ਸੰਭਵ ਨਹੀਂ। ਪਰ ਗੁਰਬਾਣੀ ਦੱਸਦੀ ਹੈ, "ਨਿਰਗੁਣ ਰਾਮ ਗੁਣਹ ਵਸਿ ਹੋਇ॥" (ਪੰਨਾ 222)

ਜੇ ਮਨੁੱਖ ਪ੍ਰਭੂ ਦੇ ਗੁਣ ਧਾਰਨ ਕਰ ਲਵੇ ਤਾਂ ਉਹ ਪ੍ਰਭੂ ਨੂੰ ਵਸ ਕਰ ਸਕਦਾ ਹੈ। ਉਹ ਕਿਹੜੇ ਗੁਣ ਹੋਣਗੇ, ਜਿਨ੍ਹਾਂ ਨੂੰ ਧਾਰਨ ਕਰਨ ਨਾਲ ਮਨੁੱਖ ਪ੍ਰਭੂ ਦੇ ਦਰਸ਼ਨ ਕਰਨ ਯੋਗ ਬਣ ਜਾਂਦਾ ਹੈ? ਮੂਲ ਮੰਤਰ ਵਿਚ ਦੱਸੇ ਦੋ ਹੀ ਗੁਣ ਐਸੇ ਹਨ ਜਿਨ੍ਹਾਂ ਨੂੰ ਮਨੁੱਖ ਧਾਰਨ ਕਰ ਸਕਦਾ ਹੈ। ਉਹ ਹਨ-ਨਿਰਭਉਤਾ ਅਤੇ ਨਿਰਵੈਰਤਾ। ਨਿਰਵੈਰ ਬਣੇ ਮਨੁੱਖ ਨੂੰ ਹਰ ਪਾਸੇ ਪ੍ਰਭੂ ਹੀ ਨਜ਼ਰ ਆਵੇਗਾ। ਗੁਰਬਾਣੀ ਦਾ ਕਥਨ ਹੈ:

ਏਹੁ ਵਿਸੁ ਸੰਸਾਰੁ ਤੁਮ ਦੇਖਦੇ
ਏਹੁ ਹਰਿ ਕਾ ਰੂਪੁ ਹੈ
ਹਰਿ ਰੂਪੁ ਨਦਰੀ ਆਇਆ॥ (ਪੰਨਾ 922)

ਵਿਰਲੇ ਹੀ ਹਨ ਜੋ ਆਪਣੀਆਂ ਪਰਿਵਾਰਕ ਤੇ ਸਮਾਜਕ ਜ਼ਿੰਮੇਵਾਰੀਆਂ ਨਿਭਾਉਂਦਿਆਂ ਨਿਰਭਉ ਤੇ ਨਿਰਵੈਰ ਰਹਿੰਦੇ ਹਨ ਅਤੇ ਦੂਜਿਆਂ ਲਈ ਚਾਨਣ ਮੁਨਾਰਾ ਬਣ ਕੇ ਸਮਾਜ ਵਿਚ ਵਰਤ ਰਹੇ ਅਨਿਆਂ ਨੂੰ ਠੱਲ੍ਹ ਪਾਉਂਦੇ ਹਨ।

ਧਰਮ ਦਾ ਮਨੋਰਥ ਪ੍ਰਭੂ ਦੀ ਬੰਦਗੀ ਕਰ ਕੇ ਉਸ ਨਾਲ ਇੱਕ ਮਿੱਕ ਹੋਣਾ ਹੈ ਜਦੋਂ ਕਿ ਰਾਜਨੀਤੀ ਦਾ ਮਨੋਰਥ ਸਮਾਜ ਦੀ ਰਖਿਆ, ਬਿਹਤਰੀ ਅਤੇ ਖੁਸ਼ਹਾਲੀ ਲਈ ਵਾਜਬ ਪ੍ਰਬੰਧ ਦੀ ਵਿਵਸਥਾ ਕਰਨਾ ਹੈ। ਇਨ੍ਹਾਂ ਦਾ ਸੁਮੇਲ ਸੰਭਵ ਨਹੀਂ। ਪਰ ਅਧਿਆਤਮਕ ਵਿਚਾਰਧਾਰਾ 'ਤੇ ਆਧਾਰਤ ਹੋਣ ਦਾ ਦਾਅਵਾ ਕਰਨ ਵਾਲਾ ਸਮਾਜਕ ਧਰਮ ਮਨੁੱਖ ਦੀਆਂ ਮਾਨਸਿਕ ਅਤੇ ਸਮਾਜਕ ਲੋੜਾਂ ਪੂਰੀਆਂ ਕਰਨ ਦਾ ਭਰੋਸਾ ਦੇ ਕੇ ਉਸ ਨੂੰ ਧਾਰਮਕ ਹੋਣ ਦਾ ਗੌਰਵ ਵੀ ਦਿੰਦਾ ਹੈ। ਸਮਾਜਕ ਧਰਮ ਆਪਣੀ ਪ੍ਰਸਿਧੀ ਲਈ ਕਿਸੇ ਨਾਲ ਵੀ ਭਾਈਵਾਲੀ ਪਾਉਣ ਲਈ ਤਿਆਰ ਹੁੰਦਾ ਹੈ। ਇਸ ਲੋਕ ਰਾਏ ਦੇ ਯੁਗ ਵਿਚ ਸਮਾਜਕ ਧਰਮ ਨੂੰ ਹੀ ਅਸਲੀ ਧਰਮ ਸਮਝਿਆ ਜਾਂਦਾ ਹੈ ਕਿਉਂਕਿ ਗੁਰਮਤਿ ਗਾਡੀ ਰਾਹ ਦੇ ਪਾਂਧੀਆਂ ਵਿਚ ਆਚਰਣ ਦਾ ਪ੍ਰਕਾਸ਼ ਤੇ ਹੁੰਦਾ ਹੈ ਪਰ ਬਹੁਗਿਣਤੀ ਨੂੰ ਪ੍ਰਭਾਵਿਤ ਕਰਨ ਵਾਲੀ ਸਮਾਜਕ ਅਪੀਲ ਨਹੀਂ ਹੁੰਦੀ।

# ਸਾਵਣੁ ਆਇਆ ਹੇ ਸਖੀ...

ਸਾਵਣੁ ਆਇਆ ਹੇ ਸਖੀ
ਜਲਹਰੁ ਬਰਸਨਹਾਰੁ॥

ਗੁਰਬਾਣੀ ਅੰਦਰ ਰਾਗ ਮਲ੍ਹਾਰ ਦੀ ਵਾਰ ਵਿਚ ਇਹ ਸਲੋਕ ਗੁਰੂ ਅੰਗਦ ਦੇਵ ਜੀ ਦਾ ਹੈ ਜਿਸ ਵਿਚ ਉਨ੍ਹਾਂ ਸਾਵਣ ਮਹੀਨੇ ਦੀ ਵਰਖਾ ਰੁੱਤ ਦਾ ਸੁੰਦਰ ਵਰਣਨ ਕਰਦਿਆਂ ਜੀਵਾਂ ਨੂੰ ਪ੍ਰਭੂ ਨਾਲ ਜੁੜਨ ਲਈ ਪ੍ਰੇਰਿਤ ਕੀਤਾ ਹੈ। ਗੁਰਬਾਣੀ 'ਚ ਗੁਰੂ ਨਾਨਕ ਦੇਵ ਜੀ ਅਤੇ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਵੀ ਸਾਵਣ ਮਹੀਨੇ ਦੀ ਖੁਲ੍ਹ ਕੇ ਪ੍ਰਸ਼ੰਸਾ ਕੀਤੀ ਹੈ। ਜੀਵ ਆਤਮਾ ਨੇ ਇਸ ਠੰਢੀ ਮਿੱਠੀ ਵਰਖਾ ਰੁੱਤ ਦਾ ਲਾਹਾ ਕਿਵੇਂ ਪ੍ਰਾਪਤ ਕਰਨਾ ਹੈ, ਇਹ ਉਪਦੇਸ਼ ਵੀ ਕੀਤਾ ਹੈ। ਸਾਲ ਅੰਦਰ ਬਾਰਾਂ ਮਹੀਨੇ ਹਨ। ਹਰ ਮਹੀਨੇ ਦੀ ਆਪਣੀ ਅਲੱਗ ਪਛਾਣ ਅਤੇ ਮਹੱਤਤਾ ਹੈ, ਪਰ ਸਾਉਣ ਮਹੀਨੇ ਦੀ ਜੋ ਖੂਬਸੂਰਤੀ ਅਤੇ ਮੌਲਿਕਤਾ ਹੈ, ਉਹ



ਬੀਬੀ ਸੁਰਜੀਤ ਕੌਰ ਸੈਕਰਾਮੈਂਟੋ

ਲਾਜਵਾਬ ਹੈ। ਇਸੇ ਕਰਕੇ ਗੁਰੂ ਸਾਹਿਬਾਨ ਨੇ ਇਸ ਮਹੀਨੇ ਨੂੰ ਗੁਰਬਾਣੀ ਵਿਚ ਰੱਜ ਕੇ ਵਡਿਆਇਆ ਹੈ।

ਗੁਰੂ ਅੰਗਦ ਦੇਵ ਜੀ ਵੀ ਸਾਉਣ ਮਹੀਨੇ ਦੀ ਆਮਦ 'ਤੇ ਪ੍ਰਸੰਨਤਾ ਦਾ ਪ੍ਰਗਟਾਵਾ ਤੇ ਪ੍ਰਭੂ ਪ੍ਰੀਤ ਵਿਚ ਆਤਮ ਵਿਭੋਰ ਹੋਏ ਪ੍ਰਭੂ ਪਿਆਰੀਆਂ ਆਤਮਾਵਾਂ ਨੂੰ ਸਖੀਆਂ ਸਹੇਲੀਆਂ ਦੇ ਰੂਪ ਵਿਚ ਆਵਾਜ਼ ਦਿੰਦਿਆਂ ਆਖਦੇ ਹਨ, ਆਓ, ਸਖੀਓ ਸਾਉਣ ਦੇ ਮਹੀਨੇ ਨੂੰ ਸੇਵਾ, ਸਿਮਰਨ, ਅਤੇ ਪ੍ਰਭੂ ਭਗਤੀ ਵਿਚ ਜੁੜ ਕੇ ਹੋਰ ਸੁਹਾਵਣਾ ਅਤੇ ਅਨੰਦਮਈ ਬਣਾਈਏ।

ਜੇਠ ਅਤੇ ਹਾੜ ਮਹੀਨਿਆਂ ਦੀ ਲੋਹੜੇ ਦੀ ਗਰਮੀ ਅਤੇ ਤਪਸ਼ ਤੋਂ ਮਗਰੋਂ ਜਦੋਂ ਸਾਉਣ ਮਹੀਨੇ ਮੇਘਲੇ ਦੀਆਂ ਕਾਲੀਆਂ ਘਨਘੋਰ ਘਟਾਵਾਂ ਚੜ੍ਹ ਕੇ ਆਉਂਦੀਆਂ ਹਨ, ਬਦਲ ਸੂਰਜ ਨੂੰ ਲੁਕੋ ਲੈਂਦੇ ਹਨ, ਉਥੇ ਨਾਲ ਹੀ ਤਪਦੇ ਹਿਰਦਿਆਂ ਨੂੰ ਰਾਹਤ ਦੇਣ ਲਈ ਠੰਢੀਆਂ ਹਵਾਵਾਂ ਵੀ ਰੁਮਕਦੀਆਂ ਠੰਢ ਵਰਤਾਉਣ ਲਈ ਆ ਪਹੁੰਚਦੀਆਂ ਹਨ। ਜਦ ਹਵਾ ਆਪਣੀ ਮਸਤ ਚਾਲ ਵਿਚ ਤੁਰਦੀ ਹੈ, ਬਦਲ ਗੱਜਦੇ ਤੇ ਗੜਕਦੇ ਹਨ, ਬਿਜਲੀ ਚਮਕਦੀ ਹੈ, ਫਿਰ ਰਿਮ ਝਿਮ ਸਾਵਣ ਵੱਸਦਾ ਹੈ, ਅੰਬ ਦੇ ਦਰਖਤ 'ਤੇ ਬੈਠੀ ਕੋਇਲ ਵੀ ਸੋਹਣੀ ਮਿੱਠੀ ਸੁਰ ਵਿਚ ਗਾਇਨ ਕਰਦੀ ਹੈ। ਮੋਰ ਪੈਲਾਂ ਪਾਉਂਦੇ ਹਨ, ਚਾਤ੍ਰਿਕ ਪਪੀਹਾ ਵੀ ਪੀਓ ਪੀਓ ਪੁਕਾਰਦਾ ਹੈ, ਬੀਂਡੇ ਅਤੇ ਡੱਡੂਆਂ ਦੀਆਂ ਆਵਾਜ਼ਾਂ ਦੇ ਮਸਤ ਨਜ਼ਾਰੇ, ਜੁਗਨੂੰਆਂ ਦਾ ਹਨੇਰੇ ਵਿਚ ਟਿਮਟਿਮਾਉਣਾ, ਇਹ ਸਭ ਮਿਲ ਕੇ ਸਾਉਣ ਮਹੀਨੇ ਦੀ ਵਰਖਾ ਰੁਤ ਨੂੰ ਹੋਰ ਸੁਹਾਵਣਾ ਬਣਾ ਦਿੰਦਾ ਹੈ।

ਸੰਸਾਰ ਦੇ ਜੀਵ ਇਸ ਸੁਹਾਵਣੇ ਮੌਸਮ ਵਿਚ ਆਪਣੀ ਖੁਸ਼ੀ ਦਾ ਇਜ਼ਹਾਰ ਆਪੋ ਆਪਣੇ ਢੰਗ ਨਾਲ ਕਰਦੇ ਹਨ ਪਰ ਗੁਰੂ ਅੰਗਦ ਦੇਵ ਜੀ ਉਸ ਮਿਹਰਵਾਨ ਅਕਾਲ ਪੁਰਖ ਦੀ ਇਸ ਬਖ਼ਸ਼ਿਸ਼ ਦਾ ਅਨੰਦ ਇਕੱਲੇ ਨਹੀਂ ਮਾਣਨਾ ਚਾਹੁੰਦੇ ਅਤੇ ਪ੍ਰਭੂ ਦੇ ਮਾਰਗ ਉਤੇ ਤੁਰ ਰਹੇ ਪ੍ਰਭੂ ਦੇ ਪਿਆਰਿਆਂ ਨੂੰ ਸਖੀਆਂ ਦੇ ਰੂਪ ਵਿਚ ਆਵਾਜ਼ ਦਿੰਦੇ ਹਨ, ਹੇ ਸਖੀਓ! ਸਾਵਣ ਆ ਗਿਆ ਹੈ, ਮੌਸਮ ਸੁਹਾਵਣਾ ਹੋਵੇਗਾ, ਮੇਘਲਾ ਅਪਣੀਆਂ ਫੌਜਾਂ ਨੂੰ ਨਾਲ ਲੈ ਕਾਲੀਆਂ ਘਟਾਵਾਂ ਬਣ ਜਦ ਵਰਸੇਗਾ ਤਾਂ ਸੜਦੀ ਹੋਈ ਧਰਤੀ ਦੇ ਨਾਲ ਨਾਲ ਸਾਰੇ ਜੀਵ ਜੰਤ ਵੀ ਹਰਸ਼ਾ ਉਠਣਗੇ, ਜਦ ਕੁਦਰਤ ਰਾਣੀ ਉਚੇ ਅਸਮਾਨ ਤੇ ਸਤਰੰਗੀ ਪੀਂਘ ਪਾਵੇਗੀ ਤਾਂ ਸਾਰੀ ਵਣਸਪਤੀ ਹਰੀ ਭਰੀ ਹੋ ਕੇ ਲਹਿਰਾਏਗੀ ਅਤੇ ਸਾਰੀ ਕਾਇਨਾਤ ਝੂਮ ਉਠੇਗੀ।

ਇਸ ਲਈ ਪ੍ਰਭੂ ਪਿਆਰੀਓ, ਸਖੀਓ ਆਓ ਇਨ੍ਹਾਂ ਮਨਮੋਹਕ ਅਤੇ ਸੁੰਦਰ ਨਜ਼ਾਰਿਆਂ ਨੂੰ ਅਜਾਈਂ ਨਾ ਗਵਾ ਦੇਈਏ ਅਤੇ ਉਸ ਅਕਾਲ ਪੁਰਖ ਦੇ ਸ਼ੁਕਰਾਨੇ ਵਿਚ ਜੁੜ ਕੇ ਸੇਵਾ ਤੇ ਸਿਮਰਨ ਵਿਚ ਜੁੜੀਏ। ਕੁਦਰਤ ਦੇ ਇਨ੍ਹਾਂ ਨਜ਼ਾਰਿਆਂ ਨੂੰ ਵੇਖ ਸਤਿਗੁਰੂ ਉਸ ਅਰਸ਼ਾਂ ਦੇ ਵਾਲੀ ਦੀ ਸਿਫਤ ਸਾਲਾਹ ਵਿਚ ਜੁੜ ਬੈਠਦੇ ਹਨ ਅਤੇ ਇਸ ਸਲੋਕ ਰਾਹੀਂ ਪ੍ਰਭੂ ਨਾਲ ਜੁੜਨ ਲਈ ਆਵਾਜ਼ ਵੀ ਦਿੰਦੇ ਹਨ,

ਸਾਵਣੁ ਆਇਆ ਹੇ ਸਖੀ ਜਲਹਰੁ ਬਰਸਨਹਾਰੁ॥
ਨਾਨਕ ਸੁਖਿ ਸਵਨੁ ਸੋਹਾਗਣੀ ਜਿਨ੍ਹ ਸਹ ਨਾਲ ਪਿਆਰੁ॥

ਹੇ ਸਖੀ, ਸਾਉਣ ਦਾ ਮਹੀਨਾ ਆ ਗਿਆ ਹੈ ਅਤੇ ਵਰਸ ਵਰਸ ਕੇ ਹਰ ਪਾਸੇ ਹੀ ਜਲ ਥਲ



ਕਰ ਦੇਵੇਗਾ, ਸਾਰੀ ਤਪਸ਼ ਮੁਕ ਜਾਵੇਗੀ, ਜੀਅ ਜੰਤ ਸਭ ਸੁਖੀ ਹੋ ਜਾਣਗੇ ਪਰ ਸੁਹਾਗਣਾਂ ਉਹ ਹੀ ਸੁਖ ਨਾਲ ਸੌਣਗੀਆਂ ਜਿਨ੍ਹਾਂ ਦਾ ਆਪਣੇ ਸਹੁ ਮਾਲਕ ਨਾਲ ਪਿਆਰ ਹੈ, ਭਾਵ ਹੇ ਭਾਈ ਅਸਲ ਵਿਚ ਇਹ ਸਾਉਣ ਦਾ ਮਹੀਨਾ ਉਨ੍ਹਾਂ ਜੀਵ ਆਤਮਾਵਾਂ ਲਈ ਹੀ ਸੁਖਦਾਈ ਅਤੇ ਅਨੰਦਮਈ ਹੈ ਜੋ ਸਤਿਸੰਗੀ ਹਨ, ਜੋ ਸੇਵਾ ਸਿਮਰਨ ਨਾਲ ਜੁੜੇ ਹੋਏ ਹਨ, ਜੋ ਪ੍ਰਭੂ ਭਗਤੀ ਵਿਚ ਲੀਨ ਹਨ ਅਤੇ ਗੁਰ ਉਪਦੇਸ਼ ਦੀ ਕਮਾਈ ਕਰ ਰਹੇ ਹਨ। ਸੁਹਾਗਣਾਂ ਸ਼ਬਦ ਵੀ ਸਤਿਗੁਰੂ ਉਨ੍ਹਾਂ ਪ੍ਰਭੂ ਪਿਆਰਿਆਂ ਲਈ ਵਰਤ ਰਹੇ ਹਨ, ਜੋ ਸਵਾਸ ਸਵਾਸ ਸੇਵਾ ਅਤੇ ਸਿਮਰਨ ਵਿਚ ਜੁੜ ਬੈਠੇ ਹਨ। ਉਹ ਆਤਮਾਵਾਂ ਪ੍ਰਭੂ ਪ੍ਰੀਤਮ ਦੀਆਂ ਸੁਹਾਗਣਾਂ ਹਨ ਅਤੇ ਕਰਤਾ ਪੁਰਖ ਪ੍ਰਭ ਉਨ੍ਹਾਂ ਦਾ ਪਤੀ ਹੈ।

ਜਿਥੇ ਸਾਉਣ ਮਹੀਨਾ ਸੁਹਾਗਣਾਂ ਲਈ ਸੁਖਦਾਈ ਹੈ, ਉਥੇ ਪਰਮਾਤਮਾ ਨਾਲੋਂ ਟੁੱਟੇ ਮਨਮੁਖਾਂ ਨੂੰ ਸਤਿਗੁਰੂ ਜੀ ਦੁਹਾਗਣਾਂ ਆਖਦੇ ਹਨ। ਸੋ ਆਓ, ਭਾਈ ਸਾਰੇ ਗੁਰ ਸ਼ਬਦ ਦੀ ਮਤ ਅਨੁਸਾਰ ਸੇਵਾ ਸਿਮਰਨ ਕਰਕੇ ਸਾਉਣ ਨੂੰ ਹੋਰ ਸੁਹਾਵਣਾ ਬਣਾਈਏ।

ਸਾਡੇ ਬਚਪਨ ਦੇ ਸਮੇਂ ਅਤੇ ਹੁਣ ਦੇ ਸਮੇਂ ਵਿਚ ਕੋਈ ਆਪਣੀ ਤਾਲ ਮੇਲ ਨਹੀਂ, ਹੁਣ ਦੀਆਂ ਸੁਖ ਸਹੂਲਤਾਂ ਅਤੇ ਉਦੋਂ ਦੇ ਸਾਦੇ ਜੀਵਨ ਆਪਸ ਵਿਚ ਮੇਲ ਨਹੀਂ ਖਾਂਦੇ। ਉਦੋਂ ਗੁਰਦੁਆਰੇ ਕੱਚੇ ਤੇ ਛੋਟੇ ਸਨ ਪਰ ਲੋਕ ਗੁਰੂ ਦੇ ਕਹਿਣੇ ਵਿਚ ਅਤੇ ਰੱਬ ਦੇ ਬਹੁਤ ਨੇੜੇ ਸਨ। ਹੁਣ ਗੁਰਦੁਆਰੇ ਬਹੁਤ ਵੱਡੇ ਬਣ ਗਏ ਹਨ ਪਰ ਲੋਕ ਗੁਰੂ ਦਾ ਕਹਿਣਾ ਭੁੱਲ ਕੇ ਰੱਬ ਤੋਂ ਨਾਬਰ ਹੋਏ ਫਿਰਦੇ ਹਨ। ਉਦੋਂ ਦੇ ਸਾਵਣ ਅਤੇ ਹੁਣ ਦੇ ਸਾਵਣ ਦਾ ਰੂਪ ਰੰਗ ਵੀ ਬਿਲਕੁਲ ਨਹੀਂ ਮਿਲਦਾ। ਕਾਰਨ, ਇਨਸਾਨ ਨੇ ਬਹੁਤ ਤਰੱਕੀ ਕਰ ਲਈ ਹੈ। ਇਨਸਾਨ ਪਹਿਲਾਂ ਨਾਲੋਂ ਹਜ਼ਾਰਾਂ ਗੁਣਾਂ ਜ਼ਿਆਦਾ ਸਿਆਣਾ ਬਣ ਬੈਠਾ ਹੈ। ਉਹ ਨਾ ਗੁਰੂ ਅਤੇ ਨਾ ਹੀ ਰੱਬ 'ਤੇ ਯਕੀਨ ਕਰਦਾ ਹੈ। ਉਸ ਨੂੰ ਗੁਰੂ ਅਤੇ ਰੱਬ ਦੀ ਹੁਣ ਲੋੜ ਹੀ ਨਹੀਂ ਪੈਂਦੀ। ਹੁਣ ਗੁਰਦੁਆਰੇ ਭਾਵੇਂ ਬੇਸ਼ੁਮਾਰ ਬਣ ਰਹੇ ਹਨ ਪਰ ਉਹ ਸਿਰਫ ਅਤੇ ਸਿਰਫ ਚੌਧਰਾਂ ਅਤੇ ਗੋਲਕਾਂ ਲਈ ਹੀ ਵਰਤੇ ਜਾ ਰਹੇ ਹਨ ਤਾਂ ਕਿ ਸਰਕਾਰੇ ਦਰਬਾਰੇ ਪਹੁੰਚ ਬਣ ਸਕੇ। ਗੁਰੂ ਕਿਥੇ ਤੇ ਰੱਬ ਕਿਥੇ? ਜੇ ਗੁਰੂ ਹੀ ਨਹੀਂ ਤਾਂ ਸਾਵਣ ਕੋਲੋਂ ਵੀ ਕਿਸੇ ਨੇ ਕੀ ਲੈਣਾ ਹੈ। ਮਨਮੁਖਤਾ ਦਾ ਹਰ ਪਾਸੇ ਬੋਲ ਬਾਲਾ ਹੈ, ਪਰ ਸੁਖ ਦੀ ਨੀਂਦ ਉਹ ਗੁਰਮੁਖ ਉਹ ਸੁਹਾਗਣਾਂ ਹੀ ਸੌਣਗੀਆਂ ਜੋ ਪਰਉਪਕਾਰ ਅਤੇ ਸੇਵਾ ਸਿਮਰਨ ਕਰਨਗੀਆਂ।

ਪਹਿਲਾਂ ਅਸੀਂ ਹਰ ਚੀਜ਼ ਰੱਬ ਕੋਲੋਂ ਮੰਗਦੇ ਸੀ, ਹਰ ਦੁਖ ਸੁਖ ਵਿਚ ਗੁਰੂ ਦਾ ਓਟ ਆਸਰਾ ਤੱਕਦੇ ਸੀ ਪਰ ਹੁਣ ਦਾ ਯੁਗ ਨਵਾਂ ਹੈ, ਜ਼ਮਾਨਾ ਨਵਾਂ ਹੈ, ਇਨਸਾਨ ਵੀ ਨਵਾਂ ਨਿਵੇਕਲਾ ਹੈ, ਉਹ ਹੁਣ ਸਭ ਕੁਝ ਆਪ ਕਰ ਸਕਦਾ ਹੈ ਅਤੇ ਕਰ ਵੀ ਰਿਹਾ ਹੈ, ਪਰ ਸ਼ਬਦ ਗੁਰੂ ਦੀ ਮੱਤ 'ਤੇ ਤੁਰਨ ਵਾਲੇ ਗੁਰਮੁਖਾਂ ਲਈ ਗੁਰਦੇਵ ਆਖਦੇ ਹਨ,

ਸਾਵਣੁ ਆਇਆ ਹੇ ਸਖੀ ਕੰਤੈ ਚਿਤਿ ਧਰੇਹੁ॥
ਨਾਨਕ ਝੂਰਿ ਮਰਹਿ ਦੋਹਾਗਣੀ ਜਿਨ੍ ਅਵਰੀ ਲਾਗਾ ਨੇਹੁ॥

ਭਾਵ ਹੇ ਸਖੀਓ, ਸਾਵਣ ਦਾ ਮਹੀਨਾ ਆ ਗਿਆ ਹੈ। ਸਾਵਣ ਰਿਮਝਿਮ ਰਿਮਝਿਮ ਬਰਸੇਗਾ, ਹਰ ਪਾਸੇ ਪਾਣੀ ਹੀ ਪਾਣੀ ਜਲ ਥਲ ਹੋਇਆ ਦਿਸੇਗਾ, ਫਸਲਾਂ ਲਹਿਰਾਉਣਗੀਆਂ, ਹਰ ਪਾਸੇ ਸਾਰੀ ਬਨਸਪਤੀ ਹਰੇ ਰੰਗ ਦੇ ਵਸਤਰ ਪਾਈ ਝੂਮਦੀ ਨਜ਼ਰ ਆਵੇਗੀ, ਅਸੀਂ ਵੀ ਸਾਰੇ ਮਿਲ ਕੇ ਪ੍ਰਭੂ ਪਿਆਰੇ ਦੀ ਉਸਤਤਿ ਕਰੀਏ, ਉਸ ਦੀ ਯਾਦ ਵਿਚ ਜੁੜੀਏ,

ਦੁਹਾਗਣਾਂ ਉਹ ਮਨੁਖ ਹਨ ਜੋ ਆਪਣੇ ਮਾਲਕ ਦੀ ਰਜ਼ਾ ਵਿਚ ਨਾ ਚੱਲ ਕੇ ਹੁਕਮ ਅਦੂਲੀ ਕਰਦੇ ਹਨ, ਵਿਕਾਰਾਂ ਵਿਚ ਫਸ ਕੇ ਭਟਕਦੇ ਫਿਰਦੇ ਹਨ ਅਤੇ ਝੂਰ ਝੂਰ ਕੇ ਮਰਦੇ ਹਨ। ਸੋ ਆਓ, ਸਾਵਣ ਨੂੰ ਹੋਰ ਸੁਹਾਵਣਾ ਬਣਾਉਣ ਲਈ ਜੀਵਨ ਸਫਲ ਕਰਨ ਲਈ ਮਾਲਕ ਨਾਲ ਜੁੜੀਏ ਤਾਂ ਹੀ ਸਾਵਣ ਸੁਹਾਵਣਾ ਹੋਵੇਗਾ।

# ਅੰਡੇਮਾਨ ਤੇ ਨਿਕੋਬਾਰ ਦੀਪ ਸਮੂਹ ਦੀ ਭਿਆਨਕਤਾ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਬੰਗਾਲ ਦੀ ਖਾੜੀ ਵਿਚ ਅੰਡੇਮਾਨ ਤੇ ਨਿਕੋਬਾਰ ਦੇ ਟਾਪੂ ਜੁਗਾਂ ਜੁਗਾਂਤਰਾਂ ਤੋਂ ਵਸਦੇ ਆ ਰਹੇ ਹਨ। ਇਥੇ ਆਦਿਵਾਸੀ ਰਹਿੰਦੇ ਸਨ ਜੋ ਕੱਪੜੇ ਨਹੀਂ ਸਨ ਪਹਿਨਦੇ ਅਤੇ ਜੰਗਲ ਦੇ ਫਲ ਪੱਤੀਆਂ ਖਾ ਕੇ ਗੁਜ਼ਾਰਾ ਕਰਦੇ ਸਨ। ਜਦੋਂ ਗੋਰੀ ਸਰਕਾਰ ਨੇ 1857 ਦੇ ਸੁਤੰਤਰਤਾ ਸੰਗਰਾਮੀਆਂ ਨੂੰ ਕੈਦ ਕੀਤਾ ਤਾਂ ਉਨ੍ਹਾਂ ਨੇ ਇਹ ਵੀ ਫੈਸਲਾ ਲਿਆ ਕਿ ਇਨ੍ਹਾਂ ਨੂੰ ਕਿਸੇ ਦੂਰ-ਦੁਰਾਡੇ ਟਾਪੂਆਂ ਵਿਚ ਭੇਜਿਆ ਜਾਵੇ। ਨਤੀਜੇ ਵਜੋਂ 1858 ਵਿਚ ਉਥੇ ਕੰਮ ਚਲਾਉ ਜੇਲ੍ਹ ਬਣਾਉਣ ਲਈ 200 ਕੈਦੀਆਂ ਨੂੰ ਸਾਗਰੀ ਬੇੜੇ ਰਾਹੀਂ ਕਲਕੱਤਾ ਤੋਂ ਉਥੇ ਪਹੁੰਚਾਇਆ ਗਿਆ। ਕੈਦੀਆਂ ਨੇ ਜੰਗਲ ਸਾਫ ਕੀਤੇ ਅਤੇ ਗੋਰੇ ਸੁਪਰਡੈਂਟ ਲਈ ਰਿਹਾਇਸ਼ ਤਿਆਰ ਕਰਕੇ ਆਪਣੇ ਲਈ ਜੇਲ੍ਹ ਰੂਪੀ ਢਾਰੇ ਬਣਾ ਲਏ। ਹਾਲਾਤ ਏਨੇ ਭਿਆਨਕ ਸਨ ਕਿ ਅੱਧੇ ਕੈਦੀਆਂ ਨੇ ਸਾਗਰ ਵਿਚ ਛਾਲਾਂ ਮਾਰ ਦਿੱਤੀਆਂ, ਇਸ ਆਸ ਨਾਲ ਕਿ ਕਿਧਰੇ ਰਹਿਣ ਲਈ ਠੀਕ ਟਿਕਾਣਾ ਮਿਲ ਜਾਏਗਾ ਪਰ ਸਭ ਮਰ ਮੁੱਕ ਗਏ।

ਲੋਕਾਂ ਕੋਲੋਂ ਸੁਣੇ ਅਜਿਹੇ ਕਿੱਸਿਆਂ ਨੇ ਮੇਰੀ ਅੰਡੇਮਾਨ ਵਿਚ ਦਿਲਚਸਪੀ ਵਧਾ ਦਿੱਤੀ। ਅਪਰੈਲ 1973 ਵਿਚ ਉਥੋਂ ਦੇ ਪ੍ਰਸ਼ਾਸਨ ਨੇ ਨਵੀਂ ਦਿੱਲੀ ਦੀ ਸਰਕਾਰ ਤੋਂ ਚਿੱਟਾ ਮੋਤੀਆ, ਚਮੜੀ ਤੇ ਪੇਟ ਦੇ ਰੋਗਾਂ ਤੋਂ ਬਿਨਾ ਛੋਟੇ ਮੋਟੇ ਅਪ੍ਰੇਸ਼ਨ ਲਈ ਸਹਿਕਦੇ ਰੋਗੀਆਂ ਨੂੰ ਰਾਹਤ ਦੇਣ ਲਈ ਮਾਹਰਾਂ ਦੀ ਮੰਗ ਕੀਤੀ। ਸਰਕਾਰ ਨੇ ਅੱਠ ਡਾਕਟਰਾਂ ਦੀ ਟੀਮ ਅੰਡੇਮਾਨ ਭੇਜਣ ਦਾ ਫੈਸਲਾ ਕੀਤਾ। ਪਬਲਿਕ ਹੈਲਥ ਦੀ ਮਾਹਰ ਮੇਰੀ ਪਤਨੀ ਸੁਰਜੀਤ ਕੌਰ ਨੂੰ ਟੀਮ ਲੀਡਰ ਦੀ ਜ਼ਿੰਮੇਵਾਰੀ ਸੌਂਪੀ ਗਈ। ਉਨ੍ਹਾਂ ਨੇ ਮਈ ਦਾ ਪੂਰਾ ਮਹੀਨੇ ਉਥੇ ਲਾਉਣਾ ਸੀ। ਮੈਂ ਵੀ ਆਪਣੇ ਦਫਤਰ ਤੋਂ ਛੁੱਟੀ ਲੈ ਕੇ ਉਨ੍ਹਾਂ ਦੇ ਨਾਲ ਜਾਣ ਲਈ ਤਿਆਰ ਹੋ ਗਿਆ। ਮੇਰੇ ਖਾਣ ਪੀਣ ਤੇ ਰਹਿਣ ਦਾ ਪ੍ਰਬੰਧ ਉਨ੍ਹਾਂ ਦੇ ਨਾਲ ਹੀ ਹੋ ਜਾਣਾ ਸੀ, ਕੇਵਲ ਹਵਾਈ ਜਹਾਜ਼ ਦੀ ਟਿਕਟ ਆਪਣੇ ਪੱਲਿਉਂ ਖਰੀਦਣੀ ਸੀ।

ਉਦੋਂ ਕਲਕੱਤਾ ਤੋਂ ਇੱਕ ਨਿੱਕਾ ਹਵਾਈ ਜਹਾਜ਼ ਉਥੇ ਜਾਂਦਾ ਸੀ ਜਿਸ ਨੇ ਰੰਗੂਨ ਤੋਂ ਪੈਟਰੋਲ ਲੈਣਾ ਹੁੰਦਾ ਸੀ। ਸਾਡੇ ਕੋਲ ਬਰਮਾ ਦਾ ਪਾਸਪੋਰਟ ਤੇ ਵੀਜ਼ਾ ਹੋਣਾ ਜ਼ਰੂਰੀ ਸੀ। ਮੈਂ ਟੀਮ ਦਾ ਮੈਂਬਰ ਨਹੀਂ ਸਾਂ। ਮੇਰਾ ਵੀਜ਼ਾ ਇਕ ਦਿਨ ਲੇਟ ਲੱਗਿਆ। ਟੀਮ 29 ਅਪਰੈਲ ਨੂੰ ਚਲੀ ਗਈ ਤੇ ਮੈਂ ਕਲਕੱਤਾ ਤੱਕ ਰੇਲ ਗੱਡੀ ਰਾਹੀਂ ਜਾਣ ਦਾ ਫੈਸਲਾ ਕਰ ਲਿਆ। ਮੈਂ ਕੇਵਲ ਤਿੰਨ ਦਿਨ ਦੇਰੀ ਨਾਲ ਪਹੁੰਚਣਾ ਸੀ। ਕਲਕੱਤਾ ਪਹੁੰਚ ਕੇ ਪਤਾ ਲੱਗਾ ਕਿ ਰੰਗੂਨ



*ਕਾਲੇ ਪਾਣੀ (ਅੰਡੇਮਾਨ ਨਿਕੋਬਾਰ) ਦੀ ਸੈਲੂਲਰ ਜੇਲ੍ਹ*

ਨਾਲ ਸਮਝੌਤਾ ਨਵਾਂ ਹੋਣ ਵਿਚ ਦੇਰੀ ਲੱਗ ਰਹੀ ਸੀ। ਹਵਾਈ ਉਡਾਣ ਬੰਦ ਹੋ ਗਈ ਤੇ ਸਾਗਰੀ ਬੇੜੇ ਦੀ ਬੁਕਿੰਗ ਅੰਡੇਮਾਨ ਦਾ ਚੀਫ ਕਮਿਸ਼ਨਰ ਕਰਦਾ ਸੀ।

ਮੈਂ ਦਸ ਦਿਨ ਲੇਟ ਹੋ ਗਿਆ ਤੇ ਮੇਰੇ ਨਾਲ ਕੈਂਪ ਬੈਲਵੇ ਦੇ ਜੰਗਲਾਂ ਨੂੰ ਸਾਫ ਕਰਵਾ ਕੇ ਸੇਵਾ ਮੁਕਤ ਪੰਜਾਬੀ ਸੈਨਿਕਾਂ ਨੂੰ ਉਥੇ ਵਸਾਉਣ ਵਾਲੇ ਕਰਨਲ ਕ੍ਰਿਸ਼ਨ ਦੂਬੇ ਹੀ ਨਹੀਂ, ਕਾਰ ਨਿਕੋਬਾਰ ਦਾ ਸ਼ਕਤੀਸ਼ਾਲੀ ਬਿਸ਼ਪ, ਤਿੰਨ ਚਾਰ ਅੰਡੇਮਾਨ ਦੇ ਪ੍ਰਸ਼ਾਸਨ ਅਧਿਕਾਰੀ ਤੇ ਕੁਝ ਵੱਡੇ ਵਪਾਰੀਆਂ ਨੂੰ ਵੀ ਸਾਗਰੀ ਬੇੜੇ ਰਾਹੀਂ ਜਾਣਾ ਪੈਣਾ ਸੀ। ਅਸੀਂ ਬੇੜੇ ਵਿਚ ਸਵਾਰ ਹੋਣ ਲੱਗੇ ਤਾਂ ਮੈਨੂੰ ਚੜ੍ਹਨ ਨਾ ਦੇਣ। ਕਹਿਣ ਕਿ ਚੀਫ ਕਮਿਸ਼ਨਰ ਵਲੋਂ ਬੁਕਿੰਗ ਤਾਂ ਕਿਸੇ ਡਾ. ਮਿਸਿਜ਼ ਸਿਨਹਾ ਦੀ ਹੋਈ ਸੀ, ਮੇਰੀ ਨਹੀਂ।

ਇਸ ਅਰਸੇ ਵਿਚ ਮੇਰੀ ਅੰਡੇਮਾਨ ਦੇ ਸਹਾਇਕ ਕਮਿਸ਼ਨਰ ਲਛਮਣ ਸਿੰਘ ਨਾਲ ਚੰਗੀ ਸਾਂਝ ਪੈ ਚੁਕੀ ਸੀ। ਉਸ ਨੇ ਮੈਨੂੰ ਹੌਸਲਾ ਦਿੱਤਾ ਕਿ ਮੈਂ ਉਨਾ ਚਿਰ ਮੈਦਾਨ ਨਾ ਛੱਡਾਂ ਜਦੋਂ ਤੱਕ ਆਖਰੀ ਸਵਾਰੀ ਨਹੀਂ ਚੜ੍ਹ ਜਾਂਦੀ। ਉਸ ਦਾ ਖਿਆਲ ਸੀ ਕਿ ਵਾਇਰਲੈਸ ਸੰਦੇਸ਼ ਕਾਰਨ ਗਲਤੀ ਹੋਈ ਹੈ। ਬੁਕਿੰਗ ਕਿਸੇ ਮਿਸਿਜ਼ ਸਿਨਹਾ ਦੀ ਨਹੀਂ, ਮਿਸਿਜ਼ ਸੰਧੂ ਦੇ ਪਤੀ ਦੀ, ਭਾਵ ਮੇਰੀ ਸੀ। ਮੈਨੂੰ ਚੜ੍ਹਾ ਕੇ ਉਹ ਮੇਰੇ ਤੋਂ ਪਿੱਛੋਂ ਚੜ੍ਹਿਆ। ਉਹ ਹੀ ਨਹੀਂ ਬਾਕੀ ਸਵਾਰੀਆਂ ਨੇ ਵੀ ਮੇਰਾ ਬੜਾ ਸਾਥ ਦਿੱਤਾ।

ਮੈਨੂੰ ਇਹ ਗੱਲ ਅੱਜ ਦੇ ਦਿਨ ਚੇਤੇ ਆਉਣ ਦਾ ਕਾਰਨ ਇਹ ਹੈ ਕਿ ਮੈਂ ਆਪਣੀ ਸਵੈਜੀਵਨੀ ਲਿਖ ਰਿਹਾ ਹਾਂ। ਅੰਡੇਮਾਨ ਦੀਆਂ ਮੁਸ਼ਕਿਲਾਂ ਏਨੀਆਂ ਹੀ ਨਹੀਂ, ਹੋਰ ਵੀ ਸਨ। ਸੰਚਾਰ ਸਾਧਨ ਜ਼ੀਰੋ। ਨਾ ਚਿੱਠੀ, ਨਾ ਤਾਰ, ਨਾ ਟੈਲੀਫੋਨ ਤੇ ਨਾ ਮੋਬਾਈਲ।

ਚੰਗੀ ਗੱਲ ਇਹ ਕਿ ਪਾਦਰੀ ਤੇ ਦੂਬੇ ਮੇਰੀ ਗੱਲ ਬਾਤ ਤੋਂ ਏਨਾ ਪ੍ਰਭਾਵਿਤ ਹੋਏ ਕਿ ਉਨ੍ਹਾਂ ਮੈਨੂੰ ਆਪੋ ਆਪਣਾ ਕਾਰਜ ਖੇਤਰ ਦਿਖਾਉਣ ਦੀ ਇੱਛਾ ਜ਼ਾਹਰ ਕੀਤੀ।

ਪੋਰਟ ਬਲੇਅਰ ਦੇ ਟੂਰਿਸਟ ਰੈਸਟ ਹਾਊਸ ਪਹੁੰਚਣ 'ਤੇ ਬਿਸ਼ਪ ਦੂਬੇ ਅਤੇ ਲਛਮਣ ਸਿੰਘ ਨੇ ਖਾਣਾ ਡਾਕਟਰੀ ਟੀਮ ਨਾਲ ਖਾਣਾ ਸੀ ਜਿੱਥੇ ਅੰਡੇਮਾਨ ਦੇ ਚੀਫ ਕਮਿਸ਼ਨਰ ਹਰਮੰਦਰ ਸਿੰਘ ਤੇ ਇੰਸਪੈਕਟਰ ਜਨਰਲ ਫਾਰੈਸਟ ਬਚਨ ਸਿੰਘ ਨੇ ਵੀ ਆਉਣਾ ਸੀ।

ਦੋਨਾਂ ਕੋਲ ਅਥਾਹ ਸ਼ਕਤੀ ਸੀ। ਇੱਕ ਟਾਪੂ ਤੋਂ ਦੂਜੇ ਟਾਪੂ ਜਾਣ ਲਈ ਆਪਣੇ ਬੋਟ (ਵੱਡੀ ਬੇੜੀ ਜਿਹੜੀ ਮਗਰਮੱਛਾਂ ਨੂੰ ਲਤਾੜਦੀ ਜਾਂਦੀ ਸੀ) ਸਨ। ਖਾਣੇ ਦੀ ਮੇਜ ਉਤੇ ਅੰਡੇਮਾਨ ਤੇ ਉਤਰੀ ਦੀਪ ਦਿਖਾਉਣ ਦੀ ਜਿੰਮੇਵਾਰੀ ਬਚਨ ਸਿੰਘ ਦੀ ਲੱਗ ਗਈ। ਮਹੀਨੇ ਭਰ ਕਾਲੇ ਪਾਣੀਆਂ ਦੀ ਧਰਤੀ ਵਿਚ ਇਕੱਠੇ ਰਹਿਣ ਲਈ ਤੁਰੇ ਮੈਂ ਤੇ ਮੇਰੀ ਪਤਨੀ ਜਾਂ ਉਸ ਦਿਨ ਇਕੱਠੇ ਰਹੇ ਤੇ ਜਾਂ ਫੇਰ ਉਸ ਦਿਨ ਜਿਸ ਦਿਨ ਉਸ ਦੀ ਟੀਮ ਨੇ ਕਲਕੱਤੇ ਦੀ ਉਡਾਣ ਫੜਨੀ ਸੀ।

1973 ਵਿਚ ਉਥੋਂ ਦੀਆਂ ਸੰਚਾਰ ਵਿਧੀਆਂ ਦਾ ਭੋਗ ਮੈਂ ਆਪਣੀ ਡਿਗਲੀਪੁਰ ਨਾਂ ਦੇ ਦੀਪ ਦੀ ਫੇਰੀ ਨਾਲ ਪਾਉਂਦਾ ਹਾਂ। ਉਸ ਦੀਪ ਉਤੇ ਜਾਣ ਲਈ ਬਚਨ ਸਿੰਘ ਨੇ ਮੈਨੂੰ ਆਪਣੀ ਬੋਟ ਦੇ ਦਿੱਤੀ। ਮੈਂ ਲਕੜੀ ਦੇ ਕਾਰਖਾਨਿਆਂ ਵਾਲੇ ਦੀਪ ਰੰਗਤ ਤੇ ਜਾਰਵਾ ਆਦਿਵਾਸੀਆਂ ਦੇ ਦੀਪ ਸਟਰੇਟ ਆਈਲੈਂਡ ਤੋਂ ਹੋ ਕੇ ਡਿਗਲੀਪੁਰ ਜਾਣਾ ਸੀ, ਜਿੱਥੇ ਵਾਇਰਲੈਸ ਦਾ ਵੀ ਪ੍ਰਬੰਧ ਨਹੀਂ ਸੀ। ਅਨਜਾਣੀ ਧਰਤੀ, ਅਨਜਾਣੇ ਲੋਕ। ਮੈਂ ਉਤਸੁਕ ਤਾਂ ਸਾਂ ਪਰ ਨਿਸ਼ਚਿੰਤ ਵੀ।

ਮੇਰੀ ਬੋਟ ਡਿਗਲੀਪੁਰ ਪਹੁੰਚੀ ਤਾਂ ਬਾਰਸ਼ ਹੋ ਰਹੀ ਸੀ। ਕੀ ਦੇਖਦਾ ਹਾਂ ਕਿ 18-20 ਬੰਦੇ ਛਤਰੀਆਂ ਲੈ ਕੇ ਮੇਰੇ ਸਵਾਗਤ ਲਈ ਪਹੁੰਚੇ ਹੋਏ ਹਨ। ਮੈਂ ਹੈਰਾਨ ਕਿ ਉਨ੍ਹਾਂ ਨੂੰ ਮੇਰੇ ਉਥੇ ਪਹੁੰਚਣ ਦੀ ਖਬਰ ਕਿਵੇਂ ਮਿਲੀ? ਡਿਗਲੀਪੁਰ ਡਿਸਟ੍ਰਿਕਟ ਫਾਰੈਸਟ ਅਫਸਰ (ਡੀ.ਐਫ.ਓ.) ਮੈਨੂੰ ਆਪਣੀ ਰਿਹਾਇਸ਼ ਉਤੇ ਲੈ ਗਿਆ। ਮੈਂ ਉਸ ਤੋਂ ਸੰਚਾਰ ਵਿਧੀ ਬਾਰੇ ਪੁੱਛਿਆ ਤਾਂ ਉਸ ਨੇ ਕੋਈ ਹੈਰਾਨੀ ਨਾ ਜਤਾਈ। ਮੈਨੂੰ ਦੱਸਿਆ ਗਿਆ ਕਿ ਜਦੋਂ ਵਣ ਮੁਖੀ ਦੀ ਕਿਸ਼ਤੀ ਆਉਂਦੀ ਹੈ ਤਾਂ ਸਾਨੂੰ ਦੂਰ ਤੋਂ ਪਤਾ ਲੱਗ ਜਾਂਦਾ ਹੈ। ਜੇ ਇੱਕ ਹਾਰਨ ਵਜਾਏ ਤਾਂ ਮਤਲਬ ਉਸ ਵਿਚ ਕੋਈ ਸਮਾਨ ਭੇਜਿਆ ਹੈ, ਜੇ ਦੋ ਹਾਰਨ ਵਜਾਏ ਤਾਂ ਮਤਲਬ ਕੋਈ ਵੱਡਾ ਅਧਿਕਾਰੀ, ਜੇ ਤਿੰਨ ਹਾਰਨ ਵਜਾਏ ਤਾਂ ਮਤਲਬ ਉਹ ਖੁਦ ਆ ਰਿਹਾ ਹੈ। ਡਿਗਲੀਪੁਰ ਦੇ ਏਨੇ ਲੋਕਾਂ ਦਾ ਮੇਰੇ ਸਵਾਗਤ ਲਈ ਪਹੁੰਚਣ ਦਾ ਕਾਰਨ ਇਹ ਸੀ ਕਿ ਤਿੰਨ ਹਾਰਨ ਵਜਾਏ ਗਏ ਸਨ। ਬਚਨ ਸਿੰਘ ਦਾ ਆਦੇਸ਼ ਸੀ।

ਉਸ ਭੂਮੀ ਨੂੰ ਕਾਲੇ ਪਾਣੀ ਇਸ ਲਈ ਕਿਹਾ ਜਾਂਦਾ ਹੈ ਕਿ ਉਥੇ ਦੇ ਸੰਘਣੇ ਜੰਗਲਾਂ ਉਤੋਂ ਦੇ ਸਮੁੰਦਰੀ ਪਾਣੀ ਦੀ ਦਿੱਖ ਨੂੰ ਕਾਲੀ ਕਰ ਰਖਦੇ ਹਨ। ਉਥੇ ਦੀਆਂ ਜੇਲ੍ਹ ਕੋਠਰੀਆਂ ਬਾਰੇ ਤਾਂ ਸਭ ਜਾਣਦੇ ਹਨ। ਪਰ ਇਹ ਬਹੁਤ ਘਟ ਲੋਕਾਂ ਨੂੰ ਪਤਾ ਹੈ ਕਿ 1958 ਵਿਚ ਉਨ੍ਹਾਂ ਕੈਦੀਆਂ ਉਤੇ ਕੀ ਬੀਤੀ ਹੋਵੇਗੀ? 1973 ਦੀਆਂ ਸਥਿਤੀਆਂ ਪੜ੍ਹ ਕੇ ਪਾਠਕ ਖੁਦ ਹੀ ਅੰਦਾਜ਼ਾ ਲਾ ਸਕਦੇ ਹਨ ਕਿ 200 ਸਾਲ ਪਹਿਲਾਂ ਦੇ ਕਾਲੇ ਪਾਣੀ ਕਿੰਨੇ ਭਿਆਨਕ ਹੋਣਗੇ?

**ਅੰਤਿਕਾ:** ਧਨੀ ਰਾਮ ਚਾਤ੍ਰਿਕ
ਬੰਦੀਜਨ ਦੇ ਹਲਵੇ ਨਾਲੋਂ
ਟੁਕੜੇ ਭਲੇ ਫਕੀਰਾਂ ਦੇ।
ਕਰ ਗੁਜ਼ਰਾਨ ਸੁਤੰਤਰਤਾ ਵਿਚ
ਪਹਿਨ ਗੋਦੜੇ ਲੀਰਾਂ ਦੇ।

# ਸੁਪਨਾ ਤਿੜਕ ਜਾਵੇ ਤਾਂ...

**ਸਿੰਮਦੇ ਸ਼ਬਦ**



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਹਨ, ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਇਕ ਅਰਸੇ ਤੋਂ ਪੰਜਾਬ ਟਾਈਮਜ਼ ਦੇ ਪਾਠਕ ਉਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਨਿਵੇਕਲੀ ਸ਼ੈਲੀ ਤੋਂ ਪ੍ਰਭਾਵਿਤ ਵੀ ਹੋਏ ਹਨ। ਪਿਛਲੇ ਲੇਖ ਵਿਚ ਉਨ੍ਹਾਂ ਅਜੋਕੇ ਮਸ਼ੀਨੀ ਯੁਗ ਵਿਚ ਕੁਦਰਤ ਦੀਆਂ ਨਿਆਮਤਾਂ ਦੇ ਤਬਾਹ ਹੋ ਜਾਣ ਉਤੇ ਚਿੰਤਾ ਜ਼ਾਹਰ ਕਰਦਿਆਂ ਕਿਹਾ ਸੀ ਕਿ ਮਾਨਵੀ ਕੁਕਰਮਾਂ ਦੀ ਸਜ਼ਾ ਭੁਗਤ ਰਹੀ ਏ ਸਰਘੀ (ਸਵੇਰ)। ਨਵੀਂ ਸਰਘੀ ਦੀ ਆਮਦ 'ਤੇ ਸਰਘੀ ਦਾ ਕਹਿਣਾ ਮੰਨੀਏ, ਸੁੰਗੜ ਰਹੀਆਂ ਕਿਸਮਤ ਰੇਖਾਵਾਂ ਨੂੰ ਲੰਮੇਰਾ ਕਰੀਏ, ਕਰਮਯੋਗਤਾ 'ਚੋਂ ਮਾਨਵੀ ਰਹਿਤਲ ਨੂੰ ਪਰਿਭਾਸ਼ਤ ਕਰੀਏ, ਪੌਣਾਂ ਦੇ ਨਾਮ ਰੁਮਕਣੀ ਅਤੇ ਦਰਿਆਵਾਂ ਦੇ ਨਾਮ ਰਵਾਨਗੀ ਕਰੀਏ। ਹਥਲੇ ਲੇਖ ਵਿਚ ਡਾ. ਭੰਡਾਲ ਨੇ ਕਿਸੇ ਪਿਆਰੇ ਦੇ ਤੁਰ ਜਾਣ ਦੇ ਦਰਦ ਨੂੰ ਬੇਹਦ ਕਰੁਣਾਮਈ ਤਰੀਕੇ ਨਾਲ ਬਿਆਨਿਆ ਹੈ ਜਿਸ ਨੂੰ ਪੜ੍ਹ ਕੇ ਪਾਠਕ ਦੇ ਅੱਥਰੂ ਆਪ ਮੁਹਾਰੇ ਵਹਿ ਤੁਰਦੇ ਹਨ। ਉਨ੍ਹਾਂ ਪ੍ਰਭੂ ਚਰਨਾਂ ਵਿਚ ਅਰਦਾਸ ਕੀਤੀ ਹੈ, ਐ ਖੁਦਾ! ਜੇ ਕਿਸੇ ਦੀ ਅੱਖ ਵਿਚ ਸੁਪਨਾ ਧਰਦਾਂ ਏਂ ਤਾਂ ਸੁਪਨੇ ਨੂੰ ਵਿਗਸਣ ਅਤੇ ਮੌਲਣ ਦਾ ਵਰ ਦੇਈਂ, ਇਸ ਨੂੰ ਲੰਮੀ ਆਰਜਾ ਦੇਈਂ, ਇਸ ਨੂੰ ਸੰਪੂਰਨਤਾ ਦਾ ਵਰ ਦੇਈਂ, ਸੁਪਨੇ ਦੇ ਸੱਚ ਨੂੰ ਮਾਣਨ ਅਤੇ ਹੰਢਾਉਣ ਦਾ ਲੰਮਾ ਸਮਾਂ ਪੱਲੇ ਵਿਚ ਪਾਈਂ, ਸੁਪਨਿਆਂ ਦੇ ਰਾਂਗਲੇਪਣ ਨੂੰ ਸਾਹਾਂ ਵਿਚ ਵਸਾਉਣ ਦਾ ਸ਼ਰਫ ਦੇਵੀਂ। -ਸੰਪਾਦਕ*

ਬਹੁਤ ਦਰਦੀਲਾ ਹੁੰਦਾ ਏ ਸੁਪਨਿਆਂ ਦੇ ਤਿੜਕਣ ਨੂੰ ਆਪਣੇ ਦੀਦਿਆਂ ਵਿਚ ਉਤਾਰਨਾ ਅਤੇ ਇਸ ਦੀ ਕਰੁਣਾ ਨੂੰ ਆਪਣੇ ਸਾਹਾਂ ਦੇ ਨਾਮ ਕਰਨਾ। ਬੜਾ ਪੀੜਤ ਕਰਦਾ ਏ ਹੱਥੀਂ ਸਿਰਜੇ ਸੁਪਨੇ ਨੂੰ ਸਿਵਿਆਂ ਵੰਨੀਂ ਲੈ ਕੇ ਜਾਣਾ, ਆਖਰੀ ਅਲਵਿਦਾ ਕਹਿਣਾ, ਉਸ ਨੂੰ ਲਾਂਬੂ ਲਾਉਣਾ ਅਤੇ ਫਿਰ ਇਸ ਦੀ ਰਾਖ ਨੂੰ ਭਵਿੱਖ ਦੇ ਗਮਾਂ ਮਾਰੇ ਰਾਹਾਂ ਵਿਚ ਵਿਛਾਉਣਾ।

ਉਹ ਅੱਖ ਕਿੰਜ ਢੋਂਦੀ ਹੋਵੇਗੀ ਖਾਰੇ ਸਮੁੰਦਰਾਂ ਦਾ ਭਾਰ ਜਿਸ ਦੀ ਅੱਖ ਦਾ ਤਾਰਾ ਸਦਾ ਲਈ ਗਰਦਿਸ਼ ਵਿਚ ਅਲੋਪ ਹੋ ਗਿਆ ਹੋਵੇ, ਨਿੱਕੇ ਨਿੱਕੇ ਮਮਤਾਈ ਬੋਲਾਂ ਦਾ ਸਹਿਜ-ਸੰਸਾਰ ਸਦਾ ਲਈ ਖਾਮੋਸ਼ ਹੋ ਗਿਆ ਹੋਵੇ ਅਤੇ ਚਹਿਕਦਾ ਚਮਨ ਮਾਤਮੀ ਸੁੰਨ ਦੀ ਆਗੋਸ਼ ਬਣ ਗਿਆ ਹੋਵੇ।

ਜਦ ਕੋਈ ਸਾਥੋਂ ਦੂਰ ਜਾਂਦਾ ਏ ਤਾਂ ਸਾਡੇ ਪੱਲੇ ਇਕ ਆਸ ਧਰ ਜਾਂਦਾ ਏ। ਕਦੇ ਨਾ ਕਦੇ ਉਸ ਦੇ ਪਰਤਣ ਦੀ ਆਸ ਸਾਨੂੰ ਸੰਜੀਵ ਰੱਖਦੀ ਏ। ਪਰ ਜੇ ਕੋਈ ਸੋਗੀ-ਸਫਰ ਦਾ ਪਾਂਧੀ ਬਣ ਕੇ ਸਦਾ ਲਈ ਅਦਿੱਖ ਪਤਾਲਾਂ ਨੂੰ ਉਡਾਰੀ ਮਾਰ ਜਾਵੇ ਤਾਂ ਉਸ ਦੇ ਪਰਤਣ ਦਾ ਸੁਪਨਾ ਵੀ ਅੱਖਾਂ ਭਰ ਕੇ ਰੋਂਦਾ ਏ।

ਮਨ ਵਿਚ ਬੜਾ ਚਾਅ ਹੁੰਦਾ ਏ ਧਰਤੀ ਦੀ ਕੁੱਖ ਵਿਚ ਬੀਜ ਪਾਉਣ ਦਾ, ਉਸ ਦੇ ਪੁੰਗਰਨ ਦਾ, ਉਸ ਦੀ 'ਕੱਲੀ 'ਕੱਲੀ ਪੱਤੀ ਨੂੰ ਗਿਣਦਿਆਂ ਗਿਣਦਿਆਂ ਉਸ ਦੇ ਵਿਗਸਣ ਦਾ, ਉਸ ਦੇ ਖਿੜਨ ਦਾ, ਉਸ ਦੇ ਮੌਲਣ ਦਾ ਅਤੇ ਪਰਿਵਾਰਕ-ਬਗੀਚੀ ਦੀ ਆਭਾ ਨੂੰ ਚਾਰ ਚੰਨ ਲਾਉਣ ਦਾ, ਪਰ ਜੇ ਕੋਈ ਡੋਡੀ ਕਰੁੱਤੇ ਹੀ ਕੁਦਰਤ ਦੀ ਕਰੋਪੀ ਦਾ ਸ਼ਿਕਾਰ ਹੋ ਆਪਣੀ ਅਉਧ ਮੁਕਾ ਬੈਠੇ ਤਾਂ ਚਮਨ ਦੀ ਹਿੱਕ ਵਿਚ ਗਮ ਦਾ ਗੋਲਾ ਉਗ ਆਉਂਦਾ ਏ ਅਤੇ ਚਮਨ ਇਸ ਦੀ ਪੀੜ ਸਹਿੰਦਾ, ਪਲ ਪਲ ਪਸੀਜਦਾ ਆਪਣੀ ਹਿੱਕ ਵਿਚ ਪਤਝੜ ਉਗਾ ਲੈਂਦਾ ਏ।

ਮੌਲਣ ਰੁੱਤ ਨੂੰ ਜੇ ਕੋਈ ਪੀਲੱਤਣ ਦਾ ਸਰਾਪ ਦੇ ਦੇਵੇ ਤਾਂ ਚੌਗਿਰਦੇ ਵਿਚ ਫੈਲੀ ਪੀਲੀ ਭਾਅ ਸਮਿਆਂ 'ਤੇ ਸੋਗ ਤ੍ਰੌਂਕਦੀ ਇਸ ਦੀ ਜ਼ਰਜ਼ਰੀ ਹੋਂਦ ਦਾ ਵਿਰਲਾਪ ਬਣ ਬਹਿੰਦੀ ਏ।

ਜਦ ਇਕ ਪੱਤਾ ਟੁੱਟਦਾ ਏ ਤਾਂ ਟਾਹਣੀ ਦੀ ਅੱਖ ਵਿਚ ਵੀ ਨੀਰ ਸਿੰਮਦਾ ਏ। ਉਸ ਨੂੰ ਬਹੁਤ ਪੀੜ ਹੁੰਦੀ ਏ ਅਤੇ ਉਹ ਆਪਣਾ ਨੀਰ-ਰੂਪੀ ਦਰਦ ਬਿਰਖ ਦੇ ਮੁੱਢ ਦੇ ਨਾਮ ਕਰਦੀ ਏ ਅਤੇ ਫਿਜ਼ਾ ਵਿਚ ਇਕ ਹਉਕਾ ਧਰਦੀ ਏ। ਇਹ ਹਉਕੇ ਦਾ ਸੇਕ ਹੀ ਹੁੰਦਾ ਏ ਕਿ ਕਿਸੇ ਟਾਹਣੀ ਦੇ ਪੱਤਿਆਂ ਨੂੰ ਮਰੁੰਡਦੇ ਰਹੀਏ ਤਾਂ ਆਖਰ ਨੂੰ ਟਾਹਣੀ ਹੀ ਸੁੱਕ ਜਾਂਦੀ ਏ ਅਤੇ ਵਕਤ ਦੀ ਹਿੱਕ 'ਤੇ ਗਮਾਂ ਦੀ ਦਸਤਾਵੇਜ਼ ਲਿੱਖ ਜਾਂਦੀ ਏ, ਜਿਸ ਨੂੰ ਪੜ੍ਹਨ ਲਈ ਮਾਨਸਿਕ ਸੰਵੇਦਨਾ ਚਾਹੀਦੀ ਏ।

ਜਦ ਕੋਈ ਬਾਪ ਆਪਣੀ ਆਂਦਰ ਨੂੰ ਅਗਨੀ ਦੇ ਹਵਾਲੇ ਕਰਦਾ ਏ ਤਾਂ ਹਰ ਅੱਖ ਵਿਚ ਗਲੇਡੂ ਭਰ ਆਉਂਦੇ ਨੇ ਅਤੇ ਪੌਣ ਦੀ ਹਿੱਕ ਵਿਚ ਉਗਦੀਆਂ ਨੇ ਸਿਸਕੀਆਂ। ਬੋਝਲ ਮਾਹੌਲ ਆਪਣਾ ਭਾਰ ਢੋਣ ਤੋਂ ਅਸਮਰਥ ਹੋ ਜਾਂਦਾ ਏ। ਕਿੰਨਾ ਔਖਾ ਹੋ ਜਾਂਦਾ ਏ ਹਵਾ ਲਈ ਕੀਰਨੇ ਅਤੇ ਵੈਣਾਂ ਦੀ ਕਰੁਣਾ ਨੂੰ ਆਪਣੇ ਪਿੰਡੇ 'ਤੇ ਉਕਰਾਉਣਾ। ਆਪਣੇ ਲਾਡਲਿਆਂ ਨੂੰ ਦੁਨਿਆਵੀ ਸੇਕ ਤੋਂ ਬਚਾਉਣ ਵਾਲੇ ਮਾਪੇ ਆਪਣੇ ਹੱਥੀਂ ਆਪਣੇ ਨੈਣਾਂ ਦੇ ਤਾਰੇ ਨੂੰ ਜਦ ਚਿਤਾ ਦੇ ਹਵਾਲੇ ਕਰਦੇ ਨੇ ਤਾਂ ਇਕ ਲਾਂਬੂ ਉਨ੍ਹਾਂ ਦੇ ਅੰਤਰੀਵ ਵਿਚ ਬਲਦਾ ਏ ਜੋ ਉਸ ਨੂੰ ਅੰਦਰੋਂ ਸਾੜ ਕੇ ਸੁਆਹ ਕਰ ਦਿੰਦਾ ਏ। ਸਿਵੇ ਵਿਚੋਂ ਉਠਦੀਆਂ ਅੱਗ ਦੀਆਂ ਲਪਟਾਂ ਜੀਵਨ ਦੇ ਤਮਾਮ ਰੰਗ-ਤਮਾਸ਼ਿਆਂ ਨੂੰ ਭਸਮ ਕਰ ਦਿੰਦੀਆਂ ਨੇ ਅਤੇ ਮਾਪੇ ਇਕ ਜਿਉਂਦੇ ਪਿੰਜਰ ਬਣ ਕੇ ਰਹਿ ਜਾਂਦੇ ਨੇ। ਸੱਥਰ 'ਤੇ ਬੈਠਿਆਂ ਜਦ ਆਪਣੇ ਲਾਡਲੇ ਦੀਆਂ ਬੀਤੀਆਂ ਗੱਲਾਂ ਚਲਦੀਆਂ ਨੇ ਤਾਂ ਇਕ ਹੂਕ ਫਿਜ਼ਾ ਵਿਚ ਘੁੱਲ ਜਾਂਦੀ ਏ ਅਤੇ ਵਾਤਾਵਰਣ ਵਿਚ ਸੋਗੀ ਵਾਰਤਾਲਾਪ ਸਿਸਕਦੀ ਏ।

ਸਾਡੇ ਮਨਾਂ ਵਿਚ ਸੁਪਨੇ ਪਨਪਦੇ ਨੇ ਰਾਂਗਲੇ ਭਵਿੱਖ ਦੀ ਸਿਰਜਣਾ ਲਈ, ਆਸਾਂ ਦੀ ਪੂਰਤੀ ਲਈ, ਅਪੂਰਨ ਚਾਵਾਂ ਨੂੰ ਸੰਪੂਰਨਤਾ ਦਾ ਵਰ ਦੇਣ ਲਈ, ਦੱਬੀਆਂ ਭਾਵਨਾਵਾਂ ਨੂੰ ਜ਼ੁਬਾਨ ਦੇਣ ਲਈ, ਗੁੱਝੇ ਰੂਪ ਵਿਚ ਆਪਣੇ ਮਨ ਦੀ ਗੱਲ ਕਹਿਣ ਲਈ ਅਤੇ ਸਮਾਜ ਦੇ ਪੱਲੇ ਕੁਝ ਸਾਰਥਿਕਤਾ ਭਰਿਆ ਸਕੂਨ ਪਾਉਣ ਲਈ। ਪਰ ਜੇ ਸੁਪਨਾ ਪਨਪਣ ਦੀ ਉਮਰੇ ਹੀ ਅੱਖਾਂ ਮੀਟ ਜਾਵੇ ਤਾਂ ਚਾਵਾਂ ਦੀ ਝੋਲੀ ਵਿਚ ਪੈ ਜਾਂਦਾ ਏ ਪੀੜ-ਪਰਾਗਾ ਅਤੇ ਸਦੀਵੀ ਸੋਗ ਰਹਿ ਜਾਂਦਾ ਏ।

ਸੁਪਨਿਆਂ ਲਈ ਹਰ ਦੁਆਰੇ 'ਤੇ ਮੰਨਤਾਂ ਮੰਨਦੇ ਹਾਂ, ਹਰ ਪੀਰ ਅੱਗੇ ਝੋਲੀ ਫੈਲਾਉਂਦੇ ਹਾਂ, ਖੈਰ ਲਈ ਔਲੀਏ ਅਤੇ ਰਹਿਬਰ ਨੂੰ ਧਿਆਉਂਦੇ ਹਾਂ, ਪਰ ਜੇ ਝੋਲੀ ਵਿਚ ਕੋਈ ਸਰਾਪ ਧਰ ਦੇਵੇ, ਹਉਕਿਆਂ ਭਰੀ ਆਸਥਾ ਵਰ ਦੇਵੇ ਜਾਂ ਅਲਾਹੁਣੀਆਂ ਦਾ ਸੇਕ ਸਾਹਾਂ ਦੇ ਨਾਮ ਕਰ ਦੇਵੇ ਤਾਂ ਮਾਪਾ ਨਾ ਜੀਵੇ ਨਾ ਮਰੇ, ਧੁਆਂਖੀ ਅਉਧ ਦਾ ਮਾਰੂ ਜੰਗਲ ਚਰੇ ਅਤੇ ਟੁੱਟਦੇ ਸਾਹਾਂ ਦੀ ਖੈਰਾਤ ਲਈ ਖਿਸਕਦਾ ਪੱਲੂ ਫੜੇ।

ਅਸੀਂ ਹਰ ਸਮੇਂ ਸੁਪਨਿਆਂ ਦੀ ਸੰਪੂਰਨਤਾ ਲਈ ਹਰ ਹੀਲਾ ਵਰਤਣ ਦੀ ਵਿਉਂਤ ਬਣਾਉਂਦੇ ਹਾਂ, ਸਾਧਨ ਜੁਟਾਉਂਦੇ ਹਾਂ, ਲੱਖ ਘਾੜਤਾਂ ਘੜਦੇ ਹਾਂ ਅਤੇ ਆਪਣੇ ਮਸਤਕ ਰੇਖਾਵਾਂ ਨੂੰ ਕਰਮ ਭੂਮੀ ਬਣਾਉਂਦੇ ਹਾਂ। ਪਰ ਕੋਈ ਕੀ ਕਰੇ ਜੇ ਸੁਪਨਾ ਹੀ ਅਣਿਆਈ ਮੌਤੇ ਮਰੇ, ਉਸ ਦਾ ਦਰਦ ਹਰ ਸਾਹ ਵਿਚ ਤਰੇ ਅਤੇ ਜਿਉਂਦੇ ਮਾਪਿਆਂ ਦੇ ਨੈਣੀਂ ਖਾਰੇ ਅੱਥਰੂਆਂ ਦਾ ਸਾਗਰ ਵਰ੍ਹੇ।

ਬੱਚਿਆਂ ਨਾਲ ਘੁੱਗ ਵਸਦਾ ਏ ਸੰਸਾਰ, ਘਰ ਦੇ ਅਰਥਾਂ ਦਾ ਹੁੰਦਾ ਏ ਵਿਸਥਾਰ, ਵਿਹੜੇ ਵਿਚ ਪੈਂਦੀ ਏ ਧਮਕਾਰ ਅਤੇ ਕਮਰੇ ਵਿਚ ਨਿੱਕੇ ਨਿੱਕੇ ਰੋਸਿਆਂ ਅਤੇ ਲੜਾਈ-ਝਗੜਿਆਂ ਦੇ ਨਿਪਟਾਰੇ ਲਈ ਹਰ ਦਮ ਲੱਗਾ ਰਹਿੰਦਾ ਏ ਦਰਬਾਰ, ਪਰ ਜੇ ਬੱਚੇ ਹੀ ਖੇਡਣ ਉਮਰੇ ਅਣਕਿਆਸੇ ਅਤੇ ਅਣਚਾਹੇ ਮੌਤ-ਮਾਰਗ ਨੂੰ ਤੁਰ ਜਾਣ ਤਾਂ ਘਰ ਜਿਉਂਦਾ ਨਹੀਂ ਸਿਰਫ ਜਿਉਣ ਦਾ ਭਰਮ ਪਾਲਦਾ ਏ। ਮਾਪੇ ਤਾਂ ਜਿਉਣ ਦਾ ਭੁਲੇਖਾ ਪਾਲਣ ਤੋਂ ਵੀ ਅਸਮਰਥ ਹੋ ਜਾਂਦੇ ਨੇ। ਬੱਚਿਆਂ ਦੇ ਖਿਡੌਣਿਆਂ, ਕੱਪੜਿਆਂ, ਕਿਤਾਬਾਂ, ਸ਼ੀਲਡਾਂ ਅਤੇ ਕਲਾ-ਕ੍ਰਿਤਾਂ ਦੀ ਘਰ ਵਿਚ ਹਾਜਰੀ, ਉਨ੍ਹਾਂ ਦੀ ਹੋਂਦ-ਅਣਹੋਂਦ ਵਿਚਲੇ ਅੰਤਰ ਦੇ ਡੂੰਘੇ ਦਰਦ ਨੂੰ ਘਰ ਦੀ ਹਰ ਨੁੱਕਰ ਵਿਚ ਟਿਕਾਉਂਦੀ ਏ ਅਤੇ ਉਨ੍ਹਾਂ ਦੇ ਪੈਂਦੇ ਭੁਲੇਖਿਆਂ ਨਾਲ ਹੀ, ਅੰਤ ਵਿਚ ਘਰ ਨੂੰ ਆਖਰੀ ਹਿੱਚਕੀ ਆ ਜਾਂਦੀ ਏ।

> ***ਜਦ ਕੋਈ ਬਾਪ ਆਪਣੀ ਆਂਦਰ ਨੂੰ ਅਗਨੀ ਦੇ ਹਵਾਲੇ ਕਰਦਾ ਏ ਤਾਂ ਹਰ ਅੱਖ ਵਿਚ ਗਲੇਡੂ ਭਰ ਆਉਂਦੇ ਨੇ ਅਤੇ ਪੌਣ ਦੀ ਹਿੱਕ ਵਿਚ ਉਗਦੀਆਂ ਨੇ ਸਿਸਕੀਆਂ। ਬੋਝਲ ਮਾਹੌਲ ਆਪਣਾ ਭਾਰ ਢੋਣ ਤੋਂ ਅਸਮਰਥ ਹੋ ਜਾਂਦਾ ਏ। ਕਿੰਨਾ ਔਖਾ ਹੋ ਜਾਂਦਾ ਏ ਹਵਾ ਲਈ ਕੀਰਨੇ ਅਤੇ ਵੈਣਾਂ ਦੀ ਕਰੁਣਾ ਨੂੰ ਆਪਣੇ ਪਿੰਡੇ 'ਤੇ ਉਕਰਾਉਣਾ। ਆਪਣੇ ਲਾਡਲਿਆਂ ਨੂੰ ਦੁਨਿਆਵੀ ਸੇਕ ਤੋਂ ਬਚਾਉਣ ਵਾਲੇ ਮਾਪੇ ਆਪਣੇ ਹੱਥੀਂ ਆਪਣੇ ਨੈਣਾਂ ਦੇ ਤਾਰੇ ਨੂੰ ਜਦ ਚਿਤਾ ਦੇ ਹਵਾਲੇ ਕਰਦੇ ਨੇ ਤਾਂ ਇਕ ਲਾਂਬੂ ਉਨ੍ਹਾਂ ਦੇ ਅੰਤਰੀਵ ਵਿਚ ਬਲਦਾ ਏ ਜੋ ਉਸ ਨੂੰ ਅੰਦਰੋਂ ਸਾੜ ਕੇ ਸੁਆਹ ਕਰ ਦਿੰਦਾ ਏ।***

ਸੁਪਨਾ ਅੱਖ ਖੋਲ੍ਹਦਾ ਏ, ਜਦ ਅਸੀਂ ਔਲਾਦ ਈ ਸੁੱਖਣਾ ਸੁੱਖਦੇ ਹਾਂ। ਸੁਪਨਾ ਅਹੁਲਦਾ ਏ, ਜਦ ਸਾਡੀ ਝੋਲੀ ਵਿਚ ਬੱਚੇ ਦੀ ਦਾਤ ਪੈਂਦੀ ਏ। ਸੁਪਨਾ ਮੌਲਦਾ ਏ, ਜਦ ਬੱਚਾ ਖੇਡਦਾ, ਹੱਸਦਾ, ਹਸਾਉਂਦਾ, ਨਿੱਕੀਆਂ ਸ਼ਰਾਰਤਾਂ ਵਿਚ ਸਾਨੂੰ ਉਲਝਾਉਂਦਾ, ਤੋਤਲੇ ਬੋਲਾਂ ਨਾਲ ਸਾਡੇ ਸੋਹਲ ਭਾਵਾਂ ਨੂੰ ਵਰਚਾਉਂਦਾ, ਅਮੋੜ ਵੇਗਮਈ ਮਾਸੂਮੀਅਤ ਭਰੇ ਵਰਤਾਰੇ ਨਾਲ ਖਿਝਾਉਂਦਾ ਅਤੇ ਸਾਨੂੰ ਦੁਨਿਆਵੀ ਝਮੇਲਿਆਂ ਤੋਂ ਕੁਝ ਸਮੇਂ ਲਈ ਰਾਹਤ ਦਿਵਾਉਂਦਾ ਏ।

ਤਿੜਕੇ ਸੁਪਨੇ ਦੀਆਂ ਕਿਚਰਾਂ ਜਦ ਸਾਡੀਆਂ ਅੱਖਾਂ ਦੇ ਕੁੱਕਰੇ ਬਣ ਕੇ ਰੜਕਦੀਆਂ ਨੇ ਤਾਂ ਨਜ਼ਰ ਨੂੰ ਪੀੜਾ ਦੀ ਨਜ਼ਰ ਲੱਗ ਜਾਂਦੀ ਏ ਅਤੇ ਪੀੜਾ-ਪੀੜਾ ਹੋ ਕੇ ਜੀਣ ਨੂੰ ਜਿਉਣਾ ਆਖਣਾ, ਜੀਵਨ ਦਾ ਨਿਰਾਦਰ ਏ। ਇਹ ਕਿਚਰਾਂ ਹੀ ਹੁੰਦੀਆਂ ਨੇ ਜੋ ਤੁਰਦਿਆਂ ਸਾਡੇ ਪੈਰਾਂ ਦੀਆਂ ਤਲੀਆਂ ਵਿਚ ਖੁੱਣੀਆਂ ਜਾਂਦੀਆਂ ਨੇ ਅਤੇ ਸਾਡੇ ਰਾਹਾਂ ਨੂੰ ਪਿੰਡੇ 'ਤੇ ਦਰਦ ਉਕਰਾਉਣ ਦੀ ਸਜ਼ਾ ਸੁਣਾਉਂਦੀਆਂ ਨੇ।

ਸੁਪਨਿਆਂ ਵਰਗੇ ਸੁਪਨੇ ਜਿਉਣ ਦੇ ਆਦੀ ਲੋਕ ਅੰਦਰੋਂ-ਬਾਹਰੋਂ ਪੂਰਨ ਰੂਪ ਵਿਚ ਟੁੱਟ ਜਾਂਦੇ ਨੇ ਜਦ ਕੋਈ ਸੁਪਨਾ ਸਿੱਖਰ ਦੁਪਹਿਰੇ ਡੁੱਬ ਕੇ ਹਨੇਰ ਪਾ ਜਾਵੇ ਜਾਂ ਉਹ ਆਪਣੀ ਖਿੜ੍ਹਨ ਰੁੱਤ ਤੋਂ ਪਹਿਲਾਂ ਹੀ ਪੱਤੀ ਪੱਤੀ ਹੋ ਜਾਵੇ।

ਸੁਪਨੇ ਸਿਰਫ ਲੈਣ ਵਾਸਤੇ ਹੀ ਨਹੀਂ ਹੁੰਦੇ ਸਗੋਂ ਇਹ ਤਲਾਸ਼ਣੇ ਪੈਂਦੇ ਨੇ ਅਤੇ ਸੁਪਨਿਆਂ ਨੂੰ ਦੀਦਿਆਂ ਵਿਚ ਧਰ ਕੇ ਕਰਮਭੂਮੀ ਦੀ ਸਾਣ 'ਤੇ ਚਾੜ੍ਹ ਕੇ ਤਰਾਸ਼ਣੇ ਪੈਂਦੇ ਨੇ।


ਕੁਝ ਸੁਪਨੇ ਪੂਰਨਤਾ ਦੀ ਜੂਨ ਹੰਢਾਉਂਦੇ ਨੇ ਪਰ ਕੁਝ ਅੱਧ ਵਿਚਾਲੇ ਹੀ ਸੁਪਨਸਾਜ਼ ਦਾ ਸਾਥ ਛੱਡ ਜਾਂਦੇ ਨੇ। ਅਜਿਹੇ ਸੁਪਨੇ ਹੀ ਸਭ ਤੋਂ ਵੱਧ ਪੀੜ ਦਿੰਦੇ ਨੇ ਕਿਉਂਕਿ ਇਨ੍ਹਾਂ ਸੁਪਨਿਆਂ ਨਾਲ ਉਮਰਾਂ ਦੀ ਸਾਂਝ ਦੇ ਟੁੱਟਣ ਦੀ ਕਸਕ ਹਰ ਪਲ ਰੜ੍ਹਕਦੀ ਰਹਿੰਦੀ ਏ। ਐ ਖੁਦਾਇਆ! ਅਜਿਹੇ ਸੁਪਨੇ ਨਾ ਹੀ ਦਏਂ ਤਾਂ ਚੰਗਾ ਏ। ਘੱਟੋ ਘੱਟ ਕਿਸੇ ਚੀਜ਼ ਦੇ ਨਾ ਮਿਲਣ ਦਾ ਤਾਂ ਸਬਰ ਕੀਤਾ ਜਾ ਸਕਦਾ ਏ ਪਰ ਮਿਲਣ 'ਤੇ ਖੁੱਸ ਜਾਣ ਦਾ ਦਰਦ ਜ਼ਰਨਾ ਬਹੁਤ ਔਖਾ ਹੁੰਦਾ ਏ। ਕਈ ਵਾਰ ਇਹ ਦਰਦ, ਦਰਦੀਲੀ ਗਾਥਾ ਬਣ ਕੇ ਸੋਚ-ਸਫਿਆਂ 'ਤੇ ਫੈਲ ਜਾਂਦਾ ਅਤੇ ਸਾਡੇ ਰੋਮ ਰੋਮ ਵਿਚ ਰਚ ਕੇ ਸਾਡੇ ਨਾਲ ਯੁੱਗਾਂ ਜੇਡੀ ਅਪਣੱਤ ਪਾ ਬਹਿੰਦਾ ਏ।

ਪਲ ਪਲ ਕਰਕੇ ਮਰ ਰਹੇ ਸੁਪਨੇ ਦੀ ਸਦੀਵਤਾ ਦੀ ਮੁਹਾਰਨੀ ਪੜ੍ਹਨ ਵਾਲੇ ਲੋਕ ਹਉਕੇ ਦੀ ਜੂਨ ਜੀਵਨ ਯਾਤਰਾ ਦੇ ਨਾਂਵੇਂ ਲਾਉਂਦੇ ਨੇ ਅਤੇ ਮਨ ਦੇ ਹੁੱਜ਼ਰੇ ਨੂੰ ਅਕੀਦਤਗਾਹ ਬਣਾਉਂਦੇ ਨੇ।

ਐ ਖੁਦਾ! ਜੇ ਕਿਸੇ ਦੀ ਅੱਖ ਵਿਚ ਸੁਪਨਾ ਧਰਦਾਂ ਏਂ ਤਾਂ ਸੁਪਨੇ ਨੂੰ ਵਿਗਸਣ ਅਤੇ ਮੌਲਣ ਦਾ ਵਰ ਦੇਈਂ, ਇਸ ਨੂੰ ਲੰਮੀ ਆਰਜਾ ਦੇਈਂ, ਇਸ ਨੂੰ ਸੰਪੂਰਨਤਾ ਦਾ ਵਰ ਦੇਈਂ, ਸੁਪਨੇ ਦੇ ਸੱਚ ਨੂੰ ਮਾਣਨ ਅਤੇ ਹੰਢਾਉਣ ਦਾ ਲੰਮਾ ਸਮਾਂ ਪੱਲੇ ਵਿਚ ਪਾਈਂ, ਸੁਪਨਿਆਂ ਦੇ ਰਾਂਗਲੇਪਣ ਨੂੰ ਸਾਹਾਂ ਵਿਚ ਵਸਾਉਣ ਦਾ ਸ਼ਰਫ ਦੇਵੀਂ, ਸੁਪਨਿਆਂ ਨੂੰ ਜੀਵਨ-ਸ਼ੈਲੀ ਦਾ ਹਿੱਸਾ ਬਣਾਈਂ ਅਤੇ ਇਸ ਨੂੰ ਕਰਮਸ਼ੈਲੀ ਦੇ ਨਾਂਵੇਂ ਲਾਈਂ, ਸੁਪਨਿਆਂ ਦੇ ਸਾਥ ਵਿਚ ਠੰਢੜੀ ਛਾਂ ਮਾਣਨ ਦਾ ਮਾਣ ਮਿਲਦਾ ਰਹੇ, ਸੁਪਨਿਆਂ ਦੀ ਜੂਹੇ ਕਦੇ ਪਤਝੜ ਨਾ ਆਵੇ। ਇਹ ਸਦੀਵ ਕਾਲ ਲਈ ਬਹਾਰਾਂ ਦਾ ਲਿਬਾਸ ਪਾਵੇ, ਸੁਪਨਿਆਂ ਦੀ ਮਹਿਕ ਹਰ ਸਾਹ ਵਿਚ ਰਚ ਜਾਵੇ ਅਤੇ ਸੁਪਨਈ ਫਿਜ਼ਾ ਚੌਗਿਰਦੇ ਨੂੰ ਮਹਿਕਾਵੇ।

#

# ਸਾਕਾ ਨਨਕਾਣਾ ਸਾਹਿਬ ਦਾ ਸ਼ਹੀਦ ਭਾਈ ਦਲੀਪ ਸਿੰਘ ਸਾਹੋਵਾਲ



ਗੁਰਨਾਮ ਸਿੰਘ ਚੀਮਾ ਮਾਂਗਟਾਂ ਵਾਲਾ
ਫੋਨ: 91-98140-44425

ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਨੂੰ ਮਹੰਤਾਂ ਕੋਲੋਂ ਆਜ਼ਾਦ ਕਰਵਾਉਣ ਦੀ ਮੁਹਿੰਮ ਦੌਰਾਨ 20 ਫਰਵਰੀ 1921 ਨੂੰ ਵਾਪਰੇ ਸਾਕੇ ਵਿਚ ਸ਼ਹੀਦ ਹੋਏ ਸਿੱਖਾਂ ਵਿਚੋਂ ਆਪਣੇ ਪ੍ਰਾਣਾਂ ਦੀ ਆਹੂਤੀ ਦੇਣ ਵਾਲਿਆਂ ਵਿਚ ਇਕ ਭਾਈ ਦਲੀਪ ਸਿੰਘ ਸਨ, ਜਿਨ੍ਹਾਂ ਦਾ ਜਨਮ ਪਿਤਾ ਭਾਈ ਕਰਮ ਸਿੰਘ ਦੇ ਘਰ ਬੀਬੀ ਹਰ ਕੌਰ ਦੀ ਕੁਖੋਂ ਪਿੰਡ ਸਾਹੋਵਾਲ, ਤਹਿਸੀਲ ਡਸਕਾ, ਜਿਲਾ ਸਿਆਲਕੋਟ ਵਿਖੇ ਹੋਇਆ। ਭਾਈ ਸਾਹਿਬ ਦੇ ਦਾਦਾ ਅਜੀਤ ਸਿੰਘ ਵਿਚ ਸਿੱਖੀ ਸਿਦਕ ਕੁੱਟ-ਕੁੱਟ ਕੇ ਭਰਿਆ ਹੋਇਆ ਸੀ।

ਭਾਈ ਦਲੀਪ ਸਿੰਘ ਨੇ ਮਿਡਲ ਡਸਕੇ ਦੇ ਅੰਗਰੇਜ਼ੀ ਮਿਡਲ ਸਕੂਲ ਅਤੇ ਬਾਕੀ ਦੀ ਪੜ੍ਹਾਈ ਖਾਲਸਾ ਹਾਈ ਸਕੂਲ ਗੁਜਰਾਂਵਾਲਾ ਤੋਂ ਕੀਤੀ। ਇਸੇ ਸਕੂਲ ਵਿਚ ਸਿੱਖੀ ਦੀ ਐਸੀ ਰੰਗਤ ਚੜ੍ਹੀ ਕਿ ਸਿੰਘ ਸੱਜ ਗਏ। ਉਨ੍ਹਾਂ ਦਾ ਵਿਆਹ ਬੀਬੀ ਰਛਪਾਲ ਕੌਰ ਪੁਤਰੀ ਭਾਈ ਗੰਡਾ ਸਿੰਘ (ਚੱਕ ਨੰਬਰ 137 ਜ਼ਿਲ੍ਹਾ ਸ਼ੇਖੂਪੁਰ) ਨਾਲ ਹੋਇਆ। ਭਾਈ ਦਲੀਪ ਸਿੰਘ ਦਾ ਬੇਟਾ 18 ਸਾਲ ਦੀ ਉਮਰ ਵਿਚ ਸਵਗਵਾਸ ਹੋ ਗਿਆ ਸੀ ਅਤੇ ਇਕਲੌਤੀ ਬੇਟੀ ਹੀ ਸ਼ਹੀਦ ਪਰਿਵਾਰ ਦੀ ਵਾਰਿਸ ਬਣੀ।

ਸੰਨ 1890 ਵਿਚ ਸਾਂਦਲ ਬਾਰ ਵਿਚ ਜਮੀਨਾਂ ਆਬਾਦ ਕਰਨ ਦਾ ਕੰਮ ਸ਼ੁਰੂ ਹੋਇਆ ਤਾਂ ਭਾਈ ਕਰਮ ਸਿੰਘ ਨੇ ਢਾਈ ਮੁਰੱਬੇ ਜਮੀਨ ਚੱਕ ਨੰਬਰ 132 ਰੱਖ ਬ੍ਰਾਂਚ ਵਿਚ ਲੈ ਲਈ। ਇਸ ਚੱਕ ਦਾ ਨਾਂ ਵੀ ਪਿਛਲੇ ਪਿੰਡ ਸਾਹੋਵਾਲ ਦੇ ਨਾਂ 'ਤੇ ਰੱਖਿਆ। ਇਹ ਚੱਕ ਸਾਂਗਲਾ ਹਿਲ ਤੋਂ ਦਸ ਕਿਲੋਮੀਟਰ ਪੱਛਮ ਵੱਲ ਜ਼ਿਲਾ ਫੈਸਲਾਬਾਦ (ਲਾਇਲਪੁਰ) ਵਿਚ ਹੈ। ਭਾਈ ਰਕਮ ਸਿੰਘ ਦਾ ਪਰਿਵਾਰ ਅਤੇ ਪਿੰਡ ਦੇ ਹੋਰ ਕਈ ਪਰਿਵਾਰ ਸਿਆਲਕੋਟ ਤੋਂ ਇਸ ਚੱਕ ਵਿਚ ਆਣ ਕੇ ਆਬਾਦ ਹੋਏ।

ਉਸ ਦੌਰ ਵਿਚ ਬਹੁਤ ਸਾਰੇ ਗੁਰਦੁਆਰਿਆਂ 'ਤੇ ਮਹੰਤਾਂ ਦਾ ਕਬਜ਼ਾ ਸੀ। ਮਹੰਤ ਸੇਵਾ ਸੰਭਾਲ ਦੀ ਥਾਂ ਗੁਰੂ ਘਰਾਂ ਵਿਚ ਸ਼ਰਬਾਂ ਪੀਂਦੇ, ਕੰਜਰੀਆਂ ਨਚਾਉਂਦੇ ਅਤੇ ਦਰਸ਼ਨਾਂ ਨੂੰ ਆਈਆਂ ਸੰਗਤਾਂ 'ਚੋਂ ਬੀਬੀਆਂ ਦੀ ਬੇਪਤੀ ਕਰਦੇ। ਗੁਰਦੁਆਰਾ ਸੁਧਾਰ ਲਹਿਰ ਦੇ ਕਾਰਜਾਂ ਦੀ ਪੂਰਤੀ ਲਈ ਇਕ ਸਾਂਝੀ ਪ੍ਰਤੀਨਿਧ ਕਮੇਟੀ ਕਾਇਮ ਕਰਨ ਲਈ 15 ਨਵੰਬਰ 1920 ਨੂੰ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਸਰਬੱਤ ਖਾਲਸੇ ਦਾ ਬਹੁਤ ਭਾਰੀ ਇਕੱਠ ਹੋਇਆ ਜਿਸ ਵਿਚ 139 ਸਿੱਖ ਪ੍ਰਤੀਨਿਧ ਚੁਣੇ ਗਏ। ਇਨ੍ਹਾਂ ਵਿਚ ਭਾਈ ਦਲੀਪ ਸਿੰਘ ਦਾ ਨਾਂ ਵੀ ਸ਼ਾਮਿਲ ਸੀ।




ਸ੍ਰੀ ਨਨਕਾਣਾ ਸਾਹਿਬ ਨੂੰ ਮਹੰਤਾ ਕੋਲੋਂ ਆਜ਼ਾਦ ਕਰਵਾਉਣ ਲਈ ਪੰਥ ਵਲੋਂ 4, 5 ਅਤੇ 6 ਮਾਰਚ ਦੇ ਦਿਨ ਤੈਅ ਕੀਤੇ ਗਏ ਸਨ, ਪਰ ਭਾਈ ਲਛਮਣ ਸਿੰਘ ਧਾਰੋਵਾਲ ਅਤੇ ਭਾਈ ਕਰਤਾਰ ਸਿੰਘ ਝੱਬਰ ਦੇ ਜਥੇ ਨੇ 19 ਫਰਵਰੀ ਦੀ ਰਾਤ ਨੂੰ ਹੀ ਗੁਰਦੁਆਰਾ ਸਾਹਿਬ ਨੂੰ ਆਜ਼ਾਦ ਕਰਵਾਉਣ ਲਈ ਚਾਲੇ ਪਾ ਦਿਤੇ। ਮਹੰਤ ਨੇ ਸ੍ਰੀ ਨਨਕਾਣਾ ਸਾਹਿਬ 'ਚ ਬਹੁਤ ਸਾਰੇ ਗੁੰਡੇ ਬੁਲਾਏ ਹੋਏ ਸਨ ਅਤੇ ਅਸਲਾ ਵੀ ਜਮ੍ਹਾਂ ਕਰ ਰੱਖਿਆ ਸੀ। ਖੂਨ ਖਰਾਬੇ ਦੇ ਖਦਸ਼ੇ ਨੂੰ ਵੇਖਦਿਆਂ ਸਮੂਹ ਪੰਥ ਵਲੋਂ ਜਥਿਆਂ ਨੂੰ ਰੋਕਣ ਲਈ ਪੰਜ ਸਿੰਘਾਂ ਨੂੰ ਜਿੰਮੇਵਾਰੀ ਸੌਂਪੀ ਗਈ, ਜਿਨ੍ਹਾਂ ਵਿਚ ਭਾਈ ਦਲੀਪ ਸਿੰਘ ਵੀ ਸ਼ਾਮਿਲ ਸਨ। ਭਾਈ ਝੱਬਰ ਦੇ ਜਥੇ ਨੂੰ ਪੰਥ ਦੇ ਹੁਕਮ ਅਨੁਸਾਰ ਰਾਹ ਵਿਚ ਹੀ ਰੋਕ ਲਿਆ ਗਿਆ ਪਰ ਰਾਤ ਹੋਣ ਕਾਰਨ ਭਾਈ ਧਾਰੋਵਾਲ ਦੇ ਜਥੇ ਨਾਲ ਮੇਲ ਨਾ ਹੋ ਸਕਿਆ।

20 ਫਰਵਰੀ ਨੂੰ ਤੜਕਸਾਰ ਇਹ ਜਥਾ ਸ਼ਬਦ ਕੀਰਤਨ ਕਰਦਾ ਗੁਰੂ ਘਰ ਵਿਚ ਦਾਖਿਲ ਹੋਇਆ। ਮਹੰਤ ਦੇ ਗੁੰਡਿਆਂ ਨੇ ਬਾਣੀ ਦਾ ਸਿਮਰਨ ਕਰ ਰਹੇ ਨਿਹੱਥੇ ਸਿੰਘਾਂ 'ਤੇ ਅੰਨ੍ਹੇਵਾਹ ਗੋਲੀ ਚਲਾਈ ਅਤੇ ਜਿੰਦਾ ਸਿੱਖਾਂ 'ਤੇ ਤੇਲ ਪਾ ਕੇ ਅੱਗ ਲਾ ਦਿੱਤੀ। ਜਦੋਂ ਭਾਈ ਦਲੀਪ ਸਿੰਘ ਇਸ ਕਾਰੇ ਦੀ ਖਬਰ ਸੁਣ ਕੇ ਗੁਰਦੁਆਰਾ ਸਾਹਿਬ ਅੰਦਰ ਦਾਖਿਲ ਹੋਏ ਤਾਂ ਉਨ੍ਹਾਂ ਨੇ ਮਹੰਤ ਨੂੰ ਲਲਕਾਰਿਆ। ਮਹੰਤ ਨੇ ਪਿਸਤੌਲ ਦੀ ਗੋਲੀ ਮਾਰ ਕੇ ਭਾਈ ਸਾਹਿਬ ਨੂੰ ਜ਼ਿੰਦਾ ਹੀ ਮਿੱਟੀ ਦੇ ਭਾਂਡੇ ਪਕਾਉਣ ਵਾਲੀ ਬਲਦੀ ਆਵੀ ਵਿਚ ਸੁੱਟ ਕੇ ਸ਼ਹੀਦ ਕਰ ਦਿੱਤਾ।

ਭਾਈ ਸਾਹਿਬ ਦੇ ਪਿੰਡ ਸਾਹੋਵਾਲ ਨੂੰ ਅੱਜ ਵੀ ਸ਼ਹੀਦ ਦੇ ਪਿੰਡ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਵੰਡ ਤੋਂ ਪਹਿਲਾਂ ਇਸ ਪਿੰਡ ਵਿਚ ਭਾਈ ਸਾਹਿਬ ਦੇ ਨਾਮ 'ਤੇ ਇਕ ਗੁਰਦੁਆਰਾ ਸਾਹਿਬ ਉਸਾਰਿਆ ਗਿਆ ਜਿਸ ਜਗ੍ਹਾ 'ਤੇ ਅੱਜ ਇਕ ਮਸਜਿਦ ਹੈ। ਗੁਰਦੁਆਰਾ ਸਾਹਿਬ ਵਿਚ ਪ੍ਰਕਾਸ਼ ਅਸਥਾਨ ਅਤੇ ਲੰਗਰ ਹਾਲ ਹਾਲੀ ਵੀ ਮੌਜੂਦ ਹਨ। ਵੰਡ ਤੋਂ ਬਾਅਦ ਭਾਈ ਸਾਹਿਬ ਦਾ ਪਰਿਵਾਰ ਪਿੰਡ ਜੰਡ, ਤਹਿਸੀਲ ਦਸੂਹਾ, ਜਿਲਾ ਹੁਸ਼ਿਆਰਪੁਰ ਵਿਚ ਆਣ ਵੱਸਿਆ। ਇਲਾਕੇ ਦੇ ਲੋਕ ਹਰ ਸਾਲ 21 ਫਰਵਰੀ ਨੂੰ ਸ਼ਹੀਦਾਂ ਦੀ ਬਰਸੀ ਮਨਾਉਂਦੇ ਹਨ।

# ਪਰਦੇਸ ਪੁੱਜਣ ਦੀ ਰੌਂਗਟੇ ਖੜ੍ਹੇ ਕਰਨ ਵਾਲੀ ਕਹਾਣੀ

## ਸ਼ੌਰਟ ਕੱਟ ਵਾਇਆ ਲੌਂਗ ਰੂਟ

*ਅਮਰੀਕ ਸਿੰਘ ਬਲ ਅੱਜ ਕੱਲ੍ਹ ਸਪੇਨ ਵੱਸਦਾ ਹੈ, ਪਰ ਉਥੇ ਪੁੱਜਣ ਦੀ ਜਿਹੜੀ ਕਹਾਣੀ ਉਸ ਨੇ ਆਪਣੀ ਪੋਥੀ 'ਸ਼ੌਰਟ ਕੱਟ ਵਾਇਆ ਲੌਂਗ ਰੂਟ' ਰਾਹੀਂ ਸੁਣਾਈ ਹੈ, ਉਹ ਲੂੰ-ਕੰਡੇ ਖੜ੍ਹੇ ਕਰਨ ਵਾਲੀ ਹੈ। ਉਹਨੇ 'ਨਾਕਾਮ ਸ਼ਖਸ ਦਾ ਇਕਬਾਲੀਆ ਬਿਆਨ' ਤੋਂ ਗੱਲ ਸ਼ੁਰੂ ਕਰ ਕੇ ਜਿਸ ਤਰ੍ਹਾਂ ਸ਼ਬਦਾਂ ਰਾਹੀਂ ਪਿੜ ਬੰਨ੍ਹਿਆ ਹੈ, ਉਹ ਲਾਮਿਸਾਲ ਹੈ। ਇਹ ਘਟਨਾਵਾਂ ਮੂੰਹ-ਜ਼ੋਰ ਅਤੇ ਅੱਥਰੀਆਂ ਹਨ, ਪਰ ਨਾਲ ਦੀ ਨਾਲ ਪਰਵਾਜ਼ ਭਰਨ ਲਈ ਤਾਂਘਦੀ ਜ਼ਿੰਦਗੀ ਦੇ ਪੈਰੀਂ ਪਹਾੜ ਬੱਝਣ ਦਾ ਦਰਦ ਵੀ ਹੰਢਾ ਰਹੀਆਂ ਹਨ... ਤੇ ਪੈਰੀਂ ਬੱਝੇ ਪਹਾੜ ਨਾਲ ਲੈ ਕੇ ਉਡਣਾ ਅਜੇ ਤਕ ਕਿਸੇ ਦੇ ਹਿੱਸੇ ਤਾਂ ਨਹੀਂ ਆਇਆ, ਪਰ ਅਮਰੀਕ ਨੂੰ ਸ਼ਾਇਦ ਇਸ ਪਹਾੜ ਸਣੇ ਉਡਣਾ ਪਿਆ! ਦੇਸ ਤੋਂ ਪਰਦੇਸ ਪੁੱਜਣ ਦੀ ਇਹ ਕਹਾਣੀ ਅਸੀਂ ਆਪਣੇ ਪਾਠਕਾਂ ਨਾਲ ਇਸ ਅੰਕ ਤੋਂ ਲੜੀਵਾਰ ਸਾਂਝੀ ਕਰਾਂਗੇ। -ਸੰਪਾਦਕ*



## ਨਾਕਾਮ ਸ਼ਖਸ (?) ਦਾ ਇਕਬਾਲੀਆ ਬਿਆਨ!

**ਅਮਰੀਕ ਸਿੰਘ ਬਲ**
**ਫੋਨ:** 34602835897

ਗਾਹੇ-ਬ-ਗਾਹੇ ਹਰ ਸ਼ਖਸ ਨੂੰ ਅਹਿਸਾਸ ਕੁਰੇਦਦਾ ਹੈ ਕਿ ਕਿਤੇ ਕਿਸੇ ਚੀਜ਼ ਦੀ ਕਮੀ ਹੈ; ਆਲੇ-ਦੁਆਲੇ ਕੋਈ ਖਾਲੀਪਨ ਜਿਹਾ ਹੈ। ਇਹੀ ਅਹਿਸਾਸ, ਇਹੀ ਅਤ੍ਰਿਪਤ ਭਾਵ ਦੁਨੀਆ ਨੂੰ ਚਲਾ ਰਿਹਾ ਹੈ, ਬਲਕਿ ਦੌੜਾ ਰਿਹਾ ਹੈ। ਬੇਸ਼ਕ! ਇਹ ਕਮੀ ਅਸਲ ਵਿਚ ਤਾਕਤ ਹੀ ਹੈ।

ਸੰਪੂਰਨਤਾ ਠਹਿਰਾਓ ਦਾ ਨਾਂ ਹੈ। ਇਸ ਅੱਗੇ ਪੂਰਨ ਵਿਰਾਮ ਚਿੰਨ੍ਹ ਹੀ ਰਹਿ ਜਾਂਦਾ ਹੈ। ਜੀਵਨ ਕੀ ਹੈ? ਹਰ ਸ਼ਖ਼ਸ ਆਪਣੀ ਔਕਾਤ-ਕੂਵਤ ਅਨੁਸਾਰ ਆਪਣੇ ਆਪ ਨੂੰ ਸਾਬਤ ਕਰਨ ਤੁਲਿਆ ਏ। ਸਵਾਲਾਂ ਦਾ ਸਵਾਲ ਹੈ... ਕੀ ਚਾਹਤਾਂ, ਹਸਰਤਾਂ, ਲਾਲਸਾਵਾਂ ਤੋਂ ਨਿਰਲੇਪ ਰਹਿ ਕੇ ਜੀਵਿਆ ਜਾ ਸਕਦਾ ਹੈ? ਨਹੀਂ ਨਾ! ਫਿਰ ਸਹਿਮਤ ਹੋਣਾ ਪਵੇਗਾ ਕਿ ਇੱਛਾਵਾਂ ਪਿੱਛੇ ਜਾਣਾ ਹੀ ਜ਼ਿੰਦਗੀ ਹੈ, ਪਰ ਇੱਛਾਵਾਂ ਦੇ ਮਾਮਲੇ ਵਿਚ ਕਿਸੇ ਨਾਲ ਪੂਰਨ ਸਹਿਮਤੀ ਨਹੀਂ ਜਤਾਈ ਜਾ ਸਕਦੀ। ਆਸਾਂ ਜੇ ਸਵਾਲ ਹਨ ਤਾਂ ਮਿਹਨਤ ਉਨ੍ਹਾਂ ਦਾ ਇਕੋ-ਇਕ ਸਟੀਕ ਜਵਾਬ ਹੈ। ਜਿਸ ਦੀ ਕੋਈ ਤਮੰਨਾ ਨਹੀਂ ਰਹੀ, ਉਹ ਜੀਣਾ ਵੀ ਕੋਈ ਜੀਣਾ ਨਹੀਂ! ਇਹ ਗੱਲ ਵੱਖਰੀ ਹੈ ਕਿ ਖਾਬਾਂ ਪਿੱਛੇ ਪਾਗਲ ਹੋ ਜਾਣਾ ਵੀ ਕੋਈ ਜੀਣਾ ਨਹੀਂ। ਖਿਆਲ ਰਹੇ, ਕੋਈ ਵੀ ਖਾਹਿਸ਼ ਕਦੇ ਇਕੱਲੀ ਜਾਂ ਆਖਿਰੀ ਨਹੀਂ ਹੁੰਦੀ। ਹਰ ਖਾਹਿਸ਼ ਦੇ ਪਿੱਛੇ, ਉਸ ਦੀ ਪੈੜ ਦੱਬੀ ਹੋਰ ਖਾਹਿਸ਼ਾਂ ਵੀ ਖੜ੍ਹੀਆਂ ਹੁੰਦੀਆਂ ਨੇ।

ਖਾਬਾਂ ਨੂੰ ਸਾਕਾਰ ਕਰਨ ਲਈ ਜਾਗਣਾ ਜ਼ਰੂਰੀ ਹੈ। ਉਹ ਨਿਰਵਿਵਾਦ, ਨਾਕਾਮ ਸ਼ਖਸ ਹੈ ਜੋ ਮਨਚਾਹੇ ਖਾਬ ਲੈਣ ਲਈ ਸੌਂਦਾ ਹੈ। ਨਿਕੰਮੇ ਲੋਕ ਰਾਤ ਦੇ ਸੁਫ਼ਨੇ ਬਾਰੇ ਸੋਚ ਕੇ ਦਿਨ ਲੰਘਾ ਛੱਡਦੇ ਨੇ; ਉਦਮੀ ਇਨਸਾਨ ਉਦੋਂ ਤੱਕ ਚੈਨ ਨਾਲ ਨਹੀਂ ਸੌਂਦਾ, ਜਦ ਤੱਕ ਆਪਣੇ ਖਾਬ ਨੂੰ ਉਸ ਦੀ ਤਾਬੀਰ ਤੱਕ ਨਹੀਂ ਪਹੁੰਚਾ ਲੈਂਦਾ। ਹਨੇਰਾ ਸਰਬਵਿਆਪਕ ਏ, ਸਿਰਫ਼ ਰੌਸ਼ਨੀ ਨੂੰ ਹੀ ਖੁਦ ਨੂੰ ਸਾਬਤ ਕਰਨਾ ਪੈਂਦਾ ਹੈ।

ਤੁਸੀਂ ਉਲਝਣ 'ਚ ਨਾ ਪਵੋ! ਮੈਂ ਸਿਰਫ਼ ਉਹ ਜ਼ਮੀਨ ਤਿਆਰ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ ਜਿਸ ਵਿਚੋਂ ਸਿਰਜਣਾ ਨੇ ਜੜ੍ਹ ਫੜੀ ਅਤੇ ਆਪਣਾ ਵਜੂਦ ਫੈਲਾਉਂਦੀ ਗਈ।... ਮੈਨੂੰ ਮਿਲੋ! ਮੈਂ, ਸਿਰਫ਼ ਮੈਂ ਹੀ ਹਾਂ, ਹੋਰ ਜ਼ਿਆਦਾ ਕੁਝ ਨਹੀਂ।... ਮੁਕੰਮਲ ਤੌਰ 'ਤੇ ਨਾਕਾਮ ਸ਼ਖਸ ਦਾ ਇਕਬਾਲੀਆ ਬਿਆਨ ਹੋਰ ਕੀ ਹੋ ਸਕਦਾ ਹੈ?

ਜੀ ਹਾਂ! ਮੈਂ ਹਾਂ, ਸ਼ਿਕਸਤ ਦਾ ਚੱਲਦਾ-ਫਿਰਦਾ ਦਸਤਾਵੇਜ਼। ਵਕਤ ਦੀਆਂ ਰਾਹਾਂ ਤੇ ਜ਼ਿੰਦਗੀ ਦੀ ਦੌੜ ਵਿਚ ਬਹੁਤ ਪਿਛੇ ਰਹਿ ਚੁੱਕਿਆ 'ਫਾਡੀ' ਮੈਂ ਉਹ ਸ਼ਖ਼ਸ ਸਾਂ ਜੋ ਹੱਥਾਂ ਦੀਆਂ ਲਕੀਰਾਂ ਵਿਚੋਂ ਦੋਸ਼ ਲੱਭਦਾ ਸੀ। ਸ਼ਾਇਦ ਮੈਂ ਹਰ ਕਿਸੇ ਤੋਂ ਅਸੰਤੁਸ਼ਟ ਸਾਂ, ਨਾਖੁਸ਼ ਸਾਂ, ਪਰ ਖੁਦ ਤੋਂ ਬਹੁਤ ਜ਼ਿਆਦਾ ਨਾਰਾਜ਼ ਸਾਂ। ਕੁਝ ਲੋਕਾਂ ਵਿਚ ਆਤਮ-ਵਿਸ਼ਵਾਸ ਹਾਲਾਤ ਮੁਤਾਬਕ ਹੀ ਘਟਦਾ ਵਧਦਾ ਰਹਿੰਦਾ ਏ। ਮੇਰੇ ਅਤੇ ਜ਼ਿੰਦਗੀ ਦਰਮਿਆਨ ਪਿਆਰ ਫਾਸਲਾ ਦਿਨ-ਬ-ਦਿਨ ਲੰਮਾ-ਚੌੜਾ ਹੁੰਦਾ ਜਾ ਰਿਹਾ ਸੀ। ਜੇ ਮੈਂ ਉਸ ਦੇ ਬਰਾਬਰ ਪਹੁੰਚਣਾ ਸੀ ਤਾਂ ਜਾਂ ਕੋਈ ਚਮਤਕਾਰ ਵਾਪਰਦਾ, ਜਾਂ ਫਿਰ ਖੁਦ ਮੈਂ ਕੋਈ ਕ੍ਰਿਸ਼ਮਾ ਕਰ ਦਿਖਾਉਂਦਾ। ਇਸ ਦੌੜ ਵਿਚਲਾ ਫਾਸਲਾ ਖਤਮ ਕਰਨ ਲਈ ਮੈਨੂੰ ਕੋਈ ਅਜਿਹਾ 'ਸ਼ੌਰਟ ਕੱਟ' ਦਰਿਆਫ਼ਤ ਸੀ ਜੋ ਕਿਸੇ ਨੂੰ ਵੀ ਨੁਕਸਾਨ ਪਹੁੰਚਾਏ ਬਗੈਰ ਮੈਨੂੰ ਵਕਤ ਦੇ ਹਾਣ ਦਾ ਕਰ ਦਿੰਦਾ। ਆਖਰ ਇਹ 'ਸ਼ੌਰਟ ਕੱਟ' ਸਾਹਮਣੇ ਆਇਆ, ਪਰ ਇਹ 'ਸ਼ੌਰਟ ਕੱਟ' ਮੈਨੂੰ ਬਹੁਤ ਲੰਮੇਰਾ ਪਿਆ!

ਖਾਬ ਬੜੇ ਮਹਿੰਗੇ ਨੇ। ਫਿਰ ਮੈਂ ਕਿਵੇਂ ਇਸ ਦੇਣਦਾਰੀ ਤੋਂ ਬਚਿਆ ਰਹਿ ਸਕਦਾ ਸਾਂ! ਮੈਂ ਵੀ ਆਪਣੀਆਂ ਪਲਕਾਂ 'ਤੇ ਠਹਿਰ ਗਏ ਸੁਫ਼ਨਿਆਂ ਦੀ ਕੀਮਤ, ਅੱਖਾਂ ਦੇ ਮੋਤੀਆਂ ਨਾਲ ਚੁਕਾਈ। ਮੇਰਾ ਗੁਨਾਹ ਸੀ- ਹਰ ਸੰਭਵ ਕੀਮਤ 'ਤੇ ਯੂਰਪ ਜਾਣਾ। ਕੁਝ ਲੋਕਾਂ ਨੇ ਮੈਥੋਂ ਵੀ ਜ਼ਿਆਦਾ ਕੀਮਤ ਚੁਕਾਈ।... ਦਰਅਸਲ, ਮੈਂ ਖੁਦ ਆਪਣੀ ਕੋਈ ਵੱਖਰੀ ਹੋਂਦ ਨਹੀਂ ਖੜ੍ਹੀ ਕਰ ਸਕਿਆ ਸਾਂ। ਫਿਰ ਖਬਰੇ ਮੈਂ ਆਪਣੇ ਸੁੱਤੇ ਲੇਖਾਂ ਨਾਲ ਸ਼ਰਤ ਲਾ ਕੇ ਸੌਂ ਗਿਆ ਸਾਂ ਕਿ... 'ਦੇਖਦੇ ਹਾਂ! ਪਹਿਲਾਂ ਕੌਣ ਉਠਦਾ ਏ।'

ਤਕਰੀਬਨ ਦਹਾਕੇ ਜਿੱਡੀ ਲੰਮੇਰੀ ਅਨਿਸ਼ਚਚਤਾ ਤੇ ਆਤਮ-ਵਿਸ਼ਵਾਸਹੀਣਤਾ ਵਿਚੋਂ ਜਨਮਿਆ ਵਿਆਕੁਲ ਰੋਹ, ਮੈਨੂੰ ਤੇ ਮੇਰੀ ਜ਼ਿੰਦਗੀ ਨੂੰ ਬਰਬਾਦ ਕਰਨ ਲਈ ਕਾਫੀ ਸੀ; ਕਿਸੇ ਹੋਰ ਵਾਧੂ ਦੁਸ਼ਮਣ ਦੀ ਲੋੜ ਹੀ ਨਹੀਂ ਸੀ।...

**ਦੌੜ ਵਿਚਲਾ ਫਾਸਲਾ ਖਤਮ ਕਰਨ ਲਈ ਮੈਨੂੰ ਕੋਈ ਅਜਿਹਾ 'ਸ਼ੌਰਟ ਕੱਟ' ਦਰਿਆਫ਼ਤ ਸੀ ਜੋ ਕਿਸੇ ਨੂੰ ਵੀ ਨੁਕਸਾਨ ਪਹੁੰਚਾਏ ਬਗੈਰ ਮੈਨੂੰ ਵਕਤ ਦੇ ਹਾਣ ਦਾ ਕਰ ਦਿੰਦਾ। ਆਖਰ ਇਹ 'ਸ਼ੌਰਟ ਕੱਟ' ਸਾਹਮਣੇ ਆਇਆ, ਪਰ ਇਹ 'ਸ਼ੌਰਟ ਕੱਟ' ਮੈਨੂੰ ਬਹੁਤ ਲੰਮੇਰਾ ਪਿਆ!**

# ਜੀਵਨ ਵਿਚ 'ਯੂ' ਟਰਨ



ਦੋ ਮਈ 2005, ਸੋਮਵਾਰ। ਸਮਾਂ ਰਾਤ 9 ਕੁ ਵਜੇ। ਇਹ ਵਕਤ ਸੀ ਮੇਰੀ ਸੁਸਤ ਰਫ਼ਤਾਰ, ਰੀਂਗਦੀ, ਨਾਕਾਮ, ਥੱਕੀ-ਹਾਰੀ ਜ਼ਿੰਦਗੀ ਸਾਹਵੇਂ ਹਾਲਾਤ ਦੇ ਇਕਦਮ ਤੇਜ਼ ਰੌਂਅ ਆਏ ਅਹਿਮਤਰੀਨ, ਪਰ ਬੇਦਿਲਾਸਾ, ਬੌਖਲਾਹਟ ਭਰੇ 'ਯੂ ਟਰਨ' ਦਾ। ਨਾਮੁਰਾਦ ਜਿਹੇ 'ਕੂਹਣੀ ਮੋੜ' ਦਾ।

ਅਤੀਤ ਦੀ ਵਿਆਖਿਆ ਨਾਲੋਂ ਉਸ ਦਾ ਵਿਸ਼ਲੇਸ਼ਣ ਕਰਦੇ ਜਾਣਾ ਬਿਹਤਰ ਹੁੰਦਾ ਹੈ, ਪਰ ਅੱਜ ਇਸ ਦੇ ਉਲਟ ਅਤੀਤ ਵਿਆਖਿਆਕਾਰੀ ਤਹਿਤ ਹੀ ਕੁਝ ਬੇਮਾਅਨੀ ਜਿਹੀਆਂ ਗੱਲਾਂ ਦਾ ਸਿਰਾ ਮੇਰੇ ਹੱਥ ਸੀ, "ਕੀ ਰੱਖਿਐ ਜ਼ਿੰਦਗੀ ਵਿਚ ਯਾਰ... ਸਭ ਕੁਝ ਮਿੱਟੀ, ਬੇਅਰਥ... ਸੰਸਾਰ, ਜੀਵਨ, ਰਿਸ਼ਤੇ... ਸਭ ਕੁਝ ਹੁੰਦਿਆਂ ਵੀ ਅਜਿਹਾ ਵਕਤ ਆ ਜਾਂਦਾ ਕਿ ਸਭ ਕੁਝ ਸਿਫ਼ਰ ਬਣ ਕੇ ਰਹਿ ਜਾਂਦਾ ਏ...।" ਇਹ ਕੋਈ ਨਿੱਜੀ ਫਲਸਫ਼ਾਨਾ ਨੀਤੀ-ਵਾਕ ਜਾਂ ਪੱਕਾ ਤਜਰਬੇਕਾਰ ਪ੍ਰਵਚਨ ਨਹੀਂ ਸੀ, ਮੂੰਹੋਂ ਨਿਕਲਿਆ ਮਹਿਜ਼ ਨਕਾਰਾਤਮਕ, ਮਾਯੂਸੀ ਭਰਿਆ ਵਿਰਲਾਪ ਮਾਤਰ ਸੀ।

ਲਹਿਜ਼ੇ ਵਿਚ ਗਹਿਰ ਗੰਭੀਰਤਾ ਲਿਆਉਂਦਿਆਂ ਮੈਂ ਨਿਰਾਸੇ ਅਲਫ਼ਾਜ਼ ਬਾਹਰ ਕੱਢੇ ਤੇ ਤਤਪਰ ਭਾਵ ਨਾਲ ਗੋਸ਼ਤ ਦਾ ਟੁਕੜਾ ਅੰਦਰ ਸੁੱਟਿਆ। ਸਾਹਮਣੇ ਬੈਠੇ ਬਰਾਬਰ ਦੇ ਅਸਫ਼ਲ ਦੋਸਤ ਨੇ ਪੈੱਗ ਅੰਦਰ ਸੁੱਟਦਿਆਂ ਹਮਾਇਤੀ ਹੁੰਕਾਰ ਭਰੀ, "ਹੂੰ... ਸਹੀ ਏ। ਕੁਝ ਵੀ ਨਹੀਂ ਜੀਣ ਦਾ ਮਜ਼ਾ...।"

ਮੈਂ ਉਹੀ ਪੁਰਾਣਾ, ਸਿਕਸ਼ਤਾ (ਹਾਰੀ ਹੋਈ) ਜ਼ਿੰਦਗੀ ਦਾ ਘਿਸਿਆ-ਪਿਟਿਆ ਰੋਣਾ ਰੋਂਦਾ, ਦੋਸਤ ਨਾਲ ਹੋਟਲ ਵਿਚ ਖਾਣੇ 'ਤੇ ਹੱਥ ਸਾਫ਼ ਕਰਨ ਵਿਚ ਰੁਝਿਆ ਸਾਂ। ਕੁਝ ਹਾਰੇ ਹੋਏ ਲੋਕ ਆਪਣੀ ਖੰਡਿਤ ਛਵੀ ਦੀ ਮੁਰੰਮਤ ਲਈ ਜਾਂ ਫਿਰ ਹੋਰ ਜ਼ਿਆਦਾ ਟੁੱਟ-ਭੱਜ ਤੋਂ ਬਚਾਉਣ ਲਈ ਕਿਸਮਤ, ਹਾਲਾਤ ਬਗੈਰਾ ਦੀ ਫਾਲਤੂ ਓਟ ਦਿੰਦੇ ਸ਼ਬਦਾਂ ਨੂੰ ਢਾਲ ਦੇ ਰੂਪ ਵਿਚ ਵਰਤਦੇ ਨੇ। ਖੁਦ ਨੂੰ ਹਰ ਤਰ੍ਹਾਂ ਦੀ ਹਮਦਰਦੀ, ਦਇਆ ਦਾ ਪਾਤਰ ਸਾਬਤ ਕਰਨ ਲਈ ਵਾਹ ਲਾ ਦਿੰਦੇ ਨੇ, ਤਾਂ ਕਿ ਰਾਤ ਨੂੰ ਸੌਣ ਲੱਗਿਆਂ ਇੰਨੀ ਕੁ ਝੂਠੀ ਸੰਤੁਸ਼ਟੀ ਹੋਵੇ ਕਿ ਆਪਣੀ ਜ਼ਿੰਦਗੀ ਨੂੰ ਤਬਾਹ ਕਰਨ ਵਾਲਾ ਘੱਟੋ-ਘੱਟ ਉਹ ਖੁਦ ਨਹੀਂ, ਕੋਈ ਹੋਰ ਹੈ। ਨਾਕਾਮਯਾਬ ਬੰਦੇ ਜਦੋਂ ਹੋਰ ਕੁਝ ਨਹੀਂ ਕਰ ਸਕਦੇ ਤਾਂ ਇਹੀ ਕੁਝ ਕਰਦੇ ਹਨ।



*ਭੂਪਿਨ ਖਾਖਰ ਦਾ ਚਿੱਤਰ: ਮੈਨ ਲੀਵਿੰਗ (ਗੋਇੰਗ ਅਬਰੌਡ); ਭਾਵ, ਉਸ ਬੰਦੇ ਦਾ ਚਿੱਤਰ ਜੋ ਪਰਦੇਸ ਜਾ ਰਿਹਾ ਹੈ।*

ਇਸੇ ਤਹਿਤ ਗੁਜ਼ਰੀ ਜ਼ਿੰਦਗੀ ਦੀ ਅਫਸੋਸਨਾਕ, ਗਿਲੇ-ਸ਼ਿਕਵਿਆਂ ਨਾਲ ਭਰੀ ਗੱਠੜੀ ਹਮੇਸ਼ਾ ਮੇਰੇ ਮੋਢਿਆਂ 'ਤੇ ਰਹਿੰਦੀ ਸੀ। ਖੁਦ ਦੇ ਨਾਕਾਮ ਰਹਿਣ ਦੇ ਹੱਕ ਵਿਚ ਸਫ਼ਾਈ ਪੇਸ਼ ਕਰਨ ਬਹਾਨੇ ਸਾਹਮਣੇ ਵਾਲੇ ਨੂੰ ਵੀ ਨਾਲ ਨਾਲ ਸਰਕਾਉਂਦਾ ਜਾਂਦਾ ਸਾਂ ਤਾਂ ਕਿ ਹਮਦਰਦੀ ਦੇ ਬਹਾਨੇ ਖੁਦ ਨੂੰ ਵਿਚਾਰਾ ਸਾਬਤ ਕਰ ਜਾਵਾਂ। ਇਨਸਾਨ ਮਰਜ਼ੀ ਨਾਲ ਅਤੀਤ ਤੋਂ ਛੁੱਟ ਨਹੀਂ ਸਕਦਾ, ਮਰਜ਼ੀ ਨਾਲ ਭਵਿਖ ਨੂੰ ਫੜ ਨਹੀਂ ਸਕਦਾ।

ਹੁਣੇ-ਹੁਣੇ ਛੋਟੇ ਭਰਾ ਦਾ ਫੋਨ ਸੁਣਦਿਆਂ ਮੇਰੇ ਚਿਹਰੇ ਦਾ ਰੰਗ ਉਡਦਾ ਗਿਆ; ਲੱਗਿਆ, ਫੋਨ ਵਿਚੋਂ ਰਿਸਦੇ ਸ਼ਬਦਾਂ ਨੇ ਮੈਨੂੰ ਅੰਦਰੋਂ ਜੜ੍ਹ ਕਰ ਕੇ ਰੱਖ ਦਿੱਤਾ ਹੋਵੇ। ਦਿੱਲੀ ਤੋਂ ਟਰੈਵਲ ਏਜੰਟ ਦਾ ਫੋਨ ਆਇਆ ਸੀ ਕਿ ਕੱਲ੍ਹ ਸ਼ਾਮ ਨੂੰ ਮੇਰੀ ਫਲਾਈਟ ਸੀ ਅਤੇ ਮੈਂ ਤੜਕੇ ਦਿੱਲੀ ਦੀ ਬੱਸ ਫੜਨੀ ਸੀ। ਲੱਗਿਆ, ਜਿਵੇਂ ਕਿਸੇ ਨੇ ਮੇਰੇ ਦਿਲ ਨੂੰ ਮੁੱਠੀ ਵਿਚ ਘੁੱਟ ਕੇ ਮਸਲ ਦਿੱਤਾ ਹੋਵੇ ਤੇ ਧੜਕਣ ਗੁੰਮ ਗਈ ਹੋਵੇ। ਬੁਰਕੀ ਹਲਕ ਤੋਂ ਥੱਲੇ ਨਹੀਂ ਸੀ ਉਤਰ ਰਹੀ।

ਜੀਵਨ ਮਿਲਦਾ ਤਾਂ ਮੁਫਤ ਹੈ, ਪਰ ਸਾਨੂੰ ਕੀਮਤ ਵਾਰ-ਵਾਰ ਚੁਕਾਉਣੀ ਪੈਂਦੀ ਏ, ਉਮਰ ਭਰ। ਕੁਝ ਪਲ ਪਹਿਲਾਂ ਗੁਜ਼ਰਦੀ ਜ਼ਿੰਦਗੀ ਤੋਂ ਖੁਦ ਨੂੰ ਸਾਫ਼-ਸਾਫ ਨਾਰਾਜ਼ ਤੇ ਅਸੰਤੁਸ਼ਟ ਸਾਬਤ ਕਰ ਰਿਹਾ ਸਾਂ, ਤੇ ਹੁਣ ਉਸੇ ਜ਼ਿੰਦਗੀ ਤੋਂ ਦੂਰ ਹੋਣ ਦਾ ਸੋਚ ਕੇ ਦਿਲ ਨੂੰ ਡੋਬੂ ਪੈਣ ਲੱਗ ਪਏ ਸਨ, ਕਿਉਂਕਿ ਹਰ ਪਾਸੇ, ਸਭ ਕੁਝ ਆਪਣਾ-ਆਪਣਾ ਸੀ। ਪਰਿਵਾਰ, ਘਰ, ਦੋਸਤ, ਰਿਸ਼ਤੇਦਾਰ, ਸੱਜਣ-ਪ੍ਰੇਮੀ, ਪ੍ਰੇਮਿਕਾ, ਸ਼ਹਿਰ, ਗਲੀਆਂ-ਬਾਜ਼ਾਰ। ਇਹ ਸਭ ਕੁਝ ਇਕ ਝਟਕੇ ਨਾਲ ਮੇਰੇ ਕੋਲੋਂ ਖੁੱਸ ਜਾਣਾ ਸੀ।

ਜ਼ਿੰਦਗੀ ਟੁਕੜਿਆਂ/ਪਲਾਂ ਦੀ ਸੂਰਤ ਵਿਚ ਆਸ-ਪਾਸ ਹੀ ਖਿੱਲਰੀ ਹੁੰਦੀ ਹੈ। ਅੱਖ ਪਛਾਣਦੀ ਹੈ, ਅਸੀਂ ਲਪਕ ਕੇ ਲਮਹਾ-ਦਰ-ਲਮਹਾ ਬੋਚਦੇ ਜਾਂਦੇ ਹਾਂ ਤੇ ਆਪਣੇ ਵਜੂਦ ਵਿਚ ਜਜ਼ਬ ਕਰਦੇ ਜਾਂਦੇ ਹਾਂ, ਖੁਦ ਨੂੰ ਵਿਸਥਾਰ ਦਿੰਦੇ ਜਾਂਦੇ ਹਾਂ। ਕੋਈ ਲਮਹਾ ਅਸੀਂ ਮਕਾਨ ਦੀ ਛੱਤ 'ਤੇ ਵਿਚਰਦਾ ਫੜਦੇ ਹਾਂ, ਕੋਈ ਸ਼ਹਿਰ ਦੇ ਭੀੜ ਭਰੇ ਇਲਾਕੇ 'ਚੋਂ, ਕੋਈ ਗਲੀ ਦੀ ਨੁੱਕਰ ਤੋਂ, ਕੋਈ ਪਿੰਡ ਦੀ ਪਗਡੰਡੀ ਤੋਂ...। ਇਹ ਟੁਕੜੇ ਜੁੜਦੇ-ਜੁੜਦੇ ਜੀਵਨ ਨੂੰ ਸੰਪੂਰਨਤਾ ਦੀ ਰਾਹ 'ਤੇ ਤੋਰੀ ਰੱਖਦੇ ਹਨ। ਹੋ ਸਕਦਾ ਹੈ, ਸਾਡੇ ਇਹ ਲਮਹੇ ਸੱਤ ਸਮੁੰਦਰੋਂ ਪਾਰ ਜਾਂ ਬ੍ਰਹਿਮੰਡ ਦੀ ਕਿਸੇ ਹੋਰ ਨੁੱਕਰੇ ਸਾਨੂੰ ਉਡੀਕਦੇ ਹੋਣ ਤੇ ਅਸੀਂ ਕਿਸੇ ਡੋਰ ਨਾਲ ਬੱਝੇ-ਉਲਝੇ, ਹੱਸਦੇ ਜਾਂ ਰੋਂਦੇ ਉਨ੍ਹਾਂ ਤੱਕ ਜਾ ਅੱਪੜਦੇ ਹਾਂ।... ਮੇਰੀ ਜ਼ਿੰਦਗੀ ਦੇ ਕੁਝ ਹਿੱਸੇ ਵੀ ਕਈ ਸਮੁੰਦਰ ਪਾਰ, ਕਿਸੇ ਅਜਨਬੀ ਦੁਨੀਆ ਵਿਚ ਖਿੱਲਰੇ ਪਏ ਸਨ ਜਿਨ੍ਹਾਂ ਨੂੰ ਉਥੇ ਪਹੁੰਚ ਕੇ ਮੈਂ ਸਮੇਟਣਾ ਸੀ; ਉਨ੍ਹਾਂ ਨੂੰ ਆਪਣੀ ਹੋਂਦ ਵਿਚ ਆਤਮਸਾਤ ਕਰਦਿਆਂ ਜੀਵਨ ਨੂੰ ਅਰਥਪੂਰਨ ਵਿਸਥਾਰ ਦਿੰਦੇ ਜਾਣਾ ਸੀ।

ਕਈ ਦਫ਼ਾ ਮਜਬੂਰੀ ਤੇ ਜ਼ਰੂਰਤ ਹਮਸ਼ਕਲ ਬਣ ਜਾਂਦੀਆਂ ਨੇ, ਸਮਾਨ-ਅਰਥ ਹੋ ਜਾਂਦੀਆਂ ਨੇ। ਮੇਰੀਆਂ ਜ਼ਰੂਰਤਾਂ, ਮਜਬੂਰੀਆਂ ਦੀ ਸੂਰਤ ਵਿਚ ਆਈਆਂ ਸਨ, ਜਾਂ ਫਿਰ ਮਜਬੂਰੀਆਂ ਜ਼ਰੂਰਤਾਂ ਦੇ ਭੇਸ ਵਟਾ ਗਈਆਂ ਸਨ। ਜੋ ਵਕਤ ਨੇ ਤੈਅ ਕਰ ਦਿੱਤਾ ਸੀ, ਉਸ ਵਿਚ ਮੈਨੂੰ ਮਰਜ਼ੀ ਨਾਲ ਜਾਂ ਫਿਰ ਜਬਰਨ, ਹਰ ਹਾਲਤ ਵਿਚ ਸ਼ਾਮਲ ਹੋਣਾ ਪੈਣਾ ਸੀ।

ਮੈਨੂੰ ਲੱਗਿਆ, ਮੇਰੇ ਦੁੱਖਾਂ-ਸ਼ਿਕਵਿਆਂ ਦੀ ਅਦਿੱਖ ਗਠੜੀ ਦੇ ਚਾਰੇ ਪੱਲੇ ਮੇਰੇ ਹੱਥਾਂ ਵਿਚੋਂ ਨਿਕਲ ਗਏ ਤੇ ਪਿਛਲੀ ਜ਼ਿੰਦਗੀ ਦਾ ਸਭ ਕੁਝ ਟੁੱਟ ਕੇ ਕੀਚਰ-ਕੀਚਰ ਹੋ ਗਿਆ, ਖਿੱਲਰ-ਬਿਖਰ ਗਿਆ। ਖਬਰੇ ਹੱਥ ਦੀ ਜੀਵਨ ਰੇਖਾ ਇਥੋਂ ਅਚਾਨਕ ਗਹਿਰਾ ਮੋੜ ਖਾ ਗਈ ਸੀ, ਜਾਂ ਫਿਰ ਹੱਥੋਂ ਡਿੱਗੀ ਮੁਰਗੇ ਦੀ ਬੋਟੀ ਸਰਾਪੀ ਹੋਈ ਸੀ ਜਿਸ ਨੇ ਸ਼ਾਇਦ ਮਰਦੇ ਹੋਏ ਹਾਅ ਮਾਰੀ ਹੋਵੇ ਜੋ ਮੇਰੇ ਮੁਕੱਦਰਾਂ ਨੂੰ ਗ੍ਰਹਿਣ ਲਾ ਗਈ ਸੀ। ਪਤਾ ਨਹੀਂ ਹੱਥ ਵਾਲੀਆਂ ਬੁਰਕੀਆਂ ਮੁੜ ਕਦੋਂ ਨਸੀਬ ਹੋਣੀਆਂ ਸਨ!

ਹੁਣ ਕਿਸੇ ਬਹਾਨੇ, ਕਿੰਤੂ-ਪ੍ਰੰਤੂ ਲਈ ਗੁੰਜਾਇਸ਼ ਨਹੀਂ ਸੀ ਰਹੀ। ਮੇਰੇ 'ਤੇ ਜਿਵੇਂ ਕੋਈ ਪਹਾੜ ਢਹਿ ਪਿਆ ਹੋਵੇ, ਪਰ ਮੈਂ ਆਪਣਾ ਅੰਦਰ ਕਿਸੇ ਸਾਹਮਣੇ ਨਹੀਂ ਸੀ ਖੋਲ੍ਹ ਸਕਦਾ।... ਕਈ ਵਾਰ ਖੁਸ਼ਖਬਰੀਆਂ ਵੀ ਉਜਾੜ ਕੇ ਰੱਖ ਜਾਂਦੀਆਂ ਨੇ। ਦੋਸਤ ਨੇ ਮੈਨੂੰ ਮੁਬਾਰਕਬਾਦ ਦਿੱਤੀ, ਪਰ ਮੈਂ ਉਦਾਸ ਹੋ ਗਿਆ ਸਾਂ। ਆਪਣਾ ਸਭ ਕੁਝ ਛੱਡ ਕੇ ਬਿਗਾਨਿਆਂ ਵਿਚ ਜਾਣਾ ਸੀ, ਖਾਸ ਕਰ ਕੇ ਮਾਂ ਨੂੰ ਛੱਡ ਕੇ... ਤੇ ਪ੍ਰੇਮਿਕਾ ਨੂੰ ਵੀ। ਬੜੀ ਪੀਢੀ ਤਕਲੀਫ਼ ਹੁੰਦੀ ਹੈ।

ਮੈਂ ਥੱਕਿਆ ਜਿਹਾ ਘਰ ਪਹੁੰਚਿਆ। ਬੋਝਲ ਜਿਹੇ ਮਾਹੌਲ ਵਿਚ ਮੇਰੇ ਜਾਣ ਦੀ ਤਿਆਰੀ ਕੀਤੀ ਜਾ ਰਹੀ ਸੀ। ਪੂਰੇ ਵਿਸ਼ਵਾਸ ਨਾਲ ਨਹੀਂ ਸੀ ਕਿਹਾ ਜਾ ਸਕਦਾ ਕਿ ਪ੍ਰਸੰਨ ਜ਼ਿਆਦਾ ਹੋਇਆ ਜਾਵੇ ਜਾਂ ਉਦਾਸ! ਹੰਝੂ ਖੁਸ਼ੀ ਵਾਲੇ ਵਹਿਣ ਜਾਂ ਗਮੀ ਵਾਲੇ! ਮੇਰਾ ਵਿਦੇਸ਼ ਜਾਣਾ ਇੰਨਾ ਖੁਸ਼ਗਵਾਰ ਹਾਦਸਾ ਨਹੀਂ ਸੀ, ਜਿੰਨਾ ਜ਼ਿੰਦਗੀ ਨੂੰ ਸੰਵਾਰਨ ਦਾ ਅਤਿ ਦੁਰਲੱਭ ਅਵਸਰ ਮਿਲਣਾ; ਯਾਨੀ ਜਾਣ ਦੀ ਖੁਸ਼ੀ ਸੀ, ਵਿਛੜਨ ਦੀ ਉਦਾਸੀ ਸੀ। ਘਬਰਾ ਕੇ ਮੈਂ ਘਰੋਂ ਨਿਕਲਿਆ, ਦੋਸਤਾਂ-ਸੱਜਣਾਂ ਨੂੰ ਵਿਦਾਇਗੀ ਸਲਾਮ ਕਹਿਣ, ਖਾਸ ਕਰ ਕੇ ਪ੍ਰੇਮਿਕਾ ਨੂੰ ਤਕਰੀਬਨ ਤਕਰੀਬਨ ਜਾਨਲੇਵਾ ਖਬਰ ਦੇਣ!

ਖੁਦ ਨੂੰ ਉਸ ਦਾ ਗੁਨਾਹਗਾਰ ਮਹਿਸੂਸ ਕਰਦਿਆਂ, ਉਸ ਦੇ ਸਾਹਮਣੇ ਨੀਵੀਂ ਪਾਈ ਜਾ ਖੜ੍ਹਿਆ। ਆਉਣ ਵਾਲੇ ਹੌਲਨਾਕ ਸ਼ਬਦਾਂ ਦੇ ਘਾਤਕ ਵਾਰ ਤੋਂ ਬੇਖਬਰ, ਹਮੇਸ਼ਾ ਵਾਂਗ ਮੁਸਕਰਾਉਂਦੀ, ਮਾਸੂਮ ਸਵਾਲੀਆ ਨਿਗਾਹਾਂ ਨਾਲ ਉਹ ਲਹਿਰਾਈ ਤਾਂ ਲੱਗਾ, ਜਿਵੇਂ ਦੁਨੀਆ ਠਹਿਰ ਗਈ ਹੋਵੇ, ਵਕਤ ਦੀ ਗਰਦਿਸ਼ ਰੁਕ ਗਈ ਹੋਵੇ, ਸਾਰਾ ਆਲਮ ਪਿਘਲਦਾ ਗਿਆ ਹੋਵੇ।

ਜਦ ਬੇਵਸੀ ਨਾਲ ਕੰਬਦੇ ਉਦਾਸ, ਥਿੜਕਦੇ, ਅਪਾਹਜ ਅਲਫ਼ਾਜ਼ ਵਿਚ ਉਸ ਵਕਤ ਦੀ ਸਭ ਤੋਂ ਮਨਹੂਸ ਤੇ ਘਿਨਾਉਣੀ ਸੂਚਨਾ ਉਸ ਤੱਕ ਪਹੁੰਚੀ ਤਾਂ ਮਸ਼ਾਲਾਂ ਵਾਂਗ ਲਟ-ਲਟ ਮਚਦੇ ਨੈਣ ਜਿਵੇਂ ਇਕ ਦਮ ਬੁਝ ਗਏ ਹੋਣ। ਉਹ ਦਿਲਫਰੇਬ ਮੁਸਕਾਨ ਜੋ ਸਮੁੱਚੇ ਚਿਹਰੇ ਨੂੰ ਆਪਣੀ ਲਪੇਟ ਵਿਚ ਲੈ ਲੈਂਦੀ ਸੀ, ਜਿਵੇਂ ਇਸੇ ਪਲ ਸਰਾਪੀ ਗਈ ਹੋਵੇ। ਦਰਦ ਦੇ ਬੇਸ਼ੁਮਾਰ ਆਉਂਦੇ-ਜਾਂਦੇ ਰੰਗਾਂ ਨੇ ਮੈਨੂੰ ਇਕ ਵਾਰ ਤਾਂ ਡਰਾ ਹੀ ਛੱਡਿਆ ਕਿ ਮੈਥੋਂ ਬਹੁਤ ਵੱਡਾ ਪਾਪ ਹੋ ਗਿਆ ਹੈ। ਫਿਰ ਅਖੀਰ ਉਸ ਜੜ੍ਹ ਹੋਏ ਦਰਦ ਦੀ ਇੰਤਹਾ ਦੇ ਰੂਪ ਵਿਚ, ਉਨ੍ਹਾਂ ਬੁਝ ਗਏ ਨੇਤਰਾਂ ਵਿਚੋਂ ਅੱਥਰੂਆਂ ਦੀਆਂ ਲਕੀਰਾਂ ਲੰਮੀਆਂ ਹੁੰਦੀਆਂ ਗਈਆਂ।

ਮੇਰੇ ਕੁਝ ਨਾ ਕੀਤਿਆਂ ਵੀ ਇਕ ਗੁਨਾਹ ਹੋਰ ਮੇਰੇ ਮੱਥੇ 'ਤੇ ਝਰੀਟਿਆ/ਖੁਣਿਆ ਗਿਆ। ਮੇਰਾ ਵੀ ਉਨਾ ਹੀ ਗੁਆਚਿਆ ਸੀ, ਜਿੰਨਾ ਉਸ ਦਾ; ਪਰ ਮੇਰੀ ਅਕਲੋਂ ਵੱਡੀ ਝੱਲੀ ਉਤੇਜਨਾ ਨੇ ਮੇਰੇ ਸਾਰੇ ਹਾਵ-ਭਾਵ ਜਿਵੇਂ ਜਜ਼ਬ ਕਰ ਲਏ ਸਨ। ਮੈਂ ਸਕਤੇ ਦੀ ਹਾਲਤ ਵਿਚੋਂ ਉਭਰ ਨਹੀਂ ਸੀ ਰਿਹਾ। ਫਿਰ ਮੇਰੀਆਂ ਅੱਖਾਂ ਨੇ ਵੀ ਉਨ੍ਹਾਂ ਮਾਸੂਮ ਨੈਣਾਂ ਨਾਲ ਇਤਫ਼ਾਕ ਜ਼ਾਹਿਰ ਕਰਦਿਆਂ ਵਗਣਾ ਸ਼ੁਰੂ ਕਰ ਦਿੱਤਾ ਅਤੇ ਮੂਕ ਧਾਹ ਮਾਰ ਕੇ

*(ਬਾਕੀ ਅਗਲੇ ਸਫੇ 'ਤੇ)*

ਅਸੀਂ ਗਲਵਕੜੀ ਵਿਚ ਸਮਾ ਗਏ।

ਕੰਨਾਂ ਵਿਚ ਫੁਸਫੁਸਾਹਟ ਕੁਰਲਾਈ, "ਕਿਥੇ ਜਾ ਰਹੇ ਓ ਤੁਸੀਂ! ਨਾ ਜਾਓ...।" ਮੇਰੇ ਸ਼ਬਦ ਲਰਜ਼ੇ, "ਜਾਣਾ ਈ ਪੈਣਾ... ਮੈਂ ਖੁਦ ਲਈ ਕੋਈ ਰਸਤਾ ਹੀ ਨਹੀਂ ਛੱਡਿਆ। ਮੇਰੇ ਹੱਥਾਂ ਵਿਚ ਕੁਝ ਨਹੀਂ ਰਿਹਾ, ਹੁਣ ਮੇਰੇ ਵੱਸ ਕੁਝ ਵੀ ਨਹੀਂ...।" ਉਹ ਆਵਾਜ਼ ਸਿਸਕਦੀ ਗਈ, "ਮੈਂ ਮਰ ਜਾਊਂ, ਮੈਂ ਸੱਚੀਂ ਮਰ ਜਾਊਂ...।" ਮੈਨੂੰ ਲੱਗਿਆ, ਮੈਂ ਹੌਲੀ-ਹੌਲੀ ਅੰਦਰੋਂ ਪਥਰਾਅ ਰਿਹਾ ਸਾਂ। ਮੇਰੇ ਸ਼ਬਦ ਸਪਾਟ, ਬੇਜਾਨ ਤੇ ਸ਼ਰਮਸਾਰ ਸਨ, "ਮੈਂ ਤਾਂ ਮਰ ਵੀ ਚੁੱਕਿਐਂ... ਇਥੋਂ ਕੋਈ ਮੁਰਦਾ ਹੀ ਜਾ ਰਿਹੈ...।" ਮੇਰਾ ਧੁਰ ਅੰਦਰ, ਖੇਰੂੰ-ਖੇਰੂੰ ਹੋ ਕੇ ਖਿੰਡ ਰਿਹਾ ਸੀ। ਬੇਵਸੀ ਤੇ ਲਾਚਾਰੀ ਦੇ ਹੰਝੂਆਂ ਨੂੰ ਉਸ ਦੇ ਨਮ ਪੱਲੇ ਨਾਲ ਪੂੰਝ ਕੇ ਮੁਆਫ਼ੀਆਂ ਮੰਗਦਾ, ਮੈਂ ਲੁੱਟਿਆ-ਪੁੱਟਿਆ ਜਿਹਾ ਵਾਪਸ ਘਰ ਆ ਡਿੱਗਿਆ।

ਮੇਰੇ ਕੋਲ ਵਾਕਈ ਕੋਈ ਹੋਰ ਰਸਤਾ ਨਹੀਂ ਸੀ ਬਚਿਆ। ਜੀਣ ਵਾਸਤੇ ਕਈ ਕੁਝ ਕਰਨਾ ਪੈਂਦਾ ਏ, ਸਭ ਕੁਝ ਕਰਨਾ ਪੈਂਦਾ ਹੈ। ਅਰਥ-ਵਣਜ ਨਿਯਮਾਂ ਦੀ ਸ਼ੁੱਧ ਸੋਚ ਨੇ ਮੈਨੂੰ ਆਤਮਸਾਤ ਕਰਨਾ ਸ਼ੁਰੂ ਕਰ ਦਿੱਤਾ ਸੀ। ਮੇਰੀ ਖਾਲੀ ਜੇਬ, ਦਿਲ-ਦਿਮਾਗ 'ਤੇ ਹਾਵੀ ਹੋ ਰਹੀ ਸੀ। ਆਖਰਕਾਰ, ਖਾਲੀਪਨ ਹਮੇਸ਼ਾ ਭਾਰੀ ਪੈਂਦਾ ਹੈ। ਘਰ ਦਾ ਖਾਲੀਪਨ ਰਿਸ਼ਤਿਆਂ 'ਤੇ ਭਾਰੀ ਗੁਜ਼ਰਦਾ ਏ, ਜੇਬ ਦਾ ਖਾਲੀਪਨ ਜ਼ਿੰਦਗੀ 'ਤੇ ਹਾਵੀ ਹੋ ਜਾਂਦਾ ਹੈ। ਖਾਲੀਪਨ ਕਿਸੇ ਵੀ ਕਿਸਮ ਦਾ ਕਿਉਂ ਨਾ ਹੋਵੇ, ਹਮੇਸ਼ਾ ਭਾਰੀ ਪੈਂਦਾ ਹੈ।

ਮੇਰੀ ਮਾਂ ਜੋ ਮੈਨੂੰ ਬਹੁਤ ਪਿਆਰ ਕਰਦੀ ਹੈ (ਮਾਂ ਰੱਬ ਨੇ ਬਣਾਈ ਹੀ ਇਸੇ ਕੰਮ ਨੂੰ ਹੈ) ਤੇ ਮੈਂ ਵੀ ਉਸ ਤੋਂ ਜ਼ਿਆਦਾ ਕਿਸੇ ਨੂੰ ਨਹੀਂ ਚਾਹੁੰਦਾ, ਮੈਨੂੰ ਨਿੱਕੀ-ਨਿੱਕੀ ਗੱਲ ਸਮਝਾ ਰਹੀ ਸੀ, 'ਇਹ ਕੱਪੜੇ... ਇਹ ਪੈਸੇ... ਖਾਣਾ-ਪੀਣਾ, ਲੋਕਾਂ ਨਾਲ ਵਰਤਣਾ, ਧੋਖੇਬਾਜ਼ਾਂ ਤੋਂ ਬਚਣਾ...' ਬਗੈਰਾ-ਬਗੈਰਾ।

ਮਾਂ ਨੂੰ ਸਾਰੀ ਉਮਰ ਫਿਕਰ ਰਹਿੰਦਾ ਏ ਕਿ ਉਸ ਦਾ ਮਾਸੂਮ ਪੁੱਤਰ ਸੰਸਾਰ ਦੀ ਜ਼ਾਲਮ ਭੀੜ 'ਚ ਕਿਧਰੇ ਗੁੰਮ ਨਾ ਜਾਵੇ। ਉਹਦਾ ਰੋਣ ਨਿਕਲ ਗਿਆ, ਮੇਰਾ ਦਿਲ ਵੀ ਲਰਜ਼ ਗਿਆ। ਇਕ ਵਾਰ ਤਾਂ ਦਿਲ ਕੀਤਾ, ਫਟ ਕੇ ਕਹਿ ਦਿਆਂ, 'ਮੈਂ ਨਹੀਂ ਜਾਣਾ', ਤੇ ਦੌੜ ਕੇ ਮਾਂ ਦੇ ਪੱਲੇ ਹੇਠ ਲੁਕ ਜਾਵਾਂ ਜਿਸ ਤੋਂ ਸੁਰੱਖਿਅਤ ਦੁਨੀਆ ਦੀ ਕੋਈ ਹੋਰ ਜਗ੍ਹਾ ਨਹੀਂ। ਮਾਂ ਦੇ ਅੰਦਰ ਦੀ ਥਾਹ ਤਾਂ ਖੁਦ ਮਾਂ ਵੀ ਨਹੀਂ ਲਾ ਸਕਦੀ ਕਿ ਉਥੇ ਪਿਆਰ ਦੇ ਕਿੰਨੇ ਗਹਿਰੇ ਸਮੁੰਦਰ ਉਛਾਲਾਂ ਭਰਦੇ ਰਹਿੰਦੇ ਨੇ, ਪਰ ਉਸ ਦੇ ਲਈ ਔਲਾਦ ਦੀ ਜ਼ਿੰਦਗੀ ਜ਼ਿਆਦਾ ਮਹੱਤਵ ਰੱਖਦੀ ਹੈ; ਸੋ, ਜ਼ਿਆਦਾਤਰ ਖੁਦ ਨਾਲ ਸਮਝੌਤੇ ਹੀ ਕਰ ਲੈਂਦੀ ਹੈ। ਛੋਟੀ ਭੈਣ ਵੀ ਸਿੱਲ੍ਹੇ ਨੈਣੀਂ ਪੈਕਿੰਗ ਕਰਵਾ ਰਹੀ ਸੀ। ਡੈਡੀ ਤੇ ਭਰਾ ਵੀ ਪਸਰਦੀ ਚੁੱਪ ਤੋੜਦੇ, ਮੇਰੇ ਨਾਲ ਗੱਲਾਂ ਕਰ ਰਹੇ ਸਨ। ਮੈਨੂੰ ਸਭ ਕੁਝ ਓਪਰਾ-ਓਪਰਾ ਜਿਹਾ ਲੱਗ ਰਿਹਾ ਸੀ ਕਿ ਕਿਵੇਂ ਬੈਠੇ-ਬਿਠਾਏ, ਹੁਣੇ-ਹੁਣੇ ਮੇਰੀ ਦੁਨੀਆ ਪਲਟ ਗਈ ਸੀ!

ਸਮਾਂ, ਤਾਨਾਸ਼ਾਹੀ ਤੇ ਦਰਿਆਦਿਲੀ ਦਾ ਸੁਮੇਲ ਹੈ ਜੋ ਕਿਸੇ ਪਲ ਸਾਡਾ ਬੜਾ ਕੁਝ ਨਿਗਲ ਜਾਂਦਾ ਹੈ ਤੇ ਕਿਸੇ ਪਲ ਸਾਡੇ ਲਈ ਬੜਾ ਕੁਝ ਉਗਲ ਜਾਂਦਾ ਹੈ।

ਜ਼ਿੰਦਗੀ ਦਿੰਦੀ ਵੀ ਹੈ ਤੇ ਖੋਂਹਦੀ ਵੀ ਹੈ, ਪਰ ਖੋਹਣ ਤੋਂ ਪਹਿਲਾਂ ਹਮੇਸ਼ਾ ਦਿੰਦੀ ਹੈ ਤੇ ਆਪਣੀ ਦਿੱਤੀ ਦਾਤ ਤੋਂ ਜ਼ਿਆਦਾ ਨਹੀਂ ਖੋਂਹਦੀ। ਅਸੀਂ ਉਸ ਦੀ ਹਰ ਦੇਣ ਉਪਰ ਜ਼ਰੂਰਤ ਤੋਂ ਜ਼ਿਆਦਾ ਹੱਕ ਸਮਝ ਲੈਂਦੇ ਹਾਂ, ਇਸ ਲਈ ਜਦੋਂ ਕੁਝ ਖੁੱਸਦਾ ਹੈ ਤਾਂ ਬਹੁਤ ਤਕਲੀਫ਼ ਹੁੰਦੀ ਹੈ, ਜਿਵੇਂ ਵੱਡੀ ਬੇਇਨਸਾਫ਼ੀ ਹੋ ਗਈ ਹੋਵੇ।

ਵਕਤ ਸਭ ਨੂੰ ਜੀਵਨ ਵਿਚ ਇਕ-ਦੋ ਅਹਿਮ ਮੌਕੇ ਯਕੀਨਨ ਦਿੰਦਾ ਹੈ। ਮੈਨੂੰ ਵੀ ਅਵਸਰ ਹਾਸਲ ਹੋਇਆ ਸੀ, ਭਾਵੇਂ ਕਾਫੀ ਦੇਰ ਨਾਲ ਹੀ ਸਹੀ। ਇੰਨਾ ਕੁ ਅਫ਼ਸੋਸ ਸੀ, ਉਮਰ ਦੇ ਅਹਿਮ, ਕੀਮਤੀ ਸਾਲ ਸਸਤੇ ਵਿਚ ਹੀ ਨਜਿੱਠੇ ਗਏ ਸਨ।

ਤਿੰਨ ਕਿਸਮ ਦੇ ਲੋਕ ਹੁੰਦੇ ਹਨ: ਇਕ, ਜਿਹੜੇ ਸਿਰਫ਼ ਜਿਉਂ-ਤਿਉਂ ਜੀਵਨ ਬਤੀਤ ਕਰਦੇ ਨੇ। ਦੂਜੇ, ਜਿਹੜੇ ਹਰ ਹੀਲੇ ਬਿਹਤਰ ਜਿਉਣ ਦੀ ਕੋਸ਼ਿਸ਼ ਵਿਚ ਲੱਗੇ ਰਹਿੰਦੇ ਨੇ। ਤੀਜੇ, ਜਿਹੜੇ ਜ਼ਿੰਦਗੀ ਨੂੰ ਅਸਲ ਵਿਚ ਜਿਉਂਦੇ ਹਨ। ਮੈਂ ਇਨ੍ਹਾਂ ਵਿਚੋਂ ਪਹਿਲੀ ਕਿਸਮ ਦਾ ਬੰਦਾ ਸਾਂ ਤੇ ਹੁਣ ਦੂਜੀ ਕਿਸਮ ਦਾ ਬਣਨ ਜਾ ਰਿਹਾ ਸਾਂ।

ਜ਼ਿੰਦਗੀ ਦੇ ਇਸ ਸਕਾਰਾਤਮਕ 'ਯੂ ਟਰਨ' ਨੇ ਮੈਥੋਂ ਬੜਾ ਕੁਝ ਖੋਹ ਲਿਆ ਸੀ। ਇਸ ਮੋੜ ਤੋਂ ਅੱਗੇ ਮੈਂ ਇਕੱਲੇ ਨੇ ਜਾਣਾ ਸੀ। ਕੁਝ ਮਿਲਦਾ ਹੈ, ਕੁਝ ਗੁਆਚ ਜਾਂਦਾ ਹੈ, ਪਰ ਕੋਈ ਵੀ ਗੁੰਮਸ਼ੁਦਗੀ ਹਮੇਸ਼ਾ ਲਈ ਨਹੀਂ ਹੋ ਸਕਦੀ। ਕੁਝ ਵੀ ਗੁੰਮਦਾ ਹੈ ਤਾਂ ਭਵਿਖ ਵਿਚ ਉਹ ਰੰਗ ਰੂਪ ਬਦਲਾ ਕੇ ਦੁਬਾਰਾ ਹਾਸਲ ਹੋ ਜਾਂਦਾ ਹੈ। ਸਮਾਂ ਅਤੇ ਅਹਿਮ ਰਿਸ਼ਤੇ ਇਸ ਵਿਚ ਅਪਵਾਦ ਹੋ ਸਕਦੇ ਹਨ, ਪਰ ਕਦੇ ਨਾ ਕਦੇ, ਕਿਤੇ ਨਾ ਕਿਤੇ ਹਰ ਗੁੰਮ ਚੀਜ਼ ਦਾ ਬਦਲ, ਬਿਨਾ ਸ਼ੱਕ ਹਾਸਲ ਹੁੰਦਾ ਹੈ।

ਉਸਲਵੱਟੇ ਲੈਂਦਿਆਂ 3 ਵੱਜ ਗਏ। ਦੋਸਤਾਂ ਨੂੰ ਕਾਰ ਦਾ ਕਹਿ ਕੇ, ਮੈਂ ਜਾਣ ਲਈ ਤਿਆਰ-ਬਰ-ਤਿਆਰ ਸਾਂ। ਵਿਦਾਇਗੀ ਦੀਆਂ ਰਸਮਾਂ ਤੋਂ ਜ਼ਿਆਦਾ ਰਸਮੀ ਤਕੱਲਫ ਤੋਂ ਲੱਗਿਆ, ਜਿਵੇਂ ਜੰਗ 'ਤੇ ਜਾ ਰਿਹਾ ਹੋਵਾਂ। ਸਭ ਨਾਲ ਰਿਸ਼ਤਿਆਂ ਦੇ ਨਿੱਘ-ਅਪਣੱਤ ਦਾ ਵਟਾਂਦਰਾ ਹੋਇਆ। ਮਾਂ ਭਾਵੁਕਤਾ ਵੱਸ ਬਿਹਬਲ ਹੋ ਗਈ, "ਪੁੱਤ ਆਪਣਾ ਖਿਆਲ ਰੱਖੀਂ, ਸੰਭਲ ਕੇ ਰਹੀਦੈ... ਰੋਟੀ ਟੈਮ 'ਤੇ ਖਾਇਆ ਕਰੀਂ...।"

ਉਸ ਵੱਲੋਂ 28 ਸਾਲ ਕੀਤੀ ਮੇਰੀ ਸੰਭਾਲ, ਜ਼ਿੰਮੇਵਾਰੀ (ਤਪੱਸਿਆ ਜਿਹੀ) ਹੁਣ ਮਜਬੂਰੀਵਸ ਖੁਦ ਮੈਨੂੰ ਸੌਂਪਣੀ ਪੈ ਰਹੀ ਸੀ। ਇਹ ਉਹ ਕਰਜ਼ੇ ਹੁੰਦੇ ਨੇ ਜੋ ਘੱਟੋ-ਘੱਟ ਇਕ-ਦੋ ਜਨਮਾਂ ਵਿਚ ਤਾਂ ਨਹੀਂ ਉਤਰਦੇ, ਤੇ ਜੇ ਉਤਰਦੇ ਵੀ ਨੇ ਤਾਂ ਉਸੇ ਰੂਪ ਵਿਚ ਹੱਕ ਅਦਾ ਕਰ ਕੇ ਜਿਸ ਵਿਚ ਕਰਜ਼ ਚੜ੍ਹਿਆ ਹੋਵੇ। ਮਾਂ ਦੀ ਮਮਤਾ ਦਾ ਕਰਜ਼ ਸਿਰਫ ਮਾਂ ਬਣ ਕੇ ਹੀ ਉਤਾਰਿਆ ਜਾ ਸਕਦਾ ਹੈ, ਹੋਰ ਕਿਸੇ ਢੰਗ ਨਾਲ ਨਹੀਂ, ਹਰਗਿਜ਼ ਨਹੀਂ। ਉਸ ਵਕਤ ਮਾਂ ਦੇ ਸੇਜਲ ਨੇਤਰਾਂ ਅਤੇ ਚਿਹਰੇ ਦੇ ਭਾਵਾਂ ਨੂੰ ਸ਼ਬਦਕੋਸ਼ ਦੇ ਅਲ਼ਫਾਜ਼ ਵਿਚ ਬਿਆਨ ਕਰ ਸਕਣਾ ਮੁਮਕਿਨ ਨਹੀਂ ਸੀ। ਜਿਥੋਂ ਮਰਜ਼ੀ, ਜਿੰਨੇ ਮਰਜ਼ੀ ਸ਼ਬਦ ਪਰਖ ਲੈਂਦਾ, ਉਨ੍ਹਾਂ ਭਾਵਾਂ ਨੂੰ ਪੜ੍ਹ ਕੇ ਕਹਿ ਲੈਂਦਾ, ਪਰ ਸੱਚ ਤਾਂ ਇਹ ਸੀ, ਉਹ ਬਿਰਤਾਂਤ ਕਦੇ ਵੀ ਸਟੀਕ ਇਨਸਾਫ਼ ਤੱਕ ਨਹੀਂ ਸੀ ਪੁੱਜਣੇ।



ਜਲੰਧਰ ਨੇੜਲੇ ਪਿੰਡ ਤੱਲ੍ਹਣ ਦਾ ਬਾਬਾ ਨਿਹਾਲ ਸਿੰਘ ਗੁਰਦੁਆਰਾ ਜਿਥੇ ਇਸ ਆਸ ਨਾਲ ਜਹਾਜ਼ ਖਿਡੌਣਾ ਚੜ੍ਹਾਇਆ ਜਾਂਦਾ ਹੈ ਕਿ ਵੀਜ਼ਾ ਲੱਗ ਜਾਵੇਗਾ।

ਆਖਰੀ ਵਾਰ ਸਭ ਦੇ ਗਲੇ ਲੱਗ ਕੇ, ਮੈਂ ਤੇ ਡੈਡੀ ਦੋਸਤਾਂ ਨਾਲ ਕਾਰ ਵੱਲ ਤੁਰ ਪਏ। ਕਦਮ ਇੰਜ ਬੋਝਲ ਮਹਿਸੂਸ ਹੋ ਰਹੇ ਸਨ, ਜਿਵੇਂ ਨਾਲ ਮਣਾਂ ਭਾਰ ਬੱਝਿਆ ਹੋਵੇ। ਘਰਦਿਆਂ ਵਾਸਤੇ ਤਾਂ ਸ਼ਾਇਦ ਇੰਜ ਸੀ ਜਿਵੇਂ ਸਿਕੰਦਰ ਸੰਸਾਰ ਫਤਿਹ ਕਰਨ ਮਕਦੂਨੀਆ ਤੋਂ ਚੱਲਿਆ ਹੋਵੇ। ਚਲੋ ਸੰਸਾਰ ਨਾ ਸਹੀ, ਮੈਂ ਕੁਝ ਨਾ ਕੁਝ ਤਾਂ ਜਿੱਤਣ ਤੁਰਿਆ ਹੀ ਸਾਂ। ਛੋਟੀ ਹੋਵੇ ਜਾਂ ਵੱਡੀ, ਹਰ ਜਿੱਤ ਆਪਣੇ ਆਪ ਵਿਚ ਮਾਅਨੇ ਰੱਖਦੀ ਹੈ।

ਘਰ-ਪਰਿਵਾਰ ਛੱਡ ਕੇ ਜਾਣਾ ਤਕਲੀਫਦੇਹ ਤਾਂ ਸੀ, ਪਰ ਅੱਗੇ ਸੰਭਾਵਨਾਵਾਂ ਨਾਲ ਲੱਦੀ ਨਵੀਂ ਜ਼ਿੰਦਗੀ ਉਡੀਕ ਰਹੀ ਸੀ। ਗੁਜ਼ਰੀ ਜ਼ਿੰਦਗੀ ਕੋਲ ਨਾਕਾਮੀ, ਮਾਯੂਸੀ, ਦੁਸ਼ਵਾਰੀਆਂ ਤੋਂ ਇਲਾਵਾ ਖਾਸ ਕੁਝ ਵੀ ਨਹੀਂ ਸੀ। ਸਿਰਫ਼ ਖੁਸ਼ੀਆਂ ਨੂੰ ਲੱਭਣ ਜਾਣਾ ਪੈਂਦਾ ਏ, ਦੁੱਖ ਤਾਂ ਆਪੇ ਦੌੜੇ ਆਉਂਦੇ ਨੇ।

ਦੋਸਤਾਂ ਤੋਂ ਵਿਦਾ ਲੈ ਕੇ, ਮੈਂ ਤੇ ਡੈਡੀ ਨੇ ਜਲੰਧਰ ਤੋਂ ਬੱਸ ਰਾਹੀਂ ਦਿੱਲੀ ਨੂੰ ਰਵਾਨਗੀ ਪਾ ਦਿੱਤੀ। ਰਾਹ ਵਿਚ ਦਿਨ ਚੜ੍ਹ ਗਿਆ। ਅੱਜ ਦਾ ਸੂਰਜ ਕੁਝ ਅਲੱਗ ਤੇ ਨਵਾਂ-ਨਵਾਂ ਜਿਹਾ ਮਹਿਸੂਸ ਹੋਇਆ, ਜਾਂ ਸ਼ਾਇਦ ਮੈਂ ਖੁਦ ਨੂੰ ਅਲੱਗ ਤੇ ਨਵਾਂ-ਨਵਾਂ ਲੱਗ ਰਿਹਾ ਸਾਂ।

ਦਿੱਲੀ, ਪਹਾੜਗੰਜ 'ਬੀ' ਗਰੇਡ ਹੋਟਲ 'ਦਰਪਣ' ਮੇਰੇ ਲਈ ਕੁਝ ਘੰਟਿਆਂ ਦੀ ਪਨਾਹਗਾਹ ਏਜੰਟਾਂ ਨੇ ਤੈਅ ਕੀਤੀ ਸੀ। ਮੇਰਾ ਹਮਸਫਰ ਮਨਜੀਤ ਲੋਪੋ ਵੀ ਦੋ ਕੁ ਦਿਨਾਂ ਤੋਂ ਇਥੇ ਡੇਰਾ ਜਮਾਈ ਬੈਠਾ ਸੀ।

ਨਾਮਾਲੂਮ ਏਜੰਟਾਂ ਦੀ ਕੜੀ ਵਿਚੋਂ ਕਿਸੇ ਇਕ ਦਾ ਫੋਨ ਆਇਆ ਕਿ ਸਾਡੀ ਉਡਾਣ ਸ਼ਾਮੀਂ 8 ਕੁ ਵਜੇ ਹੈ। ਮੇਰੇ ਕੇਸਾਧਾਰੀ ਹੋਣ 'ਤੇ ਅਸਚਰਜ ਜਤਾਉਂਦਿਆਂ ਉਸ ਨੇ ਮੁਗਲਈ ਹੁਕਮ ਸੁਣਾਇਆ- "ਹੁਣੇ ਕੇਸ ਕਟਾ ਕੇ ਆ, ਇਹ ਜ਼ਰੂਰੀ ਹੈ...।" ਪਲ ਕੁ ਲਈ ਸ਼ਸ਼ੋਪੰਜ ਵਿਚ ਪੈ ਕੇ ਮੈਂ ਹਾਮੀ ਭਰ ਦਿੱਤੀ।

ਖੌਰੇ ਕਿਸ ਤਰ੍ਹਾਂ ਦਾ ਸਫਰ ਸੀ ਜਿਸ ਦੀ ਸ਼ੁਰੂਆਤ ਵਿਚ ਹੀ ਇੰਨਾ ਵੱਡਾ ਕੁਕਰਮ ਕਰਨਾ ਪੈਣਾ ਸੀ, ਪਰ ਉਸ ਹਫ਼ੜਾ ਦਫੜੀ ਦੌਰਾਨ ਜ਼ਿਆਦਾ ਡੂੰਘਾਈ ਵਿਚ ਸੋਚਣ ਸਮਝਣ ਦਾ ਵਕਤ ਮੈਨੂੰ ਹਾਸਲ ਨਹੀਂ ਸੀ। ਪੈਸਿਆਂ ਤੋਂ ਇਲਾਵਾ ਹੋਰ ਵੀ ਕਈ ਤਰ੍ਹਾਂ ਦੀ ਕੀਮਤ ਚਕਾਉਣੀ ਪੈਣੀ ਸੀ; ਤੇ ਇਹ ਸ਼ਾਇਦ ਉਸ ਸਮਝੌਤੇ ਦੀ ਪਹਿਲੀ ਕਿਸ਼ਤ ਸੀ। ਨਵਾਂ ਦਿਨ, ਨਵੀਂ ਕੀਮਤ, ਨਵਾਂ ਸੌਦਾ, ਨਵੀਂ ਕੀਮਤ।

ਹੱਜਾਮ ਦੀ ਕੁਰਸੀ 'ਤੇ ਬੈਠਿਆਂ ਕੁਝ ਪਲਾਂ ਵਿਚ ਹੀ ਮੈਂ ਹੋਰ ਦਾ ਹੋਰ ਬਣਦਾ ਗਿਆ। ਲੱਗਿਆ, ਜਿਵੇਂ ਆਈਨੇ ਵਿਚੋਂ ਕੋਈ ਅਜਨਬੀ ਚਿਹਰਾ ਮੇਰੇ ਵੱਲ ਨਾਰਾਜ਼ ਤੇ ਨਾਮੋਸ਼ ਨਜ਼ਰਾਂ ਨਾਲ ਦੇਖ ਰਿਹਾ ਹੋਵੇ! ਆਪਣੇ ਮੋਨੇ ਪੁੱਤਰ ਨੂੰ ਪਛਾਣਦੇ ਬਾਪ ਦੀਆਂ ਨਿਗਾਹਾਂ ਵਿਚ ਅਜੀਬ ਜਿਹੇ ਓਪਰੇਪਨ ਦੇ ਹਾਵ-ਭਾਵ ਝਲਕੇ। ਉਨ੍ਹਾਂ ਦੀ ਖਾਮੋਸ਼ੀ ਵਿਚ ਮੈਨੂੰ ਆਪਣੇ ਨੈਣ ਨਕਸ਼ ਬਿਖਰਦੇ ਜਾਂਦੇ ਮਹਿਸੂਸ ਹੋਏ। ਹਸਰਤ ਭਰੀ ਖਾਮੋਸ਼ੀ ਨਾਲ ਉਨ੍ਹਾਂ ਮੇਰੀ ਪੱਗ ਤੇ ਕੇਸ ਆਪਣੇ ਬੈਗ ਵਿਚ ਰੱਖ ਲਏ। ਮੇਰੇ ਕੋਲੋਂ ਮੇਰੀ ਖਾਲਿਸ ਸ਼ਨਾਖਤ, ਮੇਰੀ ਦਿੱਖ ਵੀ ਖੋਹ ਲਈ ਗਈ ਸੀ! ਕਈ ਵਾਰ ਨਵੇਂ ਨੂੰ ਜਨਮ ਦੇਣ ਲਈ ਪੁਰਾਣੇ ਨੂੰ ਮਰਨਾ ਪੈਂਦਾ ਹੈ। ਕੁਝ ਨਵਾਂ ਜਨਮ ਲੈ ਰਿਹਾ ਸੀ, ਪਰ ਫਿਲਹਾਲ ਕੋਈ ਚਿਹਰਾ ਮੋਹਰਾ ਸਪਸ਼ਟ ਨਹੀਂ ਸੀ।

ਤਕਰੀਬਨ ਪੂਰੇ ਪੂਰੇ ਵਕਤ 'ਤੇ ਅਸੀਂ ਏਅਰਪੋਰਟ ਪਹੁੰਚੇ ਸਾਂ। ਟਿਕਟਾਂ ਸਮੇਤ ਹੋਰ ਰਸਮੀ ਕਾਗਜ਼ਾਤ ਸਾਡੇ ਹੱਥਾਂ ਵਿਚ ਸਨ। ਅਸੀਂ ਬੌਖਲਾਏ ਹੋਏ ਇਧਰ ਉਧਰ ਦੌੜ ਰਹੇ ਸਾਂ। ਸਟਾਫ ਨੇ ਸਰਸਰੀ ਤੌਰ 'ਤੇ ਖਾਨਾਪੂਰੀ ਨਿਭਾਈ। ਦੇਰ ਹੋਣ ਦੀ ਵਜ੍ਹਾ ਨਾਲ ਮੈਨੂੰ ਇੰਨਾ ਮੌਕਾ ਵੀ ਨਾ ਮਿਲਿਆ ਕਿ ਪਰ੍ਹੇ ਦਰਵਾਜ਼ੇ 'ਤੇ ਖੜ੍ਹੇ ਡੈਡੀ ਨੂੰ ਬਾਹਰ ਜਾ ਕੇ ਸੀਨੇ ਲੱਗ ਕੇ ਮਿਲ ਸਕਾਂ।

***ਮੇਰੀ ਮੰਜ਼ਿਲ ਯੂਰਪ (ਸਪੇਨ) ਸੀ, ਪਰ ਕਿਵੇਂ ਜਾਣਾ ਸੀ? ਕਦੋਂ ਤੱਕ ਪਹੁੰਚਣਾ ਸੀ?... ਕੋਈ ਇਲਮ ਨਹੀਂ ਸੀ। ਮੇਰੇ ਹੱਥਾਂ ਵਿਚ ਬਰਕੀਨਾ ਫਾਸੋ ਦੀ ਟਿਕਟ ਸੀ, ਰਸਤੇ ਵਿਚ ਦੋ ਜਗ੍ਹਾ ਸਟੇਅ ਵੀ ਸੀ। ਹੈਰਾਨ ਸਾਂ, ਕਿਹੜੇ ਰਸਤੇ ਸਪੇਨ ਜਾ ਰਹੇ ਹਾਂ! ਬਕੌਲ, ਮੇਰੇ ਏਜੰਟ- "ਦਿੱਲੀ ਤੋਂ ਅਫ਼ਰੀਕਾ, ਉਥੋਂ ਦੋ ਕੁ ਦਿਨ ਜੀਪਾਂ ਦਾ ਸਫ਼ਰ, ਫਿਰ ਮੋਰੱਕੋ ਤੋਂ ਠਾਹ ਸਪੇਨ।" ... ਜ਼ਿੰਦਗੀ ਦੀ ਪਹਿਲੀ ਹਵਾਈ ਯਾਤਰਾ ਰੋਮਾਂਚ ਪੈਦਾ ਕਰ ਰਹੀ ਸੀ। ਜਿਵੇਂ ਜਿਵੇਂ ਇਨਸਾਨ ਦੀ ਇਹ ਈਜਾਦ ਉਪਰ, ਹੋਰ ਉਪਰ ਉਠਦੀ ਗਈ; ਇਨਸਾਨ ਛੋਟੇ, ਹੋਰ ਛੋਟੇ ਹੁੰਦੇ ਗਏ। ਜਿਵੇਂ ਹਕੀਕਤ ਵਿਚ ਦੁਨੀਆ ਇਸ ਵਕਤ ਹੈ: ਇਨਸਾਨ ਤਰੱਕੀ ਕਰਦਾ ਜਾ ਰਿਹਾ ਹੈ, ਇਨਸਾਨੀਅਤ ਬੌਣੀ ਹੁੰਦੀ ਜਾ ਰਹੀ ਹੈ!***

ਅਸੀਂ ਦੂਰੋਂ ਈ ਤਸੱਲੀ ਦਿੰਦੇ ਹੱਥ ਖੜ੍ਹੇ ਕਰ ਦਿੱਤੇ।

ਮੇਰਾ ਖੁਦ ਉਪਰ ਜਿਵੇਂ ਕੰਟਰੋਲ ਨਹੀਂ ਸੀ ਰਿਹਾ, ਦਿਮਾਗ ਕੁੰਦ ਹੋ ਗਿਆ ਸੀ। ਮੇਰੇ ਵਜੂਦ ਦਾ ਕੰਟਰੋਲ ਵਕਤ ਅਤੇ ਹਾਲਾਤ ਵੱਲ ਰਿੜ੍ਹ ਚੁੱਕਿਆ ਸੀ। ਮੇਰੀ ਹੋਂਦ ਦੀ ਪੇਸ਼ਗੋਈ ਹੁਣ ਮਹਿਜ਼ ਕੁਝ ਕਾਗਜ਼ਾਤ ਕਰ ਰਹੇ ਸਨ। ਮੇਰਾ ਨਿੱਜੀ ਕੁਝ ਨਹੀਂ ਸੀ ਰਹਿ ਗਿਆ। ਮੇਰੀ ਆਪਣੀ ਕੋਈ ਸੋਚ ਨਹੀਂ, ਕੋਈ ਆਪਣਾ ਫੈਸਲਾ ਨਹੀਂ, ਕੋਈ ਦਖਲਅੰਦਾਜ਼ੀ ਨਹੀਂ। ਮੈਂ ਬੌਂਦਲਿਆਂ ਘਬਰਾਇਆ ਕੁਝ ਗੁੰਮਨਾਮ, ਅਨਜਾਣ ਲੋਕਾਂ ਵੱਲੋਂ ਤੈਅ ਕੀਤੇ ਰਸਤੇ 'ਤੇ ਦੌੜ ਰਿਹਾ ਸਾਂ ਜੋ ਮੇਰੀ ਜ਼ਰੂਰਤ ਤਾਂ ਸੀ, ਪਰ ਮਰਜ਼ੀ ਨਹੀਂ; ਜਿਸ ਦੇ ਆਖਰੀ ਸਿਰੇ 'ਤੇ ਮੇਰੀ ਮੰਜ਼ਿਲੇ-ਮਕਸੂਦ ਸੀ।

ਆਪਣੀ ਜ਼ਿੰਦਗੀ ਦੇ ਨਿਵੇਕਲੇ ਅਨੁਭਵਾਂ ਨਾਲ ਦੋ ਚਾਰ ਹੁੰਦਿਆਂ ਮੈਂ ਅਤੇ ਲੋਪੋ 9 ਕੁ ਵਜੇ ਇਥੋਪੀਆ ਏਅਰਲਾਈਨ ਦੀਆਂ ਨਿਸ਼ਚਿਤ ਸੀਟਾਂ 'ਤੇ ਜਾ ਡਿੱਗੇ। ਸਭ ਕੁਝ ਇੰਨੀ ਰਫ਼ਤਾਰ ਨਾਲ ਹੋ ਰਿਹਾ ਸੀ ਕਿ ਦਿਮਾਗ ਸਾਥ ਦੇਣਾ ਬੰਦ ਕਰ ਗਿਆ। ਅੱਧੀਆਂ ਸੋਚਾਂ ਪਿਛੇ ਦੌੜ ਰਹੀਆਂ ਸਨ, ਅੱਧੀਆਂ ਅਗਾਂਹ। ਇਸ ਕਸ਼ਮਕਸ਼ ਵਿਚਕਾਰ ਫਸਿਆ, ਉਲਝਿਆ ਬਹੁਤ ਇਕੱਲ ਤੇ ਬੇਵਸੀ ਮਹਿਸੂਸ ਕਰ ਰਿਹਾ ਸਾਂ। ਆਪਣੀ ਜ਼ਿੰਦਗੀ ਤੋਂ ਆਪਣਾ ਇਖਤਿਆਰ ਮੁਕੰਮਲ ਤੌਰ 'ਤੇ ਗੁਆ ਬੈਠਾ ਸਾਂ। ਹਾਲਾਤ ਮੇਰੇ 'ਤੇ ਨਹੀਂ, ਮੈਂ ਹਾਲਾਤ ਉਤੇ ਨਿਰਭਰ ਸਾਂ।

ਹੁਣ ਇਹ ਰਾਜ਼ ਤਾਂ ਖੁੱਲ੍ਹ ਹੀ ਚੁੱਕਿਆ ਹੈ ਕਿ ਸਭ ਕੁਝ ਮੇਰੀਆਂ ਇੱਛਾਵਾਂ ਤੇ ਉਮੀਦਾਂ ਦੇ ਖਿਲਾਫ ਵਾਪਰ ਰਿਹਾ ਸੀ। ਕਦੀ ਵਾਰ ਦੁਆਵਾਂ ਵਿਚ ਵਿਦੇਸ਼ ਨਾ ਜਾਣ ਦੀ ਇੱਛਾ ਵੀ ਘੁੰਮ ਜਾਂਦੀ ਸੀ। ਕਈ ਸਾਲਾਂ ਤੋਂ ਵਿਦੇਸ਼ ਜਾਣ ਦੀਆਂ ਰਸਮੀ ਕੋਸ਼ਿਸ਼ਾਂ ਬਰਕਰਾਰ ਸਨ, ਪਰ ਕਦੀ ਕੁਝ ਨਹੀਂ ਹੋਇਆ। ਹੁਣ ਸਭ ਕੁਝ ਇਕ ਝਟਕੇ ਨਾਲ ਹੋ ਗਿਆ ਸੀ। ਇਸ ਨਾਗਵਾਰ ਹਾਦਸੇ ਤੋਂ ਹਾਲੇ ਤੱਕ ਉਭਰ ਨਹੀਂ ਸਕਿਆ, ਪਰ ਇਹ ਸੱਚ ਵੀ ਆਪਣੀ ਜਗ੍ਹਾ ਕਾਇਮ ਸੀ ਕਿ ਲਗਭਗ ਬਰਬਾਦ ਵਰਤਮਾਨ ਲਈ ਮੇਰੇ ਕੋਲ ਹੋਰ ਕੋਈ ਰਸਤਾ ਵੀ ਨਹੀਂ ਸੀ। ਕੁਝ ਉਮਰ ਦਾ ਤਕਾਜ਼ਾ, ਕੁਝ ਜ਼ਿੰਦਗੀ ਤੋਂ ਗਫ਼ਲਤ, ਕੁਝ ਪ੍ਰੇਮ ਦੀ ਚੋਟ ਵਿਚ ਮੈਂ ਸਭ ਜ਼ਿੰਮੇਵਾਰੀਆਂ ਅਤੇ ਫਰਜ਼ਾਂ ਤੋਂ ਮੁੱਖ ਮੋੜ ਲੈਂਦਾ ਸਾਂ। ਕਦੇ ਕਦੇ ਇਨਸਾਨ ਜ਼ਿਆਦਾ ਹੀ ਖੁਦਗਰਜ਼ ਹੋ ਜਾਂਦਾ ਹੈ!

ਮੈਂ ਅਜਿਹੀ ਜ਼ਿੰਦਗੀ ਜੀ ਰਿਹਾ ਸਾਂ ਜਿਸ ਦੇ ਹਰ ਪਲ ਤੋਂ ਨਾਖੁਸ਼ ਸਾਂ, ਨਾਰਾਜ਼ ਸਾਂ, ਫਿਰ ਵੀ ਇਸ ਤੋਂ ਦੂਰ ਨਹੀਂ ਸੀ ਹੋਣਾ ਚਾਹੁੰਦਾ; ਕਿਉਂਕਿ ਸਿਰਫ਼ ਆਰਥਿਕ ਪੱਖ ਨੂੰ ਛੱਡ ਦਿੱਤਾ ਜਾਂਦਾ ਤਾਂ ਸਭ ਕੁਝ ਔਸਤਨ ਠੀਕ-ਠਾਕ ਚੱਲ ਰਿਹਾ ਸੀ। ਹਾਂ! ਮੇਰੀ ਪਹੁੰਚ ਰੋਜ਼ਮੱਰਾ ਦੇ ਥੋੜ੍ਹੇ ਬਿਹਤਰ ਕੰਮ-ਕਾਰ ਤੱਕ ਹੁੰਦੀ ਤਾਂ ਸ਼ਾਇਦ ਮੈਂ ਪੁੱਛਣਾ ਵੀ ਨਹੀਂ ਸੀ ਕਿ ਅਮਰੀਕਾ, ਇੰਗਲੈਂਡ ਕਿਸ ਚਿੜੀ ਦਾ ਨਾਂ ਹੈ! ਪਰ ਉਂਜ ਨਹੀਂ ਸੀ ਹੋਇਆ, ਸੋ ਹੁਣ ਇੰਜ ਹੋ ਰਿਹਾ ਸੀ। ਜਦੋਂ ਆਪਣਾ ਚਾਹਿਆ ਨਹੀਂ ਹੁੰਦਾ, ਉਦੋਂ ਅਣਚਾਹਿਆ ਹੀ ਹੁੰਦਾ ਹੈ। ਆਰਥਿਕ ਪੱਖੋਂ ਅਸਫਲ ਹੋਣ 'ਤੇ ਜੀਵਨ ਦੇ ਹੋਰ ਪੱਖ ਜ਼ਿਆਦਾਤਰ ਬੇਮਾਇਨੇ ਹੀ ਲੱਗਦੇ ਹਨ। ਮੈਂ ਖਾਲੀ ਹੱਥੀਂ ਜ਼ਿੰਦਗੀ ਦਾ ਸਾਥ ਨਹੀਂ ਸੀ ਨਿਭਾਅ ਸਕਦਾ, ਕਿਉਂਕਿ ਇਸ ਨਾਲ ਜੁੜੇ ਰਿਸ਼ਤਿਆਂ ਪ੍ਰਤੀ ਜਿਹੜੇ ਮੇਰੇ ਫਰਜ਼ ਤੇ ਜ਼ਿੰਮੇਵਾਰੀਆਂ ਸਨ, ਉਨ੍ਹਾਂ ਤੋਂ ਕਿੰਨਾ ਕੁ ਸਮਾਂ ਬੇਮੁਖ ਰਿਹਾ ਜਾ ਸਕਦਾ ਸੀ?

ਸੋ ਸੋਚਾਂ ਦੇ ਜਮਘਟ ਵਿਚੋਂ ਗੰਭੀਰ ਤੇ ਤਾਕਤਵਰ ਵਿਚਾਰ ਮੈਨੂੰ ਦਿਲਾਸਾ ਦੇ ਰਿਹਾ ਸੀ ਕਿ ਜੋ ਹੋ ਰਿਹਾ ਹੈ, ਮੇਰੇ ਤੇ ਰਿਸ਼ਤਿਆਂ ਲਈ ਬਿਹਤਰ ਹੀ ਹੋ ਰਿਹਾ ਹੈ। ਕਈ ਵਾਰ ਜਦੋਂ ਅਸੀਂ ਕੁਝ ਨਹੀਂ ਕਰ ਰਹੇ ਹੁੰਦੇ, ਉਦੋਂ ਵਕਤ ਕਈ ਕੁਝ ਕਰਨ ਦੀ ਜ਼ਿੰਮੇਵਾਰੀ ਆਪਣੇ ਤਰੀਕਿਆਂ ਨਾਲ ਖੁਦ ਉਠਾ ਲੈਂਦਾ ਹੈ। ਉਹ ਤਰੀਕੇ ਸਾਨੂੰ ਮਾਫਿਕ ਬੈਠਣ ਭਾਵੇਂ ਨਾ, ਇਸ ਨਾਲ ਵਕਤ ਨੂੰ ਕੋਈ ਫਰਕ ਨਹੀਂ ਪੈਂਦਾ। ਆਪਣੀ ਜ਼ਿੰਦਗੀ ਪ੍ਰਤੀ ਮੇਰੀ ਲੰਮੇਰੀ ਉਦਾਸੀਨਤਾ ਉਤੇ ਇਤਰਾਜ਼ ਜਤਾਉਂਦਿਆਂ ਹੁਣ ਖੁਦ ਵਕਤ ਨੇ ਸਖਤ ਠੋਸ ਕਦਮ ਉਠਾਉਣ ਦਾ ਫੈਸਲਾ ਕਰ ਲਿਆ ਸੀ ਸ਼ਾਇਦ!

ਮੇਰੀ ਮੰਜ਼ਿਲ ਯੂਰਪ (ਸਪੇਨ) ਸੀ, ਪਰ ਕਿਵੇਂ ਜਾਣਾ ਸੀ? ਕਦੋਂ ਤੱਕ ਪਹੁੰਚਣਾ ਸੀ?... ਮੈਨੂੰ ਕੋਈ ਇਲਮ ਨਹੀਂ ਸੀ। ਮੇਰੇ ਹੱਥਾਂ ਵਿਚ ਬਰਕੀਨਾ ਫਾਸੋ ਨਾਂ ਦੇ ਕਿਸੇ ਅਗਿਆਤ ਮੁਲਕ ਦੀ ਟਿਕਟ ਸੀ, ਰਸਤੇ ਵਿਚ ਦੋ ਜਗ੍ਹਾ ਸਟੇਅ ਵੀ ਸੀ। ਮੈਂ ਹੈਰਾਨ ਪਰੇਸ਼ਾਨ ਸਾਂ ਕਿ ਕਿਹੜੇ ਰਸਤੇ ਸਪੇਨ ਜਾ ਰਹੇ ਹਾਂ!

ਬਕੌਲ, ਮੇਰੇ ਏਜੰਟ ਮੇਜਰ ਸਿੰਘ, "ਦਿੱਲੀ ਤੋਂ ਅਫ਼ਰੀਕਾ, ਉਥੋਂ ਦੋ ਕੁ ਦਿਨ ਜੀਪਾਂ ਦਾ ਸਫ਼ਰ, ਫਿਰ ਮੋਰੱਕੋ ਤੋਂ ਠਾਹ ਸਪੇਨ।" ਉਹਦਾ ਕਹਿਣਾ ਅਤੇ ਹੋਣਾ ਕਿੰਨਾ ਸਰਲ ਲੱਗਿਆ ਸੀ।

ਜ਼ਿੰਦਗੀ ਦੀ ਪਹਿਲੀ ਹਵਾਈ ਯਾਤਰਾ ਰੋਮਾਂਚ ਪੈਦਾ ਕਰ ਰਹੀ ਸੀ। ਜਿਵੇਂ ਜਿਵੇਂ ਇਨਸਾਨ ਦੀ ਇਹ ਈਜਾਦ ਉਪਰ, ਹੋਰ ਉਪਰ ਉਠਦੀ ਗਈ; ਇਨਸਾਨ ਛੋਟੇ, ਹੋਰ ਛੋਟੇ ਹੁੰਦੇ ਗਏ। ਜਿਵੇਂ ਹਕੀਕਤ ਵਿਚ ਦੁਨੀਆ ਇਸ ਵਕਤ ਹੈ: ਇਨਸਾਨ ਤਰੱਕੀ ਕਰਦਾ ਜਾ ਰਿਹਾ ਹੈ, ਇਨਸਾਨੀਅਤ ਬੌਣੀ ਹੁੰਦੀ ਜਾ ਰਹੀ ਹੈ!

ਚਾਰ ਹੋਰ ਪੰਜਾਬੀ ਮੁੰਡੇ ਨੇੜੇ ਬੈਠੇ ਸਨ। ਜਾਣ-ਪਛਾਣ ਹੋਈ, ਹਲਕੀਆਂ-ਫੁਲਕੀਆਂ ਗੱਲਾਂ ਚਲਦੀਆਂ ਰਹੀਆਂ। ਇਨਸਾਨ ਦੀ ਬਣਾਈ ਚੀਜ਼ ਬੱਦਲਾਂ ਦੇ ਪਰਖਚੇ ਉਡਾਉਂਦੀ, ਹਵਾਵਾਂ ਨੂੰ ਆਪਣੇ ਜ਼ੋਰ ਨਾਲ ਚੀਰਦੀ, ਹੁੰਕਾਰਦੀ, ਉਡਦੀ ਜਾ ਰਹੀ ਸੀ।

ਕਾਫੀ ਕੁਝ, ਕਾਫੀ ਪਿੱਛੇ ਰਹਿ ਗਿਆ ਸੀ। ਮੇਰੀ ਜ਼ਿੰਦਗੀ ਵਿਚੋਂ ਮੇਰੇ ਸਰੀਰ ਅਤੇ ਦਿਮਾਗੀ ਤੌਰ 'ਤੇ ਮਹਿਜ਼ ਮੇਰੇ 25 ਫੀਸਦੀ ਹੀ ਮੇਰੇ ਨਾਲ ਸੀ। ਬਾਕੀ ਮੇਰੀ ਹਸਤੀ, ਮੇਰੇ ਵਜੂਦ ਨੂੰ ਵਿਸਤਾਰ, ਤਰਤੀਬ ਅਤੇ ਅਕਾਰ ਦੇਣ ਵਾਲੇ ਰਿਸ਼ਤੇ, ਘਰ, ਚੁਗਿਰਦਾ, ਬਚਪਨ, ਜਵਾਨੀ, 75 ਫੀਸਦੀ ਦੇ ਰੂਪ ਵਿਚ ਕਿਧਰੇ ਬਹੁਤ ਪਿਛੇ ਰਹਿ ਗਏ ਸਨ। ਹੁਣ ਖੁਦ ਨੂੰ ਫਿਰ 100 ਫ਼ੀਸਦੀ ਵੱਲ ਸਿਰਜਣਾ ਪੈਣਾ ਸੀ। ਫਿਰ ਨਵੇਂ ਸਿਰਿਓਂ ਆਪਣਾ 75 ਫੀਸਦੀ ਲੱਭਣਾ ਸੀ, ਸਮੇਟਣਾ ਸੀ, ਪਰ ਰਿਸ਼ਤੇ, ਪਿਆਰ, ਮਿੱਟੀ, ਯਾਦਾਂ, ਮੋਹ... ਆਦਿਕ ਜੋ ਸਾਡੇ ਦਿਲ ਦਿਮਾਗ ਵਿਚ ਸਦੀਵੀ ਰਹਿੰਦੇ ਨੇ, ਮੇਰਾ 50 ਫੀਸਦੀ ਤਾਂ ਸਿਰਫ਼ ਤੇ ਸਿਰਫ਼ ਉਨ੍ਹਾਂ ਦੀ ਮਲਕੀਅਤ ਸੀ। ਫਿਰ ਇਸ ਦਾ ਸਾਫ਼ ਮਤਲਬ ਸੀ, ਮੈਂ ਖੁਦ ਨੂੰ ਕਿੰਨਾ ਵੀ ਫੈਲਾਅ ਲਵਾਂ, ਪਰ 50 ਫ਼ੀਸਦੀ ਤੋਂ ਜ਼ਿਆਦਾ ਨਹੀਂ ਸੀ ਫੈਲਾਅ ਸਕਦਾ, ਤੇ ਨਾ ਹੀ ਖੁਦ ਨੂੰ ਇਸ ਤੋਂ ਜ਼ਿਆਦਾ ਦੀ ਇਜਾਜ਼ਤ ਦੇ ਸਕਦਾ ਸੀ। ਹੁਣ ਖੌਰੇ ਖੁਦ ਨੂੰ ਅੱਧੇ ਵਜੂਦ ਦੇ ਤੌਰ 'ਤੇ ਕਦੋਂ ਤੱਕ ਜਿਉਂਦੇ ਰੱਖਣਾ ਪੈਣਾ ਸੀ! ਖੌਰੇ ਕਦੋਂ ਆਪਣੇ ਬਾਕੀ ਅੱਧੇ ਵਜੂਦ ਨਾਲ ਦੁਬਾਰਾ ਮਿਲਣਾ ਸੀ ਤੇ ਸੰਪੂਰਨ ਹੋਣਾ ਸੀ।

ਜ਼ਿਹਨ ਵਿਚ ਆਉਣ ਵਾਲੇ ਅਤੇ ਗੁਜ਼ਾਰੇ ਹੋਏ ਦਿਨਾਂ ਬਾਰੇ ਸੋਚਾਂ ਦੀ ਤੱਕੜੀ ਨਾਲ ਨਾਪ ਤੋਲ ਚੱਲ ਰਿਹਾ ਸੀ ਕਿ ਮੈਂ ਗੁਆ ਕੇ ਜ਼ਿਆਦਾ ਜਾ ਰਿਹਾ ਹਾਂ, ਜਾਂ ਫਿਰ ਆਉਣ ਵਾਲਾ ਕੱਲ੍ਹ ਮੈਨੂੰ ਜ਼ਿਆਦਾ ਦੇਵੇਗਾ।

ਦਰਅਸਲ ਆਉਂਦੇ ਕੱਲ੍ਹ ਦਾ ਫਿਕਰ ਤੇ ਗੁਜ਼ਾਰੇ ਕੱਲ੍ਹ ਦਾ ਜ਼ਿਕਰ ਹੀ ਸਾਡੇ ਅੱਜ ਨੂੰ ਪ੍ਰਭਾਵਿਤ ਕਰਦਾ ਰਹਿੰਦਾ ਹੈ। ਆਉਂਦੇ ਕੱਲ੍ਹ ਦੇ ਗਰਭ ਵਿਚ ਕੀ ਛੁਪਿਆ ਹੈ, ਇਹ ਤਾਂ ਵਕਤ ਹੀ ਦੱਸੇਗਾ। ਘਰ ਦੀ ਖਾਤਿਰ ਹੀ ਘਰ ਤੋਂ ਦੂਰ ਜਾਣਾ ਪੈ ਰਿਹਾ ਸੀ। ਉਦਾਸ ਨੇਤਰ ਖਿੜਕੀ ਤੋਂ ਬਾਹਰ ਟਿਕੇ ਸੀ। ਆਪਣੀ ਧਰਤੀ ਤੋਂ ਦੂਰ ਹੁੰਦੇ ਜਾ ਰਹੇ ਸਾਂ। ਖ਼ਬਰੇ ਫਿਰ ਕਦੋਂ ਨਸੀਬਾਂ ਵਿਚ ਹੋਣਾ ਸੀ, ਇਸ ਮਿੱਟੀ ਨੂੰ ਚੁੰਮ ਕੇ ਮੱਥੇ ਨਾਲ ਲਾਉਣਾ!

ਕੁਝ ਕੁ ਮੂੰਹ-ਜ਼ੋਰ, ਅੱਥਰੇ ਪਲ ਹੀ ਇੰਨੇ ਜ਼ਾਲਿਮ, ਨਿਰਦਈ ਹੋ ਨਿਬੜਦੇ ਨੇ ਕਿ ਨਿਸ਼ਚਿਤ, ਸੁੱਖ-ਸਵੀਲੀ ਵਸਦੇ ਹਕੀਕੀ ਜੀਵਨ ਦੇ ਸਮੂਹਾਂ ਨੂੰ ਪਲਕ ਝਪਕਦਿਆਂ ਰੋਲ ਕੇ, ਖੇਰੂੰ ਖੇਰੂੰ ਕਰ ਕੇ ਲੰਘ ਜਾਂਦੇ ਹਨ। ਚੰਦ ਕੁ ਵਿਨਾਸ਼ਕਾਰੀ ਲਮਹੇਂ, ਕਈ ਹਿੰਦਸਿਆਂ-ਦਹਾਕਿਆਂ ਵਿਚ ਖਿੱਲਰੇ ਪਸਰੇ ਜੀਵਨ ਨੂੰ ਪਲਾਂ ਵਿਚ ਤਬਾਹ ਕਰਨ ਦੀ ਜੁਰਅਤ ਰੱਖਦੇ ਨੇ। ਫਿਰ ਸਾਡਾ ਤਾਂ ਕੁਝ ਵੀ ਨਹੀਂ ਸੀ ਪਤਾ, ਮੁੜ ਕਦੋਂ ਵਤਨਾਂ ਨੂੰ, ਘਰਾਂ ਨੂੰ ਮੋੜੇ ਪਾਉਣੇ ਸਨ! ਉਦੋਂ ਤੱਕ ਤਾਂ ਖਬਰੇ ਕਿੰਨੇ ਅਸਮਾਨ ਪਲਟ ਜਾਣੇ ਸਨ।

*(ਚਲਦਾ)*

ਕਹਾਣੀ

# ਘਰ

**ਸਿਮਰਨ ਧਾਲੀਵਾਲ ਨਵੀਂ ਪੀੜ੍ਹੀ ਦਾ ਕਥਾਕਾਰ ਹੈ। ਇਹ ਉਹ ਪੀੜ੍ਹੀ ਹੈ ਜਿਸ ਦਾ ਸਬੰਧ ਪਿਛਲੀ ਤੇ ਅਗਲੀ, ਦੋਹਾਂ ਪੀੜ੍ਹੀਆਂ ਨਾਲ ਡੂੰਘਾ ਜੁੜਿਆ ਹੋਇਆ ਹੈ। ਉਸ ਦੇ ਦੋ ਕਹਾਣੀ ਸੰਗ੍ਰਹਿ 'ਆਸ ਅਜੇ ਬਾਕੀ ਹੈ' ਅਤੇ 'ਉਸ ਪਲ' ਛਪ ਚੁੱਕੇ ਹਨ। 'ਘਰ' ਕਹਾਣੀ ਵਿਚ ਲਿਖਾਰੀ ਨੇ ਦੋ ਪੀੜ੍ਹੀਆਂ ਦੀ ਬਾਤ ਇਕੋ ਸਾਹੇ ਸੁਣਾਈ ਹੈ। ਇਸ ਵਿਚ ਔਰਤ ਦੀ ਹੋਣੀ ਨਾਲ ਨਿੱਤ ਦਿਨ ਹੁੰਦੀ ਅਣਹੋਣੀ ਜੁੜੀ ਹੋਈ ਹੈ। ਇਹ ਕਹਾਣੀ ਪੜ੍ਹਦਿਆਂ ਲੱਗਦਾ ਹੈ ਕਿ ਕਿਸੇ ਨੇ ਤੁਹਾਡੀ ਕਿਸੇ ਦੁਖਦੀ ਰਗ ਉਤੇ ਹੱਥ ਧਰ ਦਿੱਤਾ ਹੈ। -ਸੰਪਾਦਕ**

ਮੈਨੂੰ ਤੀਜਾ ਦਿਨ ਹੈ, ਘਰ ਪਹੁੰਚੇ ਨੂੰ। ਤਿੰਨਾਂ ਦਿਨਾਂ 'ਚ ਬਾਪੂ ਕਈ ਵਾਰ ਫਿਸ ਚੁੱਕਿਆ। ਜ਼ਰਾ ਜਿੰਨੀ ਕੋਈ ਗੱਲ ਛਿੜਦੀ, ਉਹ ਗ਼ਲਾ ਭਰ ਆਉਂਦਾ। ਬਾਪੂ ਦੀਆਂ ਅੱਖਾਂ ਵਿਚ ਆਏ ਹੰਝੂ ਮੈਨੂੰ ਬਹੁਤ ਅਜੀਬ ਲੱਗਦੇ ਨੇ। ਮੇਰਾ ਦਿਲ ਕਰਦਾ, ਬਾਪੂ ਨੂੰ ਕਹਾਂ- ਹੁਣ ਬੱਸ ਵੀ ਕਰ। ਐਵੇਂ...।

ਪਰ 'ਪਖੰਡ' ਸ਼ਬਦ ਵਰਤਣਾ ਮੈਨੂੰ ਔਖਾ ਲਗਦਾ।



ਸਿਮਰਨ ਧਾਲੀਵਾਲ
ਫੋਨ: 91-94632-15168

ਹਰ ਵਾਰ ਮੇਰੀਆਂ ਅੱਖਾਂ ਅੱਗੇ ਚਾਰ ਸਾਲ ਪਹਿਲਾਂ ਵਾਲਾ ਬਾਪੂ ਆਣ ਖੜ੍ਹਦਾ।...ਤੇ ਮੇਰੇ ਜ਼ਿਹਨ ਵਿਚ ਵੀਹ ਸਾਲ ਤੋਂ ਵਸੀ ਤਸਵੀਰ ਸਾਹਮਣੇ ਹੰਝੂ ਕੇਰਦਾ ਬਾਪੂ, ਮੈਨੂੰ ਕੋਈ ਹੋਰ ਜਾਪਣ ਲੱਗਦਾ। ਮੈਂ ਸੋਚਦਾਂ, ਉਹ ਇੰਜ ਕਿਵੇਂ ਬਦਲ ਸਕਦਾ? ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ਉਹ ਮੈਨੂੰ, ਮੇਰੇ ਘਰੋਂ ਤੁਰਨ ਵੇਲ਼ੇ ਲੱਗਿਆ ਸੀ।

ਬੇਬੇ ਕੋਲੋਂ ਆਪਣੇ ਹੰਝੂ ਨਹੀਂ ਸੀ ਰੁਕ ਰਹੇ।

"ਰੋਟੀ ਜੋਗਾ ਕੀ ਨਹੀਂ ਹੈਗਾ ਆਪਣੇ ਕੋਲ?"

ਉਹ ਕਈ ਦਿਨ ਕਲਪਦੀ ਰਹੀ ਸੀ, ਪਰ ਬਾਪੂ ਇੰਨੀ ਗੱਲ ਸੁਣਦਿਆਂ ਭੜਕ ਪੈਂਦਾ।

"ਤੇਰੇ ਵੱਸ ਹੋਵੇ ਨਾ...। ਸੋਹੀਆਂ ਦੀ ਝੰਡੀ ਕਰਨੀ ਏ ਪਿੰਡ 'ਚ। ਲੰਡੀ ਬੁੱਚੀ ਨਹੀਂ ਮੈਂ ਕੋਈ। ਇਹਨੂੰ ਬੱਸ ਰੋਟੀ ਦਿਸਦੀ।"

ਸੇਠੀ ਏਜੰਟ ਨਾਲ ਕਿਸੇ ਵੀ ਤਰ੍ਹਾਂ 'ਵਾਧਾ-ਘਾਟਾ' ਕਰ ਕੇ ਬਾਪੂ ਨੇ ਮੈਨੂੰ ਆਸਟਰੇਲੀਆ ਤੋਰ ਦਿੱਤਾ। ਘਰੋਂ ਤੁਰਨ ਵੇਲੇ ਮੈਂ ਬੇਬੇ ਨੂੰ ਚਿੰਬੜ ਕੇ ਕਿੰਨੀ ਹੀ ਦੇਰ ਤੀਕ ਰੋਂਦਾ ਰਿਹਾ। ਗੱਡੀ 'ਚ ਬੈਠਣ ਵੇਲੇ ਝੁਕ ਕੇ ਬਾਪੂ ਦੇ ਪੈਰੀਂ ਹੱਥ ਲਾਉਣ ਲੱਗਿਆ ਤਾਂ ਉਹਨੇ ਮੇਰਾ ਹੱਥ ਫੜ ਕੇ ਅੱਖਾਂ ਵਿਚ ਝਾਕਦੇ ਹੋਏ ਕਿਹਾ ਸੀ, "ਬੁੜ੍ਹੀਆਂ ਵਾਂਗੂੰ ਡੁਸਕੇ ਨਾ ਲਾਈ ਜਾਈਂ ਹੁਣ ਉਥੇ ਜਾ ਕੇ। ਰੁੱਗ ਰੁਪਈਆਂ ਦਾ ਲੱਗਿਆ। ਚੇਤਾ ਰੱਖੀਂ।"

ਏਅਰਪੋਰਟ ਤੀਕ ਜਾਂਦਿਆਂ ਮੈਂ ਬਾਪੂ ਦੀ ਏਸੇ ਗੱਲ ਬਾਰੇ ਸੋਚਦਾ ਰਿਹਾ ਸੀ।

ਕਾਸ਼! ਬਾਪੂ ਨੇ ਕਿਹਾ ਹੁੰਦਾ, "ਭੋਲਿਆ ਆਪਣਾ ਖਿਆਲ ਰੱਖੀਂ। ਖਾਣ-ਪੀਣ ਤੋਂ ਘੌਲ ਨਾ ਕਰੀਂ। ਕਮਾਈਆਂ ਨਾਲ ਵੀ ਰੱਜਿਆ ਕਦੀ ਬੰਦਾ!"

ਪਰ ਮੈਂ ਜਾਣਦਾ ਸੀ, ਬਾਪੂ ਤਾਂ ਇੰਜ ਦਾ ਕਦੀ ਵੀ ਨਹੀਂ ਸੀ। ਫਿਰ ਉਹ ਜਿਸ ਨੂੰ ਮੈਂ ਤਿੰਨ ਦਿਨਾਂ ਤੋਂ ਦੇਖ ਰਿਹਾਂ...।

ਬਾਪੂ ਦਾ ਇਹ ਰੂਪ ਮੇਰੀ ਸਮਝੋਂ ਬਾਹਰ ਸੀ।

ਇਨ੍ਹਾਂ ਤਿੰਨਾਂ ਦਿਨਾਂ 'ਚ ਬਾਪੂ ਦੇ ਕਈ ਰੂਪ ਮੇਰੇ ਸਾਹਮਣੇ ਉਭਰੇ। ਹਰ ਰੂਪ ਵਿਚ ਉਹ ਮੈਨੂੰ ਪਹਿਲਾਂ ਨਾਲੋਂ ਵੀ ਵੱਧ ਅਜੀਬ ਲੱਗਿਆ। ਮੈਂ ਇੰਨੇ ਸਾਲਾਂ ਤੋਂ ਉਸ ਦੇ ਇਨ੍ਹਾਂ ਰੂਪਾਂ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਰਿਹਾ, ਪਰ ਉਸ ਦਾ ਕੋਈ ਵੀ ਰੂਪ ਮੇਰੇ ਕਦੀ ਸਮਝ ਨਹੀਂ ਸੀ ਆਇਆ।

ਤੇ ਉਸ ਨੂੰ ਇੰਜ ਹੰਝੂ ਕੇਰਦਿਆਂ ਦੇਖ ਕੇ।

ਇਕ ਪਲ ਲਈ ਮੇਰਾ ਮਨ ਬਾਪੂ ਲਈ ਤਰਸ ਨਾਲ ਭਰ ਜਾਂਦਾ, ਪਰ ਉਸੇ ਪਲ ਬਾਪੂ ਕਿਸੇ ਹੋਰ ਰੂਪ ਵਿਚ ਮੇਰੀਆਂ ਅੱਖਾਂ ਅੱਗੇ ਆਣ ਖੜ੍ਹਦਾ।

"ਤੂੰ ਤਾਂ ਮੇਰੇ ਜੋਗੀ ਹੀ ਰੱਖੀ ਸੀ। ਘਾਟੇ ਦਾ ਘਰ। ਕਦੀ ਕਿਹਾ ਵੀ ਏ ਤੂੰ ਕਿ ਠੀਕ ਆਂ ਮੈਂ। ਚੱਤੋ-ਪਹਿਰ ਕੁਝ ਨਾ ਕੁਝ ਦੁਖਦਾ ਹੀ ਰਹਿੰਦਾ ਤੇਰਾ। ਮੱਲ੍ਹੇ ਕੋਲੋਂ ਦਾਰੂ ਲਿਆ ਕੇ ਪਾ ਲੈ।"

ਮੈਂ ਪਹਿਲੀ ਤਨਖਾਹ 'ਚੋਂ ਖਰਚੇ ਜੋਗੇ ਪੈਸੇ ਰੱਖ ਕੇ ਬਾਕੀ ਸਾਰੇ ਬਾਪੂ ਨੂੰ ਭੇਜ ਦਿੱਤੇ ਸੀ।

ਪਰ ਬਾਪੂ ਬੇਬੇ ਦੀਆਂ ਅੱਖਾਂ ਦਾ ਓਪਰੇਸ਼ਨ ਕਰਾਉਣ ਲਈ ਨਹੀਂ ਸੀ ਮੰਨਿਆ।

"ਜੀਆਂ ਨਾਲੋਂ ਪੈਸਾ ਤਾਂ ਨਹੀਂ ਚੰਗਾ। ਚੜ੍ਹੇ ਮਹੀਨੇ ਮੈਂ ਇੰਨੇ ਹੀ ਹੋਰ ਪਾ ਦਊਂ।"

ਪਰ ਮੇਰੀ ਗੱਲ ਪੂਰੀ ਨਹੀਂ ਸੀ ਹੋਈ। ਮੈਨੂੰ ਲੱਗਿਆ, ਜੇ ਕਿਤੇ ਮੈਂ ਫੋਨ ਦੀ ਥਾਂ ਸਾਹਮਣੇ ਹੁੰਦਾ, ਬਾਪੂ ਮੇਰੇ ਮੂੰਹ 'ਤੇ ਤਾੜ ਕਰਦਾ ਥੱਪੜ ਮਾਰਦਾ।

"ਸਾਲਿਆ ਜੰਮ ਮੁਕਿਆ ਨਹੀਂ, ਪਿਉ ਨੂੰ ਮੱਤਾਂ ਦਿਨਾਂ। ਅੰਨ੍ਹੀ ਤਾਂ ਨਈਂ ਹੋ ਗਈ ਉਹ। ਮੇਰੇ ਨਾਲ ਬਕਵਾਸ ਕਰਨ ਦੀ ਲੋੜ ਨਹੀਂ।"

ਬਾਪੂ ਨੇ ਫੋਨ ਕੱਟ ਦਿੱਤਾ ਸੀ।

ਮੇਰੇ ਸਾਹਮਣੇ ਬੇਬੇ ਖੜ੍ਹੀ ਸੀ। ਲਾਚਾਰ ਜਿਹੀ ਹਰ ਚੀਜ਼ ਨੂੰ ਤਰਸਦੀ।

ਅਸੀਂ ਦੋਵੇਂ ਭੈਣ ਭਰਾ ਸਕੂਲ ਪੜ੍ਹਦੇ ਸੀ। ਬੇਬੇ ਜਦ ਵੀ ਕੁਝ ਖਰੀਦਦੀ, ਬਾਪੂ ਤੋਂ ਪਰਦਾ ਰੱਖਦੀ।

"ਵੇ ਨਿੱਕਿਆ...ਤੇਰੀ ਜ਼ੁਬਾਨ ਨਹੀਂ ਖਲੋਂਦੀ ਹੁੰਦੀ। ਐਂਵੇਂ ਨਾ ਆਪਣੇ ਬਾਪੂ ਕੋਲੇ...।"

ਤੇ ਬਾਪੂ ਅੱਗੇ ਚੁਪ ਰਹਿੰਦਾ-ਰਹਿੰਦਾ ਮੈਂ ਵੱਡਾ ਹੋ ਕੇ ਵੀ ਬਾਪੂ ਕੋਲੋਂ ਦੂਰ ਹੋ ਗਿਆ ਸੀ।

ਅਸੀਂ ਆਪਸ ਵਿਚ ਮੂਲ ਦਾ ਹੀ ਬੋਲਦੇ।

"ਬੱਚਿਆਂ 'ਤੇ ਅਸਰ ਤਾਂ ਫਿਰ ਪੈਣਾ ਈ ਆ। ਜਦ ਹਰ ਵੇਲੇ...।" ਮੇਰੀ ਮਾਸੀ ਬਾਪੂ ਦੇ ਕਲੇਸ਼ ਦੀਆਂ ਗੱਲਾਂ ਕਰਿਆ ਕਰਦੀ ਸੀ, ਪਰ ਬਾਪੂ 'ਤੇ ਔਲਾਦ ਦੇ ਵੱਡੀ ਹੋਣ ਦਾ ਵੀ ਕੋਈ ਅਸਰ ਨਹੀਂ ਸੀ।

"ਹੁਣ ਤਾਂ ਧੀ ਵੀ ਵਿਆਹੀ ਗਈ। ਖਬਰੈ ਹੁਣ ਈ...।"

ਬੇਬੇ ਨੂੰ ਬਾਪੂ ਦੇ ਸੁਭਾਅ ਦੇ ਬਦਲ ਜਾਣ ਦੀ ਉਮੀਦ ਸੀ, ਪਰ ਬਾਪੂ ਤਾਂ...।

ਸ਼ਾਮ ਨੂੰ ਦੋ-ਤਿੰਨ ਜਣੇ ਦਰਵਾਜ਼ੇ ਨਾਲ ਦੀ ਬੈਠਕ ਵਿਚ ਬੈਠੇ ਹੁੰਦੇ। ਬੇਬੇ ਸਾਨੂੰ ਰੋਟੀ ਖਵਾ ਕੇ, ਚੁਲ੍ਹੇ ਅੱਗੇ ਬੈਠੀ ਬਾਪੂ ਦੇ ਰੋਟੀ ਖਾਣ ਦੀ ਉਡੀਕ ਕਰਦੀ ਰਹਿੰਦੀ। ਸਿਆਲ ਦੀ ਰੁੱਤੇ ਲੋਕ ਅੱਧੀ ਨੀਂਦ ਪੂਰੀ ਕਰ ਲੈਂਦੇ ਜਦ ਬੇਬੇ, ਬਾਪੂ ਤੇ ਉਹਦੇ ਬੇਲੀਆਂ ਲਈ ਰੋਟੀ ਪਕਾਉਂਦੀ। ਜਦ ਬਾਪੂ ਘਰ ਹੁੰਦਾ, ਅਸੀਂ ਦੋਨੋਂ ਭੈਣ-ਭਰਾ ਉਚੀ ਸਾਹ ਨਾ ਲੈਂਦੇ। ਜਦ ਕਦੀ ਬਾਪੂ ਬੇਬੇ ਨਾਲ ਝਗੜਨ ਲਗਦਾ, ਅਸੀਂ ਦੋਨੋਂ ਜਣੇ ਅੰਦਰ ਵੜ ਕੇ ਰੋਣ ਲੱਗਦੇ। ਬਾਪੂ ਰੋਟੀ ਵਾਲੀ ਥਾਲੀ ਦੂਰ ਵਗ੍ਹਾ ਮਾਰਦਾ ਤੇ ਬੇਬੇ ਨੂੰ ਵਾਲਾਂ ਤੋਂ ਫੜ ਲੈਂਦਾ।

"ਸਾਲੀ ਗੰਦੇ ਖਾਨਦਾਨ ਦੀ। ਬੰਦੇ ਨੇ ਇਕ ਰੋਟੀ ਖਾਣੀ ਹੁੰਦੀ ਸਾਰੀ ਦਿਹਾੜੀ ਖਪ ਕੇ। ਉਹ ਵੀ ਨਹੀਂ ਜੁੜਦੀ ਚੱਜ ਨਾਲ।"

ਤਵੇ 'ਤੇ ਪਈ ਰੋਟੀ ਮੱਚ ਕੇ ਕੋਲਾ ਬਣ ਜਾਂਦੀ।

"ਵੀਹ ਵਾਰ ਕਿਹਾ ਰੋਟੀ ਤੱਤੀ ਲਿਆਇਆ ਕਰ।"

ਬੁੜ-ਬੁੜ ਕਰਦਾ ਬਾਪੂ ਅੰਦਰ ਵੜ ਜਾਂਦਾ। ਮੱਚੀ ਹੋਈ ਰੋਟੀ ਵੱਲ ਦੇਖਦੀ ਬੇਬੇ ਆਪਣੀ ਹਰ ਵੇਲੇ ਧੁਖਦੀ ਰਹਿੰਦੀ ਜ਼ਿੰਦਗੀ ਬਾਰੇ ਸੋਚ-ਸੋਚ ਹੰਝੂ ਕੇਰਦੀ। ਸਾਨੂੰ ਦੋਹਾਂ ਭੈਣ-ਭਰਾਵਾਂ ਨੂੰ ਨਾਲ ਘੁੱਟ ਕੇ ਸੌਣ ਦੀ ਕੋਸ਼ਿਸ਼ ਕਰਦੀ, ਪਰ ਮੈਂ ਸਾਰੀ ਉਮਰ ਉਹਦੀਆਂ ਅੱਖਾਂ ਵਿਚ ਚੈਨ ਦੀ ਨੀਂਦ ਨਹੀਂ ਸੀ ਦੇਖੀ।

ਮੈਂ ਆਪਣੇ ਮਾਮੇ ਦੇ ਮੁੰਡੇ ਨੂੰ ਪੈਸੇ ਭੇਜ ਕੇ ਬੇਬੇ ਦਾ ਓਪਰੇਸ਼ਨ ਕਰਵਾਉਣ ਲਈ ਆਖਿਆ ਸੀ। ਉਹ ਜਦੋਂ ਬੇਬੇ ਨੂੰ ਲੈਣ ਆਇਆ, ਉਹਨੇ ਓਪਰੇਸ਼ਨ ਵਾਲੀ ਗੱਲ ਬਾਪੂ ਨੂੰ ਨਹੀਂ ਸੀ ਦੱਸੀ।

"ਲੈ ਜਾ ਭਾਈ! ਪੇਕੇ ਲੈਣ ਆਏ, ਮੈਂ ਕੌਣ ਹੁੰਦਾਂ ਰੋਕਣ ਵਾਲਾ।"

ਬੇਬੇ ਗੁਆਂਢਣ ਤਾਈ ਨੂੰ ਰੋਟੀ ਦਾ ਪੱਕਾ ਕਰ ਕੇ ਗਈ ਸੀ।

ਓਪਰੇਸ਼ਨ ਮਗਰੋਂ ਜਦੋਂ ਬੇਬੇ ਪਿੰਡ ਆਈ, ਤਾਈ ਬਾਪੂ ਦੀ ਕਥਾ ਛੇੜ ਕੇ ਬੈਠ ਗਈ।

"ਭਾਈ ਰੋਟੀ ਤਾਂ ਦਿੰਦੀ ਜੇ ਤੇਰਾ ਸਾਊ ਵੇਲੇ ਸਿਰ ਘਰ ਮੁੜਦਾ। ਦਸ-ਦਸ ਬੰਦੇ ਬਿਠਾ ਛੱਡਦਾ ਸੀ। ਮੈਂ ਤਾਂ ਪਹਿਲੇ ਦਿਨ ਹੀ ਡਿਉੜੀ 'ਚੋਂ ਮੁੜ ਗਈ ਸੀ। ਸ਼ਰਾਬੀ ਬੰਦੇ ਨਾਲ ਕਾਹਦਾ ਚੱਜ।"

ਤੇ ਬਾਪੂ ਆਪਣੇ ਸਾਰੇ ਚੱਜ ਭੁੱਲ ਗਿਆ ਸੀ। ਉਹ ਬੇਬੇ ਨਾਲ ਓਪਰੇਸ਼ਨ ਪਿੱਛੋਂ ਉਖੜਿਆ ਫਿਰਦਾ ਸੀ।

"ਜਗਤਾਰ ਸਿਹੁੰ ਸੋਹੀ ਨਾਂ ਏ ਮੇਰਾ। ਸਿਰ ਸੁਆਹ ਪਾ ਦਿੱਤੀ ਮੇਰੇ। ਮੈਥੋਂ 'ਲਾਜ ਨਾ ਹੁੰਦਾ ਤੇਰਾ। ਪੁੱਤ ਮੇਰਾ ਦੋਹੀਂ ਹੱਥੀਂ ਨੋਟ 'ਕੱਠੇ ਕਰਦਾ।"

ਪਰ ਬਾਪੂ ਨੇ ਕਦੀ ਨਹੀਂ ਸੀ ਸੋਚਿਆ ਕਿ ਦੋਹਾਂ ਹੱਥਾਂ ਨਾਲ ਨੋਟ ਕਿੱਦਾਂ 'ਕੱਠੇ ਹੁੰਦੇ ਨੇ। ਉਹਨੇ ਕਦੀ ਮੈਨੂੰ ਮੇਰਾ ਹਾਲ ਨਹੀਂ ਸੀ ਪੁੱਛਿਆ। ਹਮੇਸ਼ਾ ਕੰਮ-ਕਾਰ ਦਾ ਪੁਛਦਾ।

ਪਰ ਹੁਣ ਉਹੀ ਬਾਪੂ ਮੈਨੂੰ ਤਿੰਨ ਦਿਨਾਂ ਵਿਚ ਤੀਹ ਵਾਰ ਆਖ ਚੁੱਕਿਆ, "ਭੋਲਿਆ ਹੁਣ ਨਹੀਂ ਜਾਣ ਦੇਣਾ ਮੈਂ ਤੈਨੂੰ। ਵਿਆਹ ਦੀ ਤੇਰੀ ਉਮਰ ਟੱਪਦੀ ਜਾਂਦੀ। ਤੇਰੇ ਹਾਣੀ ਦੋ-ਦੋ ਜਵਾਕ ਚੁੱਕੀ ਫਿਰਦੇ।"

ਬੇਬੇ ਨੇ ਵੀ ਤਾਂ ਪਤਾ ਨਹੀਂ ਕਿੰਨੀ ਕੁ ਵਾਰ ਕਹੀ ਸੀ ਇਹ ਗੱਲ ਮੈਨੂੰ। ਉਹ ਫੋਨ ਉਤੇ ਹੀ ਮਨ ਭਰ ਆਉਂਦੀ।

"ਮੈਂ ਤਾਂ ਜਿਵੇਂ ਸੁੱਖ ਲਿਖਾ ਕੇ ਹੀ ਨਹੀਂ ਆਈ। ਧੀ ਵਿਆਹ ਕੇ ਆਪਣੇ ਘਰ ਤੋਰ 'ਤੀ। ਪੁੱਤ ਪਰਦੇਸੀਂ ਰੁਲਦਾ ਫਿਰਦਾ।"

ਪਰਦੇਸੀਂ ਰੁਲਣ ਨੂੰ ਕਿਸ ਦਾ ਦਿਲ ਕਰਦਾ ਸੀ, ਪਰ ਮੇਰੀ ਤੇ ਬਾਪੂ ਦੀ ਬਣ ਨਾ ਆਉਂਦੀ।

ਉਹਨੂੰ ਕਿਸੇ ਗੱਲ ਦੀ ਲੱਥੀ ਚੜ੍ਹੀ ਨਹੀਂ ਸੀ। ਨਿਤ ਦਾਰੂ ਪੀਂਦਾ ਤੇ ਪੀ ਕੇ ਗਾਲ੍ਹ ਬਿਨਾਂ ਗੱਲ ਨਾ ਕਰਦਾ। ਬੁੜ੍ਹੇ ਵਾਰੇ ਵੀ ਬੇਬੇ ਨਾਲ ਧੌਲ਼-ਧੱਫਾ ਕਰਨ ਲੱਗਦਾ। ਇਨ੍ਹਾਂ ਗੱਲਾਂ ਪਿੱਛੇ ਸਾਡੇ ਵਿਚ ਝਗੜਾ ਹੋ ਜਾਂਦਾ।



ਇਕ ਵਾਰ ਬਾਪੂ ਘਰ ਛੱਡ ਕੇ ਮੋਟਰ 'ਤੇ ਜਾ ਬੈਠਾ।

ਵਿਹੜੇ 'ਚੋਂ ਕਿਸੇ ਕੁੜੀ ਨੂੰ ਰੋਟੀ ਪਕਾਉਣ ਲਈ ਲਾ ਲਿਆ।

ਉਹਦੀ ਸ਼ਰਮ ਹੋਰ ਚੁੱਕੀ ਗਈ।

"ਭਾਈਆ ਇਉਂ ਠੀਕ ਨਹੀਂ ਲੱਗਦਾ। ਕੁੜਮਾਂ ਵਾਲਾਂ ਤੂੰ ਸੁੱਖ ਨਾਲ। ਹੋਰ ਸਾਲ ਨੂੰ ਨੂੰਹ ਆ ਜੂ ਘਰੇ। ਟੱਬਰ ਤੋਂ ਪਾਸੇ...।" ਮਾਮਾ ਬਾਪੂ ਨੂੰ ਸਮਝਾਉਣ ਲਈ ਆਇਆ ਸੀ।

"ਮੈਂ ਕਿਹੜਾ ਲੱਲੀ-ਛੱਲੀ ਆਂ ਫੌਜੀਆ! ਜਦ ਟੱਬਰ ਕਦਰ ਹੀ ਨਾ ਕਰੇ...ਦੁਨੀਆਂ ਪੀਂਦੀ-ਖਾਂਦੀ ਨਹੀਂ?"

ਮਾਮੇ ਦੇ ਸਮਝਾਇਆਂ ਵੀ ਬਾਪੂ ਘਰ ਨਹੀਂ ਸੀ ਆਇਆ।

ਲੋਕ ਘਰ ਆ ਕੇ ਦੱਸਦੇ। ਕਹਿੰਦੇ, "ਜਗਤਾਰ ਸਿਹੁੰ ਕਹਿੰਦਾ, ਮੈਂ ਜ਼ਮੀਨ ਦਾਨ ਕਰ ਦੇਣੀ ਗੁਰਦੁਆਰੇ ਨੂੰ।"

ਐਸੀਆਂ ਗੱਲਾਂ ਸੁਣ ਕੇ ਬੇਬੇ ਹੋਰ ਕਲਪਣ ਲੱਗਦੀ।

ਫਿਰ ਇਕ ਦਿਨ ਬਿਸਤਰਾ ਚੁੱਕ ਕੇ ਬਾਪੂ ਖ਼ੁਦ ਹੀ ਘਰ ਆ ਗਿਆ।

"ਤੂੰ ਨਾ ਖਹਿਬੜਿਆ ਕਰ। ਕਰੀ ਜਾਣ ਦੇ ਜੋ ਕਰਦਾ।"

ਬੇਬੇ ਨੇ ਬਾਪੂ ਦੇ ਘਰ ਮੁੜੇ ਤੋਂ ਜਿਵੇਂ ਸੁੱਖ ਦਾ ਸਾਹ ਲਿਆ ਸੀ।

ਬਾਪੂ ਮੇਰੇ ਨਾਲ ਘੁੱਟਿਆ ਰਹਿੰਦਾ। ਮੈਂ ਬਾਪੂ ਕੋਲੋਂ ਦੂਰ ਰਹਿੰਦਾ।

"ਜਦ ਜਵਾਕ ਨਾਲ ਬੋਲਣਾ ਨਹੀਂ ਸਿੱਧੇ ਮੂੰਹ।"

ਪਰ ਉਸ ਦਿਨ ਹਰਖੀ ਬੇਬੇ ਅੱਗਿਓਂ ਬੋਲ ਪਈ ਸੀ।

"ਤੂੰ ਤਾਂ ਕਰਾ'ਤਾ ਸੀ 'ਲਾਜ। ਵਾਗੀਆਂ ਤਾਹ 'ਤੀ ਖਸਮਾਂ ਤਾਂ ਨਹੀਂ...। ਤੇਰੇ ਈ ਪੁੱਤ ਨੇ ਭੇਜੇ ਸੀ ਡਾਲਰ। ਤੇਰੀ ਸ਼ਾਨ ਨੂੰ ਨਹੀਂ ਫਰਕ ਪਾ ਕੇ ਆਈ ਪੇਕੀਂ।"

ਬਾਪੂ ਦੂਣਾ ਉਖੜ ਗਿਆ ਸੀ।

"ਸਾਲੇ ਚੋਰੀਆਂ ਕਮਾਉਂਦੇ ਮੈਥੋਂ।"

ਉਹ ਦਿਨ ਰਾਤ ਦਾਰੂ ਪੀ ਕੇ ਮੈਨੂੰ ਤੇ ਬੇਬੇ ਨੂੰ ਗਾਲ੍ਹਾਂ ਕੱਢਦਾ ਰਿਹਾ, ਪਰ ਉਹੀ ਬਾਪੂ ਹੁਣ ਕਈ ਦਿਨਾਂ ਤੋਂ ਦਾਰੂ ਛੱਡੀ ਬੈਠਾ ਸੀ। ਰਾਤ ਨੂੰ ਉਹਨੂੰ ਠੀਕ ਤਰ੍ਹਾਂ ਨੀਂਦ ਨਹੀਂ ਆਉਂਦੀ। ਮੈਂ ਨੀਂਦ ਦੀ ਗੋਲੀ ਦੇਣੀ ਚਾਹੀ, ਪਰ ਬਾਪੂ ਨੇ ਇਨਕਾਰ ਕਰ ਦਿੱਤਾ।

"ਘੁੱਟ ਲੈ ਲਾ ਬਾਪੂ। ਨੀਂਦ ਆ ਜੂ। ਸਾਰੀ ਰਾਤ ਪਾਸੇ ਮਾਰਦਾ ਰਹਿੰਦੈਂ।"

"ਨਾ ਭੋਲਿਆ ਰੂਹ ਨਹੀਂ ਮੰਨਦੀ।" ਬਾਪੂ ਦਾਰੂ ਲਈ ਵੀ ਨਹੀਂ ਸੀ ਮੰਨਿਆ।

ਨੀਂਦ ਤਾਂ ਮੇਰੀ ਵੀ ਉਖੜੀ ਹੋਈ ਹੈ। ਮੈਂ ਬਾਪੂ ਲਈ ਰੋਟੀ ਪਵਾ ਕੇ ਲਿਆਇਆ। ਥਾਲੀ ਫੜਾ ਕੇ ਮੈਂ ਵੀ ਬਾਪੂ ਕੋਲ ਹੀ ਬੈਠਕ ਵਿਚ ਬੈਠ ਗਿਆ। ਬਾਪੂ ਵਿਚਾਰਾ ਜਿਹਾ ਬਣਿਆ ਰੋਟੀ ਖਾਂਦਾ ਰਿਹਾ। ਮੈਨੂੰ ਲੱਗਿਆ ਬਾਪੂ ਹੁਣੇ ਹੀ ਕੁਝ ਬੋਲੇਗਾ।

"ਹੱਥ ਟੁੱਟਦੇ ਸੇਕ ਲਾਉਂਦਿਆਂ! ਕੱਚੀਆਂ ਮੰਨੀਆਂ ਮਾਰ ਦਿੱਤੀਆਂ ਮੱਥੇ।"

ਥਾਲੀ ਘੁੰਮਦੀ ਹੋਈ ਵਿਹੜੇ ਵਿਚ ਜਾ ਡਿੱਗਦੀ। ਬੇਬੇ ਰੋਟੀਆਂ ਇਕੱਠੀਆਂ ਕਰ ਕੇ ਖ਼ੁਰਲੀ ਵਿਚ ਸੁੱਟ ਦਿੰਦੀ ਤੇ ਨਵੀਆਂ ਪਕਾਉਣ ਲਈ ਫੇਰ ਬੈਠ ਜਾਂਦੀ। ਕਈ ਵਾਰ ਬਾਪੂ ਦੂਜੇ ਪਾਸਿਓਂ ਕਲੇਸ਼ ਪਾ ਲੈਂਦਾ।

"ਅੱਖਾਂ ਤਾਂ ਮੱਥੇ 'ਤੇ ਧਰੀਆਂ ਹੁੰਦੀਆਂ। ਸੜੇ ਮੰਡ ਲਿਆ ਧਰੇ ਮੇਰੇ ਅੱਗੇ। ਡੰਗਰ ਆਂ ਨਾ ਮੈਂ।" ਉਹ ਬਿਨ ਰੋਟੀ ਖਾਧੇ ਹੀ ਪੈ ਜਾਂਦਾ। ਮੋਮਬੱਤੀ ਜਿਵੇਂ ਦੋਵੇਂ ਪਾਸੇ ਤੋਂ ਬਲ ਰਹੀ ਹੋਵੇ।

"ਇਹ ਤਾਂ ਮੁੱਢ ਤੋਂ ਈ ਐਸਾ। ਮੈਂ ਤਾਂ ਭੇਤ ਪਾ ਲਿਆ। ਤੂੰ ਐਵੇਂ ਨਾ ਹਰਖੀ ਜਾਇਆ ਕਰ।" ਮੈਂ ਕੁਝ ਬੋਲਦਾ ਤਾਂ ਬੇਬੇ ਮੈਨੂੰ ਚੁੱਪ ਕਰਾ ਦਿੰਦੀ।

"ਤੂੰ ਕਿਵੇਂ ਕੱਟੀ ਗਈ ਇਹਦੇ ਨਾਲ।" ਮੈਂ ਬੇਬੇ ਦਾ ਸਿਰੜ ਦੇਖ ਕੇ ਹੈਰਾਨ ਹੁੰਦਾ। ਬਾਪੂ ਜੋ ਮਰਜ਼ੀ ਕਰਦਾ, ਬੇਬੇ ਮੱਥੇ ਵੱਟ ਨਾ ਪਾਉਂਦੀ।

ਬਾਪੂ ਹਰ ਵੇਲੇ ਉਹਨੂੰ ਜ਼ਲੀਲ ਕਰਦਾ, ਪਰ ਉਹ ਹਰ ਗੱਲ ਢਿੱਡ ਵਿਚ ਪਾ ਲੈਂਦੀ।

ਪਰ ਅੱਜ ਤਾਂ ਜਿਵੇਂ ਬਾਪੂ ਸਿਰਫ ਢਿੱਡ ਭਰ ਰਿਹਾ ਸੀ। ਉਹਨੇ ਰੋਟੀਆਂ ਜਿਵੇਂ ਅੰਦਰ ਸੁੱਟਣ ਦੀ ਕੀਤੀ ਤੇ ਉਠ ਕੇ ਬਾਹਰ ਨੂੰ ਤੁਰ ਗਿਆ। ਇਸੇ ਤਰ੍ਹਾਂ ਹੀ ਚੁੱਪ-ਚਾਪ ਉਹ ਇਕ ਵਾਰ ਘਰ ਤੋਂ ਤੁਰ ਗਿਆ ਸੀ। ਭੈਣ ਦੇ ਵਿਆਹ ਤੋਂ ਬਾਅਦ। ਬੇਬੇ ਸਾਰਾ ਦਿਨ ਉਡੀਕਦੀ ਰਹੀ। ਉਡੀਕ ਵਿਚ ਬੈਠੀ ਨੇ ਉਹਨੇ ਖ਼ੁਦ ਵੀ ਰੋਟੀ ਨਾ ਖਾਧੀ।

ਮੈਂ ਸ਼ਾਮੀ ਕਾਲਜ ਤੋਂ ਮੁੜਿਆ। ਬੇਬੇ ਨੇ ਮੈਨੂੰ ਬਾਪੂ ਨੂੰ ਲੱਭਣ ਲਈ ਤੋਰ ਦਿੱਤਾ। ਮੈਂ ਬਾਪੂ ਨੂੰ ਹਰ ਥਾਂ ਲੱਭਿਆ, ਪਰ ਉਹ ਕਿਤੇ ਵੀ ਨਾ ਮਿਲਿਆ।

ਮੈਂ ਥੱਕ ਹਾਰ ਕੇ ਘਰ ਮੁੜ ਆਇਆ। ਬੇਬੇ ਨੇ ਰੋਟੀ ਪਕਾਈ, ਪਰ ਖ਼ੁਦ ਚੱਜ ਨਾਲ ਖਾ ਨਾ ਸਕੀ। ਮੈਂ ਬੇਬੇ ਵੱਲ ਦੇਖ-ਦੇਖ ਹੈਰਾਨ ਹੋਈ ਜਾਂਦਾ।

"ਖਬਰੈ ਕਿਥੇ ਹੋਣਾ ਡੁਬੜਾ। ਸਵੇਰੇ ਚਾਹ ਪੀਂਦਾ ਹੀ ਤੁਰ ਗਿਆ ਸੀ।" ਬੁਰਕੀ ਮੂੰਹ ਵਿਚ ਪਾਉਂਦੀ ਬੇਬੇ ਬੁਸਕੀ ਜਾਂਦੀ।

"ਬੇਬੇ ਰੋਟੀ ਖਾ ਕੇ ਪੈ ਜਾ। ਕਿਉਂ ਕਲਪੀ ਜਾਂਦੀ ਐਂ। ਸਾਰੀ ਉਮਰ ਤੇਰੀ ਕੁੱਟ ਖਾਂਦੀ ਦੀ ਲੰਘ ਗਈ। ਹੁਣ ਤੈਨੂੰ ਫਿਕਰ ਪੈ ਗਿਆ।" ਮੈਂ ਬੇਬੇ ਨੂੰ ਭੱਜ ਕੇ ਪੈ ਗਿਆ। ਬੇਬੇ ਹੋਰ ਫਿਸ ਪਈ।

"ਫਿਕਰ ਨਾ ਕਰਾਂ? ਬੰਨ੍ਹ ਆ ਘਰ ਦਾ। ਨਾ ਗੁੱਸੇ ਨਾ ਰਾਜੀ। ਫਿਰ ਕਾਹਤੋਂ ਤੁਰ ਗਿਆ।"

ਅਗਲੇ ਦਿਨ ਵੱਡੇ ਤਾਏ ਨੇ ਦੱਸਿਆ, ਬਾਪੂ ਬਾਬੇ ਰੰਗੀ ਰਾਮ ਦੇ ਡੇਰੇ ਬੈਠਾ ਸੀ।

"ਕੁੜੀ ਵਿਆਹ ਕੇ ਆਵਦੇ ਘਰ ਭੇਜ ਦਿੱਤੀ। ਕਬੀਲਦਾਰੀ ਨਜਿੱਠ'ਤੀ। ਸੰਸਾਰ ਤਿਆਗ ਦਿੱਤਾ ਮੈਂ ਤਾਂ।" ਸਾਡੇ ਮਨਾਉਣ ਗਿਆਂ ਤੋਂ ਬਾਪੂ, ਅੱਗਿਓਂ ਇਹ ਗੱਲਾਂ ਕਰਨ ਲੱਗਾ।

ਤਾਏ ਨੇ ਬਹੁਤ ਕਿਹਾ, ਪਰ ਬਾਪੂ ਨਹੀਂ ਸੀ ਮੰਨਿਆ।

ਬੇਬੇ ਦੋ ਦਿਨ ਉਖੜੀ ਰਹੀ। ਆਂਢ-ਗੁਆਂਢ ਤੋਂ ਕੋਈ ਤੀਵੀਂ ਆਉਂਦੀ, ਬੇਬੇ ਬੁਸਕਣ ਲੱਗਦੀ।

"ਖਬਰੈ ਕੀ ਆਈ ਮਨ 'ਚ । ਸਾਧ ਦੇ ਡੇਰੇ ਜਾ ਬੈਠਾ। ਨਾ ਕੋਈ ਦੁੱਖ ਦੱਸੇ, ਨਾ ਬਾਤ।"

ਤੇ ਦੂਜੇ-ਚੌਥੇ ਦਿਨ ਬਾਪੂ ਦੇ ਮਨ ਵਿਚ ਪਤਾ ਨਹੀਂ ਕੀ ਆਈ। ਪਿਛਲੇ ਪਹਿਰ ਨੂੰ ਘਰ ਮੁੜ ਆਇਆ। ਬੇਬੇ ਨੇ ਚਾਹ ਪਾਣੀ ਦਾ ਪੁੱਛਿਆ, ਪਰ ਉਹ ਕੁਝ ਨਾ ਬੋਲਿਆ। ਬਾਰੀ 'ਚੋਂ ਬੋਤਲ ਕੱਢ ਕੇ ਮੇਜ਼ 'ਤੇ ਰੱਖ ਲਈ। ਉਹ ਦਿਨ ਰਾਤ ਸ਼ਰਾਬ ਪੀਂਦਾ ਰਿਹਾ।

ਮੈਂ ਬਾਪੂ ਦੇ ਉਸ ਰੂਪ ਤੋਂ ਹੈਰਾਨ ਹੁੰਦਾ ਰਹਿੰਦਾ। ਜਿਵੇਂ ਹੁਣ ਬਾਪੂ ਦੇ ਇਸ ਰੂਪ ਤੋਂ ਹੈਰਾਨ ਹਾਂ।

"ਹਿਊਮਨ ਸਾਈਕੀ ਨੂੰ ਸਮਝਣਾ ਬਹੁਤ ਔਖਾ। ਬੰਦਾ ਇਕੋ ਵੇਲੇ ਕਈ ਤਰ੍ਹਾਂ ਦਾ ਬੀਹੇਵ ਕਰਦਾ...।" ਮੈਨੂੰ ਮੇਰੇ ਅੰਗਰੇਜ਼ ਦੋਸਤ ਜੌਰਜ ਦੀ ਆਖੀ ਗੱਲ ਯਾਦ ਆਉਂਦੀ।

ਤਿੰਨ ਚਾਰ ਦਿਨਾਂ ਬਾਅਦ ਬਾਪੂ ਫੇਰ ਚੰਗਾ ਭਲਾ ਹੋ ਗਿਆ। ਇਕ ਸ਼ਾਮ ਪੈੱਗ ਲਾਉਂਦਾ ਉਠ ਕੇ ਬਾਹਰ ਨੂੰ ਤੁਰ ਗਿਆ। ਸਿਆਲੀ ਰੁੱਤ ਸੀ। ਮੁੜਦਾ ਹੋਇਆ ਹੱਟੀਓਂ ਮੂੰਗਫ਼ਲੀ-ਰਿਊੜੀਆਂ ਚੁੱਕ ਲਿਆਇਆ। ਰੋਟੀ ਖਾ ਕੇ ਮੇਰੇ ਤੇ ਬੇਬੇ ਕੋਲ ਆਣ ਬੈਠਾ।

"ਖਾ ਲਉ ਭਾਈ ਰੁੱਤ-ਰੁੱਤ ਦਾ ਮੇਵਾ।"

ਮੇਰੀ ਸੰਭਾਲ ਵਿਚ ਬਾਪੂ ਪਹਿਲੀ ਵਾਰ ਇਉਂ ਜੀਆਂ ਵਿਚ ਬੈਠਿਆ ਸੀ।

"ਭੋਲਿਆ ਬਾਹਰ ਨਾ ਭੇਜ ਦੀਏ ਤੈਨੂੰ। ਇਥੇ ਕਿਹੜਾ ਰੱਖਿਆ ਕੁਝ। ਕੀ ਕਹਿੰਦਾ? ਕੀ ਪਤਾ ਮੈਂ ਤੇ ਮਾਂ ਤੇਰੀ ਵੀ ਵੇਖ ਆਈਏ ਕਿਤੇ ਅੰਗਰੇਜ਼-ਅੰਗਰੇਜ਼ਣਾਂ।" ਉਹ ਗੱਲ ਕਰ ਕੇ ਖ਼ੁਦ ਹੀ ਹੱਸਦਾ ਰਿਹਾ।

ਮੈਂ ਸੋਚਿਆ, ਦਾਰੂ ਪੀ ਕੇ ਕੀਤੀਆਂ ਗੱਲਾਂ ਬਾਪੂ ਨੂੰ ਸਵੇਰ ਨੂੰ ਭੁੱਲ-ਭੁਲਾ ਜਾਣੀਆਂ, ਪਰ ਉਹ ਤਾਂ ਏਜੰਟ ਨਾਲ ਪੱਕੀਆਂ ਪਕਾਉਣ ਲੱਗਿਆ ਸੀ। ਮੈਂ ਐਮ.ਏ. ਦੇ ਦੂਜੇ ਸਾਲ 'ਚ ਸੀ, ਪਰ ਐਮ.ਏ. ਪੂਰੀ ਨਾ ਹੋਈ, ਮੇਰਾ ਵੀਜ਼ਾ ਆ ਗਿਆ। ਨਾ ਮੈਂ ਖੁਸ਼ ਸੀ, ਨਾ ਬੇਬੇ; ਪਰ ਬਾਪੂ ਕੋਲੋਂ ਚਾਅ ਨਹੀਂ ਸੀ ਸਾਂਭਿਆ ਜਾਂਦਾ।

ਮੈਂ ਬਾਹਰੋਂ ਫੋਨ ਕਰਦਾ। ਬੇਬੇ ਜਿਵੇਂ ਬਹੁਤ ਡੂੰਘੀ ਥਾਂ ਤੋਂ ਬੋਲਦੀ।

"ਘਰ ਈ ਖਾਲੀ ਹੋ ਗਿਆ। ਕੰਧਾਂ ਵੱਲ ਵੇਖਦੀ ਰਹਿੰਦੀ ਸਾਰਾ ਦਿਨ। ਪਿਉ ਤੇਰੇ ਦਾ ਤਾਂ ਪਤਾ ਈ ਹੈ ਤੈਨੂੰ।" ਬਾਪੂ ਜਿਵੇਂ ਹੋਰ ਆਜ਼ਾਦ ਹੋ ਗਿਆ ਸੀ।

"ਜੀਆਂ ਨਾਲ ਈ ਰੌਣਕਾਂ! ਤੇਰਾ ਵਿਆਹ ਹੋਇਆ ਹੁੰਦਾ ਤਾਂ ਵਿਹੜਾ ਭਰਿਆ ਹੁੰਦਾ। ਕੁੜੀ ਕਿਹੜਾ ਬਹਿ ਰਹਿਣਾ। ਉਹਦਾ ਵੀ ਟੱਬਰ-ਟੀਹਰ ਏ। ਹੱਦ ਭੋਗ ਤੀਕ ਰੁਕ ਜੂ। ਰੌਣਕ ਤਾਂ ਨਾਲ ਈ ਲੈ ਗਈ ਤੇਰੀ ਬੇਬੇ।"

ਬਾਹਰੋਂ ਵਾਪਸ ਆ ਕੇ ਬਾਪੂ ਫੇਰ ਮਨ ਭਰ

*(ਬਾਕੀ ਅਗਲੇ ਸਫੇ 'ਤੇ)*



# ਇਰਾਨੀ ਸ਼ਾਇਰ ਸ਼ਬੀਰ ਹਕਾ

*ਸ਼ਬੀਰ ਹਕਾ (ਜਨਮ 1986) ਇਰਾਨ ਦਾ ਸ਼ਾਇਰ ਹੈ ਜਿਹੜਾ ਉਸਰ ਰਹੀਆਂ ਇਮਾਰਤਾਂ ਵਾਲੀਆਂ ਥਾਵਾਂ 'ਤੇ ਮਜ਼ਦੂਰੀ ਕਰਦਾ ਹੈ। ਉਹਦੀਆਂ ਇਹ ਕਵਿਤਾਵਾਂ 'ਮਾਡਰਨ ਪੋਇਟਰੀ ਇਨ ਟਰਾਂਸਲੇਸ਼ਨ' (ਜਨਵਰੀ 2015) ਵਿਚ ਛਪੀਆਂ ਸਨ। ਫਾਰਸੀ ਤੋਂ ਇਨ੍ਹਾਂ ਕਵਿਤਾਵਾਂ ਦਾ ਅੰਗਰੇਜ਼ੀ ਅਨੁਵਾਦ ਨਸਰੀਨ ਪਰਵਾਜ਼ ਅਤੇ ਹਿਊਬਰਟ ਮੂਰ ਨੇ ਕੀਤਾ ਸੀ। ਗੀਤ ਚਤੁਰਵੇਦੀ ਦੁਆਰਾ ਕੀਤਾ ਹਿੰਦੀ ਅਨੁਵਾਦ 'ਸਦਾਨੀਰਾ' ਪਰਚੇ ਵਿਚ ਛਪਿਆ। ਇਨ੍ਹਾਂ ਕਵਿਤਾਵਾਂ ਦੀ ਭਾਸ਼ਾ ਤੇ ਸ਼ੈਲੀ ਜਿੰਨੀ ਸਾਦੀ ਹੈ, ਇਨ੍ਹਾਂ ਦੇ ਅਰਥ ਉਨੇ ਹੀ ਗਹਿਰੇ ਹਨ। ਇਨ੍ਹਾਂ ਵਿਚੋਂ ਆਲਮੀ ਆਰਥਿਕਤਾ ਦੇ ਵਿਕਾਸ ਮੁੱਦਿਆਂ ਨਾਲ ਜੁੜਦੇ ਸਬੰਧਾਂ ਦਾ ਬਿੰਬ ਉਭਰਦਾ ਹੈ। ਇਹ ਧਾਰਮਿਕ ਅਕੀਦਿਆਂ ਦੀ ਮਨੁੱਖੀ ਹੋਂਦ ਨਾਲ ਚਲ ਰਹੇ ਅਨੰਤ ਟਕਰਾਓ ਦੀਆਂ ਕਵਿਤਾਵਾਂ ਹਨ। ਸ਼ਾਇਰ ਦੀ ਨੀਝ ਤੇ ਸੰਵੇਦਨਾ ਦਾ ਘੇਰਾ ਨਿੱਜੀ ਦਾਇਰਿਆਂ ਤੋਂ ਲੋਕਾਈ ਦੇ ਦਰਦ ਤੱਕ ਕਿਵੇਂ ਫੈਲਦਾ ਹੈ। ਕਵੀ ਨਾ ਸਿਰਫ ਤਤਕਾਲੀ ਸਿਆਸਤ ਦੀ ਨਿਸ਼ਾਨਦੇਹੀ ਕਰਦਾ ਹੈ, ਸਗੋਂ ਇਸ ਸਿਆਸਤ ਦੁਆਰਾ ਉਸ ਦੇ ਘਰ, ਰਿਸ਼ਤਿਆਂ ਅਤੇ ਸੰਵੇਦਨਾ ਨੂੰ ਪ੍ਰੀਭਾਸ਼ਿਤ ਕਰਨ ਦੀ ਬੇਦਲੀਲੀ ਨੂੰ ਵੀ ਰੱਦ ਕਰਦਾ ਹੈ। ਉਹ ਰੁਦਨ ਨੂੰ ਨਾਬਰੀ ਵਿਚ ਬਦਲਣ ਵਾਲਾ ਕਵੀ ਹੈ। ਇਨ੍ਹਾਂ ਕਵਿਤਾਵਾਂ ਨੂੰ ਪੰਜਾਬੀ ਰੂਪ ਸਾਡੀ ਕਾਲਮਨਵੀਸ ਕੁਲਦੀਪ ਕੌਰ (ਫੋਨ: +91-98554-04330) ਨੇ ਦਿੱਤਾ ਹੈ। -ਸੰਪਾਦਕ*



*ਇਮਾਰਤ ਉਸਾਰੀ ਵਾਲੀ ਥਾਂ ਜਿਥੇ ਜਿਸਮਾਨੀ ਮਿਹਨਤ ਕਰਦਿਆਂ ਨੌਜਵਾਨ ਇਰਾਨੀ ਸ਼ਾਇਰ ਸ਼ਬੀਰ ਹਕਾ ਕਾਵਿ-ਉਡਾਰੀਆਂ ਭਰਦਾ ਹੈ।*

## ਸ਼ਹਿਤੂਤ

ਤੁਸੀਂ ਕਦੇ ਸ਼ਹਿਤੂਤ ਦੇਖਿਆ ਹੈ?
ਜਿਥੇ ਇਹ ਗਿਰਦਾ ਹੈ, ਓਨੀ ਜ਼ਮੀਨ 'ਤੇ
ਲਾਲ ਰੰਗ ਦਾ ਧੱਬਾ ਪੈ ਜਾਂਦਾ ਹੈ।
ਗਿਰਨ ਤੋਂ ਵੱਧ ਦੁਖਦਾਈ ਕੁਝ ਵੀ ਨਹੀਂ,
ਮੈਂ ਦੇਖਿਆ ਹੈ ਕਿੰਨੇ ਮਜ਼ਦੂਰਾਂ ਨੂੰ
ਇਮਾਰਤਾਂ ਤੋਂ ਗਿਰਦੇ ਹੋਏ
ਗਿਰ ਕੇ ਸ਼ਹਿਤੂਤ ਬਣਦੇ ਹੋਏ।

## ਰੱਬ

ਰੱਬ ਵੀ ਮਜ਼ਦੂਰ ਹੀ ਹੈ
ਸ਼ਾਇਦ ਉਹ
ਬਿਲਡਰਾਂ ਦਾ ਵੀ ਬਿਲਡਰ ਹੋਣਾਂ!
ਆਥਣ ਦੇ ਚਾਨਣ ਵਿਚ
ਉਹਦੀਆਂ ਅੱਖਾਂ
ਅੰਗਾਰਿਆਂ ਵਰਗੀਆਂ ਲਾਲ ਹੁੰਦੀਆਂ।
ਰਾਤ ਨੂੰ ਉਹਦੇ ਝੱਗੇ ਵਿਚ
ਮੋਰੀਆਂ ਹੀ ਮੋਰੀਆਂ ਹੁੰਦੀਆਂ।

## ਬੰਦੂਕ

ਜੇ ਉਨ੍ਹਾਂ ਬੰਦੂਕ ਦੀ ਖੋਜ ਨਾ ਕੀਤੀ ਹੁੰਦੀ
ਤਾਂ ਬਥੇਰੇ ਲੋਕਾਂ ਨੇ
ਦੂਰੋਂ ਹੀ ਮਾਰੇ ਜਾਣ ਤੋਂ ਬਚ ਜਾਣਾ ਸੀ।
ਬਹੁਤ ਕੁਝ ਆਸਾਨ ਹੋ ਜਾਂਦਾ
ਉਨ੍ਹਾਂ ਨੂੰ ਮਜ਼ਦੂਰਾਂ ਦੀ ਤਾਕਤ ਦਾ
ਅਹਿਸਾਸ ਦਿਵਾਉਣਾ ਵੀ ਸੌਖਾ ਹੁੰਦਾ ਫਿਰ।

## ਕਰੀਅਰ ਦੀ ਚੋਣ

ਮੈਂ ਕਦੇ
ਕੋਈ ਸਾਧਾਰਨ ਬੈਂਕ ਕਰਮਚਾਰੀ
ਨਹੀਂ ਬਣ ਸਕਦਾ ਸੀ,
ਖਾਣ-ਪੀਣ ਦੀਆਂ ਚੀਜ਼ਾਂ ਵੇਚਣ ਵਾਲਾ
ਸੇਲਜ਼ਮੈਨ ਵੀ ਨਹੀਂ,
ਕਿਸੇ ਪਾਰਟੀ ਦਾ ਨੇਤਾ ਵੀ ਨਹੀਂ,
ਤੇ ਨਾ ਹੀ ਟੈਕਸੀ ਡਰਾਇਵਰ।
ਪ੍ਰਚਾਰ ਵਿਚ ਲੱਗਿਆ
ਮਾਰਕਿਟਿੰਗ ਵਾਲਾ ਵੀ ਨਹੀਂ।
ਮੈਂ ਬੱਸ ਇੰਨਾ ਚਾਹੁੰਦਾ ਸੀ
ਕਿ ਸ਼ਹਿਰ ਦੀ ਸਭ ਤੋਂ ਉਚੀ ਜਗ੍ਹਾ ਖਲੋ ਕੇ
ਥੱਲੇ ਬਿਲਡਿੰਗਾਂ ਦੇ ਘੜਮੱਸ ਵਿਚੋਂ
ਉਸ ਕੁੜੀ ਦਾ ਘਰ ਵੇਖਾਂ
ਜਿਸ ਨੂੰ ਮੈਂ ਮੁਹੱਬਤ ਕਰਦਾ ਹਾਂ
ਤੇ ਇਸ ਲਈ ਮੈਂ
ਬੰਧੂਆ ਮਜ਼ਦੂਰ ਬਣ ਗਿਆ।

## ਮੌਤ ਦਾ ਭੈਅ

ਮੈਂ ਸਾਰੀ ਉਮਰ
ਇਸ ਗੱਲ 'ਤੇ ਭਰੋਸਾ ਕੀਤਾ
ਕਿ ਝੂਠ ਬੋਲਣਾ ਗ਼ਲਤ ਹੁੰਦਾ,
ਗ਼ਲਤ ਹੁੰਦਾ ਕਿਸੇ ਨੂੰ ਪਰੇਸ਼ਾਨ ਕਰਨਾ।
ਸਾਰੀ ਉਮਰ
ਮੈਂ ਇਸ ਗੱਲ ਨੂੰ ਮੰਨਦਾ ਰਿਹਾ
ਕਿ ਮੌਤ ਵੀ ਜ਼ਿੰਦਗੀ ਦਾ ਹੀ ਹਿੱਸਾ ਹੈ।
ਇਸ ਦੇ ਬਾਵਜੂਦ ਮੈਨੂੰ ਮੌਤ ਤੋਂ ਡਰ ਲੱਗਦਾ,
ਡਰ ਲੱਗਦਾ,
ਦੂਜੀ ਦੁਨੀਆ ਵਿਚ ਵੀ
ਮਜ਼ਦੂਰ ਹੀ ਬਣੇ ਰਹਿਣ ਤੋਂ।

## ਸਰਹੱਦਾਂ

ਜਿੱਦਾਂ ਕਫ਼ਨ ਢਕ ਲੈਂਦਾ ਲਾਸ਼
ਬਰਫ਼ ਵੀ ਬਹੁਤ ਸਾਰੀਆਂ ਚੀਜ਼ਾਂ
ਢਕ ਲੈਂਦੀ ਹੈ।
ਢਕ ਲੈਂਦੀ ਹੈ ਇਮਾਰਤਾਂ ਦੇ ਖੰਡਰਾਂ ਨੂੰ
ਦਰੱਖਤਾਂ ਨੂੰ, ਕਬਰਾਂ ਨੂੰ
ਸਫ਼ੈਦ ਬਣਾ ਦਿੰਦੀ ਹੈ।
ਤੇ ਸਿਰਫ਼ ਬਰਫ਼ ਹੀ ਤਾਂ ਹੈ ਜੋ
ਸਰਹੱਦਾਂ ਨੂੰ ਵੀ ਸਫ਼ੈਦ ਕਰ ਸਕਦੀ ਹੈ।

## ਘਰ

ਮੈਂ ਪੂਰੀ ਦੁਨੀਆਂ ਲਈ ਕਹਿ ਸਕਦਾਂ
ਇਹ ਸ਼ਬਦ...
ਦੁਨੀਆਂ ਦੇ ਹਰ ਮੁਲਕ ਲਈ ਕਹਿ ਸਕਦਾਂ
ਮੈਂ ਅਸਮਾਨ ਨੂੰ ਵੀ ਕਹਿ ਸਕਦਾ ਇਹ
ਤੇ ਇਸ ਬ੍ਰਹਿਮੰਡ ਦੀ ਕਿਸੇ ਵੀ ਚੀਜ਼ ਨੂੰ
ਪਰ ਤਹਿਰਾਨ ਦੇ ਇਸ ਬਿਨਾਂ ਖਿੜਕੀ ਵਾਲੇ
ਕਿਰਾਏ ਦੇ ਇਸ ਕਮਰੇ ਨੂੰ
ਮੈਂ ਹਰਗਿਜ਼ ਘਰ ਨਹੀਂ ਕਹਿ ਸਕਦਾ।



## ਮੌਤ

ਮੇਰੀ ਮਾਂ ਨੇ ਕਿਹਾ-
ਮੈਂ ਮੌਤ ਨੂੰ ਦੇਖਿਆ ਹੋਇਆ...
ਉਹਦੀਆਂ ਲੰਮੀਆਂ ਲੰਮੀਆਂ
ਸੰਘਣੀਆਂ ਮੁੱਛਾਂ ਨੇ
ਤੇ ਉਹਦਾ ਚਿਹਰਾ-ਮੋਹਰਾ
ਜਿਵੇਂ ਕੋਈ ਪਾਗਲ ਜਣਾ।
ਉਸ ਰਾਤ ਪਿੱਛੋਂ
ਮੈਂ ਮਾਂ ਦੀ ਮਸੂਮੀਅਤ ਨੂੰ
ਸ਼ੱਕ ਦੀ ਨਜ਼ਰ ਨਾਲ ਦੇਖਦਾ ਹਾਂ।

## ਮੇਰਾ ਪਿਉ

ਜੇ ਮੈਂ ਆਪਣੇ ਪਿਉ ਬਾਰੇ
ਕੁਝ ਕਹਿਣ ਦੀ ਹਿੰਮਤ ਕਰਾਂ
ਤਾਂ ਯਕੀਨ ਮੰਨਿਓ
ਉਸ ਦੀ ਜ਼ਿੰਦਗੀ ਨੇ
ਉਸ ਨੂੰ ਭੋਰਾ ਜਿਉਣ ਨਹੀਂ ਦਿੱਤਾ।
ਉਹ ਬੰਦਾ
ਆਪਣੇ ਪਰਿਵਾਰ 'ਤੇ ਮਰਦਾ ਸੀ,
ਪਰਿਵਾਰ ਦੀਆਂ ਕਮੀਆਂ ਲੁਕਾਉਣ ਲਈ
ਉਹਨੇ ਆਪਣੀ ਜ਼ਿੰਦਗੀ ਨੂੰ
ਸਖਤ ਤੇ ਖੁਰਦਰਾ ਬਣਾ ਲਿਆ।
ਤੇ ਹੁਣ ਮੈਨੂੰ
ਆਪਣੀਆਂ ਕਵਿਤਾਵਾਂ ਛਪਵਾਉਂਦਿਆਂ
ਸਿਰਫ਼ ਇਕ ਗੱਲ ਦੀ ਸੰਗ ਲੱਗਦੀ ਹੈ
ਕਿ ਮੇਰਾ ਪਿਉ ਪੜ੍ਹ ਨਹੀਂ ਸਕਦਾ।

## ਰਜ਼ਾ

ਮੇਰਾ ਪਿਉ ਮਜ਼ਦੂਰ ਸੀ
ਵਿਸ਼ਵਾਸ ਨਾਲ
ਨੱਕੋ-ਨੱਕ ਭਰਿਆ ਹੋਇਆ
ਜਦੋਂ ਵੀ ਉਹ ਨਮਾਜ਼ ਪੜ੍ਹਦਾ
(ਰੱਬ) ਉਸ ਦੇ ਹੱਥਾਂ ਨੂੰ ਦੇਖ
ਸ਼ਰਮਿੰਦਾ ਹੁੰਦਾ।

## ਸਿਆਸਤ

ਵੱਡੇ ਵੱਡੇ ਬਦਲਾਉ ਵੀ
ਕਿੰਨੀ ਆਸਾਨੀ ਨਾਲ ਕਰ ਦਿੱਤੇ ਜਾਂਦੇ ਹਨ,
ਹੱਥੀਂ ਕੰਮ ਕਰਦੇ ਮਜ਼ਦੂਰਾਂ ਨੂੰ
ਸਿਆਸੀ ਪਿਆਦਿਆਂ ਵਿਚ
ਬਦਲ ਦੇਣਾ ਵੀ।
ਕਿੰਨਾ ਸੌਖਾ ਸੀ, ਹੈ ਨਾ?
ਕਰੇਨਾਂ ਚੁੱਕਦੀਆਂ ਨੇ ਇਸ ਬਦਲਾਓ ਨੂੰ
ਤੇ ਸੂਲੀ ਤੱਕ ਪਹੁੰਚਦੀਆਂ ਨੇ।

## ਦੋਸਤੀ

ਮੈਂ (ਰੱਬ) ਦਾ ਦੋਸਤ ਨਹੀਂ
ਇਸ ਦਾ ਕਾਰਨ ਸਿਰਫ਼ ਇਕੋ ਹੈ,
ਜਿਸ ਦੀਆਂ ਜੜ੍ਹਾਂ
ਬਹੁਤ ਪੁਰਾਣੇ ਅਤੀਤ 'ਚ ਹਨ
ਜਦੋਂ ਛੇ ਜਣਿਆਂ ਦਾ ਸਾਡਾ ਟੱਬਰ
ਗੁਫਾ ਵਰਗੇ ਤੰਗ ਕਮਰੇ ਵਿਚ ਰਹਿੰਦਾ ਸੀ
ਤੇ (ਰੱਬ) ਕੋਲ
ਬਹੁਤ ਖੁੱਲ੍ਹਾ-ਡੁੱਲ੍ਹਾ ਮਕਾਨ ਸੀ
ਜਿਹਦੇ ਵਿਚ 'ਕੱਲਾ ਹੀ ਰਹਿੰਦਾ ਸੀ ਉਹ।

## ਸਰਕਾਰ

ਕੁਝ ਅਰਸੇ ਤੋਂ
ਪੁਲਿਸ ਮੈਨੂੰ ਲੱਭ ਰਹੀ ਹੈ,
ਮੈਂ ਕਿਸੇ ਦਾ ਕਤਲ ਨਹੀਂ ਕੀਤਾ,
ਮੈਂ ਸਰਕਾਰ ਦੇ ਖ਼ਿਲਾਫ਼
ਕੋਈ ਲੇਖ ਵੀ ਨਹੀਂ ਲਿਖਿਆ।
ਸਿਰਫ਼ ਤੈਨੂੰ ਪਤੈ ਮੇਰੀ ਜਾਨ!
ਕਿ ਇਹ ਆਮ ਲੋਕਾਂ ਲਈ
ਕਿੰਨਾ ਤਰਾਸਦਿਕ ਹੋਊਗਾ
ਜੇ ਸਰਕਾਰ
ਮੈਥੋਂ ਸਿਰਫ਼ ਇਸ ਲਈ ਡਰਨ ਲੱਗ ਜਾਵੇ
ਕਿ ਮੈਂ ਮਜ਼ਦੂਰ ਹਾਂ।
ਜੇ ਮੈਂ ਬਾਗ਼ੀ ਜਾਂ ਕ੍ਰਾਂਤੀਕਾਰੀ ਹੁੰਦਾ
ਫਿਰ ਕੀ ਕਰਦੇ ਉਹ?
ਫਿਰ ਵੀ ਉਸ ਮੁੰਡੇ ਲਈ
ਇਹ ਦੁਨੀਆਂ
ਕੋਈ ਬਹੁਤੀ ਤਾਂ ਨਹੀਂ ਬਦਲੀ
ਜਿਹੜਾ ਸਕੂਲ ਦੀਆਂ
ਸਾਰੀਆਂ ਕਿਤਾਬਾਂ ਦੇ ਪਹਿਲੇ ਪੰਨੇ 'ਤੇ
ਆਪਣੀ ਤਸਵੀਰ
ਛਪੀ ਦੇਖਣਾ ਚਾਹੁੰਦਾ ਸੀ ਬੱਸ।

## ਇਕਲੌਤਾ ਡਰ

ਜਦ ਮੈਂ ਮਰੂੰਗਾ
ਆਪਣੇ ਨਾਲ ਆਪਣੀਆਂ ਸਾਰੀਆਂ
ਮਨਪਸੰਦ ਕਿਤਾਬਾਂ ਲੈ ਜਾਵਾਂਗਾ
ਆਪਣੀ ਕਬਰ ਭਰ ਲੈਣੀ ਹੈ ਮੈਂ
ਉਨ੍ਹਾਂ ਦੀਆਂ ਫੋਟੋਆਂ ਨਾਲ
ਜਿਨ੍ਹਾਂ ਨੂੰ ਮੈਂ ਪਿਆਰ ਕੀਤਾ।
ਮੇਰੇ ਨਵੇਂ ਘਰ ਵਿਚ
ਕੋਈ ਜਗ੍ਹਾ ਨਹੀਂ ਹੋਣੀ,
ਆਉਣ ਵਾਲੇ ਕੱਲ੍ਹ ਦੇ ਡਰਾਂ ਲਈ।

ਮੈਂ ਪਿਆ ਰਹਿਣਾ,
ਮੈਂ ਸਿਗਰਟ ਦੇ ਕਸ਼ ਲੈਂਦਿਆਂ
ਉਨ੍ਹਾਂ ਸਾਰੀਆਂ ਕੁੜੀਆਂ ਨੂੰ
ਯਾਦ ਕਰ ਕੇ ਰੋਣਾ
ਜਿਨ੍ਹਾਂ ਨੂੰ ਮੈਂ
ਗਲ ਨਾਲ ਲਾਉਣਾ ਚਾਹੁੰਦਾ ਸੀ।
ਇਨ੍ਹਾਂ ਸਾਰੀਆਂ ਖੁਸ਼ੀਆਂ ਨੂੰ ਮਾਣਦਿਆਂ ਵੀ
ਡਰ ਫਿਰ ਬਣਿਆ ਰਹਿੰਦਾ,
ਕਿ ਇਕ ਦਿਨ ਸਾਝਰੇ ਸਾਝਰੇ
ਕਿਸੇ ਨੇ
ਮੇਰਾ ਮੋਢਾ ਹਲੂਣਦਿਆਂ ਕਹਿਣਾ-
'ਚਲ ਉਠ ਸ਼ਬੀਰ, ਕੰਮ 'ਤੇ ਜਾਣਾ'।

# ਘਰ

*(ਪਿਛਲੇ ਸਫੇ ਦੀ ਬਾਕੀ)*

ਆਇਆ।

ਰੋਟੀ ਵਾਲੇ ਭਾਂਡੇ ਉਥੇ ਹੀ ਪਏ ਸੀ। ਮੇਰੀ ਸੁਰਤੀ ਟੁੱਟੀ।

"ਜਦ ਬੇਬੇ ਢਿੱਲੀ ਸੀ, ਮੈਨੂੰ ਉਦੋਂ ਕਿਉਂ ਨਾ ਦੱਸਿਆ ਬਾਪੂ?"

ਤਿੰਨਾਂ ਦਿਨਾਂ ਤੋਂ ਮੈਂ ਬਾਪੂ ਨਾਲ ਬੇਬੇ ਬਾਰੇ ਕੋਈ ਗੱਲ ਨਹੀਂ ਸੀ ਕੀਤੀ।

"ਪੁੱਤ ਸੋਚਿਆ ਪਰਦੇਸ ਦਾ ਕੰਮ ਏ। ਢਿਲ ਮੱਠ ਤਾਂ ਹੋ ਈ ਜਾਂਦੀ। ਕੀ ਪਤਾ ਸੀ। ਤੂੰ ਮੁੱਕੀ ਤੋਂ ਪਹੁੰਚਣਾ...।"

ਮੇਰੀਆਂ ਅੱਖਾਂ ਅੱਗੇ ਬੇਬੇ ਆ ਗਈ।

ਜਦ ਮੈਂ ਘਰ ਪਹੁੰਚਿਆ, ਸਸਕਾਰ ਦੀ ਤਿਆਰੀ ਹੋ ਰਹੀ ਸੀ।

"ਦੋ ਦਿਨ ਤਾਂ ਹੋ'ਗੇ ਪੁੱਤ ਰਾਹ ਵੇਖਦਿਆਂ।"

ਕੋਈ ਜਣਾ ਮੈਨੂੰ ਵਰਾਉਣ ਲੱਗਿਆ ਸੀ।

ਮੈਂ ਚਿਤਾ ਨੂੰ ਲਾਂਬੂ ਲਾਇਆ।

ਸਭ ਤੋਂ ਉਚੀ ਭੁੱਬ ਬਾਪੂ ਨੇ ਮਾਰੀ। ਉਹ ਨਿਆਣਿਆਂ ਵਾਂਗ ਰੋਂਦਾ ਰਿਹਾ।

"ਤੇਰੇ ਬਿਨਾਂ ਮੇਰਾ ਕੌਣ ਏ ਬਚਨ ਕੁਰੇ।"

ਬਾਪੂ ਨੂੰ ਰੋਂਦਿਆਂ ਦੇਖ ਕੇ ਮੇਰਾ ਮਨ ਵੀ ਬੇਕਾਬੂ ਹੋ ਗਿਆ। ਮੜ੍ਹੀਆਂ ਤੋਂ ਘਰ ਤੀਕ ਆਉਂਦਿਆਂ ਮੇਰੇ ਪੈਰ ਮਣਾਂ-ਮੂੰਹੀਂ ਭਾਰੇ ਹੋ ਗਏ।

ਕਦੇ ਮੇਰੇ ਸਾਹਮਣੇ ਧਾਹਾਂ ਮਾਰਦਾ ਬਾਪੂ ਆ ਜਾਂਦਾ, ਕਦੇ ਬੇਬੇ। ਕਦੇ ਸੁਰਤ ਸੰਭਲੀ ਤੋਂ ਲੈ ਕੇ ਹੁਣ ਤੀਕ ਘਰ ਵਿਚ ਚਲਦੇ ਰਹਿੰਦੇ ਯੁੱਧ ਦੀ ਤਸਵੀਰ ਮੇਰੀਆਂ ਅੱਖਾਂ ਅੱਗੇ ਚੱਲਣ ਲੱਗਦੀ, ਪਰ ਬਾਪੂ ਦਾ ਇਹ ਰੂਪ ਮੈਨੂੰ ਹੈਰਾਨ ਕਰੀ ਜਾਂਦਾ।

"ਬੰਦੇ ਦੇ ਕਿੰਨੇ ਹੀ ਰੂਪ ਹੁੰਦੇ ਨੇ...।" ਮੈਂ ਮਨ ਵਿਚ ਸੋਚਦਾ।

"ਕੀ ਸੋਚੀ ਜਾਂਦਾ ਭੋਲਿਆ! ਜਾ ਕੇ ਪੈ ਜਾ। ਹੁਣ ਲਿਖਤਾਂ ਨੂੰ ਕੌਣ ਮੋੜੇ। ਘਰ ਤਾਂ ਜੀਅ-ਜੰਤ ਨਾਲ ਹੀ ਸੋਂਹਦੇ ਨੇ। ਤੀਵੀਂ ਬਿਨਾਂ ਕਾਹਦਾ ਘਰ।"

ਆਖ ਕੇ ਬਾਪੂ ਵਾਹਿਗੁਰੂ-ਵਾਹਿਗੁਰੂ ਕਰਨ ਲੱਗਿਆ।

## ਰੰਗਲੇ ਪਲ

ਹਿਜ਼ਰਾਂ ਵਿਚ ਹੰਢਾਏ ਪਲ,
ਮੇਰੀ ਜਾਨ ਤਿਰਹਾਏ ਪਲ।
ਮੁੱਕਣ ਵਿਚ ਨਾ ਆਏ ਚੰਦਰੇ,
ਫੂਕਾਂ ਮਾਰ ਬੁਝਾਏ ਪਲ।
ਸੱਜਣ ਦੀਆਂ ਬਾਹਾਂ ਵਿਚ ਲੰਘੇ,
ਰੰਗਲੇ ਫੇਰ ਨਾ ਆਏ ਪਲ।
ਜੀਵਨ ਸੋਮਾ ਬਣ ਗਏ ਮੇਰੇ,
ਸੁਹਾਣੇ ਅੰਮੜੀ ਜਾਏ ਪਲ।

ਪਰਛਾਵੇਂ ਵਾਂਗੂੰ ਨਾਲ ਵਿਚਰਦੇ,
ਯਾਰਾਂ ਨਾਲ ਬਿਤਾਏ ਪਲ।
ਸਮਾਂ ਸੀ ਕੈਦੀ ਬੁੱਕਲ ਅੰਦਰ,
ਹੋ ਗਏ ਕੈਦ ਪਰਾਏ ਪਲ।
ਰਾਤ ਹਨੇਰੇ ਯਾਦ ਨੇ ਆਉਂਦੇ,
ਜੁਗਨੂੰ ਜਿਉਂ ਰੁਸ਼ਨਾਏ ਪਲ।

ਸ਼ਾਲਾ ਵਸਲ ਰਾਤ ਨਾ ਮੁੱਕੇ,
ਸੁਪਨੇ ਵਿਚ ਹੰਢਾਏ ਪਲ।
ਸ੍ਰਿਸ਼ਟੀ 'ਪੰਨੂ' ਦੀ ਸੀ ਦਾਸੀ,
ਚੰਨ ਤਾਰਿਆਂ ਸੰਗ ਲੰਘਾਏ ਪਲ।
ਅੱਖ ਖੁੱਲ੍ਹੀ ਤੇ ਡੁੱਲ੍ਹ ਗਏ ਤਾਰੇ,
ਹਰ ਪਲ ਮੁੜ ਪਛਤਾਏ ਪਲ।

**-ਚਰਨਜੀਤ ਸਿੰਘ ਪੰਨੂ**
**ਫੋਨ: 408-608-4961**

# ਕੈਂਬਰਿਜ ਦੀ ਧਰਤੀ ਉਤੇ



ਹਿਰਦੇ ਜੀਤ ਸਿੰਘ ਭੋਗਲ

ਅਗਲੀ ਸਵੇਰ ਅਸੀਂ ਕਾਰ ਰਾਹੀਂ ਸੰਸਾਰ ਪ੍ਰਸਿਧ ਕੈਂਬਰਿਜ ਯੂਨੀਵਰਸਿਟੀ ਦੇਖਣ ਚੱਲ ਪਏ। ਦੁਨੀਆ ਦੀ ਸਭ ਤੋਂ ਪੁਰਾਣੀ ਯੂਨੀਵਰਸਿਟੀ ਵਜੋਂ ਮਾਨਤਾ ਪ੍ਰਾਪਤ ਇਹ ਯੂਨੀਵਰਸਿਟੀ ਕੈਮ ਦਰਿਆ ਉਤੇ ਬਣੇ ਪੁਲ ਦੁਆਲੇ ਵਸੇ ਸ਼ਹਿਰ ਵਿਚ 700 ਸਾਲ ਤੋਂ ਵੀ ਵੱਧ ਪੁਰਾਣੀ ਹੈ। ਵਿਗਿਆਨਕ ਖੋਜਾਂ ਲਈ ਪ੍ਰਸਿਧ ਹੋ ਚੁੱਕੀ ਇਸ ਯੂਨੀਵਰਸਿਟੀ ਦੇ ਪ੍ਰੋਫੈਸਰਾਂ ਅਤੇ ਖੋਜੀਆਂ ਨੇ 1904 ਤੋਂ 2003 ਤੱਕ ਫਿਜ਼ਿਕਸ, ਕੈਮਿਸਟਰੀ ਅਤੇ ਮੈਡੀਸਨ ਖੇਤਰ ਦੀਆਂ ਖੋਜਾਂ ਕਰ ਕੇ 75 ਤੋਂ ਵੱਧ ਨੋਬੇਲ ਪੁਰਸਕਾਰ ਹਾਸਲ ਕਰਨ ਦਾ ਨਾਮਣਾ ਖੱਟਿਆ ਹੈ। ਇਨ੍ਹਾਂ ਵਿਚ ਕੁਝ ਪੁਰਸਕਾਰ ਇਕਨਾਮਿਕਸ, ਸਾਹਿਤ ਅਤੇ ਸੰਸਾਰ ਸ਼ਾਂਤੀ ਲਈ ਕੀਤੇ ਯਤਨਾਂ ਲਈ ਵੀ ਮਿਲੇ ਹਨ।

ਕੈਂਬਰਿਜ ਪਹੁੰਚ ਕੇ ਪੁਰਾਣੀਆਂ ਇਤਿਹਾਸਕ ਇਮਾਰਤਾਂ ਵਾਲਾ ਸ਼ਹਿਰ ਧਿਆਨ ਖਿੱਚਦਾ ਹੈ ਜਿਸ ਦੇ ਅਨੇਕਾਂ ਹੋਟਲਾਂ, ਸਿਨੇਮਾ ਘਰ, ਹੋਟਸਲ, ਨਾਟ-ਘਰ, ਆਰਟ ਗੈਲਰੀਆਂ, ਗਿਰਜੇ, ਮਿਊਜ਼ੀਅਮ, ਹਸਪਤਾਲ, ਖੇਡ ਮੈਦਾਨ ਸਮੇਤ ਅਨੇਕਾਂ ਪ੍ਰਸਿਧ ਖੋਜ ਕਾਰਜਾਂ ਵਿਚ ਹਿੱਸਾ ਪਾ ਰਹੇ ਹਨ। ਇਨ੍ਹਾਂ ਕਾਲਜਾਂ ਵਿਚੋਂ ਸਭ ਤੋਂ ਪੁਰਾਣਾ ਕਾਲਜ ਪੀਟਰ ਹਊਸ 1284 ਵਿਚ ਬਣਿਆ ਸੀ, ਪਰ ਇਸ ਦੀ ਪੁਰਾਣੀ ਬਿਲਡਿੰਗ ਵਿਚੋਂ ਹੁਣ ਕੇਵਲ ਇਕ ਹਾਲ ਹੀ ਖੜ੍ਹਾ ਸੀ। ਹੋਰ ਚਰਚਿਤ ਕਾਲਜਾਂ ਵਿਚੋਂ 1505 ਵਿਚ ਬਣਿਆ ਕਰਾਈਸਟ ਕਾਲਜ, 1338 ਵਿਚ ਬਣਿਆ ਕਲਾਰਕ ਕਾਲਜ, 1352 ਵਿਚ ਸਥਾਪਤ ਹੋਇਆ ਕਾਰਪਸ ਕਰਿਸਟੀ ਕਾਲਜ, 1800 ਵਿਚ ਬਣਿਆ ਡਾਊਨਿੰਗ ਕਾਲਜ, 1548 ਵਿਚ ਬਣਿਆ ਇਮੈਨੂਅਲ ਕਾਲਜ, 1866 ਵਿਚ ਬਣਿਆ ਗਿਰਟਨ ਕਾਲਜ, 1894 ਵਿਚ ਬਣਿਆ ਹੋਮਰਟਨ ਕਾਲਜ, 1511 ਵਿਚ ਸਥਾਪਤ ਹੋਇਆ ਸੇਂਟ ਜੌਹਨ ਕਾਲਜ, 1496 ਵਿਚ ਬਣਿਆ ਜੀਸਸ ਕਾਲਜ, 1473 ਵਿਚ ਬਣਿਆ ਸੇਂਟ ਕੈਥਰੀਨ ਕਾਲਜ 1440 ਵਿਚ ਬਣਿਆ ਕਿੰਗਜ਼ ਕਾਲਜ, 1448 ਵਿਚ ਬਣਿਆ ਕੁਈਨਜ਼ ਕਾਲਜ ਸ਼ਾਮਲ ਸਨ।

> ***ਯੂਨੀਵਰਸਿਟੀ ਵਿਚ ਘੁੰਮਦਿਆਂ ਮਹਿਸੂਸ ਹੋਇਆ ਕਿ ਇਥੇ ਮੇਰੇ ਵਰਗੇ ਹਜ਼ਾਰਾਂ ਲੋਕ ਕੇਵਲ ਯੂਨੀਵਰਸਿਟੀ ਦੇ ਦਰਸਨਾਂ ਲਈ ਆਏ ਸਨ। ਕਈ ਟੂਰਿਸਟ ਬੱਸਾਂ ਉਤੇ ਬੈਠ ਕੇ ਗਾਈਡ ਰਾਹੀਂ ਯੂਨੀਵਰਸਿਟੀ ਵਿਚ ਘੁੰਮ ਰਹੇ ਸਨ। ਕਈ ਹੋਰ ਨਦੀ ਰਾਹੀਂ ਕਿਸ਼ਤੀਆਂ ਵਿਚ ਘੁੰਮ ਕੇ ਨਜ਼ਾਰੇ ਮਾਣ ਰਹੇ ਸਨ। ਪੈਦਲ ਯਾਤਰੀਆਂ ਦੀ ਵੀ ਕਮੀ ਨਹੀਂ ਸੀ। ਆਰਟ ਗੈਲਰੀਆਂ ਤੇ ਮਿਊਜ਼ੀਅਮ ਧਿਆਨ ਖਿੱਚ ਰਹੇ ਸਨ। ਬਿਨਾਂ ਕਿਸੇ ਤੜਕ-ਭੜਕ ਦੇ ਘੁੰਮ-ਫਿਰ ਰਹੇ ਸਾਦੇ ਕੱਪੜਿਆਂ ਵਾਲੇ ਪਾੜ੍ਹਿਆਂ ਦੀ ਸਹਿਜ ਚਾਲ ਨੀਝ ਨਾਲ ਦੇਖਦਿਆਂ ਮੈਨੂੰ ਆਪਣੇ ਯੂਨੀਵਰਸਿਟੀ ਵਿਦਿਆਰਥੀਆਂ ਦੀ ਯਾਦ ਆਈ ਜੋ ਘਰੋਂ ਨਿਕਲ ਕੇ ਕਲਾਸਾਂ ਵਿਚ ਘੱਟ ਅਤੇ ਬਾਹਰ ਜ਼ਿਆਦਾ ਬਿਤਾਉਂਦੇ ਹਨ!***

ਕੁਝ ਕਾਲਜ ਵੀਹਵੀਂ ਸਦੀ ਵਿਚ ਹੀ ਬਣੇ ਸਨ। ਕਈ ਕਾਲਜ ਕੇਵਲ ਲੜਕੀਆਂ ਲਈ ਸਨ। ਹੋਮਰਟਨ ਕਾਲਜ ਕੇਵਲ ਅਧਿਆਪਕਾਂ ਨੂੰ ਸਿਖਲਾਈ ਦੇਣ ਲਈ ਬਣਾਇਆ ਗਿਆ ਸੀ। ਇਨ੍ਹਾਂ ਵਿਚ ਟਰਿਨਟੀ ਕਾਲਜ ਨੂੰ ਮਾਣ ਪ੍ਰਾਪਤ ਹੈ ਕਿ ਉਸ ਦੇ 29 ਵਿਦਿਆਰਥੀਆਂ ਨੇ ਨੋਬੇਲ ਪੁਰਸਕਾਰ ਪ੍ਰਾਪਤ ਕੀਤੇ ਹਨ।

ਕਿਤਾਬਾਂ ਦੀ ਦੁਕਾਨ ਤੋਂ ਖਰੀਦੀ ਸੂਚਨਾ-ਪੁਸਤਕ ਤੋਂ ਜਾਣਕਾਰੀ ਮਿਲੀ ਕਿ ਸੰਸਾਰ ਪ੍ਰਸਿਧ ਸਾਇੰਸਦਾਨ ਚਾਰਲਸ ਡਾਰਵਿਨ ਕਰਾਈਸਟ ਕਾਲਜ ਵਿਚ 1828 ਤੋਂ 1831 ਤੱਕ ਪੜ੍ਹਿਆ ਸੀ। ਇਕ ਹੋਰ ਪ੍ਰਸਿਧ ਸਾਇੰਸਦਾਨ ਇਸਾਕ ਨਿਊਟਨ ਇਥੋਂ ਦੇ ਟਰਿਨਟੀ ਕਾਲਜ ਵਿਚ 1661 ਤੋਂ ਪੜ੍ਹਦਾ ਰਿਹਾ ਅਤੇ ਪਿਛੋਂ 1685 ਵਿਚ ਉਸ ਨੇ 'ਧਰਤੀ ਦੀ ਆਕਰਸ਼ਨ ਦਾ ਸਿਧਾਂਤ' ਦੁਨੀਆ ਨੂੰ ਦਿੱਤਾ।

ਯੂਨੀਵਰਸਿਟੀ ਦੇ ਵੱਖ ਵੱਖ ਹਿੱਸਿਆਂ ਵਿਚ ਘੁੰਮਦਿਆਂ ਮਹਿਸੂਸ ਹੋਇਆ ਕਿ ਇਥੇ ਮੇਰੇ ਵਰਗੇ ਹਜ਼ਾਰਾਂ ਲੋਕ ਕੇਵਲ ਯੂਨੀਵਰਸਿਟੀ ਦੇ ਦਰਸਨਾਂ ਲਈ ਆਏ ਸਨ। ਕਈ ਟੂਰਿਸਟ ਬੱਸਾਂ ਉਤੇ ਬੈਠ ਕੇ ਗਾਈਡ ਰਾਹੀਂ ਯੂਨੀਵਰਸਿਟੀ ਵਿਚ ਘੁੰਮ ਰਹੇ ਸਨ। ਕਈ ਹੋਰ ਨਦੀ ਰਾਹੀਂ ਕਿਸ਼ਤੀਆਂ ਵਿਚ ਘੁੰਮ ਕੇ ਨਜ਼ਾਰੇ ਮਾਣ ਰਹੇ ਸਨ। ਸਾਡੇ ਵਰਗੇ ਪੈਦਲ ਯਾਤਰੀਆਂ ਦੀ ਵੀ ਕਮੀ ਨਹੀਂ ਸੀ, ਪਰ ਵੱਡੇ ਸ਼ਹਿਰ ਜਿੰਨੇ ਖੇਤਰ ਵਿਚ ਫੈਲੀ ਯੂਨੀਵਰਸਿਟੀ ਅਤੇ ਕਾਲਜਾਂ ਨੂੰ ਇਕ ਦਿਨ ਵਿਚ ਤਾਂ ਕੀ, ਕਈ ਦਿਨਾਂ ਵਿਚ ਵੀ ਪੈਦਲ ਨਹੀਂ ਸੀ ਦੇਖਿਆ ਜਾ ਸਕਦਾ। ਅਨੇਕਾਂ ਆਰਟ ਗੈਲਰੀਆਂ, ਥੀਏਟਰ ਤੇ ਮਿਊਜ਼ੀਅਮ ਧਿਆਨ ਖਿੱਚ ਰਹੇ ਸਨ, ਪਰ ਸਮਾਂ ਇਜਾਜ਼ਤ ਨਹੀਂ ਸੀ ਦਿੰਦਾ, ਕਿਉਂਕਿ ਅਸੀਂ ਅਜੇ ਮਹਾਰਾਜਾ ਦਲੀਪ ਸਿੰਘ ਦੀ ਰਿਹਾਇਸ਼-ਗਾਹ ਦੇਖਣੀ ਸੀ। ਬਿਨਾਂ ਕਿਸੇ ਤੜਕ-ਭੜਕ ਦੇ ਘੁੰਮ-ਫਿਰ ਰਹੇ ਸਾਦੇ ਕੱਪੜਿਆਂ ਵਾਲੇ ਪਾੜ੍ਹਿਆਂ ਦੀ ਸਹਿਜ ਚਾਲ ਨੀਝ ਨਾਲ ਦੇਖਦਿਆਂ ਮੈਨੂੰ ਆਪਣੀਆਂ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਦੀ ਯਾਦ ਆਈ ਜੋ ਘਰੋਂ ਨਿਕਲ ਕੇ ਕਲਾਸਾਂ ਵਿਚ ਘੱਟ ਅਤੇ ਬਾਹਰ ਜ਼ਿਆਦਾ ਬਿਤਾਉਂਦੇ ਹਨ!

ਸੜਕਾਂ, ਬਾਗਾਂ, ਕਾਰਾਂ ਖੜ੍ਹੀਆਂ ਕਰਨ ਦੀਆਂ ਥਾਵਾਂ ਉਤੇ ਸਫਾਈ ਵਾਰ ਵਾਰ ਧਿਆਨ ਖਿੱਚਦੀ ਸੀ। ਯੂਨੀਵਰਸਿਟੀ ਵਿਚ ਕਾਰਾਂ ਘੱਟ ਤੇ ਸਾਈਕਲ ਸਵਾਰਾਂ ਦੀ ਗਿਣਤੀ ਜ਼ਿਆਦਾ ਲੱਗਦੀ ਸੀ। ਚਮਕਦੇ ਸੂਰਜ ਦੀ ਰੌਸ਼ਨੀ ਵਿਚ ਕੈਂਬਰਿਜ ਯੂਨੀਵਰਸਿਟੀ ਅਤੇ ਕਾਲਜਾਂ ਦੀਆਂ ਪੀਲੇ ਰੰਗ ਨਾਲ ਰੰਗੀਆਂ ਇਮਾਰਤਾਂ ਆਪਣੇ ਗਿਰਜਾ-ਨੁਮਾ ਬੁਰਜੀਆਂ ਉਤੇ ਪੈਂਦੀ ਸੁਨਹਿਰੀ ਧੁੱਪ ਨਾਲ ਹੋਰ ਵੀ ਸੁਹਣੀਆਂ ਲੱਗ ਰਹੀਆਂ ਸਨ। ਸ਼ਾਇਦ ਉਹ ਆਪਣੇ ਸੁਨਹਿਰੀ ਇਤਿਹਾਸ ਦਾ ਅਹਿਸਾਸ ਵੀ ਕਰਵਾ ਰਹੀਆਂ ਸਨ!

ਯੂਨੀਵਰਸਿਟੀ ਵਿਚੋਂ ਨਿਕਲ ਕੇ ਅਸੀਂ ਕਾਰ ਮਹਾਰਾਜਾ ਦਲੀਪ ਸਿੰਘ ਦੀ ਸਮਾਧ ਵਾਲੀ ਦਿਸ਼ਾ ਵੱਲ ਦੌੜਾ ਲਈ। ਅੱਧੇ ਘੰਟੇ ਦੇ ਸਫ਼ਰ ਬਾਅਦ ਦੱਸੀ ਗਈ ਥਾਂ ਦਾ ਨਾਂ ਲੱਭਿਆ ਤਾਂ ਪਤਾ ਲੱਗਿਆ ਕਿ ਅਸੀਂ ਗ਼ਲਤ ਦਿਸ਼ਾ ਵੱਲ ਚੱਲ ਪਏ ਹਾਂ। ਹੁਣ ਸਾਨੂੰ ਉਲਟ ਦਿਸ਼ਾ ਵੱਲ ਇਕ ਘੰਟੇ ਤੋਂ ਵੀ ਵੱਧ ਕਾਰ ਡਰਾਈਵ ਕਰ ਕੇ 'ਥੈਕਸਟਿਡ' ਇਲਾਕੇ ਵਿਚ ਪਹੁੰਚਣਾ ਪਏਗਾ! ਬੜੀ ਮੁਸ਼ਕਿਲ ਨਾਲ ਮਹਾਰਾਜਾ ਦਲੀਪ ਸਿੰਘ ਦੀ ਸਮਾਧ ਉਤੇ ਪਹੁੰਚੇ, ਕਿਉਂਕਿ ਆਲੇ-ਦੁਆਲੇ ਵਿਚ ਘੱਟ ਹੀ ਕੋਈ ਇਸ ਥਾਂ ਦੇ ਮਹੱਤਵ ਨੂੰ ਜਾਣਦਾ ਸੀ। ਜੇ ਸਾਨੂੰ ਪੁਰਾਣੀ ਚਰਚ-ਨੁਮਾ ਇਮਾਰਤ ਵਿਚੋਂ ਨਿਕਲਦਾ ਬੰਦਾ ਸਹੀ ਟਿਕਾਣੇ ਦੀ ਨਿਸ਼ਾਨਦੇਹੀ ਨਾ ਦਿੰਦਾ, ਤਾਂ ਅਸੀਂ ਲਗਭਗ ਵਾਪਸ ਮੁੜ ਜਾਣ ਦਾ ਇਰਾਦਾ ਬਣਾ ਚੁੱਕੇ ਸਾਂ।

ਅਖੀਰ ਪੁਰਾਣੇ ਜਿਹੇ ਗੇਟ ਨੂੰ ਲੰਘ ਕੇ ਅਸੀਂ ਪੁਰਾਣੇ ਗਿਰਜੇ ਦੇ ਵਿਹੜੇ ਵਿਚ ਪਹੁੰਚੇ ਤੇ ਆਲੇ-ਦੁਆਲੇ ਦਲੀਪ ਸਿੰਘ ਦੀ ਯਾਦਗਾਰ ਦੀ ਤਲਾਸ਼ ਕਰਨ ਲੱਗੇ। ਗਿਰਜੇ ਦੀ ਬਾਹਰੀ ਕੰਧ ਉਤੇ ਪੱਥਰ ਦੀ ਸਿੱਲ ਲੱਗੀ ਦੇਖੀ ਜੋ ਉਸ ਥਾਂ ਦਾ ਪੰਜਾਬ ਦੇ ਇਸ ਬੇਤਾਜ ਬਾਦਸ਼ਾਹ ਨਾਲ ਸਬੰਧਤ ਹੋਣ ਦਾ ਸੰਕੇਤ ਦੇ ਰਹੀ ਸੀ। ਨਜ਼ਦੀਕ ਕੁਝ ਕਬਰਾਂ ਬਣੀਆਂ ਸਨ ਜਿਨ੍ਹਾਂ ਦੁਆਲੇ ਘੁੰਮਦਿਆਂ ਅਖੀਰ ਇਕ ਕਬਰ ਉਤੇ ਦਲੀਪ ਸਿੰਘ ਦਾ ਨਾਮ ਮਿਲ ਗਿਆ। ਕਬਰ ਦੇ ਪਿੱਛੇ ਲੱਗੀ ਸੰਗਮਰਮਰ ਦੀ ਸਿੱਲ ਉਤੇ ਲਿਖਿਆ ਸੀ- In Memory of Duleep Singh Maharaja of Lahore born in the punjab 4th Sept. 1938 died in Paris 22nd Oct. 1893 aged 55.

ਮੈਨੂੰ ਯਾਦ ਆਇਆ ਕਿ ਦਲੀਪ ਸਿੰਘ ਨੂੰ ਬਚਪਨ ਵਿਚ ਪਾਲਣ ਵਾਲੇ ਇਸਾਈ ਪਾਦਰੀ ਨੇ ਉਸ ਨੂੰ ਅਖੀਰ ਇਸਾਈ ਧਰਮ ਵਿਚ ਰਲਾ ਲਿਆ ਸੀ, ਪਰ ਵੱਡੇ ਹੋ ਕੇ ਦਲੀਪ ਸਿੰਘ ਨੂੰ ਜਦੋਂ ਆਪਣੇ ਪਿਛੋਕੜ ਦਾ ਪਤਾ ਲੱਗਿਆ, ਤਾਂ ਉਸ ਨੇ ਮੁੜ ਸਿੱਖੀ ਅਪਣਾ ਕੇ ਪੰਜਾਬ ਵਾਪਸ ਜਾਣ ਅਤੇ ਰਾਜ ਵਾਪਸ ਲੈਣ ਦੀਆਂ ਕੋਸ਼ਿਸ਼ਾਂ ਕੀਤੀਆਂ। ਐਸੇ ਯਤਨ ਸਮੇਂ ਹੀ ਉਸ ਦਾ ਪੈਰਿਸ ਵਿਚ ਦੇਹਾਂਤ ਹੋ ਗਿਆ। ਉਸ ਦੀ ਕਬਰ ਇਥੇ ਹੋਣ ਦਾ ਮਤਲਬ ਸੀ ਕਿ ਉਸ ਦੀ ਦੇਹ ਨੂੰ ਇਥੇ ਲਿਆ ਕੇ ਦਫਨਾਇਆ ਗਿਆ ਸੀ।

ਮੇਰਾ ਧਿਆਨ ਨਾਲ ਦੀਆਂ ਕਬਰਾਂ ਉਤੇ ਗਿਆ। ਇਹ ਕਬਰਾਂ ਮਹਾਰਾਜਾ ਦਲੀਪ ਸਿੰਘ ਦੀ ਬੀਵੀ ਅਤੇ ਲੜਕੇ ਦੀਆਂ ਸਨ। ਉਸ ਦੀ ਵਿਦੇਸ਼ੀ ਪਤਨੀ ਬਾਂਬਾ ਦਲੀਪ ਸਿੰਘ ਜੋ 6 ਜੁਲਾਈ 1848 ਵਿਚ ਪੈਦਾ ਹੋਈ ਸੀ, ਕੇਵਲ 39 ਸਾਲ ਦੀ ਉਮਰ ਭੋਗ ਕੇ ਬਿਮਾਰੀ ਬਾਅਦ 18 ਸਤੰਬਰ 1887 ਨੂੰ ਗੁਜ਼ਰ ਗਈ ਸੀ; ਦਲੀਪ ਸਿੰਘ ਤੋਂ 5 ਸਾਲ ਪਹਿਲਾਂ। ਨਾਲ ਦੀ ਕਬਰ ਐਲਬਰਟ ਐਡਵਰਡ ਅਲੈਗਜ਼ਾਂਡਰ ਦਲੀਪ ਸਿੰਘ ਦੀ ਸੀ ਜੋ ਦਲੀਪ ਸਿੰਘ ਦਾ ਸਭ ਤੋਂ ਛੋਟਾ ਪੁੱਤਰ ਸੀ। ਉਹ ਵੀ ਕੇਵਲ 13 ਸਾਲ ਦੀ ਉਮਰ ਭੋਗ ਕੇ ਹੈਸਟਿੰਗ ਨਾਮ ਦੇ ਸਥਾਨ ਉਤੇ ਪਹਿਲੀ ਮਈ 1891 ਨੂੰ ਅਕਾਲ ਚਲਾਣਾ ਕਰ ਗਿਆ; ਮਹਾਰਾਜੇ ਦੀ ਮੌਤ ਤੋਂ 2 ਸਾਲ ਪਹਿਲਾਂ। ਮੈਂ ਮਹਿਸੂਸ ਕਰ ਰਿਹਾ ਕਿ ਮੌਤ ਤੱਕ ਮਹਾਰਾਜਾ ਦਲੀਪ ਸਿੰਘ ਨੂੰ ਸਦਮੇ ਹੀ ਸਦਮੇ ਪਹੁੰਚਦੇ ਰਹੇ ਸਨ। ਮੌਤ ਵੀ ਹੋਈ ਤਾਂ ਆਪਣੇ ਰਾਜ ਪਾਟ ਅਤੇ ਦੇਸ ਤੋਂ ਦੂਰ ਪਰਾਏ ਇਲਾਕੇ ਵਿਚ; ਪਰ ਇਕ ਗੱਲ ਦੀ ਖੁਸ਼ੀ ਵੀ ਹੋਈ ਕਿ ਮੇਰੇ ਵਰਗੇ ਕੁਝ ਪੰਜਾਬੀ ਉਸ ਨੂੰ ਯਾਦ ਕਰਦਿਆਂ ਕਬਰਾਂ ਦੇਖਣ ਆ ਰਹੇ ਸਨ। ਇਸ ਦਾ ਸਬੂਤ ਤਿੰਨਾਂ ਕਬਰਾਂ ਉਤੇ ਪਏ ਤਾਜ਼ਾ ਫੁੱਲਾਂ ਦੇ ਗੁਲਦਸਤਿਆਂ ਤੋਂ ਮਿਲਦਾ ਸੀ ਜੋ ਇਕ ਦੋ ਦਿਨ ਪਹਿਲਾਂ ਹੀ ਕਿਸੇ ਪੰਜਾਬੀ/ਭਾਰਤੀ ਦੇ ਆਉਣ ਦਾ ਸੰਕੇਤ ਸੀ। ਕਬਰਾਂ ਦੀਆਂ ਕੁਝ ਫੋਟੋਆਂ ਲੈਣ ਬਾਅਦ ਅਸੀਂ 'ਐਲਵੀਡਨ ਸਫ਼ੋਕ' ਨਾਮ ਦੇ ਇਸ ਸਥਾਨ ਦਾ ਆਲਾ-ਦੁਆਲਾ ਘੁੰਮ ਕੇ ਦੇਖਣਾ ਸ਼ੁਰੂ ਕੀਤਾ ਤਾਂ ਕਿ ਕਿਸੇ ਬੰਦੇ ਤੋਂ ਦਲੀਪ ਸਿੰਘ ਦੇ ਨਿਵਾਸ ਸਥਾਨ ਦੀ ਵੀ ਸਹੀ ਜਾਣਕਾਰੀ ਲੱਭ ਗਈ। ਦੁਆਲੇ ਦੇ ਛੋਟੇ ਬਗੀਚਿਆਂ ਵਿਚੀਂ ਲੰਘਦਿਆਂ ਅਸੀਂ ਵੱਡੇ ਬਗੀਚੇ ਵਿਚ ਪਹੁੰਚੇ ਜਿਸ ਦਾ ਘਾਹ ਅਤੇ ਝਾੜੀਆਂ ਬੜੇ ਸਲੀਕੇ ਨਾਲ ਤਰਾਸ਼ੀਆਂ ਹੋਈਆਂ ਸਨ। ਦਰਮਿਆਨ ਵੱਡੀ ਦੋ-ਮੰਜ਼ਿਲਾਂ ਇਮਾਰਤ ਸੀ, ਅਨੇਕਾਂ ਕਮਰਿਆਂ ਵਾਲੀ। ਨਜ਼ਦੀਕ ਜਾ ਕੇ ਦੇਖਿਆ ਤਾਂ ਇਸ ਅੰਦਰ ਕੋਈ ਵੀ ਨਹੀਂ ਸੀ ਅਤੇ ਇਹ ਕਾਫੀ ਅਰਸੇ ਤੋਂ ਬੰਦ ਪਈ ਲਗਦੀ ਸੀ। ਆਲੇ-ਦੁਆਲੇ ਕਈ ਛੋਟੀਆਂ ਇਮਾਰਤਾਂ ਸਨ ਜਿਨ੍ਹਾਂ ਵਿਚ ਸਾਨੂੰ ਕੇਵਲ ਇਕ ਬੰਦਾ ਹੀ ਮਿਲਿਆ। ਇਹ ਕੋਈ ਅਮਰੀਕੀ ਸੀ ਅਤੇ ਕੁਝ ਸਾਲਾਂ ਤੋਂ ਇਸ ਇਲਾਕੇ ਵਿਚ ਰਹਿੰਦਾ ਸੀ। ਉਸ ਨੇ ਦੱਸਿਆ ਕਿ ਇਹੀ ਵੱਡੀ ਇਮਾਰਤ ਮਹਾਰਾਜਾ ਦਲੀਪ ਸਿੰਘ ਦਾ ਨਿਵਾਸ ਸਥਾਨ ਸੀ।

ਇਮਾਰਤ ਇਕ ਵਾਰ ਫਿਰ ਨੇੜਿਉਂ ਦੇਖੀ। ਇਸ ਦੇ ਵੱਡੇ ਦਰਵਾਜ਼ੇ ਉਪਰ ਇਸ ਦੇ ਬਣਨ ਦਾ ਸੰਨ 1900 ਲਿਖਿਆ ਸੀ। ਮੇਰੇ ਮਨ ਵਿਚ ਇਕਦਮ ਅਮਰੀਕੀ ਆਦਮੀ ਦੀ ਗੱਲ ਬਾਰੇ ਸ਼ੱਕ ਪਿਆ। ਫਿਰ ਪਤਾ ਲੱਗਿਆ ਕਿ ਦਲੀਪ ਸਿੰਘ ਦਾ ਪਰਿਵਾਰ ਪਹਿਲਾਂ ਇਸੇ ਇਮਾਰਤ ਦੇ ਅੰਦਰ ਛੋਟੇ ਹਿੱਸੇ ਵਿਚ ਰਹਿੰਦਾ ਸੀ ਅਤੇ ਸੰਨ 1900 ਵਿਚ ਇਸ ਇਮਾਰਤ ਵਿਚ ਕਾਫੀ ਵਾਧਾ ਕੀਤਾ ਗਿਆ ਸੀ। ਇਹ ਵੀ ਪਤਾ ਲੱਗਿਆ ਕਿ ਮਹਾਰਾਜਾ ਦਲੀਪ ਸਿੰਘ ਦਾ ਘਰ ਅਤੇ ਪਾਰਕ 90 ਏਕੜ ਵਿਚ ਫੈਲਿਆ ਹੋਇਆ ਹੈ। ਘਰ ਦੇ ਇਕ ਪਾਸੇ ਘੁੰਮਦਿਆਂ ਹੀ ਮੈਂ ਰੋਸ਼ਨੀ ਲਈ ਰੱਖੀਆਂ ਸ਼ੀਸ਼ਿਆਂ ਵਾਲੀ 80 ਖਿੜਕੀਆਂ ਗਿਣੀਆਂ। ਘਰ ਦੇ ਸਾਈਜ਼ ਤੋਂ ਇਹ ਅੰਦਾਜ਼ਾ ਹੋ ਜਾਂਦਾ ਸੀ ਕਿ ਪੰਜਾਬ ਦੇ ਜਲਾਵਤਨ ਮਹਾਰਾਜੇ ਅਤੇ ਇੰਗਲੈਂਡ ਦੀ ਮਹਾਰਾਣੀ ਦੇ ਚਹੇਤੇ ਦਲੀਪ ਸਿੰਘ ਨੂੰ ਸ਼ਾਹੀ ਸ਼ਾਨੋ-ਸ਼ੌਕਤ ਨਾਲ ਹੀ ਰੱਖਿਆ ਗਿਆ ਸੀ, ਪਰ ਇਹ ਸ਼ੰਕਾ ਨਵਿਰਤੀ ਨਾ ਹੋਈ ਕਿ ਮਹਾਰਾਜੇ ਦੀ ਮੌਤ ਉਪਰੰਤ ਇਸ ਇਮਾਰਤ ਦਾ ਵਾਧਾ ਕਿਉਂ ਤੇ ਕਿਸ ਨੇ ਕੀਤਾ? ਇਸ ਬਾਰੇ ਮੈਂ ਇੰਗਲੈਂਡ ਵੱਸਦੇ ਪੰਜਾਬੀ ਵਿਦਵਾਨਾਂ ਨਾਲ ਵੀ ਗੱਲ ਕੀਤੀ, ਪਰ ਕੋਈ ਵੀ ਤਸੱਲੀਬਖਸ਼ ਜਵਾਬ ਨਾ ਮਿਲ ਸਕਿਆ।

## ਮਹਾਰਾਜਾ ਦਲੀਪ ਸਿੰਘ ਦੀ ਸਮਾਧ




*ਲੰਡਨ ਵਿਚ ਸਥਿਤ ਮਹਾਰਾਜਾ ਦਲੀਪ ਸਿੰਘ ਦੀ ਸਮਾਧ।*

***ਅਖੀਰ ਪੁਰਾਣੇ ਜਿਹੇ ਗੇਟ ਨੂੰ ਲੰਘ ਕੇ ਅਸੀਂ ਪੁਰਾਣੇ ਗਿਰਜੇ ਦੇ ਵਿਹੜੇ ਵਿਚ ਪਹੁੰਚੇ ਤੇ ਆਲੇ-ਦੁਆਲੇ ਦਲੀਪ ਸਿੰਘ ਦੀ ਯਾਦਗਾਰ ਦੀ ਤਲਾਸ਼ ਕਰਨ ਲੱਗੇ। ਗਿਰਜੇ ਦੀ ਬਾਹਰੀ ਕੰਧ ਉਤੇ ਪੱਥਰ ਦੀ ਸਿੱਲ ਲੱਗੀ ਦੇਖੀ ਜੋ ਉਸ ਥਾਂ ਦਾ ਪੰਜਾਬ ਦੇ ਇਸ ਬੇਤਾਜ ਬਾਦਸ਼ਾਹ ਨਾਲ ਸਬੰਧਤ ਹੋਣ ਦਾ ਸੰਕੇਤ ਦੇ ਰਹੀ ਸੀ। ਨਜ਼ਦੀਕ ਕੁਝ ਕਬਰਾਂ ਬਣੀਆਂ ਸਨ ਜਿਨ੍ਹਾਂ ਦੁਆਲੇ ਘੁੰਮਦਿਆਂ ਅਖੀਰ ਇਕ ਕਬਰ ਉਤੇ ਦਲੀਪ ਸਿੰਘ ਦਾ ਨਾਮ ਮਿਲ ਗਿਆ। ਕਬਰ ਦੇ ਪਿੱਛੇ ਲੱਗੀ ਸੰਗਮਰਮਰ ਦੀ ਸਿੱਲ ਉਤੇ ਲਿਖਿਆ ਸੀ- In Memory of Duleep Singh Maharaja of Lahore born in the punjab 4th Sept. 1938 died in Paris 22nd Oct. 1893 aged 55. ਮੈਨੂੰ ਯਾਦ ਆਇਆ ਕਿ ਦਲੀਪ ਸਿੰਘ ਨੂੰ ਬਚਪਨ ਵਿਚ ਪਾਲਣ ਵਾਲੇ ਇਸਾਈ ਪਾਦਰੀ ਨੇ ਉਸ ਨੂੰ ਅਖੀਰ ਇਸਾਈ ਧਰਮ ਵਿਚ ਰਲਾ ਲਿਆ ਸੀ, ਪਰ ਵੱਡੇ ਹੋ ਕੇ ਦਲੀਪ ਸਿੰਘ ਨੂੰ ਜਦੋਂ ਆਪਣੇ ਪਿਛੋਕੜ ਦਾ ਪਤਾ ਲੱਗਿਆ, ਤਾਂ ਉਸ ਨੇ ਮੁੜ ਸਿੱਖੀ ਅਪਣਾ ਕੇ ਪੰਜਾਬ ਵਾਪਸ ਜਾਣ ਅਤੇ ਰਾਜ ਵਾਪਸ ਲੈਣ ਦੀਆਂ ਕੋਸ਼ਿਸ਼ਾਂ ਕੀਤੀਆਂ। ਐਸੇ ਯਤਨ ਸਮੇਂ ਹੀ ਉਸ ਦਾ ਪੈਰਿਸ ਵਿਚ ਦੇਹਾਂਤ ਹੋ ਗਿਆ। ਉਸ ਦੀ ਕਬਰ ਇਥੇ ਹੋਣ ਦਾ ਮਤਲਬ ਸੀ ਕਿ ਉਸ ਦੀ ਦੇਹ ਨੂੰ ਇਥੇ ਲਿਆ ਕੇ ਦਫਨਾਇਆ ਗਿਆ ਸੀ।***



# ਯਾਮੀ ਦਾ ਜਲੌਅ

ਹਿਮਾਚਲ ਵਿਚ ਜੰਮੀ ਅਤੇ ਚੰਡੀਗੜ੍ਹ ਵਿਚ ਪਲੀ ਅਦਾਕਾਰਾ ਯਾਮੀ ਗੌਤਮ ਇਕ ਵਾਰ ਫਿਰ ਖ਼ਬਰਾਂ ਵਿਚ ਹੈ। ਫਿਲਮਾਂ ਵਿਚ ਤਾਂ ਫਿਲਹਾਲ ਉਸ ਦਾ ਚੰਗਾ ਵਕਤ ਨਹੀਂ ਚੱਲ ਰਿਹਾ, ਪਰ ਉਸ ਦੀ ਅਦਾਕਾਰੀ ਅਤੇ ਸ਼ਖਸੀਅਤ ਨੂੰ 'ਇੰਡੀਅਨ ਚੈਂਬਰ ਆਫ਼ ਕਾਮਰਸ' ਨੇ ਸਲਾਮ ਕੀਤਾ ਹੈ ਅਤੇ ਉਸ ਨੂੰ ਮਹਿਲਾ ਇਨਾਮ ਨਾਲ ਨਵਾਜਿਆ ਹੈ। ਇਹ ਇਨਾਮ ਹਾਸਲ ਕਰਨ ਮੌਕੇ ਯਾਮੀ ਗੌਤਮ ਨੇ ਬੜੇ ਮਾਣ ਨਾਲ ਕਿਹਾ ਕਿ ਉਸ ਨੇ ਹਿੰਦੀ ਫਿਲਮ ਜਗਤ ਵਿਚ ਆਪਣੀ ਥਾਂ ਆਪ ਬਣਾਉਣ ਵਿਚ ਕਾਮਯਾਬੀ ਹਾਸਲ ਕੀਤੀ ਹੈ ਜਿਸ ਬਾਰੇ ਇਹ ਕਿਹਾ ਜਾਂਦਾ ਹੈ ਕਿ ਗੌਡਫ਼ਾਦਰ ਤੋਂ ਵਗੈਰ ਫਿਲਮਾਂ ਅਤੇ ਮੁੰਬਈ ਵਿਚ ਟਿਕਣਾ ਬੜਾ ਮੁਸ਼ਕਿਲ ਹੁੰਦਾ ਹੈ। ਉਸ ਮੁਤਾਬਕ, ਉਹ ਫਿਲਮਾਂ ਵਿਚ ਕਾਮਯਾਬ ਵੀ ਹੋਈ ਅਤੇ ਮੁੰਬਈ ਵਿਚ ਟਿਕੀ ਵੀ ਹੈ। ਆਪਣੀ ਇਸ ਸਫ਼ਲਤਾ ਨੂੰ ਉਹ ਜ਼ਿੰਦਗੀ ਵਿਚ ਪਈਆਂ ਵੰਗਾਰਾਂ ਨਾਲ ਜੋੜਦੀ ਹੈ। ਉਹਦੀ ਜਾਚੇ, ਜੂਝੇ ਬਗੈਰ ਕੁਝ ਵੀ ਹਾਸਲ ਨਹੀਂ ਕੀਤਾ ਜਾ ਸਕਦਾ।

ਇਸ ਮੌਕੇ ਉਸ ਨੇ ਆਪਣੀ ਮਾਂ ਦੀਆਂ ਤਾਰੀਫ਼ਾਂ ਦੇ ਪੁਲ ਬੰਨ੍ਹੇ ਜਿਸ ਨੇ ਉਸ ਨੂੰ ਖੁੱਲ੍ਹੇ ਅੰਬਰ ਵਿਚ ਉਡਣ ਲਈ ਤਾਕਤ ਬਖਸ਼ੀ ਅਤੇ ਉਹ ਪੂਰੇ ਤਾਣ ਨਾਲ ਉਡਾਣ ਭਰ ਸਕੀ। ਉਸ ਮੁਤਾਬਕ, ਮਾਂ ਨੇ ਹੀ ਉਸ ਨੂੰ ਖੁਦ 'ਤੇ ਵਿਸ਼ਵਾਸ ਕਰਨਾ ਸਿਖਾਇਆ। ***-ਕੀਰਤ ਕਾਸ਼ਣੀ***

# ਫਵਾਦ, ਸਿਆਸਤ ਅਤੇ ਸਿਨੇਮਾ



ਹੁਣੇ ਹੁਣੇ ਆਪਣੀ ਨਵੀਂ ਫਿਲਮ 'ਜੱਗਾ ਜਾਸੂਸ' ਲੈ ਕੇ ਆਏ ਅਦਾਕਾਰ ਰਣਬੀਰ ਕਪੂਰ ਨੇ ਪਾਕਿਸਤਾਨ ਦੇ ਚੋਟੀ ਦੇ ਅਦਾਕਾਰ ਫ਼ਵਾਦ ਖਾਨ ਦੇ ਹੱਕ ਵਿਚ 'ਹਾਅ ਦਾ ਨਾਅਰਾ' ਮਾਰਦਿਆਂ ਕਿਹਾ ਹੈ ਕਿ ਇਸ ਅਦਾਕਾਰ ਨੂੰ ਬਿਨਾਂ ਵਜ੍ਹਾ ਸਿਆਸਤ ਦਾ ਸੇਕ ਝੱਲਣਾ ਪਿਆ। ਯਾਦ ਰਹੇ ਕਿ ਪਿਛਲੇ ਸਾਲ ਉੜੀ (ਜੰਮੂ ਕਸ਼ਮੀਰ) ਵਿਚ ਅਤਿਵਾਦੀਆਂ ਵੱਲੋਂ ਫੌਜੀ ਕੈਂਪ 'ਤੇ ਹਮਲੇ ਤੋਂ ਬਾਅਦ ਸ਼ਿਵ ਸੈਨਾ ਅਤੇ ਕੁਝ ਹੋਰ ਕੱਟੜ ਹਿੰਦੂ ਜਥੇਬੰਦੀਆਂ ਨੇ ਹਿੰਦੀ ਫਿਲਮਾਂ ਵਿਚ ਕੰਮ ਕਰ ਰਹੇ ਪਾਕਿਸਤਾਨੀ ਅਦਾਕਾਰਾਂ ਉਤੇ ਸਵਾਲ ਉਠਾ ਦਿੱਤੇ ਸਨ। ਉਦੋਂ ਫਵਾਦ ਖਾਨ, ਰਣਬੀਰ ਕਪੂਰ, ਐਸ਼ਵਰਿਆ ਰਾਏ ਬੱਚਨ ਅਤੇ ਅਨੁਕਸ਼ਾ ਸ਼ਰਮਾ ਦੀ ਫਿਲਮ 'ਏ ਦਿਲ ਹੈ ਮੁਸ਼ਕਲ' ਰਿਲੀਜ਼ ਹੋਣੀ ਸੀ। ਫਿਲਮਸਾਜ਼ ਕਰਨ ਜੌਹਰ ਦੀ ਇਸ ਫਿਲਮ ਤੋਂ ਫਵਾਦ ਖਾਨ ਨੂੰ ਬਹੁਤ ਆਸਾਂ ਸਨ।

ਇਸ ਤੋਂ ਪਹਿਲਾਂ ਉਹ ਸੋਨਮ ਕਪੂਰ ਨਾਲ ਆਈ ਫਿਲਮ 'ਖੂਬਸੂਰਤ' ਨਾਲ ਭਾਰਤੀ ਦਰਸ਼ਕਾਂ ਦੇ ਦਿਲਾਂ ਵਿਚ ਚੰਗੀ ਥਾਂ ਬਣਾ ਚੁੱਕਾ ਸੀ, ਪਰ ਭਾਰਤ ਅਤੇ ਪਾਕਿਸਤਾਨ ਵਿਚਕਾਰ ਪੈਦਾ ਹੋਏ ਤਣਾਅ ਨੇ ਉਸ ਦੇ ਹਿੰਦੀ ਫਿਲਮ ਜਗਤ ਅੰਦਰ ਕਰੀਅਰ ਨੂੰ ਯਕਲਖਤ ਬੰਨ੍ਹ ਮਾਰ ਦਿੱਤਾ। ਉਦੋਂ ਪਹਿਲਾਂ ਪਹਿਲਾਂ ਕਰਨ ਜੌਹਰ ਫਵਾਦ ਖਾਨ ਤੇ ਹੋਰ ਪਾਕਿਸਤਾਨੀ ਅਦਾਕਾਰਾਂ ਦੇ ਹੱਕ ਵਿਚ ਡਟਿਆ ਅਤੇ ਕੱਟੜਪੰਥੀਆਂ ਅੱਗੇ ਸਵਾਲਾਂ ਦੀ ਝੜੀ ਲਾਈ, ਪਰ ਫਿਰ ਆਪਣੀ ਫਿਲਮ ਫਸਦੀ ਦੇਖ ਕੇ ਆਖ਼ਰਕਾਰ ਪਿਛਾਂਹ ਹਟ ਗਿਆ। ਸਮਝੌਤੇ ਤਹਿਤ ਉਸ ਨੇ ਬਿਆਨ ਦਿੱਤਾ ਕਿ ਉਹ ਆਉਣ ਵਾਲੇ ਸਮੇਂ ਦੌਰਾਨ ਕਿਸੇ ਪਾਕਿਸਤਾਨ ਕਲਾਕਾਰ ਦੀਆਂ ਸੇਵਾਵਾਂ ਨਹੀਂ ਲਵੇਗਾ। ਕਹਿੰਦੇ ਹਨ ਕਿ ਦਬਾਅ ਕਾਰਨ ਉਸ ਨੇ ਫਿਲਮ ਵਿਚ ਫਵਾਦ ਖਾਨ ਵਾਲੇ ਕਿਰਦਾਰ ਉਤੇ ਬਹੁਤ ਬੇਰਹਿਮੀ ਨਾਲ ਕੈਂਚੀ ਵੀ ਚਲਾਈ। ਰਣਬੀਰ ਕਪੂਰ ਇਸੇ ਦਰਦ ਨੂੰ ਬਿਆਨ ਕਰਦਾ ਆਖਦਾ ਹੈ ਕਿ ਬਦਕਿਸਮਤੀ ਨਾਲ ਉਦੋਂ ਸਮੁੱਚਾ ਮਾਹੌਲ ਫ਼ਵਾਦ ਖਾਨ ਦੇ ਖਿਲਾਫ਼ ਭੁਗਤ ਗਿਆ। ਉਸ ਮੁਤਾਬਕ, ਉਹ ਫਵਾਦ ਖਾਨ ਦਾ ਬਹੁਤ ਵੱਡਾ ਪ੍ਰਸ਼ੰਸਕ ਹੈ। ਫ਼ਵਾਦ ਖਾਨ ਹਰ ਸਮੇਂ ਫਿਲਮਾਂ ਅਤੇ ਅਦਾਕਾਰੀ ਦੀ ਹੀ ਗੱਲ ਕਰਦਾ ਹੁੰਦਾ ਸੀ। ਸਿਆਸਤ ਨੇ ਭਾਰਤੀ ਦਰਸ਼ਕਾਂ ਨੂੰ ਇਕ ਚੰਗੇ ਅਦਾਕਾਰ ਅਤੇ ਇਨਸਾਨ ਤੋਂ ਮਹਿਰੂਮ ਕਰ ਦਿੱਤਾ।

***-ਗੁਰਜੰਟ ਸਿੰਘ***





# ਵਿਆਹ, ਮਹੇਸ਼ ਭੱਟ ਤੇ 'ਅਰਥ'



**ਕੁਲਦੀਪ ਕੌਰ**
**ਫੋਨ: +91-98554-04330**

ਭਾਰਤੀ ਸਿਨੇਮਾ ਵਿਚ ਗੁਲਜ਼ਾਰ ਦੀ ਨਿਰਦੇਸ਼ਤ ਕੀਤੀ ਫਿਲਮ 'ਲਿਬਾਸ' ਅਤੇ ਮਹੇਸ਼ ਭੱਟ ਦੁਆਰਾ ਨਿਰਦੇਸ਼ਤ ਕੀਤੀ ਫਿਲਮ 'ਅਰਥ' ਆਪਣੀ ਪਟਕਥਾ ਅਤੇ ਸਮੇਂ ਤੋਂ ਪਾਰ ਜਾ ਸਕਣ ਦੀ ਸਮਰੱਥਾ ਕਾਰਣ ਖਾਸ ਮੁਕਾਮ ਰੱਖਦੀਆਂ ਹਨ। 'ਲਿਬਾਸ' ਰਿਲੀਜ਼ ਹੀ ਨਾ ਹੋ ਸਕੀ, ਪਰ 'ਅਰਥ' ਆਪਣੇ ਸੰਗੀਤ ਅਤੇ ਮਹੇਸ਼ ਭੱਟ ਦੀ ਪਾਪੂਲਰ ਸਿਨੇਮਾ, ਜਜ਼ਬਾਤੀ ਬਿਰਤਾਂਤ, ਮੱਧ-ਵਰਗੀ ਚਿੰਤਨੀ ਚਿੰਨ੍ਹਾਂ ਦੀ ਮੌਕੇ ਅਨੁਸਾਰ ਵਰਤੋਂ ਕਰਨ ਕਰ ਕੇ ਨਾ ਸਿਰਫ ਰਿਲ਼ੀਜ਼ ਹੋਈ, ਸਗੋਂ ਇਸ ਨੇ ਦਰਸ਼ਕਾਂ ਅਤੇ ਆਲੋਚਕਾਂ ਦੀ ਵਾਹ-ਵਾਹ ਵੀ ਬਟੋਰੀ। ਇਨ੍ਹਾਂ ਦੋਵਾਂ ਫਿਲਮਾਂ ਦਾ ਕਥਾਨਕ ਵਿਆਹ ਤੋਂ ਬਾਹਰੇ ਰਿਸ਼ਤਿਆਂ ਦੇ ਆਲੇ-ਦੁਆਲੇ ਬੁਣਿਆ ਹੋਇਆ ਹੈ।


ਗੁਲਜ਼ਾਰ ਦੀ ਪਟਕਥਾ ਉਨ੍ਹਾਂ ਦੀ ਸਾਹਿਤਿਕ ਰਚਨਾ 'ਤੇ ਆਧਾਰਤ ਹੈ ਜਦੋਂ ਕਿ 'ਅਰਥ' ਫਿਲਮ ਦੀ ਪਟਕਥਾ ਮਹੇਸ਼ ਭੱਟ ਦੇ ਆਪਣੇ ਸ਼ਬਦਾਂ ਵਿਚ ਉਨ੍ਹਾਂ ਦੇ ਪ੍ਰਵੀਨ ਬਾਬੀ ਨਾਲ ਪ੍ਰੇਮ ਸਬੰਧਾਂ ਅਤੇ ਉਸ ਦੇ ਕਾਰਨ ਉਸ ਦੀ ਪਤਨੀ ਨੂੰ ਮਿਲੇ ਮਾਨਸਿਕ-ਸਮਾਜਿਕ ਸਦਮਿਆਂ 'ਤੇ ਆਧਾਰਤ ਹੈ। ਮਹੇਸ਼ ਭੱਟ ਦੀ ਇਸ ਫਿਲਮ ਦੀ ਵਿਸ਼ੇਸ਼ਤਾ ਪਾਪੂਲਰ ਸਿਨੇਮਾ ਵਿਚ ਦੁਹਰਾਈ ਜਾਂਦੀ 'ਤਿਕੋਣੀ ਪ੍ਰੇਮ ਕਹਾਣੀ' ਪ੍ਰਤੀ ਦਰਸ਼ਕਾਂ ਦੀ ਸੁਭਾਵਿਕ ਉਤਸੁਕਤਾ ਨਹੀਂ, ਸਗੋਂ ਪ੍ਰੇਮ ਦੀਆਂ ਵਿਸੰਗਤੀਆਂ ਨਾਲ ਜੱਦੋਜਹਿਦ ਵਿਚ ਉਲਝੇ ਤਿੰਨ ਸ਼ੰਵੇਦਨਸ਼ੀਲ ਬੰਦਿਆਂ ਦੀ ਭਾਵਨਾਤਮਕ ਅਤੇ ਮਾਨਸਿਕ ਗੁੰਝਲਾਂ ਦੀ ਕਹਾਣੀ ਹੈ।

1982 ਵਿਚ ਰਿਲੀਜ਼ ਹੋਈ ਇਸ ਫਿਲਮ ਦੀ ਕਹਾਣੀ ਅਨੁਸਾਰ, ਫਿਲਮ ਦੀ ਪਹਿਲੀ ਕਿਰਦਾਰ ਪੂਜਾ (ਸ਼ਬਾਨਾ ਆਜ਼ਮੀ) ਅਨਾਥ ਹੈ ਅਤੇ ਆਰਥਿਕ-ਸਮਾਜਿਕ-ਮਾਨਸਿਕ ਤੌਰ 'ਤੇ ਆਪਣੇ ਪਤੀ 'ਤੇ ਨਿਰਭਰ ਹੈ ।ਉਸ ਦਾ ਪਤੀ, ਅਰਥਾਤ ਫਿਲਮ ਦਾ ਦੂਜਾ ਕਿਰਦਾਰ ਇੰਦਰ (ਕੁਲਭੂਸ਼ਣ ਖਰਬੰਦਾ) ਫਿਲਮਸਾਜ਼ ਹੈ ਅਤੇ ਉਸ ਦੀਆਂ ਖਾਹਿਸ਼ਾਂ ਦਾ ਕੋਈ ਪਾਰਾਵਾਰ ਨਹੀਂ। ਉਹ ਆਪਣੀ ਫਿਲਮ ਦੀ ਅਦਾਕਾਰਾ ਕਵਿਤਾ ਸਨਿਆਲ (ਇਸ ਫਿਲਮ ਦੀ ਤੀਜੀ ਅਦਾਕਾਰਾ ਸਮਿਤਾ ਪਾਟਿਲ) ਨਾਲ ਪ੍ਰੇਮ ਕਰਦਾ ਹੈ। ਕਵਿਤਾ ਸਕਿਜ਼ੋਫਰੇਨੀਆਂ ਦੀ ਸ਼ਿਕਾਰ ਹੋਣ ਕਾਰਨ ਇੰਦਰ ਨੂੰ ਲੈ ਕੇ ਜਨੂੰਨ ਦੀ ਹੱਦ ਤੱਕ ਬੇਇਤਬਾਰੀ ਦਾ ਸ਼ਿਕਾਰ ਹੈ, ਪਰ ਇੰਦਰ ਕਿਸੇ ਵੀ ਹਾਲਤ ਵਿਚ ਪੂਜਾ ਨੂੰ ਤਲਾਕ ਨਹੀਂ ਦੇਣਾ ਚਾਹੁੰਦਾ।

ਇਕ ਦਿਨ ਪੂਜਾ ਨਾਲ ਤਕਰਾਰ ਦੌਰਾਨ ਉਸ ਦੇ ਮੂੰਹੋਂ ਅਚਨਚੇਤੀ ਸੱਚ ਨਿਕਲ ਜਾਂਦਾ ਹੈ। ਪੂਜਾ ਇਹ ਸੁਣ ਕੇ ਸੁੰਨ ਹੋ ਜਾਂਦੀ ਹੈ। ਉਸ ਨੇ ਇੰਦਰ ਤੋਂ ਬਿਨਾਂ ਆਪਣੀ ਇਨਸਾਨੀ ਹੋਂਦ ਨੂੰ ਕਦੇ ਕਿਆਸਿਆ ਹੀ ਨਹੀਂ। ਉਸ ਨੂੰ ਲੱਗਿਆ ਸਦਮਾ ਇੰਨਾ ਗਹਿਰਾ ਹੈ ਕਿ ਉਸ ਨੂੰ ਬਹੁਤ ਦਿਨ ਯਕੀਨ ਨਹੀਂ ਆਉਂਦਾ ਕਿ ਇੰਦਰ ਉਸ ਨਾਲ ਇੰਨਾ ਵੱਡਾ ਝੂਠ ਬੋਲ ਸਕਦਾ ਹੈ। ਉਹ ਲਗਾਤਾਰ ਕੋਸ਼ਿਸ ਕਰਦੀ ਹੈ ਕਿ ਇੰਦਰ ਉਸ ਦੀ ਜ਼ਿੰਦਗੀ ਵਿਚ ਵਾਪਸ ਆ ਜਾਵੇ, ਪਰ ਇੰਦਰ ਕਵਿਤਾ ਦੀ ਉਸ ਧਮਕੀ ਤੋਂ ਬਹੁਤ ਡਰਦਾ ਹੈ ਜਿਸ ਵਿਚ ਉਹ ਆਪਣੀ ਪੂਰੀ ਦਾਸਤਾਨ ਜਨਤਕ ਕਰਨ ਦੀ ਧਮਕੀ ਦਿੰਦੀ ਹੈ। ਇਸ ਫਿਲਮ ਵਿਚ ਪੂਜਾ ਦੇ ਘਰ ਕੰਮ ਕਰਦੀ ਔਰਤ (ਰੋਹਿਣੀ ਹਤੰਗੜੀ) ਦਾ ਕਿਰਦਾਰ ਵੀ ਘੱਟ ਮਹਤੱਵਪੂਰਨ ਨਹੀਂ ਜਿਸ ਦਾ ਪਤੀ ਜਦੋਂ ਕਿਸੇ ਹੋਰ ਔਰਤ ਨਾਲ ਰਹਿਣ ਲੱਗ ਪੈਂਦਾ ਹੈ, ਤਾਂ ਪੂਜਾ ਉਸ ਨੂੰ ਵਾਰ ਵਾਰ ਤਾਕੀਦ ਕਰਦੀ ਹੈ ਕਿ ਇਹ ਸਭ ਤੇਰੀ ਹੀ ਗਲਤੀ ਹੈ। ਇੰਦਰ ਦੁਆਰਾ ਠੁਕਰਾਏ ਜਾਣ 'ਤੇ ਉਸ ਨੂੰ ਇਸ ਮਸਲੇ ਦਾ ਯਥਾਰਥ ਸਮਝ ਵਿਚ ਆਉਂਦਾ ਹੈ ਅਤੇ ਆਪਣੀ ਸਮਝ 'ਤੇ ਹਾਸਾ ਵੀ ਆਉਂਦਾ ਹੈ। ਰੋਹਿਣੀ ਵੱਲੋਂ ਪਤੀ ਨੂੰ ਕਤਲ ਕਰਨਾ ਪੂਜਾ ਨੂੰ ਅੰਦਰ ਤੱਕ ਹਿਲਾ ਦਿੰਦਾ ਹੈ, ਪਰ ਨਾਲ ਹੀ ਉਹ ਆਪਣੇ ਭਰੋਸੇ 'ਤੇ ਜ਼ਿੰਦਗੀ ਜਿਊਣ ਦੀ ਜ਼ਿਦ ਵੀ ਪਾਲ ਲੈਂਦੀ ਹੈ। ਇੰਦਰ ਜਿਸ ਨੂੰ ਇਹ ਯਕੀਨ ਹੈ ਕਿ ਜੇ ਕਵਿਤਾ ਨੇ ਉਸ ਨੂੰ ਛੱਡ ਵੀ ਦਿੱਤਾ ਤਾਂ ਪੂਜਾ ਹਮੇਸ਼ਾ ਉਸ ਨੂੰ ਦੁਬਾਰਾ ਮੌਕਾ ਦੇਵੇਗੀ, ਇਹ ਸੁਣ ਕੇ ਹੈਰਾਨ ਰਹਿ ਜਾਂਦਾ ਹੈ ਜਦੋਂ ਪੂਜਾ ਨਾ ਸਿਰਫ ਉਸ ਦੇ ਮਕਾਨ ਦੀਆਂ ਚਾਬੀਆਂ ਵਗ੍ਹਾ ਕੇ ਮਾਰਦੀ ਹੈ, ਸਗੋਂ ਉਸ ਦੀਆਂ ਸਾਰੀਆਂ ਦਲੀਲਾਂ ਵੀ ਰੱਦ ਕਰ ਦਿੰਦੀ ਹੈ। ਇੰਦਰ ਡੌਰ-ਭੌਰ ਹੋ ਜਾਂਦਾ ਹੈ। ਉਸ ਲਈ ਇਹ ਅਚੰਭੇ ਤੋਂ ਘੱਟ ਨਹੀਂ। ਪੂਜਾ ਸਿਰਫ ਇੰਦਰ ਨੂੰ ਹੀ ਮਨ੍ਹਾਂ ਨਹੀਂ ਕਰਦੀ, ਸਗੋਂ ਮੌਕਾ ਆਉਣ 'ਤੇ ਉਹ ਉਸ ਨੂੰ ਬੇਹੱਦ ਪਿਆਰ ਕਰਨ ਵਾਲੇ ਪ੍ਰੇਮੀ ਰਾਜ ਨਾਲ ਰਹਿਣ ਤੋਂ ਵੀ ਸਖਤੀ ਨਾਲ ਮਨ੍ਹਾਂ ਕਰ ਦਿੰਦੀ ਹੈ। ਇਉਂ ਪੂਜਾ ਇਸ ਫਿਲਮ ਵਿਚ ਭਾਵੁਕ ਤੇ ਪਰਜੀਵੀ ਤੋਂ ਆਜ਼ਾਦੀ ਤੇ ਅਣਖ ਨਾਲ ਭਰੀ ਔਰਤ ਦਾ ਸਫਰ ਤੈਅ ਕਰਦੀ ਹੈ। ਦੂਜੇ ਪਾਸੇ ਕਵਿਤਾ ਆਪਣੀ ਤਰ੍ਹਾਂ ਦਾ ਨਰਕ ਭੋਗਦੀ ਹੈ ਜਿਸ ਵਿਚ ਉਹ ਦੂਜੇ ਦਾ ਘਰ ਤੋੜਨ ਵਾਲੀ, ਕੁਲਟਾ, ਵੇਸਵਾ ਵਰਗੇ ਇਲਜ਼ਾਮਾਂ ਨਾਲ ਦੋ-ਚਾਰ ਹੁੰਦੀ ਹੈ। ਫਿਲਮ ਦੇਖਦਿਆਂ ਸੁੱਤੇ-ਸਿੱਧ ਹੀ ਅੰਮ੍ਰਿਤਾ ਪ੍ਰੀਤਮ ਦੀ ਕਹਾਣੀ 'ਸ਼ਾਹ ਦੀ ਕੰਜਰੀ' ਦਾ ਚੇਤਾ ਆ ਜਾਂਦਾ ਹੈ। ਕਵਿਤਾ ਪ੍ਰੇਮ ਕਰਨ ਤੋਂ ਬਿਨਾਂ ਹਰ ਤਰ੍ਹਾਂ ਦੀ ਬੁਰਾਈ ਤੋਂ ਮੁਕਤ ਹੈ, ਪਰ ਪ੍ਰੇਮ ਹੀ ਉਸ ਲਈ ਜ਼ਲਾਲਤ ਅਤੇ ਆਤਮ-ਗਿਲਾਨੀ ਦਾ ਸਬੱਬ ਬਣ ਜਾਂਦਾ ਹੈ। ਇਹ ਫਿਲਮ ਪ੍ਰੇਮ ਦੇ ਸਮਾਜਿਕ ਪ੍ਰਸੰਗ ਘੋਖਦੀ ਹੋਈ ਮਰਦ-ਸੱਤਾ ਦੀਆਂ ਅਣਦਿਸਦੀਆਂ ਕਮਜ਼ੋਰੀਆਂ ਨੂੰ ਜੱਗ-ਜ਼ਾਹਿਰ ਕਰਦੀ ਹੈ। ਜੇ ਇਹ ਵਰਜਿਤ ਰਿਸ਼ਤਾ ਪੂਜਾ ਅਤੇ ਕਵਿਤਾ ਦਾ ਮਾਨਸਿਕ-ਸਮਾਜਿਕ ਸੰਤੁਲਨ ਵਿਗਾੜਦਾ ਹੈ, ਇੰਦਰ ਲਈ ਵੀ ਇਹ ਕਿਸੇ ਤਸ਼ੱਦਦ ਤੋਂ ਘੱਟ ਨਹੀਂ ਗੁਜ਼ਰਦਾ। ਦਰਸ਼ਕਾਂ ਦੀ ਕੁਝ ਹਮਦਰਦੀ ਤਾਂ ਉਹ ਵੀ ਬਟੋਰਦਾ ਹੈ।

ਫਿਲਮ 'ਅਰਥ' ਇਨ੍ਹਾਂ ਤਿੰਨੇ ਪ੍ਰੇਮੀਆਂ ਦੇ ਦਵੰਦਾਂ ਨੂੰ ਜ਼ੁਬਾਨ ਦਿੰਦੀ ਹੈ। ਇੱਦਾਂ ਦੇ ਕਿੱਸੇ ਦਾ ਅੰਤ ਕਿੱਦਾਂ ਦਾ ਹੋ ਸਕਦਾ ਹੈ? ਸ਼ਾਇਦ ਇਸ ਦਾ ਸਹੀ ਜਵਾਬ ਕਿਸੇ ਕੋਲ ਵੀ ਨਹੀਂ। ਹਾਂ, ਇਹ ਗੱਲ ਤੈਅ ਹੈ ਕਿ ਇਸ ਗੁੰਝਲ ਦੇ ਬਾਵਜੂਦ ਵਰ੍ਹਿਆਂ ਬਾਅਦ ਵੀ ਪਰਵੀਨ ਬਾਬੀ ਦੀ ਖੁਦਕੁਸ਼ੀ ਅਤੇ ਇਸ ਫਿਲਮ ਦੀ ਨਜ਼ਮ 'ਕੋਈ ਯੇ ਕੈਸੇ ਬਤਾਏ ਕਿ ਵੋ ਤਨਹਾ ਕਿਉਂ ਹੈ, ਵੋ ਜੋ ਅਪਨਾ ਥਾ ਵੋ ਹੀ ਆਜ ਕਿਸੀ ਕਾ ਕਿਉਂ ਹੈ?' ਨੂੰ ਸਦਾ ਹੀ ਦੁਖ ਤੇ ਰੰਜ ਨਾਲ ਸੁਣਿਆ ਜਾਂਦਾ ਰਹੇਗਾ!







***ਫਿਲਮ 'ਅਰਥ' ਵਿਚ ਸ਼ਬਾਨਾ ਆਜ਼ਮੀ, ਕੁਲਭੂਸ਼ਨ ਖਰਬੰਦਾ ਅਤੇ ਸਮਿਤਾ ਪਾਟਿਲ।***

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

Real Estate and Loans Under One Roof

ਪਿਛਲੇ 30 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Selling Homes from Gilroy to Sacramento, CA**

**Call us before visiting new model homes to save big time.**

## Just Sold

1. 3897 Mars Ct, San Jose, CA 95135
2. 133 Orchard Park Pl., Hayward, CA 94544
3. 4234 Monet Dr., Stockton, CA 95206
4. 2903 Stallion Way, San Jose, CA 95121
5. 4292 Solar Cir., Union City, CA 94587
6. 950 Wildgrass Ct., Gilroy, CA 95020
7. 32442 Woodland Dr., Union City, CA 94587

**Call for Listing Special 2017**

Fremont Office:
86 Pilgrim Loop
Fremont CA 94539
Tel:510-440-9292
Fax:510-656-8941



Jaswinder (Jassi) Gill
M.Sc (PAU)
CA BRE# 00966763
Broker/Owner/Notary

Pinnacle Award Winner
2014, 2015 & 2016
Grand Master Award Winner
2012 & 2013

E-mail: jassi@jassigill.com
or
Visit us @ www.jassigill.com
for hot listings

Follow us on zillow.com and trulia.com

**Cell: 510-304-9292 & 408-666-8279**

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

## Purchase Loan and Refinance

15 & 30 Yr Fixed Rates Are Still Better!!!

5/1, 7/1 ARM are also attractive Refinance Now At Zero Cost

Call Sukhveer (Sukhi) Gill Ph: 510-207-9067
DHMS, Loan Broker

CA BRE Lic.#01180969
NMLS# 352095